ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 57
ਅੰਕ ਨੰਬਰ (Volume No.) 249
ਫ਼ੋਨ: +91- 92168-07500
E-mail: news@charhdikala.com
www.charhdikala.com

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Tuesday, 9 September, 2025) ਮੰਗਲਵਾਰ, 9 ਸਤੰਬਰ, 2025, 25 ਭਾਦੋਂ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ


## ਭਾਖੜਾ ਡੈਮ 'ਚ ਘਟਿਆ ਪਾਣੀ, 7-7 ਫੁੱਟ ਤੱਕ ਖੋਲ੍ਹੇ ਫਲੱਡ ਗੇਟ

ਨੰਗਲ, 8 ਸਤੰਬਰ (ਚੜ੍ਹਦੀਕਲਾ ਬਿਊਰੋ) : ਭਾਖੜਾ ਡੈਮ ਦੀ ਗੋਬਿੰਦ ਸਾਗਰ ਝੀਲ ਦਾ ਖਤਰੇ ਦਾ ਨਿਸ਼ਾਨ 1680 ਫੁੱਟ ਹੈ ਪਰ ਅਜੇ ਵੀ ਭਾਖੜਾ ਡੈਮ ਖਤਰੇ ਦੇ ਨਿਸ਼ਾਨ ਤੋਂ ਲਗਭਗ 2.60 ਫੁੱਟ ਘੱਟ ਹੈ। ਜਿਥੇ ਪਾਣੀ ਦਾ ਪੱਧਰ ਸੋਮਵਾਰ ਨੂੰ 1677.39 ਫੁੱਟ ਸੀ। ਇਸ ਦੇ ਨਾਲ ਹੀ ਭਾਖੜਾ ਡੈਮ ਤੋਂ ਟਰਬਾਈਨਾਂ ਤੇ ਫਲੱਡ ਗੇਟਾਂ ਰਾਹੀਂ 66863 ਕਿਊਸਿਕ ਪਾਣੀ ਛੱਡਿਆ ਜਾ ਰਿਹਾ ਹੈ। ਚਾਰੋਂ ਫਲੱਟ ਗੇਟ 7 ਫੁੱਟ ਤੱਕ ਖੋਲ੍ਹੇ ਗਏ ਹਨ ਹਾਲਾਂਕਿ ਇਹ ਰਾਹਤ ਦੀ ਗੱਲ ਹੈ ਕਿਉਂਕਿ ਪਾਣੀ ਜ਼ਿਆਦਾ ਆਉਣ ਦੀ ਵਜ੍ਹਾ ਨਾਲ ਇਕ ਹਫਤਾ ਪਹਿਲਾਂ ਇਹ 10 ਫੁੱਟ ਤੱਕ ਖੋਲ੍ਹਣੇ ਪਏ ਸਨ। (ਬਾਕੀ ਸਫਾ 2 'ਤੇ)

# ਪ੍ਰਧਾਨ ਮੰਤਰੀ ਮੋਦੀ ਦਾ ਪੰਜਾਬ ਦੌਰਾ ਅੱਜ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਸਤੰਬਰ:ਪੰਜਾਬ ਵਿੱਚ ਪਿਛਲੇ 15-20 ਦਿਨਾਂ ਤੋਂ ਹੜ੍ਹਾਂ ਨੇ ਭਾਰੀ ਤਬਾਹੀ ਮਚਾਈ ਹੋਈ ਹੈ, ਜਿਸ ਦੀ ਲਪੇਟ ਵਿੱਚ ਸੂਬੇ ਦੇ ਦੋ ਹਜ਼ਾਰ ਤੋਂ ਵੱਧ ਪਿੰਡ ਆ ਚੁੱਕੇ ਹਨ। ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰਨਗੇ। ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲਿਆ ਜਾਵੇਗਾ। ਇਹ ਜਾਣਕਾਰੀ ਅੱਜ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਦਿੱਤੀ।



ਸ੍ਰੀ ਜਾਖੜ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪੰਜਾਬ ਵਿੱਚ ਹੜ੍ਹਾਂ ਦੇ ਹਾਲਾਤ ਨੂੰ ਲੈ ਕੇ ਕਾਫੀ ਚਿੰਤਤ ਹਨ ਅਤੇ ਇਸ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਵੱਲੋਂ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰ ਕੇ ਖ਼ਰਾਬੇ ਦਾ ਜਾਇਜ਼ਾ ਲਿਆ ਜਾਵੇਗਾ ਤਾਂ ਜੋ ਪੰਜਾਬ ਦੀ ਲੋੜੀਂਦੀ ਮਦਦ ਕੀਤੀ ਜਾ ਸਕੇ। ਪ੍ਰਾਪਤ ਜਾਣਕਾਰੀ ਅਨੁਸਾਰ ਪ੍ਰਧਾਨ ਮੰਤਰੀ 9 ਸਤੰਬਰ ਨੂੰ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਤੋਂ ਪੰਜਾਬ ਆਉਣਗੇ।ਉਹ ਹਵਾਈ ਜਹਾਜ਼ ਰਾਹੀਂ ਪੰਜਾਬ ਦੇ ਪਠਾਨਕੋਟ ਪਹੁੰਚਣਗੇ। ਇਸ ਦੌਰਾਨ ਪ੍ਰਧਾਨ ਮੰਤਰੀ ਵੱਲੋਂ ਪਠਾਨਕੋਟ ਵਿੱਚ ਹੀ ਸੂਬੇ ਦੇ ਉੱਚ ਅਧਿਕਾਰੀਆਂ ਨਾਲ ਇਕ ਮੀਟਿੰਗ ਵੀ ਕੀਤੀ ਜਾ ਸਕਦੀ ਹੈ।

ਜ਼ਿਕਰਯੋਗ ਹੈ ਕਿ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨਾਲ ਫੋਨ 'ਤੇ ਗੱਲ ਕਰ ਕੇ ਪੰਜਾਬ ਦੇ ਹਾਲਾਤ ਦਾ ਜਾਇਜ਼ਾ ਲਿਆ ਸੀ। ਉਪਰੰਤ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਅੰਮ੍ਰਿਤਸਰ ਤੇ ਗੁਰਦਾਸਪੁਰ ਵਿੱਚ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰ ਕੇ ਪੀੜਤਾਂ ਨਾਲ ਮੁਲਾਕਾਤ ਕੀਤੀ ਸੀ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੀਆਂ ਦੋ ਟੀਮਾਂ ਵੱਲੋਂ ਵੀ ਪੰਜਾਬ ਵਿੱਚ ਹੜ੍ਹਾਂ ਕਰ ਕੇ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਸੂਬੇ ਦਾ ਦੌਰਾ ਕੀਤਾ ਗਿਆ ਸੀ। ਇਸ ਤੋਂ ਬਾਅਦ ਕੇਂਦਰੀ ਟੀਮ ਵੱਲੋਂ ਪੰਜਾਬ ਦੇ ਅਧਿਕਾਰੀਆਂ ਨਾਲ ਮੀਟਿੰਗ ਕਰ ਕੇ ਨੁਕਸਾਨ ਦੀ ਰਿਪੋਰਟ ਹਾਸਲ ਕੀਤੀ ਗਈ ਸੀ। ਰਿਪੋਰਟ ਮੁਤਾਬਕ ਸੂਬਾ ਸਰਕਾਰ ਦਾ ਮੰਨਣਾ ਹੈ ਕਿ ਮੁੱਢਲੀ ਜਾਣਕਾਰੀ ਅਨੁਸਾਰ ਪੰਜਾਬ ਵਿੱਚ 13,000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋ ਚੁੱਕਾ ਹੈ।

**ਸੂਬੇ ਦੇ 2000 ਤੋਂ ਵੱਧ ਪਿੰਡ ਹੜ੍ਹਾਂ ਦੀ ਲਪੇਟ 'ਚ**

ਪੰਜਾਬ ਵਿੱਚ ਹੜ੍ਹਾਂ ਦੀ ਲਪੇਟ 'ਚ ਸਾਰੇ 23 ਜ਼ਿਲ੍ਹਿਆਂ ਦੇ 2050 ਪਿੰਡ ਆ ਚੁੱਕੇ ਹਨ, ਜਿੱਥੇ 3.87 ਲੱਖ ਲੋਕ ਬੇਘਰ ਹੋ ਚੁੱਕੇ ਹਨ ਅਤੇ 20 ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹੋਏ ਹਨ। ਹੁਣ ਤੱਕ 48 ਵਿਅਕਤੀਆਂ ਦੀਆਂ ਜਾਨਾਂ ਗਈਆਂ ਹਨ ਅਤੇ ਤਿੰਨ ਲੋਕ ਲਾਪਤਾ ਹਨ।

ਹੜ੍ਹਾਂ ਕਰ ਕੇ ਸੂਬੇ ਵਿੱਚ 1.76 ਲੱਖ ਹੈਕਟੇਅਰ ਫ਼ਸਲ ਵੀ ਪ੍ਰਭਾਵਿਤ ਹੋ ਚੁੱਕੀ ਹੈ। ਹਾਲਾਂਕਿ, ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ 22,938 ਵਿਅਕਤੀਆਂ ਨੂੰ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚੋਂ ਬਾਹਰ ਕੱਢਿਆ ਗਿਆ ਹੈ। 219 ਰਾਹਤ ਕੈਂਪਾਂ ਵਿੱਚ 5404 ਵਿਅਕਤੀਆਂ ਨੂੰ ਠਹਿਰਾਇਆ ਗਿਆ ਹੈ।

### ਪੰਜਾਬ ਕੈਬਨਿਟ ਵੱਲੋਂ ਹੜ੍ਹ ਪੀੜਤ ਕਿਸਾਨਾਂ ਲਈ ਅਹਿਮ ਫ਼ੈਸਲੇ

# ਪ੍ਰਤੀ ਏਕੜ 20 ਹਜ਼ਾਰ ਮੁਆਵਜ਼ੇ ਦਾ ਐਲਾਨ

## 'ਜਿਸ ਦਾ ਖੇਤ ਉਸ ਦੀ ਰੇਤ' ਮੁਹਿੰਮ ਨੂੰ ਹਰੀ ਝੰਡੀ



ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਸਤੰਬਰ:

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਮੰਤਰੀ ਮੰਡਲ ਨੇ ਅੱਜ ਇਤਿਹਾਸਕ ਫੈਸਲੇ ਲੈਂਦਿਆਂ 'ਜਿਸ ਦਾ ਖੇਤ ਉਸ ਦੀ ਰੇਤ' ਦੀ ਲੋਕ ਪੱਖੀ ਨੀਤੀ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਦੇ ਤਹਿਤ ਇਕ ਮੌਕਾ ਦਿੰਦੇ ਹੋਏ ਕਿਸਾਨਾਂ ਨੂੰ ਭਿਆਨਕ ਹੜ੍ਹਾਂ ਕਾਰਨ ਖੇਤਾਂ ਵਿੱਚ ਇਕੱਠੀ ਹੋਈ ਰੇਤਾ ਤੇ ਮਿੱਟੀ ਕੱਢਣ ਦੇ ਨਾਲ-ਨਾਲ ਜੇਕਰ ਉਹ ਚਾਹੁਣ ਤਾਂ ਇਸ ਨੂੰ ਵੇਚਣ ਦੀ ਖੁੱਲ੍ਹ ਦਿੱਤੀ ਜਾਵੇਗੀ।ਇਸ ਬਾਰੇ ਫੈਸਲਾ ਅੱਜ ਸਵੇਰੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ। ਮੁੱਖ ਮੰਤਰੀ ਨੇ ਇਸ ਮੀਟਿੰਗ ਵਿੱਚ ਫੋਰਟਿਸ ਹਸਪਤਾਲ, ਮੋਹਾਲੀ ਤੋਂ ਵਰਚੁਅਲ ਤੌਰ 'ਤੇ ਸ਼ਿਰਕਤ ਕੀਤੀ ਜਿੱਥੇ ਉਹ ਜ਼ੇਰੇ ਇਲਾਜ ਹਨ। ਇਹ ਪ੍ਰਗਟਾਵਾ ਕਰਦਿਆਂ ਮੁੱਖ ਮੰਤਰੀ ਦਫਤਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਹੜ੍ਹਾਂ ਕਾਰਨ ਪਾਣੀ ਦੀ ਮਾਰ ਹੇਠ ਆਏ ਖੇਤਾਂ ਵਿੱਚ ਰੇਤਾ ਤੇ ਮਿੱਟੀ ਜਮ੍ਹਾਂ ਹੋ ਚੁੱਕੀ ਹੈ। ਇਨ੍ਹਾਂ ਖੇਤਾਂ ਦੇ ਕਿਸਾਨਾਂ ਨੂੰ ਵੱਡੀ ਰਾਹਤ ਦੇਣ ਲਈ ਇਹ ਫੈਸਲਾ ਕੀਤਾ ਗਿਆ ਕਿ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਜਮ੍ਹਾਂ ਹੋਈ ਰੇਤਾ ਤੇ ਮਿੱਟੀ ਕੱਢਣ ਦੀ ਇਜਾਜ਼ਤ ਦਿੱਤੀ ਜਾਵੇਗੀ ਅਤੇ ਜੇਕਰ ਕਿਸਾਨ ਚਾਹੁਣ ਤਾਂ ਉਹ ਇਸ ਨੂੰ ਵੇਚ ਵੀ ਸਕਣਗੇ।'ਜਿਸ ਦਾ ਖੇਤ ਉਸ ਦੀ ਰੇਤ' ਨੀਤੀ ਦੇ ਤਹਿਤ ਸਾਰੇ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਕਿਸਾਨਾਂ ਨੂੰ ਇਸ ਸਾਲ ਦੀ 31 ਦਸੰਬਰ ਤੱਕ ਬਿਨਾਂ ਕਿਸੇ ਪਰਮਿਟ ਦੇ ਆਪਣੀ ਜ਼ਮੀਨ ਵਿੱਚੋਂ ਰੇਤਾ ਚੁੱਕਣ ਦੀ ਇਜਾਜ਼ਤ ਹੋਵੇਗੀ। (ਬਾਕੀ ਸਫਾ 2 'ਤੇ)

## ਹਸਪਤਾਲ 'ਚੋਂ ਹੀ ਵਰਚੁਅਲੀ ਸ਼ਾਮਲ ਹੋਏ ਭਗਵੰਤ ਮਾਨ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਸਤੰਬਰ:ਮੁੱਖ ਮੰਤਰੀ ਭਗਵੰਤ ਮਾਨ ਅੱਜ ਫੋਰਟਿਸ ਹਸਪਤਾਲ ਦੇ ਕਮਰੇ 'ਚੋਂ ਪੰਜਾਬ ਕੈਬਨਿਟ ਦੀ ਬੈਠਕ ਵਿੱਚ ਵਰਚੁਅਲੀ ਸ਼ਾਮਲ ਹੋਏ। ਮੁੱਖ ਮੰਤਰੀ ਨੂੰ ਤੇਜ਼ ਬੁਖ਼ਾਰ ਕਰਕੇ 5 ਸਤੰਬਰ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਸੀ। ਮੋਹਾਲੀ ਪ੍ਰਸ਼ਾਸਨ ਵੱਲੋਂ ਉਨ੍ਹਾਂ ਦੀ ਵੀਡੀਓ ਕਾਨਫਰੰਸਿੰਗ ਜ਼ਰੀਏ ਕੈਬਨਿਟ ਮੀਟਿੰਗ 'ਚ ਸ਼ਮੂਲੀਅਤ ਯਕੀਨੀ ਬਣਾਉਣ ਲਈ ਵਿਸ਼ੇਸ਼ ਤਿਆਰੀ ਕੀਤੀ ਗਈ ਸੀ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਹਸਪਤਾਲ ਪਹੁੰਚ ਕੇ ਪ੍ਰਬੰਧਾਂ ਦਾ ਜਾਇਜ਼ਾ ਲਿਆ।

ਡੀਆਈਜੀ ਰੂਪਨਗਰ ਰੇਂਜ ਹਰਚਰਨ ਸਿੰਘ ਭੁੱਲਰ ਵੀ ਹਸਪਤਾਲ ਵਿੱਚ ਆ ਕੇ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲੈਕੇ ਗਏ ਸਨ। ਪੁਲਿਸ ਤੇ ਪ੍ਰਸ਼ਾਸਨ ਦੀਆਂ ਇਨ੍ਹਾਂ ਤਿਆਰੀਆਂ ਨਾਲ ਇਹ ਤਾਂ ਯਕੀਨੀ ਹੋ ਗਿਆ ਹੈ ਕਿ ਮੁੱਖ ਮੰਤਰੀ ਨੂੰ ਅਜੇ ਕੁਝ ਹੋਰ ਸਮਾਂ ਹਸਪਤਾਲ ਵਿੱਚ ਰਹਿਣਾ ਪਏਗਾ।

**ਮਾਨ ਦੀ ਖ਼ਬਰਸਾਰ ਲੈਣ ਲਈ ਹਸਪਤਾਲ ਪੁੱਜੇ ਨਾਇਬ ਸੈਣੀ**

ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਅੱਜ ਸਵੇਰੇ 10 ਵਜੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮਿਲਣ ਲਈ ਪਹੁੰਚੇ। ਸ੍ਰੀ ਸੈਣੀ ਹਸਪਤਾਲ ਵਿੱਚ ਪੱਚੀ ਮਿੰਟ ਦੇ ਕਰੀਬ ਠਹਿਰੇ ਅਤੇ ਉਨ੍ਹਾਂ ਭਗਵੰਤ ਮਾਨ ਦੀ ਸਿਹਤ ਦਾ ਹਾਲ ਪੁੱਛਿਆ। ਉਪਰੰਤ ਨਾਇਬ ਸੈਣੀ ਮੀਡੀਆ ਨਾਲ ਕੋਈ ਗੱਲ ਕਰੇ ਬਿਨਾਂ ਹਸਪਤਾਲ ਵਿੱਚੋਂ ਚਲੇ ਗਏ। ਦੱਸਣਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਪਿਛਲੇ ਤਿੰਨ ਦਿਨਾਂ ਤੋਂ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਜ਼ੇਰੇ ਇਲਾਜ ਹਨ। (ਬਾਕੀ ਸਫਾ 2 'ਤੇ)

## ਸ੍ਰੀ ਹੇਮਕੁੰਟ ਸਾਹਿਬ ਯਾਤਰਾ ਮੁੜ ਸ਼ੁਰੂ

ਦੇਹਰਾਦੂਨ, 8 ਸਤੰਬਰ (ਚੜ੍ਹਦੀਕਲਾ ਬਿਊਰੋ) : ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਮੁੜ ਸ਼ੁਰੂ ਹੋ ਗਈ ਹੈ ਅਤੇ ਸ਼ਰਧਾਲੂ ਮੁੜ ਪੂਰੇ ਉਤਸ਼ਾਹ ਨਾਲ ਗੁਰੂਧਾਮ ਵਿਖੇ ਨਤਮਸਤਕ ਹੋਣ ਲਈ ਪੁੱਜ ਰਹੇ ਹਨ। ਇਹ ਸਾਲਾਨਾ ਯਾਤਰਾ 10 ਅਕਤੂਬਰ ਤੱਕ ਚੱਲੇਗੀ। ਇਸ ਦੌਰਾਨ ਸ਼ਰਧਾਲੂਆਂ ਦੀ ਸਹੂਲਤ ਵਾਸਤੇ ਰੋਪਵੇਅ ਸਥਾਪਤ ਕਰਨ ਦਾ ਕੰਮ ਵੀ ਅਗਲੇ ਪੜਾਅ ਵਿੱਚ ਪੁੱਜ ਗਿਆ ਹੈ।ਵਧੇਰੇ ਮੀਂਹ, ਕਈ ਥਾਵਾਂ 'ਤੇ ਬੱਦਲ ਫਟਣ ਅਤੇ ਢਿੱਗਾਂ ਡਿੱਗਣ ਕਾਰਨ ਉੱਤਰਾਖੰਡ ਸਰਕਾਰ ਵੱਲੋਂ ਸ੍ਰੀ ਹੇਮਕੁੰਟ ਸਾਹਿਬ ਯਾਤਰਾ ਸਮੇਤ ਚਾਰ ਧਾਮ ਦੀ ਯਾਤਰਾ ਪੰਜ ਸਤੰਬਰ ਤੱਕ ਬੰਦ ਕਰ ਦਿੱਤੀ ਗਈ ਸੀ। ਇਹ ਯਾਤਰਾ ਮੁੜ 6 ਸਤੰਬਰ ਤੋਂ ਸ਼ੁਰੂ ਹੋ ਗਈ ਹੈ। ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਕਿ ਯਾਤਰਾ ਮੁੜ ਸ਼ੁਰੂ ਹੋ ਗਈ ਹੈ ਅਤੇ ਸ਼ਰਧਾਲੂ (ਬਾਕੀ ਸਫਾ 2 'ਤੇ)

## ਅੱਜ ਹੋਵੇਗਾ ਤੈਅ ! ਰਾਧਾਕ੍ਰਿਸ਼ਨਨ ਜਾਂ ਰੈਡੀ, ਕੌਣ ਹੋਵੇਗਾ ਅਗਲਾ ਉਪ-ਰਾਸ਼ਟਰਪਤੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 8 ਸਤੰਬਰ:ਲੋਕ ਸਭਾ ਅਤੇ ਰਾਜ ਸਭਾ ਦੇ ਮੈਂਬਰ ਮੰਗਲਵਾਰ ਨੂੰ ਆਪਣੀਆਂ ਵੋਟਾਂ ਰਾਹੀਂ ਫ਼ੈਸਲਾ ਕਰਨਗੇ ਕਿ ਸੀ. ਪੀ. ਰਾਧਾਕ੍ਰਿਸ਼ਨਨ ਅਤੇ ਬੀ. ਸੁਦਰਸ਼ਨ ਰੈਡੀ ਵਿੱਚੋਂ ਦੇਸ਼ ਦਾ ਅਗਲਾ ਉਪ ਰਾਸ਼ਟਰਪਤੀ ਕੌਣ ਹੋਵੇਗਾ। ਰਾਧਾਕ੍ਰਿਸ਼ਨਨ ਸੱਤਾਧਾਰੀ ਰਾਸ਼ਟਰੀ ਲੋਕਤੰਤਰੀ ਗਠਜੋੜ (ਐਨ.ਡੀ.ਏ.) ਦੇ ਉਮੀਦਵਾਰ ਹਨ, ਜਿਨ੍ਹਾਂ ਦਾ ਸਿੱਧਾ ਮੁਕਾਬਲਾ ਸਾਂਝੇ ਵਿਰੋਧੀ ਉਮੀਦਵਾਰ ਸੁਦਰਸ਼ਨ ਰੈਡੀ ਨਾਲ ਹੈ। ਉਪ ਰਾਸ਼ਟਰਪਤੀ ਚੋਣ ਲਈ ਵੋਟਿੰਗ ਮੰਗਲਵਾਰ, 9 ਸਤੰਬਰ ਨੂੰ ਸਵੇਰੇ 10 ਵਜੇ ਸ਼ੁਰੂ ਹੋਵੇਗੀ ਅਤੇ ਸ਼ਾਮ 5 ਵਜੇ ਖ਼ਤਮ ਹੋਵੇਗੀ। ਮੰਗਲਵਾਰ ਦੇਰ ਸ਼ਾਮ ਤੱਕ ਨਤੀਜੇ ਐਲਾਨੇ ਜਾਣ ਦੀ ਉਮੀਦ





ਹੈ। ਉਪ ਰਾਸ਼ਟਰਪਤੀ ਚੋਣ ਲਈ ਰਿਟਰਨਿੰਗ ਅਧਿਕਾਰੀ, ਰਾਜ ਸਭਾ ਦੇ ਸਕੱਤਰ ਜਨਰਲ ਪੀ.ਸੀ. ਮੋਦੀ ਨੇ ਕਿਹਾ ਹੈ ਕਿ ਵੋਟਿੰਗ ਮੰਗਲਵਾਰ ਨੂੰ ਸੰਸਦ ਭਵਨ ਦੇ ਵਸੁਧਾ ਸਥਿਤ ਕਮਰਾ ਨੰਬਰ ਐਫ-101 ਵਿੱਚ ਹੋਵੇਗੀ। ਦੇਸ਼ ਦੀ 17ਵੀਂ ਉਪ ਰਾਸ਼ਟਰਪਤੀ ਚੋਣ ਲਈ ਚੋਣ ਮੰਡਲ ਵਿੱਚ ਰਾਜ ਸਭਾ ਦੇ 233 ਚੁਣੇ ਹੋਏ ਮੈਂਬਰ (ਮੌਜੂਦਾ ਸਮੇਂ ਪੰਜ ਸੀਟਾਂ ਖਾਲੀ ਹਨ) ਅਤੇ 12 ਨਾਮਜ਼ਦ ਮੈਂਬਰ ਅਤੇ ਲੋਕ ਸਭਾ ਦੇ 543 ਚੁਣੇ ਹੋਏ ਮੈਂਬਰ (ਮੌਜੂਦਾ ਸਮੇਂ ਇੱਕ ਸੀਟ ਖਾਲੀ ਹੈ) ਸ਼ਾਮਲ ਹਨ। ਚੋਣ ਮੰਡਲ ਵਿੱਚ ਕੁੱਲ 788 ਮੈਂਬਰ (ਬਾਕੀ ਸਫਾ 2 'ਤੇ)

## ਪੰਜਾਬ ਹੜ੍ਹ: ਪ੍ਰਧਾਨ ਮੰਤਰੀ ਦੀ ਫੇਰੀ ਤੋਂ ਪਹਿਲਾਂ 'ਆਪ' ਨੇ 20,000 ਕਰੋੜ ਦਾ ਰਾਹਤ ਪੈਕੇਜ ਮੰਗਿਆ

### ਮੋਦੀ ਅੱਜ ਦੀ ਪੰਜਾਬ ਫੇਰੀ ਮੌਕੇ ਮਹਿਜ਼ ਤਸਵੀਰਾਂ ਖਿਚਵਾ ਕੇ ਨਾ ਮੁੜ ਜਾਣ: ਅਮਨ ਅਰੋੜਾ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਸਤੰਬਰ:ਪ੍ਰਧਾਨ ਮੰਤਰੀ ਵੱਲੋਂ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਤੋਂ ਪਹਿਲਾਂ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ 'ਡੂੰਘੀ ਨੀਂਦ' ਤੋਂ ਜਗਾਉਣ ਦਾ ਹੋਕਾ ਦਿੰਦਿਆਂ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਸ੍ਰੀ ਅਮਨ ਅਰੋੜਾ ਨੇ ਕੇਂਦਰ ਤੋਂ 20,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਹੜ੍ਹਾਂ ਕਰਕੇ ਬਣੇ ਹਾਲਾਤਾਂ ਨੂੰ ਫੋਟੋਗ੍ਰਾਫ਼ੀ ਦੇ ਮੌਕੇ ਵਜੋਂ ਦੇਖਣ ਲਈ ਪੰਜਾਬ ਦੀ ਭਾਜਪਾ ਲੀਡਰਸ਼ਿਪ ਅਤੇ ਕੇਂਦਰੀ ਮੰਤਰੀਆਂ ਦੀ ਸਖਤ ਆਲੋਚਨਾ ਕਰਦਿਆਂ ਸ੍ਰੀ ਮੋਦੀ ਨੂੰ ਇਸ ਕੁਦਰਤੀ ਮਾਰ ਤੋਂ ਸੂਬੇ ਨੂੰ ਉਭਾਰਨ ਲਈ ਕੋਈ ਠੋਸ ਸਹਾਇਤਾ ਦੇਣ ਦੀ ਅਪੀਲ ਕੀਤੀ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ



ਮੰਗਲਵਾਰ ਨੂੰ ਪੰਜਾਬ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਦੌਰੇ ਲਈ ਪੰਜਾਬ ਆ ਰਹੇ ਹਨ।

ਇੱਥੇ ਪੰਜਾਬ ਭਵਨ ਵਿਖੇ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਕਿਹਾ, "ਮੈਂ ਪੰਜਾਬ ਦੇ 3 ਕਰੋੜ ਤੋਂ ਵੱਧ ਲੋਕਾਂ ਵੱਲੋਂ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਨਿੱਘਾ ਸਵਾਗਤ ਕਰਦਾ ਹਾਂ, ਜੋ ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਦਾ ਦੌਰਾ ਕਰਨ ਆ ਰਹੇ ਹਨ ਪਰ ਮੈਂ ਨਾਲ ਹੀ ਉਨ੍ਹਾਂ ਨੂੰ ਨਿਮਰਤਾ ਨਾਲ ਬੇਨਤੀ ਕਰਦਾ ਕਿ ਉਹ ਇਸ ਗੰਭੀਰ ਸੰਕਟ ਨੂੰ ਸਿਰਫ ਫੋਟੋਗ੍ਰਾਫ਼ੀ ਲਈ ਹੜ੍ਹ ਸੈਰ-ਸਪਾਟੇ ਤੱਕ ਸੀਮਤ ਨਾ ਰੱਖਦਿਆਂ ਪੰਜਾਬ ਲਈ ਵਿਸ਼ੇਸ਼ ਸਹਾਇਤਾ ਲੈ ਕੇ ਆਉਣ। ਜੇਕਰ ਪ੍ਰਧਾਨ ਮੰਤਰੀ ਪੰਜਾਬ ਨੂੰ ਭਾਰਤ ਦਾ ਅਨਿੱਖੜਵਾਂ ਅੰਗ ਮੰਨਦੇ ਹਨ ਅਤੇ ਉਹ ਸੱਚਮੁੱਚ ਪੰਜਾਬ ਦੀ ਪਰਵਾਹ ਕਰਦੇ ਹਨ ਤਾਂ ਉਹ ਸੂਬੇ ਲਈ ਘੱਟੋ-ਘੱਟ 20,000 ਕਰੋੜ ਰੁਪਏ ਦਾ ਪੈਕੇਜ ਲੈ ਕੇ ਆਉਣ।"

ਸ੍ਰੀ ਅਮਨ ਅਰੋੜਾ ਨੇ ਕੇਂਦਰ ਸਰਕਾਰ ਵੱਲੋਂ ਸੂਬੇ ਦੇ 60,000 ਕਰੋੜ ਰੁਪਏ ਦੇ ਰੋਕੇ ਗਏ ਫੰਡਾਂ ਨੂੰ ਤੁਰੰਤ ਜਾਰੀ ਕਰਨ ਦੀ ਮੰਗ ਵੀ ਕੀਤੀ, ਜਿਸ ਵਿੱਚ ਜੀ.ਐਸ.ਟੀ. ਪ੍ਰਣਾਲੀ (ਬਾਕੀ ਸਫਾ 2 'ਤੇ)

## ਨੇਪਾਲ 'ਚ 18 ਮੌਤਾਂ ਤੋਂ ਬਾਅਦ ਸੋਸ਼ਲ ਮੀਡੀਆ ਮੁੜ ਸ਼ੁਰੂ

### ਪਾਬੰਦੀ ਅਤੇ ਭ੍ਰਿਸ਼ਟਾਚਾਰ ਵਿਰੁੱਧ ਸਵੇਰੇ ਨੌਜਵਾਨ ਸੰਸਦ ਵਿੱਚ ਦਾਖ਼ਲ ਹੋਏ; ਫ਼ੌਜ ਦੀ ਗੋਲ਼ੀਬਾਰੀ ਵਿੱਚ 200 ਜ਼ਖ਼ਮੀ

ਚੜ੍ਹਦੀਕਲਾ ਬਿਊਰੋ

================

ਕਾਠਮੰਡੂ, 8 ਸਤੰਬਰ:ਸਵੇਰ ਤੋਂ ਜਾਰੀ ਵਿਰੋਧ ਪ੍ਰਦਰਸ਼ਨਾਂ ਤੋਂ ਬਾਅਦ ਨੇਪਾਲ ਵਿੱਚ ਸੋਸ਼ਲ ਮੀਡੀਆ ਮੁੜ ਸ਼ੁਰੂ ਹੋ ਗਿਆ। ਇਸ ਵਿਰੋਧ ਪ੍ਰਦਰਸ਼ਨ ਵਿੱਚ ਹੁਣ ਤੱਕ 18 ਲੋਕਾਂ ਦੀ ਮੌਤ ਹੋ ਚੁੱਕੀ ਹੈ, ਜਦੋਂ ਕਿ 200 ਤੋਂ ਵੱਧ ਜ਼ਖ਼ਮੀ ਹੋਏ ਹਨ। ਇਸ ਵਿਰੋਧ ਪ੍ਰਦਰਸ਼ਨ ਦੀ ਅਗਵਾਈ ਜਨਰਲ-ਜ਼ੈਡ ਯਾਨੀ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨਾਂ ਨੇ ਕੀਤੀ। ਇਹ ਵਿਰੋਧ ਪ੍ਰਦਰਸ਼ਨ ਅਜੇ ਵੀ ਜਾਰੀ ਹੈ।

ਸੋਸ਼ਲ ਮੀਡੀਆ 'ਤੇ ਪਾਬੰਦੀ ਅਤੇ ਸਰਕਾਰੀ ਭ੍ਰਿਸ਼ਟਾਚਾਰ ਵਿਰੁੱਧ ਸੋਮਵਾਰ ਸਵੇਰੇ 12 ਹਜ਼ਾਰ ਤੋਂ ਵੱਧ ਪ੍ਰਦਰਸ਼ਨਕਾਰੀ ਨੌਜਵਾਨ ਸੰਸਦ ਭਵਨ ਦੇ ਅਹਾਤੇ ਵਿੱਚ ਦਾਖਲ ਹੋਏ, ਜਿਸ ਤੋਂ ਬਾਅਦ ਫੌਜ ਨੇ ਕਈ ਗੋਲੀਆਂ ਚਲਾਈਆਂ। ਨੇਪਾਲ ਦੇ



ਇਤਿਹਾਸ ਵਿੱਚ ਸੰਸਦ ਵਿੱਚ ਘੁਸਪੈਠ ਦਾ ਇਹ ਪਹਿਲਾ ਮਾਮਲਾ ਹੈ।

ਰਿਪੋਰਟ ਅਨੁਸਾਰ, ਪ੍ਰਦਰਸ਼ਨਕਾਰੀਆਂ ਨੇ ਸੰਸਦ ਦੇ ਗੇਟ ਨੰਬਰ 1 ਅਤੇ 2 'ਤੇ ਕਬਜ਼ਾ ਕਰ ਲਿਆ ਸੀ। ਇਸ ਤੋਂ ਬਾਅਦ ਸੰਸਦ ਭਵਨ, ਰਾਸ਼ਟਰਪਤੀ, ਉਪ ਰਾਸ਼ਟਰਪਤੀ, ਪ੍ਰਧਾਨ ਮੰਤਰੀ ਨਿਵਾਸ ਦੇ (ਬਾਕੀ ਸਫਾ 2 'ਤੇ)

## ਆਧਾਰ ਕਾਰਡ ਨੂੰ 12ਵੇਂ ਦਸਤਾਵੇਜ਼ ਦੇ ਰੂਪ 'ਚ ਕੀਤਾ ਜਾਵੇ ਸਵੀਕਾਰ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ/ਪਟਨਾ, 8 ਸਤੰਬਰ: ਬਿਹਾਰ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਡੂੰਘਾਈ ਨਾਲ ਮਾਮਲੇ ਵਿੱਚ ਸੁਪਰੀਮ ਕੋਰਟ ਨੇ ਇੱਕ ਖਾਸ ਨਿਰਦੇਸ਼ ਦਿੱਤਾ ਹੈ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਭਾਰਤੀ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਕਿ ਉਹ ਆਧਾਰ ਕਾਰਡ ਨੂੰ 'ਬਾਹਰਵਾਂ ਦਸਤਾਵੇਜ਼' ਮੰਨੇ। ਜਿਸ ਨੂੰ ਬਿਹਾਰ ਦੀ ਸੋਧੀ ਹੋਈ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਲਈ ਪਛਾਣ ਦੇ ਸਬੂਤ ਵਜੋਂ ਪੇਸ਼ ਕੀਤਾ ਜਾ ਸਕਦਾ ਹੈ। ਸੁਪਰੀਮ ਕੋਰਟ ਨੇ ਇਹ ਵੀ ਸਾਫ ਕੀਤਾ ਕਿ ਆਧਾਰ ਨਾਗਰਿਕਤਾ ਦਾ ਸਬੂਤ ਨਹੀਂ ਹੈ। ਸੁਪਰੀਮ ਕੋਰਟ ਦੇ ਜਸਟਿਸ ਸੂਰਿਆਕਾਂਤ ਅਤੇ ਜਸਟਿਸ ਜਾਯਮਾਲਿਆ ਬਾਗਚੀ ਦੀ ਬੈਂਚ ਨੇ ਮਾਮਲੇ ਦੀ ਸੁਣਵਾਈ ਕੀਤੀ।ਸੁਣਵਾਈ ਕਰਦੇ ਹੋਏ ਸੁਪਰੀਮ ਕੋਰਟ ਨੇ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤਾ ਕਿ ਉਹ ਆਪਣੇ ਅਧਿਕਾਰੀਆਂ ਨੂੰ ਹੁਕਮ ਜਾਰੀ ਕਰੇ ਕਿ ਆਧਾਰ ਨੂੰ ਪਛਾਣ ਦੇ ਸਬੂਤ ਵਜੋਂ ਸਵੀਕਾਰ ਕੀਤਾ ਜਾਵੇ। ਅਧਿਕਾਰੀਆਂ ਨੂੰ ਆਧਾਰ ਕਾਰਡ ਦੀ ਪ੍ਰਮਾਣਿਕਤਾ ਅਤੇ ਅਸਲੀਅਤ ਦੀ ਜਾਂਚ ਕਰਨ ਦਾ ਅਧਿਕਾਰ ਹੋਵੇਗਾ।ਸੁਪਰੀਮ ਕੋਰਟ ਵਿੱਚ ਆਰਜੇਡੀ ਵੱਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਦਲੀਲ ਦਿੱਤੀ। ਉਨ੍ਹਾਂ ਕਿਹਾ ਕਿ ਸੁਪਰੀਮ ਕੋਰਟ ਦੇ ਪਹਿਲਾਂ ਦੇ ਹੁਕਮਾਂ (ਬਾਕੀ ਸਫਾ 2 'ਤੇ)

## ਪ੍ਰਧਾਨ ਮੰਤਰੀ ਨੂੰ ਸਿਹਰਾ ਦੇਣ ਦੇ ਡਰ ਤੋਂ ਮਾਨ ਨੇ ਪੰਜਾਬ ਦੇ ਕਿਸਾਨਾਂ ਨੂੰ ਫ਼ਸਲ ਬੀਮਾ ਯੋਜਨਾ ਤੋਂ ਬਾਹਰ ਰੱਖਿਆ: ਜਾਖੜ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 8 ਸਤੰਬਰ:ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਿਸ਼ਾਨਾ ਸੇਧਿਆ ਕਿ ਉਹ ਪੰਜਾਬ ਦੇ ਕਿਸਾਨਾਂ ਨੂੰ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ ਦੇ ਦਾਇਰੇ ਤੋਂ ਬਾਹਰ ਰੱਖ ਰਹੇ ਹਨ।





ਅੱਜ ਦਿੱਲੀ ਵਿੱਚ ਜਾਖੜ ਨੇ ਕਿਹਾ ਕਿ ਜੇਕਰ ਭਗਵੰਤ ਮਾਨ ਸਰਕਾਰ ਨੇ ਪ੍ਰਚਾਰ 'ਤੇ ਰਾਜ ਦੇ ਪੈਸੇ ਖਰਚ ਕਰਨ ਦੀ ਬਜਾਏ ਪ੍ਰੀਮੀਅਮ ਦਾ ਆਪਣਾ ਹਿੱਸਾ ਅਦਾ ਕਰਕੇ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਲਾਗੂ ਕੀਤਾ ਹੁੰਦਾ ਤਾਂ ਅੱਜ ਹੜ੍ਹ ਪ੍ਰਭਾਵਿਤ ਕਿਸਾਨਾਂ ਨੂੰ ਹੋਏ ਨੁਕਸਾਨ ਦਾ ਮੁਆਵਜ਼ਾ ਇਸ ਯੋਜਨਾ ਰਾਹੀਂ ਆਸਾਨੀ ਨਾਲ ਦਿੱਤਾ ਜਾ ਸਕਦਾ ਸੀ।

ਇੱਥੇ ਜਾਰੀ ਇੱਕ ਬਿਆਨ ਵਿੱਚ ਸੁਨੀਲ ਜਾਖੜ ਨੇ ਕਿਹਾ ਕਿ ਕੁਦਰਤੀ ਆਫ਼ਤਾਂ, ਕੀੜਿਆਂ ਜਾਂ ਬਿਮਾਰੀਆਂ ਕਾਰਨ ਹੋਏ ਨੁਕਸਾਨ ਨੂੰ ਕਵਰ ਕਰਨ ਵਾਲੀ ਇਹ ਯੋਜਨਾ 2016 ਵਿੱਚ ਸ਼ੁਰੂ ਕੀਤੀ ਗਈ ਸੀ। ਬਾਅਦ ਵਿੱਚ ਭਾਰਤ ਸਰਕਾਰ ਨੇ ਸੂਬਾ ਸਰਕਾਰਾਂ ਦੇ ਸੁਝਾਵਾਂ ਨੂੰ ਸਵੀਕਾਰ ਕਰਕੇ ਇਸ ਯੋਜਨਾ ਵਿੱਚ ਜ਼ਰੂਰੀ ਬਦਲਾਅ ਕੀਤੇ ਸਨ ਅਤੇ ਉਸ ਤੋਂ ਬਾਅਦ ਲਗਭਗ ਸਾਰੇ ਸੂਬਿਆਂ ਨੇ ਇਸਨੂੰ ਅਪਣਾਇਆ ਪਰ ਪੰਜਾਬ ਸਰਕਾਰ ਨੇ ਅਜੇ ਤੱਕ ਇਸਨੂੰ ਲਾਗੂ ਨਹੀਂ ਕੀਤਾ ਹੈ। ਸ਼ਾਇਦ ਇਸ ਡਰ ਤੋਂ ਕਿ ਇਸਦਾ ਸਿਹਰਾ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਜਾ ਸਕਦਾ ਹੈ, ਜਿਸ ਦੇ ਨਤੀਜੇ ਵਜੋਂ ਅੱਜ ਪੰਜਾਬ ਦੇ ਹਜ਼ਾਰਾਂ ਕਿਸਾਨ ਇਸਦੇ ਲਾਭਾਂ ਤੋਂ ਵਾਂਝੇ ਹਨ।

ਸੁਨੀਲ ਜਾਖੜ ਨੇ ਦੱਸਿਆ ਕਿ ਨਵੰਬਰ 2022 ਵਿੱਚ ਪੰਜਾਬ ਸਰਕਾਰ ਨੇ ਇਸ ਯੋਜਨਾ ਨੂੰ ਲਾਗੂ ਕਰਨ ਦਾ ਐਲਾਨ ਵੀ ਕੀਤਾ ਸੀ ਪਰ ਆਪਣੇ ਸਿਆਸੀ ਹਿੱਤਾਂ ਕਾਰਨ ਮਾਰਚ 2023 ਵਿੱਚ ਸਰਕਾਰ ਫਿਰ ਤੋਂ ਇਸ ਯੋਜਨਾ ਨੂੰ ਪੰਜਾਬ ਵਿੱਚ ਲਾਗੂ ਕਰਨ ਤੋਂ ਪਿੱਛੇ ਹਟ ਗਈ ਕਿਉਂਕਿ ਪ੍ਰੀਮੀਅਮ ਦਾ ਭੁਗਤਾਨ ਕਰਨ ਦੀ ਬਜਾਏ ਪ੍ਰਚਾਰ ਨੂੰ ਵਧੇਰੇ ਤਰਜੀਹ ਦਿੱਤੀ ਗਈ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਦੇ ਤਹਿਤ ਕਿਸਾਨ ਨੇ ਬੀਮਾ ਰਾਸ਼ੀ ਦਾ ਸਿਰਫ 2% ਭੁਗਤਾਨ ਕੀਤਾ, ਜਦੋਂ ਕਿ ਬਾਕੀ ਪ੍ਰੀਮੀਅਮ ਸੂਬਾ (ਬਾਕੀ ਸਫਾ 2 'ਤੇ)

## ਚੜ੍ਹਦੀਕਲਾ ਦੇ ਬਾਨੀ ਸੱਚਖੰਡ ਵਾਸੀ ਗਿਆਨੀ ਹਰਨਾਮ ਸਿੰਘ ਜੀ ਦੀ ਬਰਸੀ ਮੌਕੇ ਕੀਰਤਨ ਦਰਬਾਰ

### ਪਿਤਾ ਜੀ ਨੇ ਹਮੇਸ਼ਾ ਭਾਈਚਾਰੇ 'ਚ ਵਿਚਰ ਕੇ ਸੇਵਾ ਭਾਵਨਾ ਦੇ ਕਾਰਜ ਕੀਤੇ: ਡਾ. ਜਗਜੀਤ ਸਿੰਘ ਦਰਦੀ

ਗੁਰਮੁਖ ਰੁਪਾਣਾ

================

ਪਟਿਆਲਾ,8 ਸਤੰਬਰ: ਰੋਜ਼ਾਨਾ ਚੜ੍ਹਦੀਕਲਾ ਗਰੁੱਪ ਦੇ ਬਾਨੀ ਗਿਆਨੀ ਹਰਨਾਮ ਸਿੰਘ ਜੀ ਦੀ ਬਰਸੀ ਮੌਕੇ ਸਥਾਨਕ ਐੱਸ ਐੱਸ ਟੀ ਨਗਰ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਵਿਸ਼ਾਲ ਕੀਰਤਨ ਦਰਬਾਰ ਆਯੋਜਿਤ ਕੀਤੇ ਗਏ। ਇਸ ਦੌਰਾਨ ਕੀਰਤਨੀ ਜੱਥਿਆਂ ਵਲੋਂ ਸੰਗਤਾਂ ਨੂੰ ਰਸਭਿੰਨੇ ਕੀਰਤਨ ਰਾਹੀਂ ਨਿਹਾਲ ਕੀਤਾ ਅਤੇ ਵੱਡੀ ਗਿਣਤੀ 'ਚ ਸੰਗਤ ਨੇ ਹਾਜ਼ਰੀ ਭਰੀ।

ਇਸ ਮੌਕੇ ਸਰਦਾਰਨੀ ਜਸਵਿੰਦਰ ਕੌਰ ਦਰਦੀ ਤੇ ਡਾ. ਇੰਦਰਪ੍ਰੀਤ ਕੌਰ ਦਰਦੀ, ਡਾ. ਕੰਵਲਜੀਤ ਕੌਰ, ਸਵਾਮੀ ਰਾਜੇਸ਼ਵਰਾ ਨੰਦ ਜੀ ਮਹਾਰਾਜ ਨੇ ਕੀਰਤਨ ਦਰਬਾਰ 'ਚ ਹਾਜ਼ਰੀ ਲਗਾ ਕੇ ਗੁਰਬਾਣੀ ਤੇ ਗੁਰੂ ਮਹਿਮਾ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਚੜ੍ਹਦੀਕਲਾ ਗਰੁੱਪ ਦੇ ਚੇਅਰਮੈਨ ਪਦਮਸ਼੍ਰੀ ਡਾ. ਜਗਜੀਤ ਸਿੰਘ ਦਰਦੀ ਨੇ ਦੱਸਿਆ ਕਿ ਉਨ੍ਹਾਂ ਦੇ ਪਿਤਾ ਗਿਆਨੀ ਹਰਨਾਮ ਸਿੰਘ ਜੀ ਨੇ ਹਮੇਸ਼ਾ



ਸੇਵਾ ਭਾਵਨਾ ਦੇ ਕਾਰਜ ਕੀਤੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾ ਦੇ ਪਿਤਾ ਗਿਆਨੀ ਹਰਨਾਮ ਸਿੰਘ ਸਿੱਖ ਭਾਈਚਾਰੇ ਦੇ ਆਗੂ ਵਜੋਂ ਵਿਚਰਦੇ ਰਹੇ ਅਤੇ ਹਮੇਸ਼ਾ ਹਰ ਕਾਰਜ ਤੇ ਔਕੜ ਨੂੰ ਅੱਗੇ ਹੋ ਕੇ ਨਜਿੱਠਦੇ ਰਹੇ। ਉਨ੍ਹਾਂ ਦੱਸਿਆ ਕਿ ਗਿਆਨੀ ਹਰਨਾਮ ਸਿੰਘ ਜੀ ਜਿਨ੍ਹਾਂ ਨੇ ਚੜ੍ਹਦੀਕਲਾ ਅਖ਼ਬਾਰ ਦੀ ਨੀਂਹ ਰੱਖੀ ਸੀ ਉਹ ਅੱਜ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰ ਰਹੀ ਹੈ। ਗਿਆਨੀ ਹਰਨਾਮ ਸਿੰਘ ਜੀ ਸਾਲ 1976 'ਚ ਸਵਰਗ ਸਿਧਾਰ ਗਏ ਸਨ। ਉਨ੍ਹਾਂ ਪਿੱਛੋਂ ਚੜ੍ਹਦੀਕਲਾ ਗਰੁੱਪ ਨੂੰ ਲੀਹਾਂ 'ਤੇ ਲਿਆਉਣ ਲਈ ਸਮੂਹ ਦਰਦੀ ਪਰਿਵਾਰ ਦਿਨ ਰਾਤ ਮਿਹਨਤ ਕਰ ਰਿਹਾ ਹੈ।

ਕੀਰਤਨ ਦਰਬਾਰ 'ਚ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਗਿਆਨੀ ਹਰਨਾਮ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਸ੍ਰ. ਪ੍ਰਭਜੀਤ ਸਿੰਘ ਚੌਧਰੀ, ਸ੍ਰ. ਹਰਪ੍ਰੀਤ ਸਿੰਘ ਦਰਦੀ ਸਮੇਤ ਸਮੂਹ ਦਰਦੀ ਪਰਿਵਾਰ ਵੀ ਮੌਜੂਦ ਸੀ।

### ਅੱਤਵਾਦੀ ਸਾਜਿਸ਼ ਦਾ ਮਾਮਲਾ

## ਐਨ.ਆਈ.ਏ. ਵੱਲੋਂ ਪੰਜ ਸੂਬਿਆਂ ਤੇ ਜੰਮੂ-ਕਸ਼ਮੀਰ 'ਚ 22 ਥਾਵਾਂ 'ਤੇ ਛਾਪੇਮਾਰੀ

ਚੜ੍ਹਦੀਕਲਾ ਬਿਊਰੋ

================

ਨਵੀਂ ਦਿੱਲੀ, 8 ਸਤੰਬਰ: ਰਾਸ਼ਟਰੀ ਜਾਂਚ ਏਜੰਸੀ (ਐਨਆਈਏ) ਨੇ ਸੋਮਵਾਰ ਨੂੰ ਪੰਜ ਸੂਬਿਆਂ ਅਤੇ ਜੰਮੂ-ਕਸ਼ਮੀਰ ਵਿੱਚ 22 ਥਾਵਾਂ 'ਤੇ ਛਾਪੇਮਾਰੀ ਕੀਤੀ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਅਨੁਸਾਰ ਇਹ ਕਾਰਵਾਈ ਅੱਤਵਾਦੀ ਸਾਜਿਸ਼ ਨਾਲ ਸਬੰਧਤ ਇੱਕ ਮਾਮਲੇ ਦੀ ਜਾਂਚ ਦੇ ਸਬੰਧ ਵਿੱਚ ਕੀਤੀ ਜਾ ਰਹੀ ਹੈ।





ਅਧਿਕਾਰੀਆਂ ਅਨੁਸਾਰ, ਜੰਮੂ-ਕਸ਼ਮੀਰ ਵਿੱਚ ਨੌਂ, ਬਿਹਾਰ ਵਿੱਚ ਅੱਠ, ਉੱਤਰ ਪ੍ਰਦੇਸ਼ ਵਿੱਚ ਦੋ ਅਤੇ ਕਰਨਾਟਕ, ਮਹਾਰਾਸ਼ਟਰ ਅਤੇ ਤਾਮਿਲਨਾਡੂ ਵਿੱਚ ਇੱਕ-ਇੱਕ ਥਾਵਾਂ 'ਤੇ ਤਲਾਸ਼ੀ ਲਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਦੇ ਬਾਰਾਮੂਲਾ, ਕੁਲਗਾਮ, ਅਨੰਤਨਾਗ ਅਤੇ ਪੁਲਵਾਮਾ ਜ਼ਿਲ੍ਹਿਆਂ ਵਿੱਚ ਕਾਰਵਾਈ ਚੱਲ ਰਹੀ ਹੈ। ਇਸ ਕਾਰਵਾਈ ਬਾਰੇ ਅਜੇ ਕੋਈ ਹੋਰ ਜਾਣਕਾਰੀ ਪ੍ਰਾਪਤ ਨਹੀਂ ਹੋਈ ਹੈ।

# ਪਠਾਣਮਾਜਰਾ ਮਾਮਲੇ 'ਚ ਸ਼ਿਕਾਇਤਕਰਤਾ ਔਰਤ ਨੇ ਬਦਲਿਆ ਵਕੀਲ, ਟਲ਼ੀ ਸੁਣਵਾਈ

ਪਟਿਆਲਾ, 8 ਸਤੰਬਰ (ਚ.ਨ.ਸ.) : ਜਬਰ ਜਨਾਹ ਮਾਮਲੇ ਵਿੱਚ ਨਾਮਜ਼ਦ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਅਗਾਊਂ ਜ਼ਮਾਨਤ 'ਤੇ ਸੁਣਵਾਈ ਸੋਮਵਾਰ ਨੂੰ ਵੀ ਨਹੀਂ ਹੋ ਸਕੀ। ਸ਼ਿਕਾਇਤਕਰਤਾ ਔਰਤ ਨੇ ਅਦਾਲਤ ਵਿੱਚ ਪੇਸ਼ ਹੋਣ ਤੋਂ ਬਾਅਦ ਵਕੀਲ ਬਦਲਣ ਦੀ ਗੱਲ ਕੀਤੀ ਅਤੇ ਦਲੀਲ ਦਿੱਤੀ ਕਿ ਮਾਮਲੇ ਨਾਲ ਸਬੰਧਤ ਕੁਝ ਸਬੂਤ ਵੀ ਪੇਸ਼ ਕਰਨੇ ਪੈਣਗੇ। ਇਸ ਤੋਂ ਬਾਅਦ ਅਦਾਲਤ ਨੇ ਇਸ ਮਾਮਲੇ ਵਿੱਚ ਅਗਲੀ ਸੁਣਵਾਈ 10 ਸਤੰਬਰ ਨੂੰ ਤੈਅ ਕੀਤੀ ਹੈ।



ਬਚਾਅ ਪੱਖ ਦੇ ਵਕੀਲ ਸਿਮਰਨਜੀਤ ਸਿੰਘ ਸੱਗੂ ਨੇ ਕਿਹਾ ਕਿ ਜਦੋਂ ਉਹ ਸੁਣਵਾਈ ਲਈ ਅਦਾਲਤ ਪਹੁੰਚੇ ਤਾਂ ਹੀ ਪਤਾ ਲੱਗਾ ਕਿ ਵਿਰੋਧੀ ਧਿਰ ਨੇ ਵਕੀਲ ਬਦਲ ਲਿਆ ਹੈ। ਜਬਰ ਜਨਾਹ ਮਾਮਲੇ ਵਿੱਚ, ਪਟਿਆਲਾ ਪੁਲਿਸ ਨੇ ਹਰਿਆਣਾ ਦੇ ਕਰਨਾਲ ਦੇ ਡਾਬਰੀ ਪਿੰਡ ਵਿੱਚ ਵਿਧਾਇਕ ਨੂੰ ਪਨਾਹ ਦੇਣ ਅਤੇ ਭੱਜਣ ਵਿੱਚ ਮਦਦ ਕਰਨ ਦੇ ਦੋਸ਼ ਵਿੱਚ 11 ਲੋਕਾਂ ਨੂੰ ਚਾਰ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਲਿਆ ਸੀ। ਇਨ੍ਹਾਂ 11 ਲੋਕਾਂ ਨੂੰ ਪੁਲਿਸ ਰਿਮਾਂਡ ਖਤਮ ਹੋਣ ਤੋਂ ਬਾਅਦ ਸੋਮਵਾਰ ਦੁਪਹਿਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ, ਪਰ ਪੁਲਿਸ ਇਨ੍ਹਾਂ ਚਾਰ ਦਿਨਾਂ ਦੌਰਾਨ ਕੋਈ ਬਰਾਮਦਗੀ ਨਹੀਂ ਕਰ ਸਕੀ। ਉਨ੍ਹਾਂ ਨੂੰ ਭਗੌੜਾ ਪਠਾਣਮਾਜਰਾ ਬਾਰੇ ਕੋਈ ਸੁਰਾਗ ਵੀ ਨਹੀਂ ਮਿਲ ਸਕਿਆ, ਇਸ ਲਈ ਅਦਾਲਤ ਨੇ ਇਨ੍ਹਾਂ ਸਾਰੇ 11 ਲੋਕਾਂ ਨੂੰ ਨਿਆਂਇਕ ਹਿਰਾਸਤ ਵਿੱਚ ਜੇਲ੍ਹ ਭੇਜ ਦਿੱਤਾ ਹੈ। ਵਕੀਲ ਸਿਮਰਨਜੀਤ ਸਿੰਘ ਸੱਗੂ ਨੇ ਕਿਹਾ ਕਿ ਦਸ ਲੋਕਾਂ ਦੀ ਜ਼ਮਾਨਤ ਸਬੰਧੀ ਅਪੀਲ ਦਾਇਰ ਕੀਤੀ ਗਈ ਹੈ। ਤੁਹਾਨੂੰ ਦੱਸ ਦੇਈਏ ਕਿ ਸਿਵਲ ਲਾਈਨਜ਼ ਥਾਣੇ ਨੇ ਵਿਧਾਇਕ ਪਠਾਣਮਾਜਰਾ ਨੂੰ ਭੱਜਣ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ, ਉਸਨੂੰ ਪਨਾਹ ਦੇਣ ਅਤੇ ਅਸਲਾ ਐਕਟ ਤਹਿਤ ਸਿਵਲ ਲਾਈਨਜ਼ ਥਾਣੇ ਵਿੱਚ ਲਗਪਗ 35-40 ਲੋਕਾਂ ਵਿਰੁੱਧ ਕੇਸ ਦਰਜ ਕੀਤਾ ਹੈ। ਪੁਲਿਸ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਪਠਾਣਮਾਜਰਾ ਹਰਿਆਣਾ ਦੇ ਕਿਸੇ ਧਾਰਮਿਕ ਸਥਾਨ 'ਤੇ ਲੁਕਿਆ ਹੋਇਆ ਹੈ ਅਤੇ ਹੁਣ ਜ਼ਮਾਨਤ ਦੀ ਸੁਣਵਾਈ ਮੁਲਤਵੀ ਹੋਣ ਤੋਂ ਬਾਅਦ, ਪੁਲਿਸ ਟੀਮਾਂ ਉਸਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਤੇਜ਼ ਕਰਨਗੀਆਂ।

# ਦਰਿਆਵਾਂ ਲਈ ਹੜ੍ਹ ਖੇਤਰ ਛੱਡਣਾ ਜ਼ਰੂਰੀ : ਸੰਤ ਸੀਚੇਵਾਲ

## ਕੁਦਰਤ ਦੇ ਨੇੜੇ ਹੋਣ ਨਾਲ ਹੀ ਹੜ੍ਹਾਂ ਤੋਂ ਮਿਲੇਗੀ ਨਿਜ਼ਾਤ

ਨਵੀਂ ਦਿੱਲੀ/ਚੰਡੀਗੜ੍ਹ, 8 ਸਤੰਬਰ (ਚ.ਨ.ਸ.) : ਰਾਜ ਸਭਾ ਮੈਂਬਰ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਹੜ੍ਹਾਂ ਤੋਂ ਨਿਜ਼ਾਤ ਪਾਉਣ ਲਈ ਸਾਨੂੰ ਕੁਦਰਤ ਦੇ ਨੇੜੇ ਜਾਣਾ ਪੈਣਾ ਤੇ ਦਰਿਆਵਾਂ ਲਈ ਹੜ੍ਹ ਖੇਤਰ ਛੱਡਣਾ ਪੈਣਾ ਹੈ। ਪਿਛਲੇ 29 ਦਿਨਾਂ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜਾ ਕੇ ਮੋਹਰੇ ਹੋ ਕੇ ਪੀੜਤ ਲੋਕਾਂ ਦੀ ਬਾਂਹ ਫੜ੍ਹਨ ਵਾਲੇ ਸੰਤ ਸੀਚੇਵਾਲ ਨੇ ਕਿਹਾ ਕਿ ਸਾਨੂੰ ਆਲਮੀ ਪੱਧਰ 'ਤੇ ਜਲਵਾਯੂ ਵਿੱਚ ਆ ਰਹੀਆਂ ਤਬਦੀਲੀਆਂ ਦੇ ਮੱਦੇਨਜ਼ਰ ਆਪਣੀਆਂ ਫ਼ਸਲਾਂ ਤੈਅ ਕਰਨੀਆਂ ਪੈਣਗੀਆਂ। ਜਲਵਾਯੂ ਤਬਦੀਲੀ ਨਾਲ ਆਉਣ ਵਾਲੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਉਸਦੇ ਹਾਣ ਦਾ ਬਣਨਾ ਪਵੇਗਾ। ਉਨ੍ਹਾਂ ਕਿਹਾ ਕਿ ਵਿਕਾਸ ਦਾ ਮਾਡਲ ਜੋ ਪੇਸ਼ ਕੀਤਾ ਜਾ ਰਿਹਾ ਹੈ ਉਸ ਨੇ ਤਬਾਹੀ ਮਚਾਈ ਹੋਈ ਹੈ। ਇਸ ਵਿਕਾਸ ਦੇ ਮਾਡਲ ਨੇ ਜੰਗਲਾਂ ਅਤੇ ਪਹਾੜਾਂ ਦਾ ਉਜਾੜਾ ਕੀਤਾ ਹੈ। ਸੰਤ ਸੀਚੇਵਾਲ ਨੇ ਕਿਹਾ ਕਿ ਦਰਿਆਵਾਂ



ਕਿਨਾਰੇ ਸਭਿੱਅਤਾਵਾਂ ਵੱਸਣ ਦਾ ਇਹੀ ਵੱਡਾ ਕਾਰਨ ਸੀ ਕਿ ਦਰਿਆ ਆਪਣੇ ਨਾਲ ਵੱਡੀ ਪੱਧਰ 'ਤੇ ਉਪਜਾਊ ਮਿੱਟੀ ਲਿਆਂਦੇ ਹਨ। ਇਹੀ ਮਿੱਟੀ ਫਸਲਾਂ ਲਈ ਲਾਹੇਵੰਦ ਹੁੰਦੀ ਸੀ ਪਰ ਜਦੋਂ ਤੋਂ ਮਨੁੱਖ ਨੇ ਕੁਦਰਤ ਨਾਲ ਛੇੜ-ਛਾੜ ਕਰਨੀ ਸ਼ੁਰੂ ਕੀਤੀ ਹੋਈ ਉਦੋਂ ਤੋਂ ਹੀ ਮੁਸੀਬਤਾਂ ਵਿੱਚ ਘਿਰਦਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਵਿੱਚ ਸਤਲੁਜ, ਬਿਆਸ, ਰਾਵੀ ਤੇ ਘੱਗਰ ਦੁਆਲੇ ਕੁਲ 900 ਕਿਲੋਮੀਟਰ ਲੰਮੇ ਧੁੱਸੀ ਬੰਨ੍ਹ ਹਨ। ਇੰਨ੍ਹਾਂ ਵਿੱਚੋਂ 226 ਕਿਲੋਮੀਟਰ ਸਤਲੁਜ, ਰਾਵੀ ਦਾ 164 ਕਿਲੋਮੀਟਰ, ਬਿਆਸ 104 ਕਿਲੋਮੀਟਰ ਅਤੇ ਘੱਗਰ ਲਗਭਗ 100 ਕਿਲੋਮੀਟਰ ਤੱਕ ਧੁੱਸੀ ਬੰਨ੍ਹ ਹਨ। ਇਸ ਤੋਂ ਇਲਾਵਾ ਛੋਟੀਆਂ ਨਦੀਆਂ ਅਤੇ ਚੋਆਂ ਦੇ ਦੁਆਲੇ ਵੀ 300 ਕਿਲੋਮੀਟਰ ਲੰਮੇ ਕੱਚੇ ਬੰਨ੍ਹ ਹਨ। ਦਰਿਆਵਾਂ ਦੇ ਇਹ ਬੰਨ੍ਹ 1950-60 ਦੇ ਦਹਾਕੇ ਦੌਰਾਨ ਬੱਝੇ ਸਨ ਤੇ ਇਸ ਵਾਰ ਪੰਜਾਬ ਵਿੱਚ ਆਏ ਪਾਣੀ ਨੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਸੰਤ ਸੀਚੇਵਾਲ ਨੇ ਕਿਹਾ ਕਿ ਧੁੱਸੀ ਬੰਨ੍ਹਾਂ ਨੂੰ ਮਜ਼ਬੂਤ ਕਰਨ ਲਈ ਇੰਨ੍ਹਾਂ 'ਤੇ ਪੱਕੀਆਂ ਸੜਕਾਂ ਬਣਾਈਆਂ ਜਾਣ ਅਤੇ ਬੰਨ੍ਹਾਂ 'ਤੇ ਰੁੱਖ ਲਾਏ ਜਾਣ। ਉਨ੍ਹਾਂ ਕਿਹਾ ਕਿ ਹੜ੍ਹਾਂ ਤੋਂ ਬਚਣ ਲਈ ਕੁਦਰਤ ਦੇ ਨੇੜੇ ਜਾਣ ਦਾ ਸਭ ਤੋਂ ਸੌਖਾ ਤਾਰੀਕਾ ਇਹ ਹੈ ਕਿ ਆਪਣੇ ਖੇਤਾਂ ਵਿੱਚ ਜਾਂ ਮੋਟਰ 'ਤੇ ਘੱਟੋਂ ਘੱਟ ਪੰਜ ਰੁੱਖ ਲਾਏ ਜਾਣ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ 14 ਲੱਖ ਟਿਊਬੈਲ ਹਨ ਤੇ ਜੇ ਹਰ ਮੋਟਰ 'ਤੇ ਪੰਜ ਰੁੱਖ ਵੀ ਲੱਗ ਜਾਣ ਤਾਂ 70 ਲੱਖ ਰੁੱਖਾਂ ਦਾ ਵਾਧਾ ਹੋ ਸਕਦਾ ਹੈ, ਜਿਹੜੇ ਹੜ੍ਹਾਂ ਨੂੰ ਘਟਾਉਣ ਵਿੱਚ ਸਹਾਈ ਹੋਣਗੇ ਤੇ ਸਮੇਂ ਅਨੁਸਾਰ ਮੀਂਹ ਪੁਆਉਣ ਵਿੱਚ ਵੀ ਮੱਦਦਗਾਰ ਹੋਣਗੇ।

# ਸਰਦਾਰ ਵੀਰ ਦੇ ਹੌਂਸਲੇ ਨੂੰ ਸਲਾਮ : ਤੁਰ ਨਹੀਂ ਸਕਦਾ ਫਿਰ ਵੀ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਆਇਆ ਅੱਗੇ

ਮਾਛੀਵਾੜਾ, 8 ਸਤੰਬਰ (ਚ.ਨ.ਸ.) : ਹੜ੍ਹਾਂ ਦੀ ਮਾਰ ਨੇ ਪੰਜਾਬ ਦੇ ਵਿੱਚ ਸਾਰੇ ਪਾਸੇ ਹੀ ਹਾਲਾਤਾਂ ਨੂੰ ਬਹੁਤ ਨਾਜ਼ੁਕ ਬਣਾ ਦਿੱਤਾ ਹੈ, ਕਈ ਥਾਵਾਂ 'ਤੇ ਕਿਸਾਨਾਂ ਦੀ ਫਸਲ ਨੂੰ ਵੀ ਭਾਰੀ ਨੁਕਸਾਨ ਪਹੁੰਚਿਆ ਹੈ, ਉੱਥੇ ਹੀ ਸਮਾਜ ਸੇਵੀ ਜਥੇਬੰਦੀਆਂ ਐਨ.ਜੀ.ਓ. ਅਤੇ ਕੁਝ ਸਮਾਜ ਸੇਵੀ ਸੰਸਥਾਵਾਂ, ਕਲਾਕਾਰ ਤੇ ਹਰ ਪੰਜਾਬੀ ਆਪਣੇ ਪੱਧਰ 'ਤੇ ਇਸ ਵੇਲੇ ਸੂਬੇ ਦੀ ਮਦਦ ਕਰਨ ਵਿੱਚ ਲੱਗਾ ਹੋਇਆ ਹੈ। ਇਨ੍ਹਾਂ ਹਲਾਤਾਂ ਵਿਚ ਜਿਥੇ ਲੁਧਿਆਣਾ ਦੇ ਪਿੰਡ ਸਸਰਾਲੀ ਅਤੇ ਚਮਕੌਰ ਸਾਹਿਬ ਦਾ ਪਿੰਡ ਫਸਿਆਂ ਦੇ ਵਿੱਚ ਨੌਜਵਾਨਾਂ ਅਤੇ ਆਰਮੀ ਦੇ ਜਵਾਨਾਂ ਨੇ ਬੰਨ੍ਹ ਬਣਾ ਕੇ ਕਾਫੀ ਪਿੰਡਾਂ ਦਾ ਭਾਰੀ ਨੁਕਸਾਨ ਹੋਣ ਤੋਂ ਬਚਾ ਲਿਆ ਹੈ, ਉਥੇ ਹੀ ਮਾਛੀਵਾੜਾ ਦੇ ਪਿੰਡ ਧੁੱਲੇਵਾਲ ਦੇ ਸਰੀਰਕ ਤੌਰ 'ਤੇ ਅਸਮਰੱਥ ਨੌਜਵਾਨ ਨੇ ਸਾਬਤ ਕਰ ਦਿੱਤਾ ਕਿ ਕੁਝ ਕਰਨ ਲਈ ਹਿੰਮਤ ਤੇ ਹੌਂਸਲੇ ਅੱਗੇ



ਮਜਬੂਰੀਆਂ ਕੁਝ ਨਹੀਂ ਹੁੰਦੀਆਂ। ਇਸ ਹੈਂਡੀਕੈਪਡ ਨੌਜਵਾਨ ਵੱਲੋਂ ਵੀ ਆਪਣੇ ਪਿੰਡ ਨੂੰ ਬਚਾਉਣ ਲਈ ਕੋਸ਼ਿਸ਼ਾਂ ਵਿਚ ਯੋਗਦਾਨ ਪਾਇਆ ਜਾ ਰਿਹਾ ਹੈ। ਇਹ ਨੌਜਵਾਨ ਪਿਛਲੇ 10 ਦਿਨਾਂ ਤੋਂ ਬੋਰੀਆਂ ਵਿੱਚ ਹੱਥਾਂ ਨਾਲ ਰੇਤਾ ਭਰਨ ਦਾ ਕੰਮ ਕਰ ਰਿਹਾ ਹੈ ਜਿਸ ਦਾ ਨਾਮ ਕਰਨਜੋਤ ਸਿੰਘ ਉਮਰ 20 ਸਾਲ ਹੈ। ਉਹ ਗਿਆਰਵੀਂ ਕਲਾਸ ਵਿੱਚ ਪੜ੍ਹਦਾ ਹੈ। ਕਰਨਜੋਤ ਦਾ ਕਹਿਣਾ ਹੈ ਕਿ ਉਹ ਸਵੇਰ ਤੋਂ ਹੀ ਆ ਕੇ ਆਪਣੇ ਪਿੰਡ ਨੂੰ ਬਚਾਉਣ ਲਈ ਹੱਥਾਂ ਦੀ ਮਦਦ ਦੇ ਨਾਲ ਬੋਰੀਆਂ ਵਿੱਚ ਰੇਤਾ ਭਰਨ ਦਾ ਕੰਮ ਕਰਦਾ ਹੈ ਇਹ ਬਹੁਤ ਬੜੀ ਮਿਸਾਲ ਹੈ। ਇਹ ਨੌਜਵਾਨ ਬਹੁਤ ਸਾਰੇ ਲੋਕਾਂ ਲਈ ਪ੍ਰੇਰਨਾ ਦੇ ਰਿਹਾ ਹੈ ਕਿ ਜੇ ਮਦਦ ਕਰਨ ਦੀ ਇੱਛਾ ਹੋਵੇ ਤਾਂ ਉਸ ਦੇ ਅੱਗੇ ਕੋਈ ਰੁਕਾਵਟ ਕੁਝ ਨਹੀਂ।

# ਲਾਲ ਕਿਲ੍ਹੇ ਵਿੱਚੋਂ ਚੋਰੀ ਹੋਇਆ 'ਕਲਸ਼' ਬਰਾਮਦ, ਇੱਕ ਗ੍ਰਿਫ਼ਤਾਰ

ਨਵੀਂ ਦਿੱਲੀ, 8 ਸਤੰਬਰ (ਚ.ਨ.ਸ.) : ਇੱਕ ਧਾਰਮਿਕ ਸਮਾਰੋਹ ਦੌਰਾਨ ਚੋਰੀ ਹੋਇਆ ਸੋਨੇ ਦਾ 'ਕਲਸ਼' ਉੱਤਰ ਪ੍ਰਦੇਸ਼ ਦੇ ਹਾਪੁੜ ਤੋਂ ਇੱਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਬਰਾਮਦ ਕਰ ਲਿਆ ਗਿਆ ਹੈ। ਪੁਲਿਸ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਜ਼ਿਕਰਯੋਗ ਹੈ ਕਿ 3 ਸਤੰਬਰ ਨੂੰ 760 ਗ੍ਰਾਮ ਸੋਨੇ ਦਾ ਬਣਿਆ 'ਕਲਸ਼' 15 ਅਗਸਤ ਪਾਰਕ ਵਿੱਚ ਇੱਕ ਜੈਨ ਧਾਰਮਿਕ ਸਮਾਗਮ ਦੌਰਾਨ ਚੋਰੀ ਹੋ ਗਿਆ ਸੀ। 1 ਕਰੋੜ ਦੀ ਕੀਮਤ ਵਾਲੇ ਇਸ ਕਲਸ਼ ਵਿਚ 150 ਗ੍ਰਾਮ ਹੀਰੇ, ਰੂਬੀ ਅਤੇ ਪੰਨੇ ਜੜੇ ਹੋਏ ਹਨ। ਇਸ ਮਾਮਲੇ ਦੀ ਜਾਂਚ ਉੱਤਰੀ ਜ਼ਿਲ੍ਹਾ ਪੁਲਿਸ ਅਤੇ ਕ੍ਰਾਈਮ ਬ੍ਰਾਂਚ ਦੀ ਇੱਕ ਸਾਂਝੀ ਟੀਮ ਕਰ ਰਹੀ ਹੈ। ਪੁਲਿਸ ਨੇ ਦੱਸਿਆ ਕਿ ਸੁਰਾਗ ਦੇ





ਆਧਾਰ 'ਤੇ ਹਾਪੁੜ ਲਈ ਇੱਕ ਟੀਮ ਰਵਾਨਾ ਕੀਤੀ ਗਈ ਸੀ ਅਤੇ ਦੋਸ਼ੀ ਭੂਸ਼ਣ ਵਰਮਾ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ, "ਕਾਬੂ ਕੀਤੇ ਵਿਅਕਤੀ ਦੇ ਦੱਸਣ 'ਤੇ ਚੋਰੀ ਹੋਇਆ ਕਲਸ਼ ਵੀ ਬਰਾਮਦ ਕਰ ਲਿਆ ਗਿਆ ਹੈ ਅਤੇ ਮੁਲਜ਼ਮ ਨੂੰ ਪੁੱਛਗਿੱਛ ਲਈ ਦਿੱਲੀ ਲਿਆਂਦਾ ਜਾ ਰਿਹਾ ਹੈ।" ਪੁਲਿਸ ਨੇ ਦੱਸਿਆ ਕਿ ਵਰਮਾ ਦੇ ਪਿਛੋਕੜ, ਉਸ ਦੇ ਸਾਥੀਆਂ ਅਤੇ ਚੋਰੀ ਦੇ ਪਿੱਛੇ ਦੇ ਮਨੋਰਥ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਅਨੁਸਾਰ ਦੋਸ਼ੀ ਨੇ ਉਸ ਸਮੇਂ ਇਹ ਕਲਸ਼ ਚੋਰੀ ਕੀਤਾ, ਜਦੋਂ ਲੋਕ ਲੋਕ ਸਭਾ ਸਪੀਕਰ ਓਮ ਬਿਰਲਾ ਦਾ ਸਵਾਗਤ ਕਰਨ ਵਿੱਚ ਰੁੱਝੇ ਹੋਏ ਸਨ।

# ਪਹਿਲੇ ਸਫ਼ੇ ਦੀ ਬਾਕੀ

## ਭਾਖੜਾ ਡੈਮ 'ਚ ਘਟਿਆ ਪਾਣੀ,

ਇਸ ਤੋਂ ਇਲਾਵਾ ਨੰਗਲ ਡੈਮ ਤੋਂ ਵੱਖ-ਵੱਖ ਨਹਿਰਾਂ ਤੇ ਸਤਲੁਜ ਨਦੀ ਵਿਚ ਪਾਣੀ ਛੱਡਿਆ ਜਾ ਰਿਹਾ ਹੈ। ਨੰਗਲ ਹਾਈਡਲ ਨਹਿਰ ਦਾ ਜਲ ਪੱਧਰ 9000 ਕਿਊਸਿਕ, ਆਨੰਦਪੁਰ ਹਾਈਡਲ ਨਹਿਰ ਦਾ ਪਾਣੀ ਦਾ ਪੱਧਰ 9000 ਕਿਊਸਿਕ ਤੇ ਸਤਲੁਜ ਦਰਿਆ ਵਿਚ 47000 ਕਿਊਸਿਕ ਪਾਣੀ ਚੱਲ ਰਿਹਾ ਹੈ। ਅੱਜ ਭਾਰਤ ਮੌਸਮ ਵਿਗਿਆਨ ਕੇਂਦਰ ਵੱਲੋਂ ਕੋਈ ਵੀ ਅਲਰਟ ਜਾਰੀ ਨਹੀਂ ਕੀਤਾ ਗਿਆ ਹੈ। ਅਗਲੇ 5 ਦਿਨਾਂ ਤੱਕ ਅਜਿਹਾ ਮੌਸਮ ਰਹਿਣ ਦਾ ਅਨੁਮਾਨ ਹੈ। ਹਾਲਾਂਕਿ ਮਾਲਵਾ ਦੇ ਕੁਝ ਜ਼ਿਲ੍ਹਿਆਂ ਨੂੰ ਛੱਡ ਕੇ ਹੋਰ ਪੰਜਾਬ ਵਿਚ ਸਾਧਾਰਨ ਮੀਂਹ ਹੋਣ ਨਾਲ ਹਾਲਾਤ ਠੀਕ ਰਹਿਣਗੇ।

## ਪ੍ਰਤੀ ਏਕੜ 20 ਹਜ਼ਾਰ ਮੁਆਵਜ਼ਾ ਦੇਣ

ਖੇਤੀਬਾੜੀ ਵਾਲੀ ਜ਼ਮੀਨ ਤੋਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਕੱਢਣ ਦਾ ਇਕੋ ਵਾਰੀ ਦਿੱਤਾ ਜਾਣ ਵਾਲਾ ਮੌਕਾ ਸਮਝਿਆ ਜਾਵੇਗਾ ਪਰ ਇਸ ਨੂੰ ਮਾਈਨਿੰਗ ਵਾਲੀ ਸਮੱਗਰੀ ਨਹੀਂ ਮੰਨਿਆ ਜਾਵੇਗਾ। ਸਬੰਧਤ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਜ਼ਿਲ੍ਹੇ ਵਿੱਚ ਪ੍ਰਭਾਵਿਤ ਪਿੰਡਾਂ ਦੀ ਸੂਚੀ ਦਾ ਐਲਾਨ ਕਰੇਗਾ ਜਿੱਥੇ ਹੜ੍ਹਾਂ ਨਾਲ ਰੇਤਾ ਜਾਂ ਗਾਰ ਜਮ੍ਹਾਂ ਹੋਣ ਕਾਰਨ ਪ੍ਰਭਾਵਿਤ ਹੋਏ ਕਿਸਾਨਾਂ/ਕਾਸ਼ਤਕਾਰ/ਕਿਸਾਨਾਂ ਦੇ ਸਮੂਹ ਵੱਲੋਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਨੂੰ ਕੱਢਣ ਤੇ ਢੋਹਣ ਦਾ ਕੰਮ ਕੀਤਾ ਜਾ ਸਕਦਾ ਹੈ। ਹਾਲ ਹੀ ਵਿੱਚ ਆਏ ਹੜ੍ਹਾਂ ਦੇ ਪ੍ਰਭਾਵ ਨੂੰ ਘਟਾਉਣ ਲਈ ਸਾਰੇ ਜ਼ਿਲ੍ਹਾ ਮਾਈਨਿੰਗ ਅਫਸਰਾਂ ਦੇ ਨਾਲ-ਨਾਲ ਜ਼ਿਲ੍ਹਾ ਅਤੇ ਸਬ-ਡਵੀਜ਼ਨ ਪੱਧਰ ਦੀਆਂ ਨਿਗਰਾਨ ਕਮੇਟੀਆਂ ਪ੍ਰਭਾਵਿਤ ਖੇਤਾਂ ਨੂੰ ਟੋਇਆ, ਖੱਡਾਂ ਜਾਂ ਕਿਸੇ ਹੋਰ ਤਰੀਕੇ ਨਾਲ ਜ਼ਮੀਨ ਦੀ ਅਸਲ ਸਤਹਿ ਨਾਲ ਛੇੜਖਾਨੀ ਕੀਤੇ ਬਿਨਾਂ ਮਿੱਟੀ/ਰੇਤਾ/ਦਰਿਆਵਾਂ ਰਾਹੀਂ ਪੈਦਾ ਹੋਈ ਸਮੱਗਰੀ ਨੂੰ ਹਟਾਉਣ ਤੇ ਢੋਹਣ ਵਿੱਚ ਸਹਿਯੋਗ ਕਰਨਗੇ।

ਫਸਲਾਂ ਨੂੰ ਹੋਏ ਨੁਕਸਾਨ ਦੀ ਭਰਪਾਈ ਕਰਨ ਲਈ ਮੰਤਰੀ ਮੰਡਲ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਪ੍ਰਤੀ ਏਕੜ 20,000 ਰੁਪਏ ਦਾ ਮੁਆਵਜ਼ਾ ਦੇਵੇਗੀ ਜੋ ਸਿਰਫ ਪੰਜਾਬ ਵਿੱਚ ਹੀ ਨਹੀਂ ਸਗੋਂ ਪੂਰੇ ਦੇਸ਼ ਵਿੱਚ ਹੁਣ ਤੱਕ ਦੀ ਸਭ ਤੋਂ ਵੱਧ ਮੁਆਵਜ਼ਾ ਰਾਸ਼ੀ ਹੈ। ਗੰਭੀਰ ਸੰਕਟ ਵਿੱਚ ਫਸੇ ਕਿਸਾਨਾਂ ਨੂੰ ਬਾਹਰ ਕੱਢਣ ਲਈ ਸੂਬਾ ਸਰਕਾਰ ਨੇ ਇਹ ਮਹੱਤਵਪੂਰਨ ਫੈਸਲਾ ਲਿਆ ਹੈ ਤਾਂ ਕਿ ਕਿਸਾਨਾਂ ਨੂੰ ਅਤਿ ਲੋੜੀਂਦੀ ਰਾਹਤ ਦਿੱਤੀ ਜਾ ਸਕੇ।

*ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922 ਵਿੱਚ ਸੋਧ ਨੂੰ ਮਨਜ਼ੂਰੀ*

ਕੈਬਨਿਟ ਨੇ ਸੂਬੇ ਦੀਆਂ ਸ਼ਹਿਰੀ ਸਥਾਨਕ ਇਕਾਈਆਂ ਨੂੰ ਮਿਊਂਸਿਪਲ ਡਿਵੈਲਪਮੈਂਟ ਫੰਡ ਰਾਹੀਂ ਇੰਪਰੂਵਮੈਂਟ ਟਰੱਸਟਾਂ ਦੇ ਫੰਡਾਂ ਦੀ ਵਰਤੋਂ ਦੇ ਯੋਗ ਬਣਾਉਣ ਲਈ ਪੰਜਾਬ ਟਾਊਨ ਇੰਪਰੂਵਮੈਂਟ ਐਕਟ, 1922 ਵਿੱਚ ਸੋਧਾਂ ਨੂੰ ਪ੍ਰਵਾਨਗੀ ਦੇ ਦਿੱਤੀ। ਸੂਬਾ ਸਰਕਾਰ ਵੱਲੋਂ ਸ਼ਹਿਰੀ ਬੁਨਿਆਦੀ ਢਾਂਚੇ ਦੇ ਕੰਮਾਂ ਲਈ ਮਿਊਂਸਿਪਲ ਡਿਵੈਲਪਮੈਂਟ ਫੰਡ ਦੀ ਸਥਾਪਨਾ ਕੀਤੀ ਗਈ ਸੀ, ਜਿਸ ਲਈ ਹਰੇਕ ਸਾਲ ਸੂਬਾਈ ਬਜਟ ਤੋਂ ਪੈਸਾ ਮਿਲਦਾ ਹੈ। ਸੂਬੇ ਦੀਆਂ ਸ਼ਹਿਰੀ ਸਥਾਨਕ ਇਕਾਈਆਂ ਵੱਲੋਂ ਸ਼ਹਿਰੀ ਬੁਨਿਆਦੀ ਢਾਂਚੇ ਦੇ ਕੰਮਾਂ ਲਈ ਇੰਪਰੂਵਮੈਂਟ ਟਰੱਸਟਾਂ ਨੂੰ ਆਪਣੀਆਂ ਜਾਇਦਾਦਾਂ ਦੇ ਨਿਬੇੜੇ ਰਾਹੀਂ ਪ੍ਰਾਪਤ ਫੰਡਾਂ ਦੀ ਵਰਤੋਂ ਦੇ ਯੋਗ ਬਣਾਉਣ ਲਈ ਇਸ ਐਕਟ ਵਿੱਚ ਧਾਰਾ 69ਬੀ ਜੋੜੀ ਗਈ ਹੈ, ਜਿਸ ਨਾਲ ਜ਼ਮੀਨਾਂ, ਇਮਾਰਤਾਂ ਜਾਂ ਹੋਰ ਚੱਲ-ਅਚੱਲ ਜਾਇਦਾਦਾਂ ਦੇ ਨਿਪਟਾਰੇ ਤੋਂ ਟਰੱਸਟ ਨੂੰ ਮਿਲਣ ਵਾਲੇ ਪੈਸੇ ਦੇ ਹਿੱਸੇ, ਜਿਵੇਂ ਕਿ ਨਿਰਧਾਰਿਤ ਹੋਵੇ, ਨੂੰ ਮਿਊਂਸਿਪਲ ਡਿਵੈਲਪਮੈਂਟ ਫੰਡ ਵਿੱਚ ਤਬਦੀਲ ਕੀਤਾ ਜਾਵੇਗਾ।

*ਬਿਕਰਮ ਮਜੀਠੀਆ ਵਿਰੁੱਧ ਕੇਸ ਚਲਾਉਣ ਦੀ ਪ੍ਰਵਾਨਗੀ*

ਕੈਬਨਿਟ ਨੇ ਪੰਜਾਬ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਵਿਰੁੱਧ ਭ੍ਰਿਸ਼ਟਾਚਾਰ ਦੀ ਰੋਕਥਾਮ ਐਕਟ 1988 ਦੀ ਧਾਰਾ 19 ਅਧੀਨ ਕੇਸ ਚਲਾਉਣ ਦੀ ਸਹਿਮਤੀ ਦੇ ਦਿੱਤੀ। ਪੰਜਾਬ ਦੇ ਐਡਵੋਕੇਟ ਜਨਰਲ (ਏ.ਜੀ.) ਦੀ ਸਲਾਹ ਮਗਰੋਂ ਸਾਬਕਾ ਕੈਬਨਿਟ ਮੰਤਰੀ ਵਿਰੁੱਧ ਕੇਸ ਚਲਾਉਣ ਦੀ ਮਨਜ਼ੂਰੀ ਸਬੰਧੀ ਮਾਮਲੇ ਉੱਤੇ ਪਹਿਲਾਂ ਮੰਤਰੀ ਮੰਡਲ ਵਿੱਚ ਵਿਚਾਰਨ ਦੀ ਲੋੜ ਸੀ ਅਤੇ ਇਸ ਮਗਰੋਂ ਇਹ ਮਾਮਲਾ ਹੁਣ ਅਗਲੇਰੇ ਹੁਕਮ ਲਈ ਰਾਜਪਾਲ ਨੂੰ ਭੇਜਿਆ ਜਾਵੇਗਾ।

*ਸਾਉਣੀ ਖ਼ਰੀਦ ਸੀਜ਼ਨ 2025 ਲਈ ਕਸਟਮ ਮਿਲਿੰਗ ਪਾਲਿਸੀ ਨੂੰ ਮਨਜ਼ੂਰੀ*

ਮੰਤਰੀ ਮੰਡਲ ਨੇ 16 ਸਤੰਬਰ ਤੋਂ 30 ਨਵੰਬਰ 2025 ਤੱਕ ਚੱਲਣ ਵਾਲੀ ਝੋਨੇ ਦੀ ਖ਼ਰੀਦ ਸਬੰਧੀ ਸਾਉਣੀ ਖ਼ਰੀਦ ਸੀਜ਼ਨ 2025-26 ਲਈ ਕਸਟਮ ਮਿਲਿੰਗ ਪਾਲਿਸੀ ਨੂੰ ਹਰੀ ਝੰਡੀ ਦੇ ਦਿੱਤੀ। 'ਸਾਉਣੀ 2025-26 ਲਈ ਪੰਜਾਬ ਕਸਟਮ ਮਿਲਿੰਗ ਪਾਲਿਸੀ' ਦੀਆਂ ਤਜਵੀਜ਼ਾਂ ਮੁਤਾਬਕ ਚੌਲ ਮਿੱਲਾਂ ਨੂੰ ਵਿਭਾਗ ਵੱਲੋਂ ਸਮੇਂ ਸਿਰ ਮੰਡੀਆਂ ਨਾਲ ਆਨਲਾਈਨ ਲਿੰਕ ਕੀਤਾ ਜਾਵੇਗਾ। ਚੌਲ ਮਿੱਲਾਂ ਲਈ ਆਰ.ਓ. ਸਕੀਮ ਅਧੀਨ ਝੋਨੇ ਦਾ ਨਿਰਧਾਰਨ ਇਕ ਆਨਲਾਈਨ ਪੋਰਟਲ ਰਾਹੀਂ ਆਟੋਮੈਟਿਕ ਹੋਵੇਗਾ। ਯੋਗ ਚੌਲ ਮਿੱਲਾਂ ਵਿੱਚ ਝੋਨਾ, ਇਸ ਨੀਤੀ ਦੀਆਂ ਤਜਵੀਜ਼ਾਂ ਅਤੇ ਸੂਬਾਈ ਏਜੰਸੀਆਂ ਤੇ ਚੌਲ ਮਿੱਲ ਮਾਲਕਾਂ ਵਿਚਾਲੇ ਹੋਏ ਸਮਝੌਤੇ ਅਨੁਸਾਰ ਭੰਡਾਰ ਹੋਵੇਗਾ। 'ਸਾਉਣੀ 2025-26 ਲਈ ਪੰਜਾਬ ਕਸਟਮ ਮਿਲਿੰਗ ਨੀਤੀ' ਵਿੱਚ ਤਜਵੀਜ਼ ਕੀਤਾ ਗਿਆ ਹੈ ਕਿ ਚੌਲ ਮਿੱਲ ਮਾਲਕਾਂ ਨੂੰ ਪਾਲਿਸੀ ਅਤੇ ਸਮਝੌਤੇ ਮੁਤਾਬਕ 31 ਮਾਰਚ, 2026 ਤੱਕ ਭੰਡਾਰ ਕੀਤੇ ਝੋਨੇ ਦਾ ਬਣਦਾ ਚੌਲ ਡਿਲੀਵਰ ਕਰਨਾ ਪਵੇਗਾ।

*ਪੰਜਾਬ ਸਟੇਟ ਮਾਈਨਰ ਮਿਨਰਲ ਪਾਲਿਸੀ-2023 ਵਿੱਚ ਸੋਧ ਨੂੰ ਹਰੀ ਝੰਡੀ*

ਰੇਤ ਖੱਡਾਂ ਦੀ ਅਲਾਟਮੈਂਟ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ, ਵਾਧੂ ਮਾਲੀਆ ਜੁਟਾਉਣ ਅਤੇ ਰੇਤੇ-ਬਜਰੀ ਦੀ ਸਪਲਾਈ ਵਧਾਉਣ ਦੇ ਉਦੇਸ਼ ਨਾਲ ਕੈਬਨਿਟ ਨੇ 'ਪੰਜਾਬ ਸਟੇਟ ਮਾਈਨਰ ਮਿਨਰਲ ਪਾਲਿਸੀ, 2023' ਅਤੇ 'ਪੰਜਾਬ ਮਾਈਨਰ ਮਿਨਰਲਜ਼ ਰੂਲਜ਼, 2013' ਦੇ ਸਬੰਧਤ ਨਿਯਮਾਂ ਵਿੱਚ ਸੋਧਾਂ ਨੂੰ ਮਨਜ਼ੂਰੀ ਦੇ ਦਿੱਤੀ। 'ਪੰਜਾਬ ਸਟੇਟ ਮਾਈਨਰ ਮਿਨਰਲ ਪਾਲਿਸੀ 2023' ਅਤੇ 'ਪੰਜਾਬ ਮਾਈਨਰ ਮਿਨਰਲਜ਼ ਰੂਲਜ਼ 2013' ਦੋਵਾਂ ਵਿੱਚ ਇਹ ਸੋਧਾਂ ਨਿਲਾਮੀ ਪ੍ਰਕਿਰਿਆਵਾਂ, ਮਾਈਨਿੰਗ ਦੇ ਅਧਿਕਾਰ ਦੇਣ, ਰਿਆਇਤ ਦਾ ਸਮਾਂ, ਰਿਆਇਤ ਦੀ ਰਕਮ, ਜ਼ਮਾਨਤ ਰਾਸ਼ੀ ਦੀ ਅਦਾਇਗੀ, ਵਾਤਾਵਰਨ ਕਲੀਅਰੈਂਸ ਮੰਗਣ ਲਈ ਜਵਾਬਦੇਹੀ ਵਿੱਚ ਤਬਦੀਲੀ, 'ਡੈੱਡ ਰੈਂਟ' ਦਾ ਸੰਕਲਪ ਲਿਆਉਣ ਨਾਲ ਸਬੰਧਤ ਹਨ। ਇਨ੍ਹਾਂ ਨਵੇਂ ਨਿਯਮਾਂ/ਸੋਧਾਂ ਨੂੰ ਮੌਜੂਦਾ ਪੰਜਾਬ ਸਟੇਟ ਮਾਈਨਰ ਮਿਨਰਲਜ਼ ਪਾਲਿਸੀ, 2023 ਅਤੇ ਪੰਜਾਬ ਸਟੇਟ ਮਾਈਨਰ ਮਿਨਰਲਜ਼ ਰੂਲਜ਼ 2013 ਵਿੱਚ ਜੋੜਿਆ/ਬਦਲਿਆ ਜਾਵੇਗਾ। ਇਸ ਤੋਂ ਇਲਾਵਾ ਦਰਾਂ ਨੂੰ ਮਿਤੀ 30 ਅਪਰੈਲ 2025 ਦੀ ਪੰਜਾਬ ਸਟੇਟ ਮਾਈਨਰ ਮਿਨਰਲ (ਸੋਧ) ਨੀਤੀ ਮੁਤਾਬਕ ਕਰਨ ਲਈ ਅਨੁਸੂਚੀ ਅਧੀਨ ਰਾਇਲਟੀ ਦੀਆਂ ਦਰਾਂ ਵਿੱਚ ਵੀ ਵਾਧਾ ਕਰਨ ਦੀ ਲੋੜ ਹੈ। ਇਸ ਤਹਿਤ ਸਟੇਟ ਜੀਓਲੋਜਿਸਟ ਕੋਲ ਰੂਲ 87 ਮੁਤਾਬਕ ਮੁਲਾਂਕਣ ਆਦੇਸ਼ਾਂ ਵਿਰੁੱਧ ਅਪੀਲਾਂ ਸੁਣਨ ਦੀਆਂ ਤਾਕਤਾਂ ਹੋਣਗੀਆਂ। ਮੌਜੂਦਾ ਸਮੇਂ ਇਹ ਆਸਾਮੀ ਖ਼ਾਲੀ ਹੈ, ਇਸ ਲਈ ਵਿਭਾਗ ਦੇ ਹੋਰ ਅਧਿਕਾਰੀਆਂ ਨੂੰ ਇਹ ਤਾਕਤਾਂ ਦੇਣ ਲਈ ਸਰਕਾਰ ਨੂੰ ਅਧਿਕਾਰ ਦੇਣ ਦਾ ਪ੍ਰਸਤਾਵ ਹੈ ਤਾਂ ਕਿ ਅਪੀਲਾਂ ਸਬੰਧੀ ਕੰਮ ਪ੍ਰਭਾਵਿਤ ਨਾ ਹੋਵੇ।

*ਐਸ.ਐਮ.ਈ.ਟੀ. ਦੇ ਗਠਨ ਨੂੰ ਮਨਜ਼ੂਰੀ*

ਕੈਬਨਿਟ ਨੇ ਸੂਬੇ ਵਿੱਚ ਖਣਿਜ ਸਰੋਤਾਂ ਦੇ ਯੋਜਨਾਬੱਧ ਵਿਕਾਸ ਅਤੇ ਇਨ੍ਹਾਂ ਦੀ ਖੋਜ ਦੇ ਕੰਮਾਂ ਦੀ ਨਿਗਰਾਨੀ ਲਈ ਪੰਜਾਬ ਸਟੇਟ ਮਿਨਰਲ ਐਕਸਪਲੋਰੇਸ਼ਨ ਟਰੱਸਟ (ਐਸ.ਐਮ.ਈ.ਟੀ.) ਦੇ ਗਠਨ ਨੂੰ ਵੀ ਸਹਿਮਤੀ ਦੇ ਦਿੱਤੀ। ਇਹ ਟਰੱਸਟ ਵਿਜ਼ਨ, ਮਿਸ਼ਨ ਪਲਾਂਟ, ਖੋਜ ਲਈ ਮਾਸਟਰ ਪਲਾਨ ਤਿਆਰ ਕਰੇਗਾ, ਜੰਗਲਾਤ ਖ਼ੇਤਰ ਦੀ ਖੋਜ ਲਈ ਫੰਡ ਜੁਟਾਏਗਾ, ਸਰਵੇਖਣ ਸਹੂਲਤ, ਸਮਰੱਥਾ ਵਧਾਉਣ ਵਾਲੇ ਪ੍ਰੋਗਰਾਮ ਕਰਵਾਏਗਾ, ਖੋਜ ਤੇ ਵਿਕਾਸ ਗਤੀਵਿਧੀਆਂ ਉਲੀਕੇਗਾ, ਵਿਭਾਗੀ ਲੈਬਾਰਟਰੀ ਨੂੰ ਮਜ਼ਬੂਤ ਤੇ ਅਪਗ੍ਰੇਡ ਕਰੇਗਾ, ਅਧਿਕਾਰੀਆਂ ਤੇ ਤਕਨੀਕੀ ਵਿਅਕਤੀਆਂ ਦੀ ਨਿਯੁਕਤੀ, ਸਟੇਟ ਮਿਨਰਲ ਡਾਇਰੈਕਟਰੀ ਵਿਕਸਤ ਕਰੇਗਾ, ਨਵੀਨਤਾਕਾਰੀ ਨੂੰ ਉਤਸ਼ਾਹਤ ਕਰੇਗਾ, ਖੋਜ ਪ੍ਰਾਜੈਕਟਾਂ ਲਈ ਲੌਜਿਸਟਿਕ ਸਹਿਯੋਗ ਮੁਹੱਈਆ ਕਰੇਗਾ ਅਤੇ ਤਕਨਾਲੋਜੀ ਤੇ ਹੋਰ ਮੰਤਵਾਂ ਦੀ ਵਰਤੋਂ ਰਾਹੀਂ ਮਾਈਨਿੰਗ ਤੇ ਸਬੰਧਤ ਗਤੀਵਿਧੀਆਂ ਦੀ ਨਿਗਰਾਨੀ ਕਰੇਗਾ।

*ਐਸ.ਐਸ.ਏ. ਅਧੀਨ ਨਾਨ-ਟੀਚਿੰਗ ਸਟਾਫ਼ ਦੀਆਂ ਸੇਵਾਵਾਂ ਰੈਗੂਲਰ ਕਰਨ ਦੀ ਸਹਿਮਤੀ*

ਕੈਬਨਿਟ ਨੇ ਸਕੂਲ ਸਿੱਖਿਆ ਵਿਭਾਗ ਵਿੱਚ 1007 ਅਸਾਮੀਆਂ ਸਿਰਜਣ ਅਤੇ 'ਸਮੱਗਰ ਸਿੱਖਿਆ ਅਭਿਆਨ' (ਐਸ.ਐਸ.ਏ.) ਅਧੀਨ ਨਾਨ-ਟੀਚਿੰਗ ਸਟਾਫ਼ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਲਈ ਵੀ ਸਹਿਮਤੀ ਦੇ ਦਿੱਤੀ। ਇਸ ਨਾਲ ਐਸ.ਐਸ.ਏ. ਦੇ ਨਾਨ-ਟੀਚਿੰਗ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਦੀ ਲੰਮੇ ਸਮੇਂ ਤੋਂ ਲਟਕਦੀ ਮੰਗ ਪੂਰਾ ਹੋਣ ਦਾ ਰਾਹ ਪੱਧਰਾ ਹੋਵੇਗਾ ਅਤੇ ਸਰਕਾਰੀ ਢਾਂਚੇ ਵਿੱਚ ਤਜਰਬੇਕਾਰ ਮੁਲਾਜ਼ਮ ਸ਼ਾਮਲ ਹੋਣ ਨਾਲ ਸਿੱਖਿਆ ਵਿਭਾਗ ਦੇ ਪ੍ਰਸ਼ਾਸਕੀ ਕੰਮਾਂ ਵਿੱਚ ਤੇਜ਼ੀ ਆਵੇਗੀ ਤੇ ਹੋਰ ਕਾਨੂੰਨੀ ਅੜਿੱਕੇ ਦੂਰ ਹੋਣਗੇ।

*ਪੰਜਾਬ ਐਜੂਕੇਸ਼ਨ ਸਰਵਿਸ ਰੂਲਜ਼-2018 ਵਿੱਚ ਸੋਧ ਨੂੰ ਮਿਲੀ ਪ੍ਰਵਾਨਗੀ*

ਕੈਬਨਿਟ ਨੇ ਸਿੱਖਿਆ ਵਿਭਾਗ ਵਿੱਚ ਤਰੱਕੀਆਂ ਦੀ ਪ੍ਰਕਿਰਿਆ ਨੂੰ ਹੋਰ ਸੁਚਾਰੂ ਬਣਾਉਣ ਲਈ ਪੰਜਾਬ ਐਜੂਕੇਸ਼ਨ ਸਰਵਿਸ ਰੂਲਜ਼-2018 ਵਿੱਚ ਸੋਧ ਨੂੰ ਵੀ ਮਨਜ਼ੂਰੀ ਦੇ ਦਿੱਤੀ। 2018 ਦੇ ਮੌਜੂਦਾ ਨਿਯਮਾਂ ਵਿੱਚ ਕੁਝ ਕਾਡਰਾਂ ਲਈ ਤਰੱਕੀ ਦਾ ਕੋਈ ਮੌਕਾ ਨਹੀਂ ਸੀ ਪਰ ਹੁਣ ਇਨ੍ਹਾਂ ਨਿਯਮਾਂ ਵਿੱਚ ਸੋਧਾਂ ਨਾਲ ਪੀ.ਟੀ.ਆਈ. (ਐਲੀਮੈਂਟਰੀ), ਪ੍ਰੀ-ਪ੍ਰਾਇਮਰੀ ਅਧਿਆਪਕਾਂ, ਸਪੈਸ਼ਲ ਐਜੂਕੇਟਰ ਅਧਿਆਪਕਾਂ (ਸੈਕੰਡਰੀ) ਤੇ ਸਪੈਸ਼ਲ ਐਜੂਕੇਟਰ ਅਧਿਆਪਕਾਂ (ਐਲੀਮੈਂਟਰੀ) ਅਤੇ ਵੋਕੇਸ਼ਨਲ ਮਾਸਟਰਾਂ ਨੂੰ ਤਰੱਕੀ ਦੇ ਨਵੇਂ ਮੌਕੇ ਮਿਲਣਗੇ। ਇਸ ਸੋਧ ਨਾਲ ਤਕਰੀਬਨ 1500 ਅਧਿਆਪਕਾਂ ਨੂੰ ਲਾਭ ਮਿਲੇਗਾ। ਇਸ ਸੋਧ ਨਾਲ ਨਵੀਆਂ ਭਰਤੀਆਂ ਦਾ ਰਾਹ ਖੁੱਲ੍ਹੇਗਾ ਅਤੇ ਚਾਹਵਾਨ ਉਮੀਦਵਾਰਾਂ ਲਈ ਨੌਕਰੀਆਂ ਦੇ ਨਵੇਂ ਮੌਕੇ ਪੈਦਾ ਹੋਣਗੇ।

*ਕਮਿਊਨਿਟੀ ਸਰਵਿਸ ਗਾਈਡਲਾਇਨਜ਼-2025 ਨੂੰ ਹਰੀ ਝੰਡੀ*

ਮੰਤਰੀ ਮੰਡਲ ਨੇ 'ਪੰਜਾਬ ਕਮਿਊਨਿਟੀ ਸਰਵਿਸ ਗਾਈਡਲਾਇਨਜ਼-2025' ਨੂੰ ਵੀ ਹਰੀ ਝੰਡੀ ਦੇ ਦਿੱਤੀ। ਇਸ ਦਾ ਉਦੇਸ਼ ਪੰਜਾਬ, ਹਰਿਆਣਾ ਤੇ ਯੂ.ਟੀ. ਚੰਡੀਗੜ੍ਹ ਦੀਆਂ ਜ਼ਿਲ੍ਹਾ ਅਦਾਲਤਾਂ ਵਿੱਚ ਇਕਸਾਰਤਾ ਲਿਆਉਣਾ ਹੈ ਤਾਂ ਕਿ ਉਨ੍ਹਾਂ ਤਿੰਨ ਨਵੇਂ ਅਪਰਾਧਿਕ ਕਾਨੂੰਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਜਾ ਸਕੇ, ਜਿਨ੍ਹਾਂ ਤਹਿਤ ਬੀ.ਐਨ.ਐਸ.ਐਸ. ਦੀ ਧਾਰਾ 23(2), ਜਾਂ ਜੁਵੇਨਾਈਲ ਜਸਟਿਸ ਐਕਟ 2015 ਦੀ ਧਾਰਾ 18(1) (ਸੀ) ਜਾਂ ਦੇਸ਼ ਭਰ ਦੇ ਹੋਰ ਕਾਨੂੰਨਾਂ ਅਧੀਨ ਸਮਾਜ ਸੇਵਾ ਦੀ ਸਜ਼ਾ ਦਿੱਤੀ ਜਾਂਦੀ ਹੈ।

*ਜ਼ਿਲ੍ਹਾ ਪ੍ਰੀਸ਼ਦਾਂ ਵਿੱਚੋਂ ਸਿਹਤ ਵਿਭਾਗ ਵਿੱਚ ਰਲੇਵੇਂ ਮੌਕੇ ਰੂਰਲ ਮੈਡੀਕਲ ਅਫ਼ਸਰਾਂ ਨੂੰ 'ਪੇਅ ਪ੍ਰੋਟੈਕਸ਼ਨ' ਦਾ ਲਾਭ ਦਿੱਤਾ*

ਪੰਜਾਬ ਕੈਬਨਿਟ ਨੇ ਜ਼ਿਲ੍ਹਾ ਪ੍ਰੀਸ਼ਦ ਅਧੀਨ ਕੰਮ ਕਰ ਰਹੇ ਰੂਰਲ ਮੈਡੀਕਲ ਅਫ਼ਸਰਾਂ ਨੂੰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਤਬਾਦਲੇ (ਰਲੇਵੇਂ) ਮੌਕੇ ਉਨ੍ਹਾਂ ਦੀ 'ਪੇਅ ਪ੍ਰੋਟੈਕਸ਼ਨ' ਯਕੀਨੀ ਬਣਾਉਣ ਦੀ ਵੀ ਮਨਜ਼ੂਰੀ ਦੇ ਦਿੱਤੀ। ਇਨ੍ਹਾਂ ਮੈਡੀਕਲ ਅਫ਼ਸਰਾਂ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਤਬਾਦਲੇ/ਰਲੇਵੇਂ ਮਗਰੋਂ 'ਪੇਅ ਪ੍ਰੋਟੈਕਸ਼ਨ' ਦਾ ਲਾਭ ਇਸ ਸ਼ਰਤ ਉੱਤੇ ਮਿਲੇਗਾ ਕਿ 'ਪੇਅ ਪ੍ਰੋਟੈਕਸ਼ਨ' ਤੋਂ ਇਲਾਵਾ ਪਿਛਲੀ ਸੇਵਾ ਦਾ ਲਾਭ ਕਿਸੇ ਵੀ ਹੋਰ ਉਦੇਸ਼ ਲਈ ਲਾਗੂ ਨਹੀਂ ਹੋਵੇਗਾ।

*ਸਰਕਾਰੀ ਡਾਕਟਰਾਂ ਦੇ ਸਨਮਾਨ ਲਈ ਨੀਤੀ ਘੜਨ ਨੂੰ ਸਹਿਮਤੀ*

ਕੈਬਨਿਟ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਅਧੀਨ ਕੰਮ ਕਰਦੇ ਸਰਕਾਰੀ ਡਾਕਟਰਾਂ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਬਦਲੇ ਸਨਮਾਨਿਤ ਕਰਨ ਲਈ ਨੀਤੀ ਘੜਨ ਨੂੰ ਵੀ ਸਹਿਮਤੀ ਦੇ ਦਿੱਤੀ। ਇਸ ਤਹਿਤ ਸਾਰੇ ਡਾਕਟਰ ਭਾਵੇਂ ਉਹ ਵਿਭਾਗ ਵਿੱਚ ਰੈਗੂਲਰ ਜਾਂ ਕੰਟਰੈਕਟ ਉੱਤੇ ਹਨ, ਆਪਣੀਆਂ ਸਬੰਧਤ ਸ਼੍ਰੇਣੀਆਂ ਵਿੱਚ ਇਹ ਸਨਮਾਨ ਲੈਣ ਦੇ ਹੱਕਦਾਰ ਹੋਣਗੇ।

*ਪੰਜਾਬ ਪੁਲਿਸ ਵਿੱਚ 1600 ਨਵੀਆਂ ਐਨ.ਜੀ.ਓ. ਅਸਾਮੀਆਂ ਸਿਰਜਣ ਦਾ ਫੈਸਲਾ*

ਪੁਲਿਸ ਜਾਂਚ ਵਿੱਚ ਕਾਰਜ ਕੁਸ਼ਲਤਾ ਅਤੇ ਨਵੀਆਂ ਚੁਣੌਤੀਆਂ ਦੇ ਟਾਕਰੇ, ਖ਼ਾਸ ਤੌਰ ਉੱਤੇ ਐਨ.ਡੀ.ਪੀ.ਐਸ. ਕੇਸਾਂ ਤੇ ਹੋਰ ਸੰਗਠਿਤ ਅਪਰਾਧਾਂ ਸਬੰਧੀ ਮਾਮਲਿਆਂ ਨਾਲ ਪ੍ਰਭਾਵਸ਼ਾਲੀ ਤਰੀਕੇ ਨਾਲ ਸਿੱਝਣ ਲਈ ਥਾਣਿਆਂ ਨੂੰ ਮਜ਼ਬੂਤ ਕਰਨ ਵਾਸਤੇ ਕੈਬਨਿਟ ਨੇ ਪੰਜਾਬ ਪੁਲਿਸ ਦੇ ਜ਼ਿਲ੍ਹਾ ਕਾਡਰ ਵਿੱਚ 1600 ਨਵੀਆਂ ਨਾਨ-ਗਜ਼ਟਿਡ ਅਫਸਰਾਂ (ਐਨ.ਜੀ.ਓ.) ਦੀਆਂ ਅਸਾਮੀਆਂ (ਏ.ਐਸ.ਆਈ., ਐਸ.ਆਈ. ਅਤੇ ਇੰਸਪੈਕਟਰ) ਸਿਰਜਣ ਦੀ ਵੀ ਮਨਜ਼ੂਰੀ ਦੇ ਦਿੱਤੀ। ਇਸ ਫੈਸਲੇ ਮੁਤਾਬਕ ਪੰਜਾਬ ਪੁਲਿਸ ਦੇ ਜ਼ਿਲ੍ਹਾ ਕਾਡਰ ਵਿੱਚ ਐਨ.ਜੀ.ਓਜ਼ ਦੀਆਂ 1600 ਨਵੀਆਂ ਅਸਾਮੀਆਂ (150 ਇੰਸਪੈਕਟਰ, 450 ਸਬ ਇੰਸਪੈਕਟਰ ਅਤੇ 1000 ਏ.ਐਸ.ਆਈ.) ਸਿਰਜੀਆਂ ਜਾਣਗੀਆਂ ਅਤੇ ਇਹ ਅਸਾਮੀਆਂ ਤਰੱਕੀ ਰਾਹੀਂ ਭਰੀਆਂ ਜਾਣਗੀਆਂ, ਜਿਸ ਦੇ ਨਤੀਜੇ ਵਜੋਂ ਖ਼ਾਲੀ ਹੋਣ ਵਾਲੀਆਂ ਕਾਂਸਟੇਬਲਾਂ ਦੀਆਂ 1600 ਅਸਾਮੀਆਂ ਉੱਤੇ ਵੀ ਭਰਤੀ ਕੀਤੀ ਜਾਵੇਗੀ। ਇਸ ਸਬੰਧੀ ਫੈਸਲਾ ਪੁਲਿਸ ਵਿਭਾਗ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖਦਿਆਂ ਲਿਆ ਗਿਆ ਹੈ ਤਾਂ ਕਿ ਜ਼ਮੀਨੀ ਪੱਧਰ ਉੱਤੇ ਢੁਕਵੀਂ ਤਾਇਨਾਤੀ ਦੇ ਨਾਲ-ਨਾਲ ਐਨ.ਡੀ.ਪੀ.ਐਸ. ਐਕਟ ਦੇ ਕੇਸਾਂ, ਘਿਨਾਉਣੇ ਅਪਰਾਧਾਂ ਦੇ ਕੇਸਾਂ, ਸਾਈਬਰ ਅਪਰਾਧ ਤੇ ਹੋਰ ਆਰਥਿਕ ਅਪਰਾਧਾਂ ਦੇ ਕੇਸਾਂ ਦੀ ਜਾਂਚ ਵਿੱਚ ਕਾਰਜਕੁਸ਼ਲਤਾ ਤੇ ਨਿਗਰਾਨੀ ਯਕੀਨੀ ਬਣਾਉਣ ਲਈ ਕੀਤਾ ਗਿਆ।

## ਹਸਪਤਾਲ 'ਚੋਂ ਹੀ ਵਰਚੁਅਲੀ ਸ਼ਾਮਲ ਹੋਏ ਭਗਵੰਤ ਮਾਨ

ਆਮ ਆਦਮੀ ਪਾਰਟੀ ਦੇ ਕਈ ਆਗੂ ਜਿਨ੍ਹਾਂ ਵਿੱਚ ਮਨੀਸ਼ ਸਿਸੋਦੀਆ ਅਤੇ ਕੈਬਨਿਟ ਮੰਤਰੀ ਹਰਪਾਲ ਚੀਮਾ, ਅਮਨ ਅਰੋੜਾ, ਗੁਰਮੀਤ ਸਿੰਘ ਖੁੱਡੀਆਂ, ਹਰਦੀਪ ਸਿੰਘ ਮੁੰਡੀਆਂ, ਡਾ. ਬਲਜੀਤ ਕੌਰ ਅਤੇ ਕਈ ਵਿਧਾਇਕ ਜਿਨ੍ਹਾਂ ਵਿੱਚ ਕੁਲਵੰਤ ਸਿੰਘ, ਗੁਰਲਾਲ ਘਨੌਰ, ਸ਼ੈਰੀ ਕਲਸੀ ਆਦਿ ਸ਼ਾਮਿਲ ਹਨ ਉਨ੍ਹਾਂ ਨੂੰ ਮਿਲਣ ਲਈ ਹਸਪਤਾਲ ਆ ਚੁੱਕੇ ਹਨ। ਹਾਲਾਂਕਿ ਕਿਸੇ ਵਿਰੋਧੀ ਪਾਰਟੀ ਦਾ ਕੋਈ ਆਗੂ ਜਾਂ ਨੁਮਾਇੰਦਾ ਪਹਿਲੀ ਵਾਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਮਿਲਣ ਲਈ ਹਸਪਤਾਲ ਪਹੁੰਚਿਆ ਹੈ।

## ਸ੍ਰੀ ਹੇਮਕੁੰਟ ਸਾਹਿਬ ਯਾਤਰਾ ਮੁੜ ਸ਼ੁਰੂ

ਪੂਰੇ ਉਤਸ਼ਾਹ ਨਾਲ ਗੁਰੂਘਰ ਵਿਖੇ ਨਤਮਸਤਕ ਹੋਣ ਲਈ ਪੁੱਜ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਵਿੱਚ ਹੜ੍ਹਾਂ ਵਾਲੀ ਸਥਿਤੀ ਹੈ, ਲੋਕ ਹੜ੍ਹਾਂ ਨਾਲ ਜੂਝ ਰਹੇ ਹਨ ਪਰ ਇਸ ਦੇ ਬਾਵਜੂਦ ਗੁਰੂਧਾਮਾਂ ਪ੍ਰਤੀ ਸ਼ਰਧਾ ਵਿੱਚ ਪਹਿਲਾਂ ਵਾਂਗ ਹੀ ਉਤਸ਼ਾਹ ਬਣਿਆ ਹੋਇਆ ਹੈ। ਇਹ ਸਿੱਖ ਭਾਈਚਾਰੇ ਦੀ ਚੜ੍ਹਦੀ ਕਲਾ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਪ੍ਰਤੀਕੂਲ ਮੌਸਮ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਸੰਗਤ ਸ੍ਰੀ ਹੇਮਕੁੰਟ ਸਾਹਿਬ ਪੁੱਜ ਰਹੀ ਹੈ। ਇਹ ਸੰਗਤ ਦੇ ਗੁਰੂ ਪ੍ਰਤੀ ਵਿਸ਼ਵਾਸ ਦੀ ਤਾਕਤ ਨੂੰ ਦਰਸਾਉਂਦਾ ਹੈ।

ਉਨ੍ਹਾਂ ਦੱਸਿਆ ਕਿ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ 10 ਅਕਤੂਬਰ ਤੱਕ ਚੱਲੇਗੀ ਅਤੇ 10 ਅਕਤੂਬਰ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੇ ਕਪਾਟ ਸੰਗਤ ਵਾਸਤੇ ਬੰਦ ਕਰ ਦਿੱਤੇ ਜਾਣਗੇ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਹੈ ਕਿ ਯਾਤਰਾ ਵਾਸਤੇ ਸਿਰਫ ਇੱਕ ਮਹੀਨਾ ਹੀ ਬਾਕੀ ਰਹਿ ਗਿਆ ਹੈ, ਇਸ ਲਈ ਜੋ ਸੰਗਤ ਆਉਣਾ ਚਾਹੁੰਦੀ ਹੈ, ਉਹ ਇਨ੍ਹਾਂ ਦਿਨਾਂ ਵਿੱਚ ਆਪਣਾ ਪ੍ਰੋਗਰਾਮ ਉਲੀਕੇ।

ਉਨ੍ਹਾਂ ਦੱਸਿਆ ਕਿ 15 ਸਤੰਬਰ ਤੋਂ ਹੈਲੀਕਾਪਟਰ ਸੇਵਾ ਵੀ ਮੁੜ ਸ਼ੁਰੂ ਹੋ ਜਾਵੇਗੀ। ਇਹ ਸੇਵਾ ਉਨ੍ਹਾਂ ਸ਼ਰਧਾਲੂਆਂ ਵਾਸਤੇ ਵਧੇਰੇ ਲਾਭਦਾਇਕ ਹੈ ਜੋ ਪੈਦਲ ਯਾਤਰਾ ਕਰਨ ਤੋਂ ਅਸਮਰੱਥ ਹਨ ਜਾਂ ਸਮੇਂ ਦੀ ਘਾਟ ਕਾਰਨ ਜਲਦੀ ਦਰਸ਼ਨਾਂ ਵਾਸਤੇ ਪਹੁੰਚਣਾ ਚਾਹੁੰਦੇ ਹਨ। ਹੈਲੀਕਾਪਟਰ ਸੇਵਾ ਦੀ ਬਹਾਲੀ ਨਾਲ ਨਾ ਸਿਰਫ ਯਾਤਰਾ ਸੁਖਾਲੀ ਹੋਵੇਗੀ ਸਗੋਂ ਵੱਧ ਤੋਂ ਵੱਧ ਸ਼ਰਧਾਲੂ ਇਸ ਪਵਿੱਤਰ ਸਥਾਨ ਦੇ ਦਰਸ਼ਨ ਕਰ ਸਕਣਗੇ। ਉਨ੍ਹਾਂ ਦੱਸਿਆ ਕਿ ਪ੍ਰਸ਼ਾਸਨ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼ਰਧਾਲੂਆਂ ਦੀ ਸੁਰੱਖਿਆ ਅਤੇ ਸਹੂਲਤ ਲਈ ਹਰ ਸੰਭਵ ਉਪਾਅ ਕੀਤੇ ਜਾ ਰਹੇ ਹਨ। ਡਾਕਟਰੀ ਸਹਾਇਤਾ ਅਤੇ ਸੁਰੱਖਿਅਤ ਰਸਤੇ ਯਕੀਨੀ ਬਣਾਉਣ ਦੇ ਨਾਲ ਨਾਲ ਹੈਲੀਕਾਪਟਰ ਸੇਵਾ ਦੀ ਸ਼ੁਰੂਆਤ ਵੀ ਇਸ ਮਾਮਲੇ ਵਿੱਚ ਪ੍ਰਬੰਧਕਾਂ ਦੀ ਵਚਨਬਧਤਾ ਨੂੰ ਦਰਸਾਉਂਦੀ ਹੈ।

## ਅੱਜ ਹੋਵੇਗਾ ਤੈਅ ! ਰਾਧਾਕ੍ਰਿਸ਼ਨਨ ਜਾਂ ਰੈਡੀ,

ਹਨ (ਮੌਜੂਦਾ 781)। ਇਸ ਵਾਰ ਦੋਵੇਂ ਉਮੀਦਵਾਰ ਦੱਖਣੀ ਭਾਰਤ ਤੋਂ ਹਨ। ਰਾਧਾਕ੍ਰਿਸ਼ਨਨ ਤਾਮਿਲਨਾਡੂ ਤੋਂ ਹਨ, ਜਦੋਂ ਕਿ ਰੈਡੀ ਤੇਲੰਗਾਨਾ ਤੋਂ ਹਨ।

ਸੰਸਦ ਦੇ ਹਾਲੀਆ ਮਾਨਸੂਨ ਸੈਸ਼ਨ ਦੌਰਾਨ ਜਗਦੀਪ ਧਨਖੜ ਨੇ ਸਿਹਤ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਉਪ ਰਾਸ਼ਟਰਪਤੀ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ। ਹਾਲਾਂਕਿ ਉਨ੍ਹਾਂ ਦੇ ਕਾਰਜਕਾਲ ਵਿੱਚ ਦੋ ਸਾਲ ਬਾਕੀ ਸਨ। ਇਹ ਚੋਣ ਉਨ੍ਹਾਂ ਦੇ ਅਸਤੀਫੇ ਕਾਰਨ ਹੋ ਰਹੀ ਹੈ। ਜੇਕਰ ਅਸੀਂ ਵੱਖ-ਵੱਖ ਪਾਰਟੀਆਂ ਵੱਲੋਂ ਦਿੱਤੇ ਗਏ ਸਮਰਥਨ ਦੇ ਆਧਾਰ 'ਤੇ ਅੰਕੜਿਆਂ 'ਤੇ ਨਜ਼ਰ ਮਾਰੀਏ, ਤਾਂ ਐੱਨਡੀਏ ਉਮੀਦਵਾਰ ਦਾ ਪਲੜਾ ਭਾਰੀ ਹੈ। ਹਾਲਾਂਕਿ, ਵਿਰੋਧੀ ਉਮੀਦਵਾਰ ਰੈਡੀ ਵਾਰ-ਵਾਰ ਇਹ ਕਹਿ ਕੇ ਆਪਣੇ ਦਾਅਵੇ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਲੜਾਈ ਵਿਚਾਰਧਾਰਕ ਹੈ ਅਤੇ ਇਹ ਵੋਟਿੰਗ ਸਿਰਫ਼ ਉਪ ਰਾਸ਼ਟਰਪਤੀ ਦੀ ਚੋਣ ਲਈ ਨਹੀਂ ਹੈ, ਸਗੋਂ ਭਾਰਤ ਦੀ ਭਾਵਨਾ ਲਈ ਹੈ।

ਉਪ ਰਾਸ਼ਟਰਪਤੀ ਅਹੁਦੇ ਲਈ ਐਨਡੀਏ ਉਮੀਦਵਾਰ ਰਾਧਾਕ੍ਰਿਸ਼ਨਨ ਤਾਮਿਲਨਾਡੂ ਦੀ ਇੱਕ ਪ੍ਰਮੁੱਖ ਓਬੀਸੀ ਜਾਤੀ ਗੌਂਡਰ ਤੋਂ ਹਨ ਅਤੇ ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਪਿਛੋਕੜ ਤੋਂ ਹਨ। ਰਾਧਾਕ੍ਰਿਸ਼ਨਨ ਨੂੰ 2023 ਵਿੱਚ ਝਾਰਖੰਡ ਦਾ ਰਾਜਪਾਲ ਬਣਾਇਆ ਗਿਆ ਸੀ ਅਤੇ ਫਿਰ ਜੁਲਾਈ 2024 ਵਿੱਚ ਉਨ੍ਹਾਂ ਦਾ ਤਬਾਦਲਾ ਮਹਾਰਾਸ਼ਟਰ ਕਰ ਦਿੱਤਾ ਗਿਆ ਸੀ। ਆਪਣੇ ਪੂਰਵਗਾਮੀ ਧਨਖੜ ਦੇ ਉਲਟ, ਰਾਧਾਕ੍ਰਿਸ਼ਨਨ ਨੇ ਰਾਜਪਾਲ ਵਜੋਂ ਵਿਵਾਦਪੂਰਨ ਰਾਜਨੀਤਿਕ ਮੁੱਦਿਆਂ 'ਤੇ ਜਨਤਕ ਤੌਰ 'ਤੇ ਟਿੱਪਣੀ ਕਰਨ ਤੋਂ ਬਹੁਤ ਹੱਦ ਤੱਕ ਪਰਹੇਜ਼ ਕੀਤਾ ਹੈ। 2022 ਵਿੱਚ ਐਨਡੀਏ ਦੇ ਉਪ-ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਵਜੋਂ ਨਾਮਜ਼ਦ ਹੋਣ ਤੋਂ ਪਹਿਲਾਂ ਧਨਖੜ ਵੀ ਉਨ੍ਹਾਂ ਵਾਂਗ ਰਾਜਪਾਲ ਸਨ। ਉਹ 1998 ਵਿੱਚ ਕੋਇੰਬਟੂਰ ਤੋਂ ਪਹਿਲੀ ਵਾਰ ਲੋਕ ਸਭਾ ਲਈ ਚੁਣੇ ਗਏ ਸਨ ਅਤੇ 1999 ਵਿੱਚ ਇਸ ਸੀਟ ਤੋਂ ਲੋਕ ਸਭਾ ਲਈ ਦੁਬਾਰਾ ਚੁਣੇ ਗਏ ਸਨ।

ਸੂਤਰਾਂ ਅਨੁਸਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਲ ਹੀ ਵਿੱਚ ਇੱਕ ਮੀਟਿੰਗ ਵਿੱਚ ਵੱਖ-ਵੱਖ ਅਹੁਦਿਆਂ 'ਤੇ ਰਹਿੰਦਿਆਂ ਰਾਧਾਕ੍ਰਿਸ਼ਨਨ ਦੀ ਸਾਦੀ ਜੀਵਨ ਸ਼ੈਲੀ ਅਤੇ ਜਨਤਕ ਸੇਵਾ ਪ੍ਰਤੀ ਉਨ੍ਹਾਂ ਦੇ ਸਮਰਪਣ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਰਾਧਾਕ੍ਰਿਸ਼ਨਨ ਨੂੰ ਖੇਡਾਂ ਵਿੱਚ ਬਹੁਤ ਦਿਲਚਸਪੀ ਹੋ ਸਕਦੀ ਹੈ ਪਰ ਉਹ ਰਾਜਨੀਤੀ ਵਿੱਚ ਨਹੀਂ ਖੇਡਦੇ। ਵਿਰੋਧੀ ਧਿਰ ਦੇ ਸਾਂਝੇ ਉਮੀਦਵਾਰ ਰੈਡੀ, ਸੁਪਰੀਮ ਕੋਰਟ ਦੇ ਸਾਬਕਾ ਜੱਜ ਹਨ ਅਤੇ ਗੋਆ ਦੇ ਲੋਕਾਯੁਕਤ ਰਹਿ ਚੁੱਕੇ ਹਨ। ਉਹ ਹੈਦਰਾਬਾਦ ਸਥਿਤ ਇੰਟਰਨੈਸ਼ਨਲ ਆਰਬਿਟਰੇਸ਼ਨ ਐਂਡ ਮੀਡੀਏਸ਼ਨ ਸੈਂਟਰ ਦੇ ਟਰੱਸਟੀ ਬੋਰਡ ਦੇ ਮੈਂਬਰ ਵੀ ਹਨ। ਹਾਲ ਹੀ ਵਿੱਚ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸਲਵਾ ਜੁਡਮ ਮਾਮਲੇ ਵਿੱਚ ਜੱਜ ਵਜੋਂ ਦਿੱਤੇ ਗਏ ਫੈਸਲੇ 'ਤੇ ਰੈਡੀ ਨੂੰ ਨਿਸ਼ਾਨਾ ਬਣਾਇਆ ਸੀ। ਸ਼ਾਹ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ 'ਤੇ ਨਕਸਲਵਾਦ ਦਾ 'ਸਮਰਥਨ' ਕਰਨ ਦਾ ਦੋਸ਼ ਲਗਾਇਆ ਸੀ। ਉਨ੍ਹਾਂ ਦਾਅਵਾ ਕੀਤਾ ਸੀ ਕਿ ਜੇਕਰ ਸਲਵਾ ਜੁਡਮ ਦਾ ਫ਼ੈਸਲਾ ਨਾ ਆਇਆ ਹੁੰਦਾ, ਤਾਂ ਖੱਬੇ-ਪੱਖੀ ਕੱਟੜਵਾਦ 2020 ਤੱਕ ਹੀ ਖ਼ਤਮ ਹੋ ਗਿਆ ਹੁੰਦਾ। ਸਲਵਾ ਜੁਡਮ ਦੇ ਫ਼ੈਸਲੇ 'ਤੇ ਅਮਿਤ ਸ਼ਾਹ ਦੇ ਉਨ੍ਹਾਂ 'ਤੇ ਹਮਲੇ 'ਤੇ ਰੈੱਡੀ ਨੇ ਕਿਹਾ ਸੀ ਕਿ ਇਹ ਉਨ੍ਹਾਂ ਦਾ ਨਹੀਂ, ਸਗੋਂ ਸੁਪਰੀਮ ਕੋਰਟ ਦਾ ਫ਼ੈਸਲਾ ਹੈ ਅਤੇ ਸ਼ਾਹ ਨੂੰ 40 ਪੰਨਿਆਂ ਦਾ ਫ਼ੈਸਲਾ ਜ਼ਰੂਰ ਪੜ੍ਹਨਾ ਚਾਹੀਦਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਜੇਕਰ ਉਨ੍ਹਾਂ (ਸ਼ਾਹ) ਨੇ ਫੈਸਲਾ ਪੜ੍ਹਿਆ ਹੁੰਦਾ, ਤਾਂ ਸ਼ਾਇਦ ਉਹ ਅਜਿਹੀ ਟਿੱਪਣੀ ਨਾ ਕਰਦੇ।

## ਆਧਾਰ ਕਾਰਡ ਨੂੰ 12ਵੇਂ ਦਸਤਾਵੇਜ਼ ਦੇ ਰੂਪ

ਦੇ ਬਾਵਜੂਦ ਚੋਣ ਰਜਿਸਟਰੇਸ਼ਨ ਅਧਿਕਾਰੀ ਅਤੇ ਬੀਐਲਓ ਅਧਾਰ ਨੂੰ ਇੱਕੋ ਇੱਕ ਦਸਤਾਵੇਜ਼ ਵਜੋਂ ਸਵੀਕਾਰ ਨਹੀਂ ਕਰ ਰਹੇ ਹਨ। ਸਿੱਬਲ ਨੇ ਅਦਾਲਤ ਵਿੱਚ ਉਨ੍ਹਾਂ ਵੋਟਰਾਂ ਦੇ ਹਲਫਨਾਮੇ ਵੀ ਦਾਇਰ ਕੀਤੇ, ਜਿਨ੍ਹਾਂ ਦੇ ਅਧਾਰ ਨੂੰ ਸਵੀਕਾਰ ਨਹੀਂ ਕੀਤਾ ਗਿਆ ਸੀ। ਜਸਟਿਸ ਬਾਗਚੀ ਨੇ ਕਿਹਾ ਕਿ ਕਮਿਸ਼ਨ ਦੀ ਸੂਚੀ ਵਿੱਚ ਸ਼ਾਮਲ 11 ਦਸਤਾਵੇਜ਼ਾਂ ਵਿੱਚੋਂ ਸਿਰਫ ਪਾਸਪੋਰਟ ਅਤੇ ਜਨਮ ਸਰਟੀਫਿਕੇਟ ਹੀ ਨਾਗਰਿਕਤਾ ਦਾ ਸਬੂਤ ਹਨ, ਬਾਕੀ ਕੋਈ ਵੀ ਨਾਗਰਿਕਤਾ ਸਾਬਤ ਨਹੀਂ ਕਰਦਾ।

## ਪੰਜਾਬ ਹੜ੍ਹ: ਪ੍ਰਧਾਨ ਮੰਤਰੀ ਦੀ ਫੇਰੀ ਤੋਂ

ਲਾਗੂ ਹੋਣ ਕਾਰਨ 50,000 ਕਰੋੜ ਰੁਪਏ ਦੇ ਮਾਲੀਆ ਦਾ ਨੁਕਸਾਨ ਅਤੇ ਪਿਛਲੇ ਸਾਢੇ ਤਿੰਨ ਸਾਲਾਂ ਤੋਂ ਪੇਂਡੂ ਵਿਕਾਸ ਫੰਡ (ਆਰਡੀਐਫ) ਅਤੇ ਮਾਰਕੀਟ ਵਿਕਾਸ ਫੰਡ (ਐਮਡੀਐਫ) ਦੇ ਬਕਾਇਆ 8,000 ਕਰੋੜ ਰੁਪਏ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਬਕਾਇਆ ਫੰਡ ਜਾਰੀ ਕਰਨ ਲਈ ਕੇਂਦਰ ਸਰਕਾਰ ਨੂੰ ਇੱਕ ਪੱਤਰ ਲਿਖਿਆ ਸੀ। ਉਨ੍ਹਾਂ ਨੇ ਹੜ੍ਹ ਮੁਆਵਜ਼ੇ ਵਿੱਚ ਵਾਧੇ ਦੀ ਮੰਗ ਵੀ ਕੀਤੀ ਕਿਉਂਕਿ ਹਾਲ ਹੀ ਵਿੱਚ ਆਏ ਭਿਆਨਕ ਹੜ੍ਹਾਂ ਕਾਰਨ 4.50 ਲੱਖ ਏਕੜ ਤੋਂ ਵੱਧ ਖੇਤੀ ਵਾਲਾ ਰਕਬਾ ਪਾਣੀ 'ਚ ਡੁੱਬ ਗਿਆ ਹੈ ਅਤੇ 3 ਲੱਖ ਤੋਂ ਵੱਧ ਪਸ਼ੂਧਨ ਪ੍ਰਭਾਵਿਤ ਹੋਣ ਦੇ ਨਾਲ-ਨਾਲ ਸੈਂਕੜੇ ਘਰ ਨੁਕਸਾਨੇ ਗਏ ਹਨ।

ਉਨ੍ਹਾਂ ਨੇ ਭਾਰਤ ਦੀ ਖੁਰਾਕ ਸੁਰੱਖਿਆ ਵਿੱਚ ਪੰਜਾਬ ਦੇ ਮਹੱਤਵਪੂਰਨ ਯੋਗਦਾਨ ਨੂੰ ਧਿਆਨ ਵਿੱਚ ਰੱਖਦਿਆਂ ਸੂਬੇ ਦੀ ਹੜ੍ਹ ਪ੍ਰਭਾਵਿਤ ਆਰਥਿਕਤਾ ਨੂੰ ਮੁੜ ਲੀਹ 'ਤੇ ਲਿਆਉਣ ਲਈ ਵਿਸ਼ੇਸ਼ ਰਾਹਤ ਪੈਕੇਜ ਦੀ ਲੋੜ 'ਤੇ ਜ਼ੋਰ ਦਿੱਤਾ।

ਕੇਂਦਰ ਸਰਕਾਰ 'ਤੇ ਪੰਜਾਬ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦਾ ਦੋਸ਼ ਲਾਉਂਦਿਆਂ ਸ੍ਰੀ ਅਰੋੜਾ ਨੇ ਇਸ ਸੰਕਟ ਦੌਰਾਨ ਪੰਜਾਬ ਦੇ ਭਾਜਪਾ ਆਗੂਆਂ ਦੀ ਚੁੱਪੀ 'ਤੇ ਸਵਾਲ ਉਠਾਉਂਦਿਆਂ ਸੁਝਾਅ ਦਿੱਤਾ ਕਿ ਅਜਿਹੇ ਹਾਲਾਤਾਂ ਵਿੱਚ ਇਨ੍ਹਾਂ ਆਗੂਆਂ ਨੂੰ ਫੋਟੋਆਂ ਖਿਚਵਾਉਣ ਦੇ ਮੌਕੇ ਤਲਾਸ਼ਣ ਦੀ ਥਾਂ ਸੂਬੇ ਲਈ ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕੇਜ ਹਾਸਲ ਕਰਨ ਵੱਲ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੂਬੇ 'ਚ ਬਣੇ ਗੰਭੀਰ ਹਾਲਾਤਾਂ 'ਚ ਸੁਧਾਰ ਲਈ ਵਿਖਾਵੇ ਦੀ ਰਾਜਨੀਤੀ ਨਹੀਂ, ਸਗੋਂ ਠੋਸ ਕਾਰਵਾਈ ਕਰਨ ਦੀ ਲੋੜ ਹੈ।

ਸ੍ਰੀ ਅਮਨ ਅਰੋੜਾ ਨੇ ਦੁਹਰਾਇਆ ਕਿ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨਾਲ ਡਟ ਕੇ ਖੜ੍ਹੀ ਹੈ ਅਤੇ ਇਸ ਕੁਦਰਤੀ ਕਹਿਰ ਕਰਕੇ ਬਣੇ ਹਾਲਾਤਾਂ 'ਚੋਂ ਸੂਬੇ ਨੂੰ ਉਭਾਰਨ ਲਈ ਹਰ ਸੰਭਵ ਕਦਮ ਚੁੱਕ ਰਹੀ ਹੈ। ਸੂਬੇ ਦੀਆਂ ਚੁਣੌਤੀਆਂ ਦੇ ਹੱਲ ਲਈ ਲੋੜੀਂਦੀ ਰਾਹਤ ਅਤੇ ਸਹਾਇਤਾ ਦੀ ਲੋੜ ਨੂੰ ਉਜਾਗਰ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਦਰਪੇਸ਼ ਸਮੱਸਿਆਵਾਂ ਦੇ ਹੱਲ ਅਤੇ ਪੰਜਾਬ ਦੇ ਹੱਕਾਂ ਲਈ ਹਰੇਕ ਪਲੇਟਫਾਰਮ ਉਤੇ ਆਵਾਜ਼ ਉਠਾਵੇਗੀ।

## ਨੇਪਾਲ 'ਚ 18 ਮੌਤਾਂ ਤੋਂ ਬਾਅਦ

ਨੇੜੇ ਦੇ ਇਲਾਕਿਆਂ ਵਿੱਚ ਕਰਫਿਊ ਲਗਾ ਦਿੱਤਾ ਗਿਆ। ਕਾਠਮੰਡੂ ਪ੍ਰਸ਼ਾਸਨ ਨੇ ਭੰਨਤੋੜ ਕਰਨ ਵਾਲਿਆਂ ਨੂੰ ਦੇਖਦੇ ਹੀ ਗੋਲੀ ਮਾਰਨ ਦੇ ਆਦੇਸ਼ ਦਿੱਤੇ ਹਨ।

ਸਰਕਾਰ ਨੇ 3 ਸਤੰਬਰ ਨੂੰ ਸੋਸ਼ਲ ਮੀਡੀਆ 'ਤੇ ਪਾਬੰਦੀ ਲਗਾ ਦਿੱਤੀ ਸੀ ਨੇਪਾਲ ਸਰਕਾਰ ਨੇ 3 ਸਤੰਬਰ ਨੂੰ ਫੇਸਬੁੱਕ, ਇੰਸਟਾਗ੍ਰਾਮ, ਯੂਟਿਊਬ ਸਮੇਤ 26 ਸੋਸ਼ਲ ਮੀਡੀਆ ਸਾਈਟਾਂ 'ਤੇ ਪਾਬੰਦੀ ਲਗਾਉਣ ਦਾ ਫੈਸਲਾ ਕੀਤਾ ਸੀ।

ਇਹ ਪਲੇਟਫਾਰਮ ਨੇਪਾਲ ਦੇ ਸੰਚਾਰ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਨਾਲ ਰਜਿਸਟਰਡ ਨਹੀਂ ਸਨ। ਇਸ ਲਈ, ਮੰਤਰਾਲੇ ਨੇ 28 ਅਗਸਤ ਨੂੰ ਇੱਕ ਆਦੇਸ਼ ਜਾਰੀ ਕੀਤਾ ਸੀ ਅਤੇ 7 ਦਿਨਾਂ ਦਾ ਸਮਾਂ ਦਿੱਤਾ ਸੀ, ਇਹ ਸਮਾਂ ਸੀਮਾ 2 ਸਤੰਬਰ ਨੂੰ ਖਤਮ ਹੋ ਗਈ ਸੀ।

## ਪ੍ਰਧਾਨ ਮੰਤਰੀ ਨੂੰ ਸਿਹਰਾ ਦੇਣ ਦੇ ਡਰ ਤੋਂ ਮਾਨ

ਅਤੇ ਕੇਂਦਰ ਸਰਕਾਰ ਦੁਆਰਾ ਬਰਾਬਰ ਸਾਂਝਾ ਕੀਤਾ ਗਿਆ।

ਜਾਖੜ ਨੇ ਕਿਹਾ ਕਿ ਦੇਸ਼ ਭਰ ਵਿੱਚ 4 ਕਰੋੜ ਤੋਂ ਵੱਧ ਕਿਸਾਨ ਇਸ ਯੋਜਨਾ ਤੋਂ ਕੌਮੀ ਪੱਧਰ 'ਤੇ ਲਾਭ ਲੈ ਰਹੇ ਹਨ ਅਤੇ ਗੁਆਂਢੀ ਹਰਿਆਣਾ ਵਿੱਚ ਇੱਕ ਕਿਸਾਨ ਝੋਨੇ ਦੀ ਫਸਲ ਲਈ ਪ੍ਰਤੀ ਏਕੜ ਪ੍ਰੀਮੀਅਮ ਦੇ ਆਪਣੇ ਹਿੱਸੇ ਵਜੋਂ ਲਗਭਗ 850 ਰੁਪਏ ਅਦਾ ਕਰਦਾ ਹੈ ਅਤੇ ਲਗਭਗ 42,000 ਰੁਪਏ ਪ੍ਰਤੀ ਏਕੜ ਤੱਕ ਦਾ ਬੀਮਾ ਕਵਰੇਜ ਪ੍ਰਾਪਤ ਕਰੇਗਾ।

ਬੀਮਿਤ ਕਿਸਾਨਾਂ ਦੁਆਰਾ ਅਦਾ ਕੀਤੇ ਗਏ ਹਰੇਕ 100 ਰੁਪਏ ਦੇ ਪ੍ਰੀਮੀਅਮ ਲਈ ਪ੍ਰਧਾਨ ਮੰਤਰੀ ਫ਼ਸਲ ਬੀਮਾ ਯੋਜਨਾ (ਪੀ.ਐਮ.ਐਫ.ਬੀ.ਵਾਈ) ਦੇ ਤਹਿਤ ਦਾਅਵਿਆਂ ਵਜੋਂ ਲਗਭਗ 500 ਰੁਪਏ ਦਾ ਭੁਗਤਾਨ ਕੀਤਾ ਗਿਆ ਹੈ। ਹੁਣ ਤੱਕ 22 ਕਰੋੜ ਤੋਂ ਵੱਧ ਕਿਸਾਨਾਂ ਨੂੰ ਇਸ ਯੋਜਨਾ ਦੇ ਤਹਿਤ 1,80,000 ਕਰੋੜ ਰੁਪਏ ਤੋਂ ਵੱਧ ਪ੍ਰਾਪਤ ਹੋਏ ਹਨ।

ਪੰਜਾਬ ਭਾਜਪਾ ਪ੍ਰਧਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੜ੍ਹ ਪ੍ਰਭਾਵਿਤ ਪੰਜਾਬ ਦੌਰੇ ਤੋਂ ਪਹਿਲਾਂ ਬੋਲਦਿਆਂ ਕਿਹਾ ਕਿ 'ਆਪ' ਸਰਕਾਰ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਸੂਬੇ ਦੀ ਨਵੀਂ ਖੇਤੀਬਾੜੀ ਨੀਤੀ ਦੇ ਅਨੁਸਾਰ ਉਹ ਇੱਕ ਬੀਮਾ ਨੀਤੀ ਲਿਆਵੇਗੀ, ਪਰ ਸਰਕਾਰ ਅਜਿਹਾ ਕਰਨ ਵਿੱਚ ਅਸਫ਼ਲ ਰਹੀ ਹੈ ਅਤੇ ਭਾਰਤ ਸਰਕਾਰ ਦੀ ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ ਨੂੰ ਵੀ ਲਾਗੂ ਨਹੀਂ ਕੀਤਾ ਹੈ। ਸੁਨੀਲ ਜਾਖੜ ਨੇ ਕਿਹਾ ਕਿ ਲੋਕਾਂ ਨੂੰ ਉਮੀਦ ਸੀ ਕਿ ਸੂਬਾ ਸਰਕਾਰ ਇਸ ਯੋਜਨਾ ਨੂੰ ਜਨਤਕ ਹਿੱਤ ਵਿੱਚ ਲਾਗੂ ਕਰੇਗੀ ਪਰ ਅਜਿਹਾ ਲੱਗਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਦਿੱਲੀ ਦੇ ਆਗੂਆਂ ਨੂੰ ਖੁਸ਼ ਕਰਨ ਲਈ ਪੰਜਾਬ ਦੇ ਹਿੱਤਾਂ ਦੀ ਕੁਰਬਾਨੀ ਦੇ ਦਿੱਤੀ ਹੈ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

# ਨਸ਼ਾ ਤਸਕਰ ਸੋਨੀ ਸਮੇਤ ਪੰਜ ਵਿਅਕਤੀ 8.1 ਕਿਲੋ ਹੈਰੋਇਨ ਨਾਲ ਗ੍ਰਿਫ਼ਤਾਰ

## ਨੈੱਟਵਰਕ 'ਚ ਖੇਪਾਂ ਨੂੰ ਅੱਗੇ ਪਹੁੰਚਾਉਣ ਲਈ, ਹੋਟਲਾਂ ਨੂੰ ਤਸਕਰੀ ਡੰਪ ਵਜੋਂ ਵਰਤਦਾ ਸੀ ਨਾਰਕੋ ਸਿੰਡੀਕੇਟ : ਡੀ.ਜੀ.ਪੀ.

ਅੰਮ੍ਰਿਤਸਰ, 8 ਸਤੰਬਰ (ਬਬਲੂ ਮਹਾਜਨ): ਕਮਿਸ਼ਨਰੇਟ ਪੁਲਿਸ



ਅੰਮ੍ਰਿਤਸਰ ਨੇ ਸੋਨੀ ਸਿੰਘ ਉਰਫ਼ ਸੋਨੀ ਨੂੰ, ਉਸਦੇ ਚਾਰ ਸਾਥੀਆਂ ਸਮੇਤ ਗ੍ਰਿਫ਼ਤਾਰ ਕਰਕੇ ਹੈਰੋਇਨ ਤਸਕਰੀ ਕਾਰਟੈਲ ਦਾ ਪਰਦਾਫਾਸ਼ ਕੀਤਾ ਹੈ। ਗ੍ਰਿਫਤਾਰ ਕੀਤੇ ਗਏ ਵਿਅਕਤੀਆਂ ਦੇ ਕਬਜ਼ੇ ਵਿੱਚੋਂ 8.1 ਕਿਲੋ ਹੈਰੋਇਨ ਬਰਾਮਦ ਕੀਤੀ ਹੈ।ਇਹ ਜਾਣਕਾਰੀ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਸੋਮਵਾਰ ਨੂੰ ਇੱਥੇ ਦਿੱਤੀ। ਗ੍ਰਿਫ਼ਤਾਰ ਕੀਤੇ ਗਏ ਹੋਰ ਚਾਰ ਨਸ਼ਾ ਤਸਕਰਾਂ ਦੀ ਪਛਾਣ ਗੁਰਸੇਵਕ ਸਿੰਘ, ਵਿਸ਼ਾਲਦੀਪ ਸਿੰਘ ਉਰਫ਼ ਗੋਲਾ, ਗੁਰਪ੍ਰੀਤ ਸਿੰਘ ਅਤੇ ਅਰਸ਼ਦੀਪ ਸਿੰਘ ਵਜੋਂ ਹੋਈ ਹੈ, ਜੋ ਸਾਰੇ ਅੰਮ੍ਰਿਤਸਰ ਦੇ ਅਜਨਾਲਾ ਦੇ ਰਹਿਣ ਵਾਲੇ ਹਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਸਿੰਡੀਕੇਟ ਪਾਕਿਸਤਾਨ ਨਾਲ ਸਬੰਧਤ ਸੀ ਅਤੇ ਭਾਰਤੀ ਖੇਤਰ ਵਿੱਚ ਹੈਰੋਇਨ ਦੀਆਂ ਵੱਡੀਆਂ ਖੇਪਾਂ ਪਹੁੰਚਾਉਣ ਲਈ ਡਰੋਨਾਂ ਦੀ ਵਰਤੋਂ ਕੀਤੀ ਜਾਂਦੀ ਸੀ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਸਿੰਡੀਕੇਟ ਵੱਲੋਂ ਨੈੱਟਵਰਕ ਵਿੱਚ ਖੇਪਾਂ ਨੂੰ ਅੱਗੇ ਪਹੁੰਚਾਉਣ ਲਈ ਹੋਟਲਾਂ ਨੂੰ ਤਸਕਰੀ ਡੰਪ ਵਜੋਂ ਵਰਤਿਆ ਜਾਂਦਾ ਸੀ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ, ਪੁਲਿਸ ਕਮਿਸ਼ਨਰ (ਸੀਪੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਭਰੋਸੇਯੋਗ ਇਤਲਾਹ 'ਤੇ ਕਾਰਵਾਈ ਕਰਦਿਆਂ ਪੁਲਿਸ ਟੀਮਾਂ ਨੇ ਸ਼ਹਿਰ ਦੇ ਬਾਹਰਵਾਰ ਤੋਂ ਨਸ਼ਾ ਤਸਕਰ ਸੋਨੀ ਸਿੰਘ ਨੂੰ 150 ਗ੍ਰਾਮ ਹੈਰੋਇਨ ਅਤੇ ਡਰੱਗ ਮਨੀ ਸਮੇਤ ਗ੍ਰਿਫ਼ਤਾਰ ਕੀਤਾ ਸੀ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਮੁਲਜ਼ਮ ਸੋਨੀ, ਜਿਸ ਦੇ ਖ਼ਿਲਾਫ਼ ਐਨਡੀਪੀਐਸ ਐਕਟ ਦੇ ਤਹਿਤ ਕੇਸ ਦਰਜ ਹਨ ਅਤੇ ਜੋ ਜੂਨ ਮਹੀਨੇ ਵਿੱਚ ਜੇਲ੍ਹ ਤੋਂ ਬਾਹਰ ਆਇਆ ਸੀ, ਨੇ ਹੁਣ ਤੱਕ ਲਗਭਗ 30 ਕਿਲੋ ਹੈਰੋਇਨ ਦੀਆਂ ਖੇਪਾਂ ਹਾਸਲ ਕੀਤੀਆਂ ਸਨ, ਜੋ ਕਿ ਇਸ ਲੜੀ ਵਿੱਚ ਅੱਗੇ ਸਪਲਾਈ ਕੀਤੀਆਂ ਜਾਣੀਆਂ ਸਨ। ਸੀਪੀ ਨੇ ਕਿਹਾ ਕਿ ਸੋਨੀ ਦੇ ਖੁਲਾਸੇ 'ਤੇ, ਉਸਦੇ ਸਾਥੀ ਗੁਰਸੇਵਕ ਸਿੰਘ ਨੂੰ ਨਾਮਜ਼ਦ ਕੀਤਾ ਗਿਆ ਅਤੇ ਉਸਨੂੰ 8.037 ਕਿਲੋ ਹੈਰੋਇਨ ਨਾਲ ਗ੍ਰਿਫ਼ਤਾਰ ਕਰ ਲਿਆ ਗਿਆ ।ਗੁਰਸੇਵਕ ਵੱਲੋਂ ਖੇਪਾਂ ਸ਼ਹਿਰ ਵਿੱਚ ਅੱਗੇ ਡਿਲੀਵਰ ਕੀਤੀਆਂ ਜਾਂਦੀਆਂ ਸਨ। ਇਸ ਸਬੰਧੀ ਅੰਮ੍ਰਿਤਸਰ ਦੇ ਥਾਣਾ ਛੇਹਰਟਾ ਵਿਖੇ ਐਨਡੀਪੀਐਸ ਐਕਟ ਦੀਆਂ ਧਾਰਾਵਾਂ 21-ਬੀ, 27-ਏ, 21-ਸੀ ਅਤੇ 29 ਤਹਿਤ ਐਫਆਈਆਰ ਨੰ. 177 ਮਿਤੀ 06-09-2025 ਅਧੀਨ ਕੇਸ ਦਰਜ ਕੀਤਾ ਗਿਆ ਹੈ।

# ਹਰਜੋਤ ਬੈਂਸ ਵੱਲੋਂ ਨੰਗਲ ਤੋਂ ਆਪ੍ਰੇਸ਼ਨ ਰਾਹਤ ਦੀ ਸ਼ੁਰੂਆਤ



ਚੰਡੀਗੜ੍ਹ/ਨੰਗਲ, 8 ਸਤੰਬਰ (ਚ.ਨ.ਸ.): ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਨੇ ਆਪਣੇ ਵਿਧਾਨ ਸਭਾ ਹਲਕੇ ਸ੍ਰੀ ਅਨੰਦਪੁਰ ਸਾਹਿਬ ਤੋਂ ਆਪ੍ਰੇਸ਼ਨ ਰਾਹਤ ਦੀ ਸ਼ੁਰੂਆਤ ਅੱਜ ਨੰਗਲ ਤੋਂ ਕਰ ਦਿੱਤੀ ਹੈ। ਉਨ੍ਹਾਂ ਨੇ 5 ਲੱਖ ਰੁਪਏ ਦਾ ਯੋਗਦਾਨ ਪਾਇਆ ਹੈ ਅਤੇ 50 ਲੋੜਵੰਦ ਪਰਿਵਾਰਾਂ ਦੇ ਘਰਾਂ ਦੀ ਮੁਰੰਮਤ ਦਾ ਖਰਚ ਚੁੱਕਣ ਦਾ ਫੈਸਲਾ ਲਿਆ ਹੈ। ਬੈਂਸ ਨੇ ਇਸ ਮੌਕੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਕਰਨਾ ਸਾਡਾ ਧਰਮ ਤੇ ਕਰਮ ਹੈ। ਪਿਛਲੇ ਦਿਨਾਂ ਹਿਮਾਚਲ ਪ੍ਰਦੇਸ਼/ਪੰਜਾਬ ਵਿਚ ਹੋਈ ਭਾਰੀ ਬਰਸਾਤ ਅਤੇ ਭਾਖੜਾ ਡੈਮ ਤੋਂ ਵੱਧ ਪਾਣੀ ਛੱਡੇ ਜਾਣ ਕਾਰਨ ਸ੍ਰੀ ਅਨੰਦਪੁਰ ਸਾਹਿਬ, ਨੰਗਲ, ਕੀਰਤਪੁਰ ਸਾਹਿਬ ਅਤੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਦਾ ਭਾਰੀ ਨੁਕਸਾਨ ਹੋਇਆ ਹੈ। ਲੋਕਾਂ ਦੀਆਂ ਝੋਨੇ ਅਤੇ ਮੱਕੀ ਦੀਆਂ ਫਸਲਾਂ ਖ਼ਰਾਬ ਹੋ ਗਈਆਂ ਹਨ, ਕਈ ਇਲਾਕਿਆਂ ਵਿਚ ਪਾਣੀ ਭਰਨ ਕਾਰਨ ਇਮਾਰਤਾਂ ਨੁਕਸਾਨੀਆਂ ਗਈਆਂ ਹਨ। ਇਸ ਮੌਕੇ ਲੋਕਾਂ ਨੂੰ ਫੌਰੀ ਰਾਹਤ ਦੀ ਜ਼ਰੂਰਤ ਹੈ। ਹੁਣ ਬਰਸਾਤ ਵਿਚ ਵੀ ਕਮੀ ਆਈ ਹੈ ਅਤੇ ਡੈਮ ਵਿਚ ਪਾਣੀ ਦਾ ਪੱਧਰ ਲਗਾਤਾਰ ਨਿਯੰਤਰਣ ਵਿਚ ਆ ਰਿਹਾ ਹੈ, ਇਸ ਕੁਦਰਤੀ ਆਫਦਾਂ ਦੀ ਘੜੀ ਵਿਚ ਪ੍ਰਸ਼ਾਸਨ ਦੇ ਨਾਲ ਇਲਾਕੇ ਦੇ ਨੋਜਵਾਨਾਂ, ਆਪ ਵਲੰਟੀਅਰਾਂ, ਯੂਥ ਕਲੱਬਾਂ, ਪੰਚਾਂ, ਸਰਪੰਚਾਂ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ। ਦਰਜਨਾਂ ਥਾਵਾਂ ਤੇ ਦਰਿਆਂ ਅਤੇ ਨਹਿਰਾਂ ਦੇ ਕੰਢੇ ਕੰਮਜੋਰ ਹੋਣ, ਬੰਨ੍ਹ ਟੁੱਟਣ ਵਰਗੇ ਹਾਲਾਤ ਵਿਚ ਹੜ੍ਹਾਂ ਦੀ ਖਤਰਾ ਬਣਿਆ, ਅਜਿਹੇ ਸਮੇਂ ਦੌਰਾਨ ਸਾਡੀ ਟੀਮ ਨੇ ਹਰ ਸਥਿਤੀ ਦਾ ਟਾਕਰਾ ਕੀਤਾ ਹੈ ਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਕੀਤੀ ਹੈ।

ਉਨ੍ਹਾਂ ਨੇ ਕਿਹਾ ਕਿ ਹੁਣ ਹਾਲਾਤ ਹੋਲੀ ਹੋਲੀ ਆਮ ਵਰਗੇ ਹੋ ਰਹੇ ਹਨ ਅਤੇ ਹੜ੍ਹਾਂ ਦਾ ਪ੍ਰਭਾਵ ਜ਼ਮੀਨੀ ਪੱਧਰ ਤੇ ਨਜ਼ਰ ਆ ਰਿਹਾ ਹੈ। ਅੱਜ ਸਾਰੇ ਸਰਕਾਰੀ ਸਕੂਲਾਂ ਦੀ ਸਫਾਈ ਦੀ ਮੁਹਿੰਮ ਚਲਾਈ ਗਈ ਹੈ, ਕੱਲ ਤੋਂ ਸਾਰੇ ਸਰਕਾਰੀ ਸਕੂਲ ਆਮ ਵਾਂਗ ਖੁੱਲ ਜਾਣਗੇ। ਉਨ੍ਹਾਂ ਨੇ ਕਿਹਾ ਕਿ ਹੁਣ ਲੋਕਾਂ ਦੀ ਮੱਦਦ ਲਈ ਹੋਰ ਹੰਭਲਾ ਮਾਰਨ ਦੀ ਜਰੂਰਤ ਹੈ। ਇਸ ਲਈ ਮੇਰੇ ਪਰਿਵਾਰ ਅਤੇ ਸਹਿਯੋਗੀਆਂ ਨੇ ਇਹ ਫੈਸਲਾ ਕੀਤਾ ਹੈ ਕਿ ਆਪਣੇ ਵੱਲੋਂ ਨਿੱਜੀ ਖਰਚੇ ਤੇ 50 ਘਰਾਂ ਦੀ ਮੁਰੰਮਤ ਕਰਵਾਈ ਜਾਵੇ ਅਤੇ ਪਰਿਵਾਰ ਵੱਲੋਂ 5 ਲੱਖ ਰੁਪਏ ਇਸ ਅਪ੍ਰੇਸ਼ਨ ਰਾਹਤ ਵਿਚ ਦਿੱਤੇ ਜਾਣਗੇ।

ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਨੇ ਆਪਣੇ ਹਲਕੇ ਸ੍ਰੀ ਅਨੰਦਪੁਰ ਸਾਹਿਬ ਲਈ ਓਪ੍ਰੇਸ਼ਨ ਰਾਹਤ ਦੀ ਸੁਰੂਆਤ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਸਾਡੇ ਨੌਜਵਾਨ, ਆਪ ਵਲੰਟੀਅਰ ਤੇ ਪ੍ਰਸ਼ਾਸਨ ਦੀਆਂ ਟੀਮਾਂ ਨੰਗਲ, ਸ੍ਰੀ ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਅਤੇ ਸਾਰੇ ਪਿੰਡਾਂ ਵਿਚ ਜਾ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਾਡੇ ਐਸ.ਡੀ.ਐਮ, ਤਹਿਸੀਲਦਾਰ, ਕਾਨੂੰਗੋ, ਪਟਵਾਰੀ, ਬੀ.ਡੀ.ਪੀ.ਓ, ਪੰਚਾਇਤ ਸੈਕਟਰੀ ਲੋਕਾਂ ਦੇ ਘਰਾਂ ਤੱਕ ਪਹੁੰਚ ਕਰਨਗੇ। ਪੰਚਾਂ, ਸਰਪੰਚਾਂ, ਨੰਬਰਦਾਰਾਂ ਨਾਲ ਤਾਲਮੇਲ ਕਰਕੇ ਲੋਕਾਂ ਦੇ ਹੋਏ ਨੁਕਸਾਨ ਦਾ ਜਾਇਜ਼ਾ ਲਿਆ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਜਿੱਥੇ ਵੀ ਜਲ ਭਰਾਓ ਹੋਇਆ ਹੈ, ਉਥੇ ਪਾਣੀ ਦੀ ਨਿਕਾਸੀ ਅਤੇ ਲੋਕਾਂ ਦੇ ਪੀਣ ਲਈ ਸੁੱਧ ਪੀਣ ਵਾਲਾ ਪਾਣੀ, ਜਲ ਸਪਲਾਈ ਤੇ ਮੁਹੱਇਆ ਕਰਵਾਇਆ ਜਾਵੇਗਾ। ਮਹਾਂਮਾਰੀ ਤੋ ਬਚਣ ਲਈ ਪਿੰਡਾਂ ਤੇ ਸ਼ਹਿਰਾਂ ਵਿਚ ਫੋਗਿੰਗ ਅਤੇ ਦਵਾਈ ਦਾ ਛਿੜਕਾਓ ਕਰਵਾਇਆ ਜਾਵੇਗਾ। ਲੋਕਾਂ ਦੀ ਸਿਹਤ ਜਾਂਚ ਲਈ ਮੈਡੀਕਲ ਟੀਮਾਂ ਦੇ ਨਾਲ ਨਾਲ ਪਸ਼ੂ ਧੰਨ ਦੀ ਸੁਰੱਖਿਆ ਬਹੁਤ ਜਰੂਰੀ ਹੈ, ਜਿਸ ਲਈ ਵੈਟਨਰੀ ਡਾਕਟਰ ਵੀ ਪਿੰਡਾਂ ਵਿਚ ਜਾ ਕੇ ਪਸ਼ੂਆਂ ਦਾ ਇਲਾਜ ਕਰਨਗੇ ਅਤੇ ਮੁਫ਼ਤ ਦਵਾਈਆਂ ਉਪਲੱਬਧ ਕਰਵਾਈਆਂ ਜਾਣਗੀਆਂ। ਉਨ੍ਹਾਂ ਨੇ ਕਿਹਾ ਕਿ ਬਿਜਲੀ ਦੀ ਨਿਰਵਿਘਨ ਸਪਲਾਈ ਅਤੇ ਸੜਕੀ ਨੈਟਵਰਕ ਨੂੰ ਮੁੜ ਲੀਹ ਤੇ ਲਿਆਉਣ ਦੇ ਵੀ ਪ੍ਰਬੰਧ ਕੀਤੇ ਜਾ ਰਹੇ ਹਨ। ਕੈਬਨਿਟ ਮੰਤਰੀ ਸ.ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਸਾਡੀ ਟੀਮ "ਆਪਰੇਸਨ ਰਾਹਤ" ਨੂੰ ਅਗਲੇ ਚਰਨ ਵਿੱਚ ਲੈ ਕੇ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਮੁਹਿੰਮ ਅਗਲੇ 10 ਦਿਨਾਂ ਤੱਕ ਜਾਰੀ ਰਹੇਗੀ। ਇਸ ਅਭਿਆਨ ਤਹਿਤ ਸ.ਬੈਂਸ ਨੇ ਕਿਹਾ ਕਿ ਸਰਕਾਰ ਵੱਲੋਂ ਜਿਹੜੀ ਵੀ ਰਾਹਤ ਐਲਾਨੀ ਜਾਵੇਗੀ, ਉਸ ਨੂੰ ਜਲਦ ਤੋਂ ਜਲਦ ਲੋਕਾਂ ਤੱਕ ਪਹੁੰਚਾਇਆ ਜਾਵੇਗਾ। ਇਸ ਮੌਕੇ ਡਾਕਟਰ ਸੰਜੀਵ ਗੌਤਮ ਜ਼ਿਲ੍ਹਾਂ ਕੋਆਰਡੀਨੇਟਰ, ਕਮਿੱਕਰ ਸਿੰਘ ਹਲਕਾ ਕੋਆਰਡੀਨੇਟਰ, ਰਾਮ ਕੁਮਾਰ ਮੁਕਾਰੀ ਜਿਲ੍ਹਾ ਸਕੱਤਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ, ਤਰਲੋਚਨ ਸਿੰਘ ਲੋਦੀ ਪ੍ਰਧਾਨ ਟਰੱਕ ਯੂਨੀਅਨ ਕੀਰਤਪੁਰ ਸਾਹਿਬ, ਦਲਜੀਤ ਸਿੰਘ, ਸੁਖਵਿੰਦਰ ਸਿੰਘ ਸੇਖੋ, ਚੰਨਣ ਸਿੰਘ ਪੰਮੂ ਢਿੱਲੋਂ ਸਰਪੰਚ, ਬਲਵਿੰਦਰ ਸਿੰਘ, ਨਿਸ਼ਾਂਤ ਗੁਪਤਾ, ਐਡਵੋਕੇਟ ਨਿਸ਼ਾਤ ਗੁਪਤਾ, ਜਸਪਾਲ ਸਿੰਘ, ਰਾਕੇਸ਼ ਵਰਮਾ, ਜੋਨੀ ਪੁਰੀ, ਸੋਹਣ ਸਿੰਘ, ਸਤੀਸ਼ ਚੋਪੜਾ, ਸ਼ਮੀ ਬਰਾਰੀ, ਦੀਪੂ ਬਸ, ਗੁਰਵਿੰਦਰ ਕੌਰ ਕੋਆਰਡੀਨੇਟਰ ਮਹਿਲਾ ਵਿੰਗ, ਸੁਨੀਤਾ ਬਲਾਕ ਪ੍ਰਧਾਨ, ਪਿੰਕੀ ਸਰਮਾ, ਬਿਕਰ ਸਿੰਘ, ਸੁਰਜੀਤ ਕੁਮਾਰ, ਪ੍ਰਿੰਸੀਪਲ ਗੁਰਨਾਮ ਸਿੰਘ,ਅਸਵਨੀ ਸਰਮਾ, ਮੁਕੇਸ ਸਰਮਾ, ਹਰਦੀਪ ਸਿੰਘ ਬੈਂਸ, ਦਲਜੀਤ ਸਿੰਘ ਕਾਕਾ, ਨਿਤਿਨ ਬਾਸੋਵਾਲ, ਕੁਲਵਿੰਦਰ ਸਿੰਘ, ਸੋਹਣ ਸਿੰਘ, ਕੁਲਦੀਪ ਸਿੰਘ, ਗੁਰਨਾਮ ਸਿੰਘ, ਅਭਿਜੀਤ ਅਲੈਕਸੀ, ਕਰਤਾਰ ਸਿੰਘ, ਨੀਰਜ, ਅਮਰਜੀਤ ਸਿੰਘ ਤੇ ਨੌਜਵਾਨ ਵੱਡੀ ਗਿਣਤੀ ਵਿਚ ਹਾਜ਼ਰ ਸਨ।

# ਹਰਪਾਲ ਸਿੰਘ ਚੀਮਾ ਨੇ 16 ਕਲਰਕਾਂ ਨੂੰ ਸੌਂਪੇ ਨਿਯੁਕਤੀ ਪੱਤਰ



ਚੰਡੀਗੜ੍ਹ, 8 ਸਤੰਬਰ (ਚ.ਨ.ਸ.): ਪੰਜਾਬ ਦੇ ਵਿੱਤ ਮੰਤਰੀ ਐਡ. ਹਰਪਾਲ ਸਿੰਘ ਚੀਮਾ ਨੇ ਸੂਬੇ ਦੇ ਵਿੱਤੀ ਪ੍ਰਸਾਸਨ ਨੂੰ ਹੋਰ ਮਜਬੂਤ ਕਰਨ ਲਈ ਨਵੇਂ ਭਰਤੀ ਹੋਏ 16 ਕਲਰਕਾਂ ਨੂੰ ਨਿਯੁਕਤੀ ਪੱਤਰ ਸੌਂਪੇ। ਇਹ ਨਿਯੁਕਤੀਆਂ ਨਵ-ਗਠਿਤ 'ਡਾਇਰੈਕਟੋਰੇਟ ਆਫ ਖਜਾਨਾ ਤੇ ਲੇਖਾ ਸ਼ਾਖਾ, ਪੈਨਸਨ ਅਤੇ ਨਿਊ ਪੈਨਸਨ ਸਕੀਮ' ਲਈ ਕੀਤੀਆਂ ਗਈਆਂ ਹਨ। ਇਸ ਮੌਕੇ ਦੀ ਖਾਸ ਗੱਲ ਇਹ ਰਹੀ ਕਿ ਜਿਆਦਾਤਰ ਨੌਜਵਾਨਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮੌਜੂਦਾ ਪੰਜਾਬ ਸਰਕਾਰ ਅਧੀਨ ਦੂਜੀ ਜਾਂ ਤੀਜੀ ਨੌਕਰੀ ਮਿਲੀ ਹੈ। ਵਿਭਾਗ ਵਿੱਚ ਕਲਰਕ ਵਜੋਂ ਨਿਯੁਕਤ ਹੋਈ ਸੰਦੀਪ ਕੌਰ ਨੂੰ ਪਹਿਲਾਂ ਪੁਲਿਸ ਅਤੇ ਸਹਿਕਾਰੀ ਬੈਂਕ ਵਿੱਚ ਵੀ ਨੌਕਰੀ ਮਿਲੀ ਸੀ। ਇਸੇ ਤਰ੍ਹਾਂ ਜੀਵਨ ਸਿੰਘ, ਹੈਪੀ ਕੁਮਾਰ, ਸਾਹਿਲ ਸਿਆਗ, ਅਵਤਾਰ ਸਿੰਘ ਤੇ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਉਨ੍ਹਾਂ ਦੀ ਦੂਜੀ ਨਿਯੁਕਤੀ ਹੈ। ਉਨ੍ਹਾਂ ਨੇ ਸੂਬੇ ਦੇ ਨੌਜਵਾਨਾਂ ਲਈ ਰੁਜਗਾਰ ਦੇ ਕਈ ਮੌਕੇ ਪੈਦਾ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ।

ਇਸ ਮੌਕੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਨਵੇਂ ਕਰਮਚਾਰੀਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ। ਉਨ੍ਹਾਂ ਨੇ ਸਰਕਾਰੀ ਦਫਤਰਾਂ ਦੇ ਸੁਚਾਰੂ ਕੰਮਕਾਜ ਵਿੱਚ ਕਲਰਕਾਂ ਦੀ ਅਹਿਮ ਭੂਮਿਕਾ 'ਤੇ ਜੋਰ ਦਿੰਦਿਆਂ ਕਿਹਾ ਕਿ ਕਲਰਕ ਦਫਤਰੀ ਕੰਮਕਾਜ ਦਾ ਮੁੱਢਲਾ ਅਧਾਰ ਹਨ ਤੇ ਉਨ੍ਹਾਂ ਦੀ ਕੁਸਲਤਾ ਵਿਭਾਗ ਦੇ ਸੁਚਾਰੂ ਕੰਮਕਾਜ ਵਿੱਚ ਅਹਿਮ ਭੂਮਿਕਾ ਨਿਭਾਵੇਗੀ। ਉਨ੍ਹਾਂ ਨਵੇਂ ਭਰਤੀ ਹੋਏ ਕਲਰਕਾਂ ਨੂੰ ਇਮਾਨਦਾਰੀ, ਅਨੁਸਾਸਨ ਅਤੇ ਲਗਨ ਨਾਲ ਆਪਣੀ ਡਿਊਟੀ ਨਿਭਾਉਣ ਅਤੇ ਪੰਜਾਬ ਦੀ ਤਰੱਕੀ ਅਤੇ ਖੁਸਹਾਲੀ ਵਿੱਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਧੀਕ ਮੁੱਖ ਸਕੱਤਰ ਵਿੱਤ ਅਲੋਕ ਸੇਖਰ, ਡਾਇਰੈਕਟਰ ਖਜਾਨਾ ਅਰਵਿੰਦ ਕੁਮਾਰ ਅਤੇ ਵਧੀਕ ਡਾਇਰੈਕਟਰ ਖਜਾਨਾ ਸਿਮਰਜੀਤ ਕੌਰ ਵੀ ਹਾਜ਼ਰ ਸਨ।

# ਹੜ੍ਹ ਪੀੜਤਾਂ ਦੀ ਮੱਦਦ ਲਈ ਪ੍ਰਧਾਨ ਮੰਤਰੀ ਮੋਦੀ ਫਿਰਾਖ਼ ਦਿੱਲੀ ਦਿਖਾਉਣ : ਬਰਿੰਦਰ ਗੋਇਲ

ਚੰਡੀਗੜ੍ਹ, 8 ਸਤੰਬਰ (ਚ.ਨ.ਸ.): ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਅੱਜ ਸੂਬੇ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਫਿਰਾਖ਼ਦਿਲੀ ਦਿਖਾਉਣ ਦੀ ਅਪੀਲ ਕੀਤੀ ਹੈ। ਇੱਥੇ ਪੰਜਾਬ ਭਵਨ ਵਿਖੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਗੋਇਲ ਨੇ ਹੜ੍ਹਾਂ ਦੇ ਮੱਦੇਨਜ਼ਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਭਾਵੀ ਪੰਜਾਬ ਦੌਰੇ ਲਈ ਉਨ੍ਹਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਉਹ ਪੰਜਾਬ ਨੂੰ ਹੜ੍ਹਾਂ ਨਾਲ ਹੋਏ ਨੁਕਸਾਨ ਦੇ ਮੁਆਵਜ਼ੇ ਵਜੋਂ ਘੱਟੋ-ਘੱਟ 25 ਹਜ਼ਾਰ ਕਰੋੜ ਤੁਰੰਤ ਜਾਰੀ ਕਰਨ ਦਾ ਐਲਾਨ ਕਰਨ। ਇਸ ਤੋਂ ਇਲਾਵਾ 60 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਵੀ ਤੁਰੰਤ ਜਾਰੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਬੇਸ਼ੱਕ ਪ੍ਰਧਾਨ ਮੰਤਰੀ ਹੜ੍ਹ ਆਉਣ ਤੋਂ 25 ਦਿਨ ਬਾਅਦ ਪੰਜਾਬ ਦਾ ਦੌਰਾ ਕਰਨ ਆ ਰਹੇ ਹਨ ਪਰ ਇਸ ਸਬੰਧੀ ਉਨ੍ਹਾਂ ਨੇ ਹੁਣ ਤੱਕ ਇਕ ਵੀ ਲਫ਼ਜ਼ ਨਹੀਂ ਬੋਲਿਆ। ਗੋਇਲ ਨੇ ਦੱਸਿਆ ਕਿ ਮੁਢਲੇ ਅੰਦਾਜ਼ਿਆਂ ਮੁਤਾਬਕ 4 ਲੱਖ ਏਕੜ ਦੇ ਕਰੀਬ ਫ਼ਸਲਾਂ ਤਬਾਹ ਹੋ ਗਈਆਂ ਹਨ। ਉਨ੍ਹਾਂ ਕਿਹਾ ਕਿ ਹਾਲਾਂਕਿ ਜਲ ਸਰੋਤ ਵਿਭਾਗ ਦੇ ਧੁੱਸੀ ਬੰਨ੍ਹ ਕਿਤੇ ਨਹੀਂ ਟੁੱਟੇ ਪਰ ਪਾਣੀ ਓਵਰਫਲੋਅ ਹੋਣ ਕਰਕੇ ਨੁਕਸਾਨੇ ਬੰਨ੍ਹਾਂ ਅਤੇ ਹੋਰ ਨੁਕਸਾਨ ਨੂੰ ਦਰੁਸਤ ਕਰਨ ਲਈ, ਪਾਣੀ ਉਤਰਨ ਪਿੱਛੋਂ ਵੱਡੇ ਪ੍ਰਾਜੈਕਟ ਸ਼ੁਰੂ ਕੀਤੇ ਜਾਣੇ ਹਨ, ਉਨ੍ਹਾਂ ਲਈ ਵੀ ਫ਼ੰਡਾਂ ਦੀ ਜ਼ਰੂਰਤ ਹੋਵੇਗੀ। ਉਨ੍ਹਾਂ ਕਿਹਾ ਕਿ ਸੜਕਾਂ ਟੁੱਟਣ ਕਾਰਨ ਮੰਡੀ ਬੋਰਡ ਨੂੰ ਵੱਡਾ ਨੁਕਸਾਨ ਹੋਇਆ ਹੈ। ਇਸੇ



ਤਰ੍ਹਾਂ ਸਕੂਲਾਂ ਤੇ ਕਾਲਜਾਂ ਦੀਆਂ ਕਰੀਬ 3300 ਇਮਾਰਤਾਂ ਪ੍ਰਭਾਵਿਤ ਹੋਈਆਂ ਹਨ। ਇਸ ਤੋਂ ਇਲਾਵਾ ਬਿਜਲੀ ਦੇ ਹਜ਼ਾਰਾਂ ਖੰਭੇ ਡਿੱਗ ਗਏ ਤੇ ਟਰਾਂਸਫਾਰਮਰ ਪਾਣੀ ਵਿੱਚ ਡੁੱਬ ਗਏ ਹਨ, ਜਿਨ੍ਹਾਂ ਦੇ ਨੁਕਸਾਨਾਂ ਦੀ ਭਰਪਾਈ ਲਈ ਤੁਰੰਤ ਫ਼ੰਡਾਂ ਦੀ ਲੋੜ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਦੂਜੇ ਸੂਬਿਆਂ ਨੂੰ ਕੁਦਰਤੀ ਆਫ਼ਤਾਂ ਮੌਕੇ ਤੁਰੰਤ ਵਿਸ਼ੇਸ਼ ਪੈਕੇਜ ਐਲਾਨ ਦਿੱਤੇ ਜਾਂਦੇ ਹਨ ਪਰ ਪੰਜਾਬ ਸਬੰਧੀ ਕੇਂਦਰ ਸਰਕਾਰ ਹੁਣ ਤੱਕ ਟੀਮਾਂ ਰਾਹੀਂ ਰਿਪੋਰਟਾਂ ਹੀ ਹਾਸਲ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਅਫ਼ਗ਼ਾਨਿਸਤਾਨ ਦੇ ਭੂਚਾਲ ਪੀੜਤਾਂ ਦੀ ਮਦਦ ਲਈ ਤਾਂ ਰਾਹਤ ਸਮੱਗਰੀ ਤੁਰੰਤ ਭੇਜ ਦਿੱਤੀ ਪਰ ਪੰਜਾਬ ਲਈ ਅਜੇ ਤੱਕ ਕੇਂਦਰ ਸਰਕਾਰ ਨੇ ਕੁਝ ਨਹੀਂ ਕੀਤਾ। ਜਲ ਸਰੋਤ ਮੰਤਰੀ ਨੇ ਕਿਹਾ ਕਿ ਦੇਸ਼ ਭਰ ਦੀਆਂ ਸਮਾਜ-ਸੇਵੀ ਸੰਸਥਾਵਾਂ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਲਈ ਲਗਾਤਾਰ ਕੰਮ ਕਰ ਰਹੀਆਂ ਹਨ ਪਰ ਕੇਂਦਰ ਸਰਕਾਰ ਹੁਣ ਤੱਕ ਰਿਪੋਰਟਾਂ ਹੀ ਇਕੱਠੀਆਂ ਕਰਨ ਵਿਚ ਮਸਰੂਫ ਹੈ ਜਦਕਿ ਸੂਬੇ ਦੀ ਸਾਰੀ ਤ੍ਰਾਸਦੀ ਪੂਰੇ ਸੰਸਾਰ ਦੇ ਸਾਹਮਣੇ ਹੈ।

ਉਨ੍ਹਾਂ ਕਿਹਾ ਕਿ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੱਲੋਂ ਪਿਛਲੇ ਦਿਨੀਂ ਹੜ੍ਹਾਂ ਦਾ ਜਾਇਜ਼ਾ ਲੈਣ ਲਈ ਪੰਜਾਬ ਦੌਰੇ ਪਿਛੋਂ ਹੜ੍ਹਾਂ ਦਾ ਕਾਰਨ ਮਾਈਨਿੰਗ ਹੋਣ ਸਬੰਧੀ ਦਿੱਤੇ ਗਏ ਬੇਤੁਕੇ ਬਿਆਨ ਨਾਲ ਸੂਬੇ ਦੇ ਜ਼ਖ਼ਮਾਂ 'ਤੇ ਨਮਕ ਹੀ ਭੁੱਕਿਆ ਗਿਆ ਹੈ। ਇੱਕ ਸਵਾਲ ਦੇ ਜਵਾਬ ਵਿੱਚ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਪੰਜਾਬ ਸਰਕਾਰ ਕੋਲ ਇਸ ਸਮੇਂ ਆਫ਼ਤ ਪ੍ਰਬੰਧਨ ਫ਼ੰਡ ਵਿੱਚ 13 ਹਜ਼ਾਰ ਕਰੋੜ ਰੁਪਏ ਪਏ ਹਨ ਪਰ ਕੇਂਦਰ ਸਰਕਾਰ ਦੀਆਂ ਸ਼ਰਤਾਂ ਕਾਰਨ ਸੂਬਾ ਸਰਕਾਰ ਨੂੰ ਇਹ ਪੈਸੇ ਖ਼ਰਚਣ ਦੀ ਆਗਿਆ ਨਹੀਂ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਆਫ਼ਤ ਪ੍ਰਬੰਧਨ ਫ਼ੰਡ ਸਬੰਧੀ ਨਿਯਮਾਂ ਵਿੱਚ ਢਿੱਲ ਦੇਵੇ ਤਾਂ ਜੋ ਸੂਬਾ ਵਾਸੀਆਂ ਦਾ ਭਲਾ ਹੋ ਸਕੇ। ਉਨ੍ਹਾਂ ਪ੍ਰਧਾਨ ਮੰਤਰੀ ਨੂੰ ਅਪੀਲ ਕੀਤੀ ਕਿ ਡਿਜਾਸਟਰ ਫ਼ੰਡ ਦਾ ਪੈਸਾ ਸੂਬਿਆਂ ਨੂੰ ਵਰਤਣ ਦਾ ਵੀ ਅਧਿਕਾਰ ਦਿੱਤਾ ਜਾਵੇ ਕਿਉਂਕਿ ਸੂਬਿਆਂ ਨੂੰ ਜ਼ਮੀਨੀ ਹਕੀਕਤ ਦਾ ਜ਼ਿਆਦਾ ਪਤਾ ਹੁੰਦਾ ਹੈ।

# ਸਿੱਖਿਆ ਮੰਤਰੀ ਵੱਲੋਂ "ਆਓ ਆਪੋ ਆਪਣੇ ਪਿੰਡ ਦਾ ਸਰਕਾਰੀ ਸਕੂਲ ਸਾਫ਼ ਕਰੀਏ" ਮੁਹਿੰਮ ਦੀ ਸ਼ੁਰੂਆਤ

ਚੰਡੀਗੜ੍ਹ/ਸਰਸਾ ਨੰਗਲ/ ਕੀਰਤਪੁਰ ਸਾਹਿਬ, 8 ਸਤੰਬਰ (ਚ.ਨ.ਸ.): ਪੰਜਾਬ ਦੇ ਸਿੱਖਿਆ ਮੰਤਰੀ ਸ.ਹਰਜੋਤ ਸਿੰਘ ਬੈਂਸ ਨੇ ਅੱਜ ਸਰਕਾਰੀ ਸੀਨੀ.ਸੈਕੰ. ਸਕੂਲ ਸਰਸਾ ਨੰਗਲ ਤੋਂ ਆਓ ਆਪਣੇ ਆਪਣੇ ਪਿੰਡ ਦਾ ਸਰਕਾਰੀ ਸਕੂਲ ਸਾਫ ਕਰੀਏ ਮੁਹਿੰਮ ਦੀ ਸੁਰੂਆਤ ਕੀਤੀ ਹੈ ਅਤੇ ਇਸ ਮੁਹਿੰਮ ਵਿੱਚ ਹਰ ਕਿਸੇ ਨੂੰ ਵੱਧ ਤੋ ਵੱਧ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਸਿੱਖਿਆ ਮੰਤਰੀ ਨੇ ਕਿਹਾ ਹੈ ਕਿ ਪਿਛਲੇ ਕਈ ਦਿਨਾਂ ਤੋ ਹੜ੍ਹਾਂ ਕਾਰਨ ਪੰਜਾਬ ਦੇ ਲਗਭਗ 20 ਹਜ਼ਾਰ ਸਰਕਾਰੀ ਸਕੂਲ ਬੰਦ ਕੀਤੇ ਹੋਏ ਸਨ, ਜਿਨ੍ਹਾਂ ਨੂੰ ਅੱਜ ਸਾਫ ਸਫਾਈ ਲਈ ਖੋਲਿਆ ਗਿਆ ਹੈ, ਭਲਕੇ 9 ਸਤੰਬਰ ਨੂੰ ਇਨ੍ਹਾਂ ਸਕੂਲਾਂ ਵਿਚ ਵਿਦਿਆਰਥੀ ਪਹੁੰਚ ਜਾਣਗੇ। ਅੱਜ ਅਸੀ ਇਨ੍ਹਾਂ ਸਰਕਾਰੀ ਸਕੂਲਾਂ ਦੀ ਸਾਫ ਸਫਾਈ ਅਤੇ ਸਥਿਤੀ ਜਾਨਣ ਲਈ ਇੱਕ ਵਿਸੇਸ਼ ਮੁਹਿੰਮ ਅਰੰਭ ਕੀਤੀ ਹੈ। ਜਿਸ ਤਹਿਤ



ਆਪਣੇ ਆਪਣੇ ਇਲਾਕੇ ਦੇ ਸਰਕਾਰੀ ਸਕੂਲਾਂ ਵਿਚ ਸਾਫ ਸਫਾਈ ਦਾ ਵਿਸੇਸ਼ ਅਭਿਆਨ ਚਲਾਇਆ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਆਪਣੇ ਸਾਥੀ ਵਿਧਾਇਕਾਂ, ਪਿੰਡਾਂ ਦੇ ਪੰਚਾਂ, ਸਰਪੰਚਾਂ, ਯੂਥ ਕਲੱਬਾਂ, ਨੌਜਵਾਨਾਂ ਅਤੇ ਸਕੂਲ ਮੈਨੇਜਮੈਂਟ ਕਮੇਟੀ ਮੈਂਬਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਨ੍ਹਾਂ ਸਰਕਾਰੀ ਸਕੂਲਾਂ ਵਿਚ ਜਾ ਕੇ ਅਰੰਭ ਕੀਤੀ ਸਾਫ ਸਫਾਈ ਮੁਹਿੰਮ ਵਿੱਚ ਸਹਿਯੋਗ ਦੇਣ। ਉਨ੍ਹਾਂ ਨੇ ਕਿਹਾ ਕਿ ਕੁਝ ਦਿਨ ਬੰਦ ਰਹਿਣ ਕਾਰਨ ਇਨ੍ਹਾਂ ਸਕੂਲਾਂ ਵਿਚ ਸਾਫ ਸਫਾਈ ਦੀ ਜਰੂਰਤ ਹੈ ਅਤੇ ਜੇਕਰ ਕਿਤੇ ਪਾਣੀ ਦੀ ਨਿਕਾਸੀ, ਪੀਣ ਵਾਲੇ ਪਾਣੀ ਅਤੇ ਕੂੜਾ ਕਰਕਟ ਦੀ ਸਮੱਸਿਆ ਹੈ, ਉਸ ਨੂੰ ਅੱਜ ਹੀ ਹੱਲ ਕਰਵਾ ਲਿਆ ਜਾਵੇ। ਉਨ੍ਹਾਂ ਨੇ ਬੀਤੀ ਸ਼ਾਮ ਵੀ ਇਹ ਅਪੀਲ ਕੀਤੀ ਸੀ ਕਿ ਜੇਕਰ ਕਿਤੇ ਕੋਈ ਇਮਾਰਤ ਅਸੁਰੱਖਿਅਤ ਜਾਪਦੀ ਹੋਵੇ ਤਾਂ ਉਸ ਬਾਰੇ ਤੁਰੰਤ ਜਿਲ੍ਹੇ ਦੇ ਡਿਪਟੀ ਕਮਿਸ਼ਨਰ, ਐਸ.ਡੀ.ਐਮ ਜਾਂ ਇੰਜੀਨਿਅਰ ਵਿੰਗ ਨੂੰ ਸੂਚਿਤ ਕੀਤਾ ਜਾਵੇ, ਕਿਉਂਕਿ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਸੁਰੱਖਿਆਂ ਸਾਡੀ ਪ੍ਰਾਥਮਿਕਤਾ ਹੈ।ਇਸ ਮੌਕੇ ਜੁਝਾਰ ਸਿੰਘ ਆਸਪੁਰ ਮੈਂਬਰ ਸੈਣੀ ਵੈਲਫੇਅਰ ਬੋਰਡ ਪੰਜਾਬ, ਜਗਮੀਤ ਕੌਰ ਸਕੂਲ ਇੰਚਾਰਜ, ਹਰਵਿੰਦਰ ਕੌਰ ਬਲਾਕ ਪ੍ਰਧਾਨ, ਸੋਹਣ ਸਿੰਘ, ਸੀਤਾ ਰਾਮ, ਮੋਹਣ ਸਿੰਘ ਸਰਪੰਚ, ਨਵਪ੍ਰੀਤ ਸਿੰਘ, ਗੁਰਮੇਲ ਸਿੰਘ ਨੰਬਰਦਾਰ, ਹਰਭਜਨ ਸਿੰਘ, ਅਵਤਾਰ ਸਿੰਘ ਤੇ ਵੱਡੀ ਗਿਣਤੀ ਵਿਚ ਪਤਵੰਤੇ ਹਾਜ਼ਰ ਸਨ।

# ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ ਡਾ. ਬਲਬੀਰ ਸਿੰਘ ਨੇ 780 ਕਰੋੜ ਦੇ ਸਿਹਤ ਬੁਨਿਆਦੀ ਢਾਂਚੇ ਨੁਕਸਾਨ ਦੇ ਵੇਰਵੇ ਕੀਤੇ ਸਾਂਝੇ

ਚੰਡੀਗੜ੍ਹ, 8 ਸਤੰਬਰ (ਚ.ਨ.ਸ.): ਪੰਜਾਬ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਹੜ੍ਹਾਂ ਕਾਰਨ 130 ਕਰੋੜ ਰੁਪਏ ਦੀਆਂ ਦਵਾਈਆਂ ਨਸ਼ਟ ਹੋ ਗਈਆਂ ਹਨ।



ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ, ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਸੋਮਵਾਰ ਨੂੰ ਹਾਲ ਹੀ ਵਿੱਚ ਆਏ ਹੜ੍ਹਾਂ ਕਾਰਨ ਸੂਬੇ ਦੇ ਮਹੱਤਵਪੂਰਨ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਹੋਏ ਭਾਰੀ ਨੁਕਸਾਨ ਦਾ ਖੁਲਾਸਾ ਕਰਦਿਆਂ ਦੱਸਿਆ ਕਿ ਮੁੱਢਲੇ ਅਨੁਮਾਨਾਂ ਅਨੁਸਾਰ 780 ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਪੰਜਾਬ ਭਵਨ ਵਿਖੇ ਮੀਡੀਆ [illegible] ਇਸ ਤੋਂ ਇਲਾਵਾ 1,280 ਡਿਸਪੈਂਸਰੀਆਂ ਤੇ ਸਿਹਤ ਤੇ ਤੰਦਰੁਸਤੀ ਕੇਂਦਰ, 101 ਕਮਿਊਨਿਟੀ ਸਿਹਤ ਕੇਂਦਰ ਤੇ ਰਾਜ ਦੇ 41 ਸਬ-ਡਵੀਜ਼ਨਲ ਹਸਪਤਾਲਾਂ ਵਿੱਚੋਂ 31 ਨੂੰ ਭਾਰੀ ਨੁਕਸਾਨ ਪਹੁੰਚਿਆ ਹੈ, ਜਿਸ ਨਾਲ ਸ਼ੁਰੂਆਤੀ ਨੁਕਸਾਨ ਲਗਭਗ 780 ਕਰੋੜ ਰੁਪਏ ਹੋ ਗਿਆ ਹੈ। ਡਾ. ਬਲਬੀਰ ਸਿੰਘ ਨੇ ਖੁਲਾਸਾ ਕੀਤਾ ਕਿ ਉਨ੍ਹਾਂ ਨੇ ਪਹਿਲਾਂ ਹੀ ਕੇਂਦਰੀ ਸਿਹਤ ਮੰਤਰੀ, ਜੇ.ਪੀ. ਨੱਡਾ ਨੂੰ [illegible] ਇਮਾਰਤਾਂ ਨਹੀਂ ਸਗੋਂ ਜੀਵਨ-ਰੱਖਿਅਕ ਉਪਕਰਣ, ਜ਼ਰੂਰੀ ਦਵਾਈਆਂ ਅਤੇ ਭਾਰੀ ਨੁਕਸਾਨ ਕਾਰਨ ਲੱਖਾਂ ਪੰਜਾਬੀਆਂ ਦੀ ਦੇਖ-ਭਾਲ ਤੇ ਮੁੜ ਵਸੇਬਾ ਵੀ ਸ਼ਾਮਲ ਹੈ। ਅਸੀਂ ਪ੍ਰਧਾਨ ਮੰਤਰੀ ਦੇ ਦੌਰੇ ਦਾ ਸਵਾਗਤ ਕਰਦੇ ਹਾਂ, ਪਰ ਸਾਨੂੰ ਇੱਕਜੁਟਤਾ ਦੀ ਜਿਆਦਾ ਲੋੜ ਹੈ।ਉਨ੍ਹਾਂ ਕਿਹਾ ਕਿ ਸਾਨੂੰ ਜ਼ਰੂਰੀ ਬੁਨਿਆਦੀ ਢਾਂਚੇ ਦੇ ਮੁੜ ਨਿਰਮਾਣ ਅਤੇ ਵਿਆਪਕ ਰਾਜ ਦੀ ਰਿਕਵਰੀ ਲਈ ਘੱਟੋ-ਘੱਟ 20,000 ਕਰੋੜ ਰੁਪਏ ਦੀ ਕੇਂਦਰੀ ਸਹਾਇਤਾ ਦੀ ਤੁਰੰਤ ਲੋੜ ਹੈ। ਸਿਹਤ ਮੰਤਰੀ ਨੇ ਕੇਂਦਰ ਦੁਆਰਾ ਰੋਕੇ ਗਏ 60,000 ਕਰੋੜ ਰੁਪਏ ਦੇ ਫੰਡਾਂ ਨੂੰ ਤੁਰੰਤ ਜਾਰੀ ਕਰਨ ਦੀ ਸੂਬਾ ਸਰਕਾਰ ਦੀ ਮੰਗ ਨੂੰ ਵੀ ਦੁਹਰਾਇਆ, ਜੋ ਕਿ ਪੰਜਾਬ ਦੀ ਹੜ੍ਹ ਪ੍ਰਭਾਵਿਤ ਅਰਥਵਿਵਸਥਾ ਦੀ ਸਮੁੱਚੀ ਰਿਕਵਰੀ ਲਈ ਬਹੁਤ ਮਹੱਤਵਪੂਰਨ ਹੈ। ਡਾ. ਬਲਬੀਰ ਸਿੰਘ ਨੇ ਕੇਂਦਰੀ ਖੇਤੀਬਾੜੀ ਮੰਤਰੀ ਸਿਵਰਾਜ ਸਿੰਘ ਚੌਹਾਨ ਦੇ ਸੌੜੇ ਅਤੇ ਗ਼ੈਰ-ਜ਼ਿੰਮੇਵਾਰਨਾ ਨਜ਼ਰੀਏ 'ਤੇ ਵੀ ਸਵਾਲ ਉਠਾਉਂਦਿਆਂ ਪ੍ਰਧਾਨ ਮੰਤਰੀ ਨੂੰ ਪੰਜਾਬ ਦੀ ਦੁਰਦਸ਼ਾ ਪ੍ਰਤੀ ਇੱਕ ਵਿਆਪਕ, [illegible]

# ਹੜ੍ਹ ਮਾਰੇ ਇਲਾਕਿਆਂ 'ਚੋਂ 23015 ਵਿਅਕਤੀਆਂ ਨੂੰ ਸੁਰੱਖਿਅਤ ਕੱਢਿਆ, 123 ਰਾਹਤ ਕੈਂਪਾਂ 'ਚ 5416 ਵਿਅਕਤੀਆਂ ਨੂੰ ਠਹਿਰਾਇਆ : ਹਰਦੀਪ ਸਿੰਘ ਮੁੰਡੀਆਂ

ਚੰਡੀਗੜ੍ਹ, 8 ਸਤੰਬਰ (ਚ.ਨ.ਸ.): ਪੰਜਾਬ ਦੇ ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਅੱਜ ਦੱਸਿਆ ਕਿ ਹੜ੍ਹਾਂ ਕਾਰਨ ਸੂਬੇ ਦੇ ਕਈ ਜ਼ਿਲ੍ਹਿਆਂ ਵਿੱਚ ਜਿਥੇ ਹੋਰ ਆਬਾਦੀ ਪ੍ਰਭਾਵਿਤ ਹੋਈ ਹੈ, ਉਥੇ ਫ਼ਸਲਾਂ ਦੇ ਨੁਕਸਾਨ ਵਿੱਚ ਵੀ ਵਾਧਾ ਹੋਇਆ ਹੈ। ਫ਼ਸਲਾਂ ਅਤੇ ਬੁਨਿਆਦੀ ਢਾਂਚੇ ਦੇ ਨੁਕਸਾਨ ਬਾਰੇ ਜਾਣਕਾਰੀ ਦਿੰਦਿਆਂ ਸ. ਮੁੰਡੀਆਂ ਨੇ ਕਿਹਾ ਕਿ ਹੁਣ ਤੱਕ 1,84,938.05 ਹੈਕਟੇਅਰ ਤੋਂ ਵੱਧ ਫ਼ਸਲ ਨੂੰ ਭਾਰੀ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਘਰਾਂ ਅਤੇ ਪਸ਼ੂਧਨ ਨੂੰ ਹੋਏ ਨੁਕਸਾਨ ਦਾ ਮੁਲਾਂਕਣ ਜਾਰੀ ਹੈ ਅਤੇ ਹੜ੍ਹਾਂ ਦਾ ਪਾਣੀ ਘੱਟਣ ਤੋਂ ਬਾਅਦ ਹੀ ਇਸ ਬਾਰੇ ਪੂਰੀ ਜਾਣਕਾਰੀ ਉਪਲਬਧ ਹੋ ਸਕੇਗੀ। ਹਰਦੀਪ ਸਿੰਘ ਮੁੰਡੀਆਂ ਨੇ ਕਿਹਾ ਕਿ ਪਿਛਲੇ 24 ਘੰਟਿਆਂ ਵਿੱਚ 77 ਹੋਰ ਵਿਅਕਤੀਆਂ ਨੂੰ ਹੜ੍ਹਾਂ ਦੇ ਖੇਤਰ ਵਿੱਚੋਂ ਬਾਹਰ ਕੱਢਿਆ ਗਿਆ ਹੈ ਅਤੇ ਹੁਣ ਤੱਕ ਕੁੱਲ 23015 ਵਿਅਕਤੀਆਂ ਨੂੰ ਸੁਰੱਖਿਅਤ ਕੱਢਿਆ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਇਸ ਸਮੇਂ 123 ਰਾਹਤ ਕੈਂਪ ਜਾਰੀ ਹਨ, ਜਿਨ੍ਹਾਂ ਵਿੱਚ 5,416 ਵਿਅਕਤੀ ਬਸੇਰਾ ਕਰ ਰਹੇ ਹਨ ਅਤੇ ਬਹੁਤ ਸਾਰੇ ਪ੍ਰਭਾਵਿਤ ਪਰਿਵਾਰਾਂ ਦੇ ਮੁੜ-ਵਸੇਬੇ ਨੂੰ ਯਕੀਨੀ ਬਣਾਇਆ ਗਿਆ ਹੈ।

ਜ਼ਿਲ੍ਹਾ-ਵਾਰ ਵੇਰਵੇ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਵਿੱਚ 196 ਪਿੰਡ ਹੜ੍ਹਾਂ ਦੀ ਮਾਰ ਹੇਠ ਆਏ ਹਨ, ਜਿਸ ਕਾਰਨ 1,36,105 ਲੋਕ ਪ੍ਰਭਾਵਿਤ ਹੋਏ ਹਨ ਅਤੇ ਜ਼ਿਲ੍ਹੇ ਵਿੱਚ



7 ਵਿਅਕਤੀਆਂ ਦੀ ਮੌਤ ਹੋਈ ਹੈ। ਜ਼ਿਲ੍ਹੇ ਵਿੱਚ ਕੁੱਲ 3260 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਅਤੇ 16 ਰਾਹਤ ਕੈਂਪ ਜਾਰੀ ਹਨ, ਜਦੋਂ ਕਿ 27,154 ਹੈਕਟੇਅਰ ਖੜ੍ਹੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਬਰਨਾਲਾ ਵਿੱਚ ਕੁੱਲ 121 ਪਿੰਡ ਹੜ੍ਹ ਦੇ ਪਾਣੀ ਵਿੱਚ ਘਿਰੇ ਹਨ, ਜਿਸ ਨਾਲ 1343 ਲੋਕ ਪ੍ਰਭਾਵਿਤ ਹੋਏ ਹਨ। ਜ਼ਿਲ੍ਹੇ ਵਿੱਚ 5 ਮੌਤਾਂ ਹੋਈਆਂ ਹਨ, 630 ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ ਅਤੇ 46 ਰਾਹਤ ਕੈਂਪ ਜਾਰੀ ਹਨ। ਇਸੇ ਤਰ੍ਹਾਂ ਜ਼ਿਲ੍ਹਾ ਫ਼ਰੀਦਕੋਟ ਵਿੱਚ 15 ਪਿੰਡ ਹੜ੍ਹਾਂ ਦੀ ਮਾਰ ਹੇਠ ਹਨ। ਫ਼ਾਜ਼ਿਲਕਾ ਵਿੱਚ 86 ਪਿੰਡ ਡੁੱਬੇ ਹਨ ਜਿਸ ਨਾਲ 25,037 ਵਿਅਕਤੀ ਪ੍ਰਭਾਵਿਤ ਹੋਏ ਹਨ ਅਤੇ ਦੋ ਵਿਅਕਤੀਆਂ ਦੀ ਮੌਤ ਹੋਈ ਹੈ। ਹੜ੍ਹਾਂ ਵਾਲੇ ਪਾਣੀ ਵਿੱਚੋਂ ਕੁੱਲ 4,235 ਲੋਕਾਂ ਨੂੰ ਸੁਰੱਖਿਅਤ ਕੱਢਿਆ ਗਿਆ ਹੈ ਅਤੇ 14 ਰਾਹਤ ਕੈਂਪ ਜਾਰੀ ਹਨ ਜਦਕਿ 19,036 ਹੈਕਟੇਅਰ ਤੋਂ ਵੱਧ ਰਕਬੇ 'ਚ ਖੜ੍ਹੀਆਂ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ।

ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਫਿਰੋਜ਼ਪੁਰ ਵਿੱਚ 108 ਪਿੰਡ ਹੜ੍ਹ ਦੀ ਲਪੇਟ ਵਿੱਚ ਆਏ ਹਨ, ਜਿਸ ਕਾਰਨ 38,614 ਵਿਅਕਤੀ ਪ੍ਰਭਾਵਿਤ ਹੋਏ ਹਨ। ਜ਼ਿਲ੍ਹੇ ਵਿੱਚ ਦੋ ਮੌਤਾਂ ਦਰਜ ਕੀਤੀਆਂ ਗਈਆਂ ਹਨ, 3948 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਅਤੇ 17,257 ਹੈਕਟੇਅਰ ਫ਼ਸਲ ਦਾ ਨੁਕਸਾਨ ਹੋਇਆ ਹੈ। ਇਸੇ ਤਰ੍ਹਾਂ ਗੁਰਦਾਸਪੁਰ ਵਿੱਚ 329 ਪਿੰਡ ਪਾਣੀ ਦੀ ਮਾਰ ਹੇਠ ਆਏ ਹਨ, ਜਿਸ ਦੇ ਸਿੱਟੇ ਵਜੋਂ 1,45,000 ਵਿਅਕਤੀ ਪ੍ਰਭਾਵਿਤ ਹੋਏ ਹਨ ਅਤੇ ਦੋ ਮੌਤਾਂ ਹੋਈਆਂ ਹਨ। ਜ਼ਿਲ੍ਹੇ ਵਿੱਚ ਕੁੱਲ 5,581 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਅਤੇ 13 ਰਾਹਤ ਕੈਂਪ ਜਾਰੀ ਹਨ। ਉਨ੍ਹਾਂ ਕਿਹਾ ਕਿ ਸੂਬੇ ਦੇ ਇਸ ਜ਼ਿਲ੍ਹੇ ਦੀਆਂ ਫ਼ਸਲਾਂ ਨੂੰ ਸਭ ਤੋਂ ਵੱਧ ਨੁਕਸਾਨ ਪਹੁੰਚਿਆ ਹੈ, ਇਥੇ 40,169 ਹੈਕਟੇਅਰ ਰਕਬਾ ਪ੍ਰਭਾਵਿਤ ਹੋਇਆ ਹੈ।

ਹੁਸ਼ਿਆਰਪੁਰ ਵਿੱਚ 208 ਪਿੰਡ ਹੜ੍ਹਾਂ ਦੀ ਮਾਰ ਹੇਠ ਹਨ ਜਿਸ ਕਰਕੇ 2,760 ਲੋਕਾਂ ਦਾ ਜੀਵਨ ਪ੍ਰਭਾਵਿਤ ਹੋਇਆ ਹੈ, ਜਦੋਂ ਕਿ 7 ਵਿਅਕਤੀਆਂ ਨੇ ਜਾਨ ਗਵਾਈ ਹੈ। ਕੁੱਲ 1,616 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਅਤੇ 4 ਰਾਹਤ ਕੈਂਪ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਥੇ 8,322 ਹੈਕਟੇਅਰ ਫ਼ਸਲੀ ਰਕਬੇ ਦਾ ਖ਼ਰਾਬਾ ਹੋਇਆ ਹੈ। ਜਲੰਧਰ ਵਿੱਚ 93 ਪਿੰਡ ਹੜ੍ਹਾਂ ਦੀ ਮਾਰ ਹੇਠ ਹਨ ਜਿਸ ਨਾਲ 1,970 ਲੋਕ ਪ੍ਰਭਾਵਿਤ ਹੋਏ ਹਨ। ਜਾਨੀ-ਮਾਲੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ। ਹੁਣ ਤੱਕ ਕੁੱਲ 511 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਅਤੇ 18 ਰਾਹਤ ਕੈਂਪ ਜਾਰੀ ਹਨ। ਇਥੇ 4,800 ਹੈਕਟੇਅਰ ਫ਼ਸਲਾਂ ਦਾ ਨੁਕਸਾਨ ਦਰਜ ਕੀਤਾ ਗਿਆ ਹੈ।

ਮਾਨਸਾ ਜ਼ਿਲ੍ਹੇ ਵਿੱਚ 95 ਪਿੰਡਾਂ ਦੇ 178 ਲੋਕ ਹੜ੍ਹਾਂ ਨਾਲ ਪ੍ਰਭਾਵਿਤ ਹਨ ਅਤੇ ਜ਼ਿਲ੍ਹੇ ਵਿੱਚ 4 ਮੌਤਾਂ ਦਰਜ ਕੀਤੀਆਂ ਗਈਆਂ ਹਨ। ਕੁੱਲ 178 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ, ਜਦੋਂ ਕਿ 2 ਰਾਹਤ ਕੈਂਪ ਜਾਰੀ ਹਨ। 12,207 ਹੈਕਟੇਅਰ ਤੋਂ ਵੱਧ ਰਕਬੇ ਵਿੱਚ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ। ਮੋਗਾ ਵਿੱਚ 52 ਪਿੰਡ ਅਤੇ 800 ਵਿਅਕਤੀ ਹੜ੍ਹਾਂ ਦਾ ਪ੍ਰਕੋਪ ਝੱਲ ਰਹੇ ਹਨ। ਇੱਕ ਵਿਅਕਤੀ ਦੀ ਮੌਤ ਹੋਈ ਹੈ। ਕੁੱਲ 155 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਜਦੋਂ ਕਿ 3 ਕੈਂਪ ਲੋਕਾਂ ਨੂੰ ਆਸਰਾ ਦੇ ਰਹੇ ਹਨ ਅਤੇ 2,240 ਹੈਕਟੇਅਰ ਰਕਬੇ ਹੇਠਲੀ ਫ਼ਸਲ ਨੁਕਸਾਨੀ ਗਈ ਹੈ।

ਮਾਲ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਐਸ.ਏ.ਐਸ. ਨਗਰ ਵਿੱਚ 15 ਪਿੰਡ ਹੜ੍ਹਾਂ ਦੀ ਮਾਰ ਹੇਠ ਹਨ ਜਿਸ ਕਾਰਨ 14,000 ਵਿਅਕਤੀ ਪ੍ਰਭਾਵਿਤ ਹੋਏ ਹਨ। ਇਥੇ 2 ਮੌਤਾਂ ਹੋਈਆਂ ਹਨ ਅਤੇ 2,000 ਹੈਕਟੇਅਰ ਤੋਂ ਵੱਧ ਫ਼ਸਲਾਂ ਦਾ ਖ਼ਰਾਬਾ ਹੋਇਆ ਹੈ। ਸੰਗਰੂਰ ਵਿੱਚ ਵੀ 107 ਪਿੰਡ ਹੜ੍ਹਾਂ ਦਾ ਖਾਮਿਆਜ਼ਾ ਭੁਗਤ ਰਹੇ ਹਨ ਜਿਸ ਕਰਕੇ 83 ਵਿਅਕਤੀਆਂ ਦੀ ਜ਼ਿੰਦਗੀ ਪ੍ਰਭਾਵਿਤ ਹੋਈ ਹੈ। ਜ਼ਿਲ੍ਹੇ ਵਿੱਚ 1 ਵਿਅਕਤੀ ਨੇ ਜਾਨ ਗਵਾਈ ਹੈ। ਇੱਥੇ ਇੱਕ ਰਾਹਤ ਕੈਂਪ ਚੱਲ ਰਿਹਾ ਹੈ ਅਤੇ 6560 ਹੈਕਟੇਅਰ ਰਕਬੇ ਵਿੱਚ ਫ਼ਸਲਾਂ ਦਾ ਨੁਕਸਾਨ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਐਸ.ਬੀ.ਐਸ. ਨਗਰ ਵਿੱਚ 28 ਪਿੰਡ ਪ੍ਰਭਾਵਿਤ ਹੋਏ ਹਨ ਅਤੇ 188 ਹੈਕਟੇਅਰ ਰਕਬੇ ਵਿੱਚ ਫ਼ਸਲਾਂ ਨੂੰ ਨੁਕਸਾਨ ਪੁੱਜਾ ਹੈ। ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ 23 ਪਿੰਡ ਪ੍ਰਭਾਵਿਤ ਹੋਏ ਹਨ, ਜਦੋਂ ਕਿ ਜ਼ਿਲ੍ਹਾ ਤਰਨ ਤਾਰਨ ਵਿੱਚ 70 ਪਿੰਡ ਹੜ੍ਹਾਂ ਦੀ ਲਪੇਟ ਵਿੱਚ ਆਏ ਹਨ, ਜਿਨ੍ਹਾਂ ਵਿੱਚ 60 ਲੋਕ ਪ੍ਰਭਾਵਿਤ ਹੋਏ ਹਨ। ਕੁੱਲ 21 ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ ਗਿਆ ਹੈ ਅਤੇ 12,828 ਹੈਕਟੇਅਰ ਰਕਬੇ 'ਤੇ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ।



ਪੰਜਾਬ 'ਚ ਆਏ ਹੜ੍ਹਾਂ ਕਾਰਣ ਜਿੱਥੇ ਕਰੀਬ 1500ਪਿੰਡ ਅਤੇ 6 ਲੱਖ ਦੇ ਲੱਗ ਭਗ ਖੇਤ ਇਸ ਕਹਿਰ ਦੀ ਭੇਟ ਚੜ੍ਹ ਗਏ ਨੇਂ, ਪੰਜ਼ਾਬ 'ਚ ਹੜ੍ਹਾਂ ਕਾਰਣ ਹਾਲਾਤ ਬਹੁਤ ਨਾਜ਼ੁਕ ਬਣੇ ਹੋਏ ਹਨ। ਇਸ ਮੌਕੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਜੀ ਅਤੇ ਬੋਰਡ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਚੇਅਰਮੈਨ ਡਾ. ਵਿਜੇਸਤਬੀਰ ਸਿੰਘ ਦੇ ਦਿਸ਼ਾ ਨਿਰਦੇਸ਼ ਹੇਠ ਸ੍ਰੀ ਹਜ਼ੂਰ ਸਾਹਿਬ ਤੋਂ 60 ਦੇ ਕਰੀਬ ਮੁਲਾਜ਼ਮ ਸੁਪਰਡੈਂਟ ਰਵਿੰਦਰ ਸਿੰਘ ਕਪੂਰ ਦੀ ਅਗਵਾਈ 'ਚ ਟੀਮ ਹੜ੍ਹ ਪੀੜਤਾਂ ਦੀ ਸੇਵਾ 'ਚ ਲੱਗੀ ਹੋਈ ਹੈ। ਉਨ੍ਹਾਂ ਵੱਲੋਂ ਲੋੜਵੰਦਾਂ ਨੂੰ ਰਾਸ਼ਨ, ਤਰਪਾਲਾਂ, ਡੰਗਰਾਂ ਦਾ ਚਾਰਾ, ਦਵਾਈਆਂ, ਲੰਗਰ ਸੇਵਾ, ਫੀਡ, ਚੋਕਰ ਦਿੱਤਾ ਜਾ ਰਿਹਾ। ਉਨ੍ਹਾਂ ਦੱਸਿਆ ਕਿ ਦਾ ਡਾ. ਵਿਜੇਸਤਬੀਰ ਸਿੰਘ ਜੀ ਵੱਲੋਂ ਉਨ੍ਹਾਂ ਨਾਲ ਰਾਬਤਾ ਬਣਾਇਆ ਹੋਇਆ ਹੈ, ਅਤੇ ਉਹ ਪੰਜ਼ਾਬ ਲਈ ਬਹੁਤ ਚਿੰਤਤ ਹਨ।

# ਗਿ. ਹਰਪ੍ਰੀਤ ਸਿੰਘ ਵੱਲੋਂ ਹੜ੍ਹਾਂ ਸਬੰਧੀ ਸੀਨੀਅਰ ਲੀਡਰਸ਼ਿਪ ਨਾਲ ਅਹਿਮ ਮੀਟਿੰਗ

ਚੰਡੀਗੜ੍ਹ, 8 ਸਤੰਬਰ (ਅੰਮ੍ਰਿਤਪਾਲ ਸਿੰਘ): ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਚੰਡੀਗੜ੍ਹ ਸਥਿਤ ਦਫਤਰ ਵਿਖੇ ਸੀਨੀਅਰ ਲੀਡਰਸ਼ਿਪ ਨਾਲ ਅਹਿਮ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਇਕਬਾਲ ਸਿੰਘ




ਝੂੰਦਾਂ, ਜਸਟਿਸ ਨਿਰਮਲ ਸਿੰਘ, ਜੱਥੇਦਾਰ ਸੁੱਚਾ ਸਿੰਘ ਛੋਟੇਪੁਰ, ਸਰਦਾਰ ਪ੍ਰਮਿੰਦਰ ਸਿੰਘ ਢੀਂਡਸਾ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਚਰਨਜੀਤ ਸਿੰਘ ਬਰਾੜ, ਬੀਬੀ ਪਰਮਜੀਤ ਕੌਰ ਲਾਂਡਰਾਂ, ਅਜੇਪਾਲ ਸਿੰਘ ਬਰਾੜ ਅਤੇ ਗੁਰਜੀਤ ਸਿੰਘ ਤਲਵੰਡੀ ਹਾਜ਼ਰ ਰਹੇ। ਇਸ ਮੌਕੇ ਪਾਰਟੀ ਪ੍ਰਧਾਨ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋ ਸੀਨੀਅਰ ਲੀਡਰਸ਼ਿਪ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਕੀਤੇ ਗਏ ਦੌਰਿਆਂ ਦੀ ਰਿਪੋਰਟ ਦੇ ਆਧਾਰ ਤੇ ਪਾਰਟੀ ਵਲੋਂ ਚਲ ਰਹੇ ਰਾਹਤ ਕੈਂਪਾਂ ਦੀ ਜਾਣਕਾਰੀ ਲਈ ਗਈ। ਇਸ ਮੌਕੇ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਮੁੱਚੀ ਲੀਡਰਸ਼ਿਪ ਨਾਲ ਚਰਚਾ ਕਰਦਿਆਂ ਕਿਹਾ ਕਿ ਅਗਲੇ ਕੁਝ ਦਿਨਾਂ ਵਿੱਚ ਪਾਣੀ ਘੱਟ ਹੋਵੇਗਾ ਤਾਂ ਬਿਮਾਰੀਆਂ ਫੈਲਣ ਦੇ ਖਦਸ਼ੇ ਵਿਚਕਾਰ ਮੈਡੀਕਲ ਸਹੂਲਤਾਂ ਅਤੇ ਮੈਡੀਕਲ ਕਿੱਟਾਂ ਦੀ ਜ਼ਿਆਦਾ ਜ਼ਰੂਰਤ ਹੋਵੇਗੀ, ਇਸ ਦੇ ਨਾਲ ਹੀ ਕਿਸਾਨਾਂ ਲਈ ਡੀਜ਼ਲ, ਸਕੂਲੀ ਬੱਚਿਆਂ ਲਈ ਪੜਾਈ ਦਾ ਸਮਾਨ ਆਦਿ ਵਸਤਾਂ ਦੀ ਲੋੜ ਪੈਣੀ ਹੈ। ਸਾਰੇ ਲੀਡਰ ਸਹਿਬਾਨ ਦੀ ਡਿਊਟੀ ਲਗਾਈ ਗਈ ਕਿ ਏਰੀਏ ਮੁਤਾਬਕ ਮੰਗ ਅਨੁਸਾਰ ਲਿਸਟਾਂ ਬਣਾਈਆਂ ਜਾਣ ਤਾਂ ਕਿ ਪਾਰਟੀ, ਹੜ੍ਹ ਪ੍ਰਭਾਵਿਤ ਲੋਕਾਂ ਦੀ ਮੰਗ ਅਨੁਸਾਰ ਸਮਾਨ ਮੁਹਈਆ ਕਰਵਾ ਸਕੇ। ਇਸ ਦੇ ਨਾਲ ਪਾਰਟੀ ਵੱਲੋ ਜਾਰੀ ਪੱਕੇ ਰਾਹਤ ਕੈਂਪਾਂ ਦੀ ਰਿਪੋਰਟ ਤੇ ਚਰਚਾ ਹੋਈ। ਇਸ ਮੌਕੇ ਇਹਨਾਂ ਰਾਹਤ ਕੈਂਪਾਂ ਵਿੱਚ ਜਰੂਰੀ ਹੋਰ ਰਾਹਤ ਸਮਗਰੀ ਭੇਜਣ ਲਈ ਪਾਰਟੀ ਪ੍ਰਧਾਨ 10 ਸਤੰਬਰ ਨੂੰ ਹੜ੍ਹ ਪ੍ਰਭਾਵਿਤ ਇਲਾਕਿਆਂ ਹਰੀਕੇ, ਅਜਨਾਲਾ ਤੇ ਗੁਰਦਾਸਪੁਰ ਦਾ ਦੌਰਾ ਕਰਨਗੇ।

ਇਸ ਦੇ ਨਾਲ ਹੀ ਜੱਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਪੰਜਾਬ ਕੈਬਨਿਟ ਵੱਲੋ ਅੱਜ ਲਏ ਗਏ ਫੈਸਲਿਆਂ ਤੇ ਤਿੱਖਾ ਪ੍ਰਤੀਕਰਮ ਦਿੰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਅੱਜ ਪੂਰੀ ਤਰਾਂ ਨਾਲ ਪੀੜਤਾਂ ਦੀ ਬਾਂਹ ਫੜਨ ਤੋ ਭੱਜੀ ਹੈ। ਪੰਜਾਬ ਸਰਕਾਰ ਨੇ ਆਪਣੇ ਤੌਰ ਤੇ ਇੱਕ ਰੁਪਿਆ ਮੁਆਵਜੇ ਦੇ ਤੌਰ ਤੇ ਐਲਾਨ ਨਹੀਂ ਕੀਤਾ। ਜਿਸ ਪਰਿਵਾਰ ਦਾ ਮੈਂਬਰ ਚਲਾ ਗਿਆ ਘੱਟੋ ਘੱਟ 20 ਲੱਖ ਮੁਆਵਜਾ ਦੇਣਾ ਚਾਹੀਦਾ ਹੈ ਨਾ ਕਿ ਸਿਰਫ 4 ਲੱਖ। ਸਰਕਾਰ ਨੇ ਸਿਰਫ ਤੇ ਸਿਰਫ਼ ਐਨਡੀਆਰਐੱਫ ਤਹਿਤ ਦਿੱਤੇ ਜਾਣ ਵਾਲੇ ਮੁਆਵਜੇ ਨੂੰ ਹੀ ਆਪਣੇ ਕੋਟੇ ਵਿੱਚ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਾਲ ਹੀ ਉਹਨਾ ਸਵਾਲ ਉਠਾਇਆ ਕਿ, ਖੇਤਾਂ ਚੋਂ ਰੇਤਾ ਚੁੱਕਣ ਤੇ ਸਮਾਂ ਦਸੰਬਰ ਤੱਕ ਦਾ ਹੀ ਕਿਉਂ ਦਿੱਤਾ ਹੈ? ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚੋਂ ਰੇਤ ਚੁੱਕਣ ਲਈ ਬਗੈਰ ਕਿਸੇ ਸਮਾਂਬੱਧਤਾ ਅਤੇ ਸ਼ਰਤਾਂ ਛੋਟ ਮਿਲਣੀ ਚਾਹੀਦੀ ਹੈ।

# ਹੈਡ ਗ੍ਰੰਥੀ ਗਿ. ਰਘਬੀਰ ਸਿੰਘ ਤੇ ਭਾਈ ਗੁਰਇਕਬਾਲ ਸਿੰਘ ਵੱਲੋਂ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਰਵਾਨਾ

ਅੰਮ੍ਰਿਤਸਰ, 8 ਸਤੰਬਰ (ਬਬਲੂ ਮਹਾਜਨ): ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਦੇ ਸੇਵਾਦਾਰ ਮਨਦੀਪ ਸਿੰਘ ਭੋਲੂ ਨੇ ਦੱਸਿਆ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਹੜ੍ਹ ਪੀੜਤਾਂ ਇਲਾਕਿਆਂ ਵਿੱਚ ਰਾਹਤ ਸਮਗਰੀ ਪੱਟੀ ਤੇ ਹਰੀ ਕੇ ਪਤਨ ਰਵਾਨਾ ਕੀਤੀ ਜਾਏਗੀ। ਹੜ੍ਹ ਪੀੜਿਤ ਇਲਾਕਿਆਂ 'ਚ ਵਿਸ਼ੇਸ਼ ਤੌਰ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈਡ ਗ੍ਰੰਥੀ ਸਿੰਘ ਸਾਹਿਬ



ਗਿਆਨੀ ਰਘਬੀਰ ਸਿੰਘ ਜੀ ਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਰਦਾਸ ਕਰਨ ਉਪਰੰਤ ਟੀਮ ਨੂੰ ਰਵਾਨਾ ਕਰਨਗੇ। ਦੱਸਣ ਯੋਗ ਹੈ ਬੀਬੀ ਕੋਲਾਂ ਜੀ ਭਲਾਈ ਕੇਂਦਰ ਟਰੱਸਟ ਧਰਮ ਦੇ ਪ੍ਰਚਾਰ ਦੇ ਨਾਲ ਨਾਲ ਸਮਾਜ ਪ੍ਰਤੀ ਆਪਣੀਆਂ ਸੇਵਾਵਾਂ ਬਖੂਬੀ ਨਿਭਾ ਰਿਹਾ ਹੈ। ਪਿਛਲੇ ਕੁਝ ਦਿਨਾਂ ਤੋਂ ਨਿਰੰਤਰ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਆਪਣੀ ਸਮੂਹ ਸਹਿਯੋਗੀ ਟੀਮ ਨਾਲ ਪੰਜਾਬ ਵਿੱਚ ਆਈ ਹੜ੍ਹਾਂ ਦੀ ਕਰੋਪੀ ਤੇ ਮੱਦੇ ਨਜ਼ਰ ਰਾਸ਼ਨ ਸਮੱਗਰੀ ਅਤੇ ਮੈਡੀਕਲ ਸੁਵਿਧਾਵਾਂ ਹੜ੍ਹ ਪ੍ਰਭਾਵਿਤ ਇਲਾਕਿਆਂ 'ਚ ਜਾ ਕੇ ਮੁਹਾਈਆਂ ਕਰਵਾਈਆਂ ਜਾ ਰਹੀਆਂ ਹਨ। ਕੱਲ ਪੱਟੀ ਤੇ ਹਰੀ ਕੇ ਪਤਨ ਹੜ੍ਹ ਪੀੜਤ ਇਲਾਕਿਆਂ ਵਿੱਚ ਰਾਸ਼ਨ ਸਮੱਗਰੀ, ਸੁੱਕਾ ਦੁੱਧ, ਸੈਨੀਟਰੀ ਪੈਡ, ਮੱਛਰਦਾਨੀਆਂ, ਸੋਲਰ ਲਾਈਟਾਂ, ਦਵਾਈਆਂ, ਤਰਪਾਲਾਂ, ਪਸ਼ੂਆਂ ਦੇ ਲਈ ਚਾਰਾ, ਚੋਕਰ, ਫੀਡ ਆਦਿ ਭੇਜਿਆ ਜਾ ਰਿਹਾ। ਸਮੂਹ ਪੰਜਾਬੀਆਂ ਨੂੰ ਅਪੀਲ ਵੱਧ ਤੋਂ ਵੱਧ ਇੱਕ ਦੂਸਰੇ ਦਾ ਸਹਿਯੋਗ ਦਿਓ।

## ਸੰਪਾਦਕੀ

# ਨੁਮਾਇੰਦਿਆਂ 'ਤੇ ਅਪਰਾਧਕ ਮਾਮਲੇ

ਇੱਕ ਆਦਰਸ਼ ਸਿਆਸਤਦਾਨ ਉਹ ਹੁੰਦਾ ਹੈ, ਜੋ ਇਮਾਨਦਾਰ, ਜ਼ਿੰਮੇਵਾਰ ਅਤੇ ਜਨਤਾ-ਪੱਖੀ ਹੋਵੇ। ਜਨਤਾ ਪ੍ਰਤੀ ਪਾਰਦਰਸ਼ਤਾ, ਨਿਰਪੱਖਤਾ ਅਤੇ ਜਵਾਬਦੇਹੀ ਉਨ੍ਹਾਂ ਦੇ ਕੰਮ ਦਾ ਹਿੱਸਾ ਹੋਣੀ ਚਾਹੀਦੀ ਹੈ। ਜੋ ਆਮ ਆਦਮੀ ਦੀਆਂ ਸਮੱਸਿਆਵਾਂ ਅਤੇ ਜ਼ਰੂਰਤਾਂ ਨੂੰ ਚੰਗੀ ਤਰ੍ਹਾਂ ਸਮਝਦਾ ਹੈ ਅਤੇ ਉਨ੍ਹਾਂ ਦਾ ਹੱਲ ਕਰਦਾ ਹੈ। ਕਿਸੇ ਵੀ ਜਨਤਕ ਪ੍ਰਤੀਨਿਧੀ ਦਾ ਮੁੱਢਲਾ ਫਰਜ਼ ਹੈ ਕਿ ਉਹ ਸਮਾਜ ਵਿੱਚ ਸਦਭਾਵਨਾ, ਸ਼ਾਂਤੀ, ਸਦਭਾਵਨਾ ਅਤੇ ਸਕਾਰਾਤਮਕ ਕਦਰਾਂ-ਕੀਮਤਾਂ ਨੂੰ ਬਣਾਈ ਰੱਖਣ ਲਈ ਵਚਨਬੱਧ ਰਹੇ। ਪਰ ਜਦੋਂ ਜਨਤਾ ਦਾ ਚੁਣਿਆ ਹੋਇਆ ਪ੍ਰਤੀਨਿਧੀ ਖੁਦ ਅਪਰਾਧਕ ਦੋਸ਼ਾਂ ਦੇ ਘੇਰੇ ਵਿੱਚ ਆ ਜਾਂਦਾ ਹੈ ਤਾਂ ਇਨ੍ਹਾਂ ਸਾਰੇ ਆਦਰਸ਼ਾਂ ਦਾ ਕੀ ਮਹੱਤਵ ਹੈ? ਜਦੋਂ ਅਜਿਹੇ ਮਾਮਲੇ ਵੱਡੀ ਗਿਣਤੀ ਵਿੱਚ ਸਾਹਮਣੇ ਆਉਣ ਲੱਗਦੇ ਹਨ ਤਾਂ ਰਾਜਨੀਤੀ ਵਿੱਚ ਸ਼ੁੱਧਤਾ ਦਾ ਪੱਧਰ ਅਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਚੋਣ ਅਧਿਕਾਰ ਸੰਗਠਨ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏਡੀਆਰ) ਦੀ ਇੱਕ ਤਾਜ਼ਾ ਅਧਿਐਨ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਦੇਸ਼ ਦੇ ਲਗਭਗ 47 ਪ੍ਰਤੀਸ਼ਤ ਮੰਤਰੀਆਂ ਵਿਰੁੱਧ ਅਪਰਾਧਕ ਮਾਮਲੇ ਦਰਜ ਹਨ। ਯਾਨੀ ਕਿ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁੱਲ ਮੰਤਰੀਆਂ ਵਿੱਚੋਂ ਅੱਧੇ 'ਤੇ ਅਪਰਾਧਕ ਗਤੀਵਿਧੀਆਂ ਦਾ ਦੋਸ਼ ਹੈ। ਇਹ ਅੰਕੜਾ ਆਮ ਲੋਕਾਂ ਲਈ ਹੈਰਾਨ ਕਰਨ ਵਾਲਾ ਅਤੇ ਸੁਚੇਤ ਕਰਨ ਵਾਲਾ ਹੈ। ਸਵਾਲ ਇਹ ਹੈ ਕਿ ਜੇਕਰ ਜਨਤਕ ਪ੍ਰਤੀਨਿਧੀਆਂ ਦਾ ਅਕਸ ਇਸ ਤਰ੍ਹਾਂ ਦਾ ਹੈ, ਤਾਂ ਅਸੀਂ ਕਿਸ ਤਰ੍ਹਾਂ ਦਾ ਸਮਾਜ ਅਤੇ ਰਾਸ਼ਟਰ ਬਣਾ ਰਹੇ ਹਾਂ? ਰਿਪੋਰਟ ਅਨੁਸਾਰ ਮੰਤਰੀਆਂ ਵਿਰੁੱਧ ਦਰਜ ਅਪਰਾਧਕ ਮਾਮਲਿਆਂ ਵਿੱਚ ਕਤਲ, ਅਗਵਾ ਅਤੇ ਔਰਤਾਂ ਵਿਰੁੱਧ ਅਪਰਾਧ ਵਰਗੇ ਗੰਭੀਰ ਦੋਸ਼ ਸ਼ਾਮਲ ਹਨ। ਰਾਸ਼ਟਰੀ ਪੱਧਰ 'ਤੇ 40 ਪ੍ਰਤੀਸ਼ਤ ਕੇਂਦਰੀ ਮੰਤਰੀਆਂ ਨੇ ਆਪਣੇ ਚੋਣ ਹਲਫਨਾਮਿਆਂ ਵਿੱਚ ਆਪਣੇ ਵਿਰੁੱਧ ਦਰਜ ਅਪਰਾਧਕ ਮਾਮਲਿਆਂ ਬਾਰੇ ਜਾਣਕਾਰੀ ਦਿੱਤੀ ਹੈ। ਆਂਧਰਾ ਪ੍ਰਦੇਸ਼, ਤਾਮਿਲਨਾਡੂ, ਬਿਹਾਰ, ਓਡੀਸ਼ਾ, ਮਹਾਰਾਸ਼ਟਰ, ਕਰਨਾਟਕ, ਪੰਜਾਬ, ਤੇਲੰਗਾਨਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਪੁਡੂਚੇਰੀ ਵਿੱਚ 60 ਪ੍ਰਤੀਸ਼ਤ ਤੋਂ ਵੱਧ ਮੰਤਰੀਆਂ ਵਿਰੁੱਧ ਅਪਰਾਧਕ ਮਾਮਲੇ ਦਰਜ ਹਨ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਰਾਜਨੀਤੀ ਵਿੱਚ ਅਪਰਾਧਕ ਅਕਸ ਵਾਲੇ ਨੇਤਾਵਾਂ ਦਾ ਦਬਦਬਾ ਬਿਨਾਂ ਕਿਸੇ ਰੁਕਾਵਟ ਦੇ ਵੱਧ ਰਿਹਾ ਹੈ। ਪਰ ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਦਾਗੀ ਨੇਤਾਵਾਂ ਨੂੰ ਸੰਸਦ ਜਾਂ ਵਿਧਾਨ ਸਭਾ ਵਿੱਚ ਭੇਜਣ ਅਤੇ ਸਰਕਾਰ ਦਾ ਹਿੱਸਾ ਬਣਨ ਦਾ ਮੌਕਾ ਕੌਣ ਦੇ ਰਿਹਾ ਹੈ? ਸਵਾਲ ਇਹ ਵੀ ਹੈ ਕਿ ਜਨਤਾ ਨੂੰ ਕਿਵੇਂ ਪਤਾ ਲੱਗੇਗਾ ਕਿ ਕਿਸੇ ਨੇਤਾ ਦਾ ਆਚਰਣ ਕਿਹੋ ਜਿਹਾ ਹੈ ਅਤੇ ਉਸ ਵਿਰੁੱਧ ਅਪਰਾਧਕ ਮਾਮਲਾ ਦਰਜ ਹੈ ਜਾਂ ਨਹੀਂ? ਇਸਦਾ ਜਵਾਬ ਚੋਣ ਕਮਿਸ਼ਨ ਦੁਆਰਾ ਚੁੱਕੇ ਗਏ ਕਦਮ ਵਿੱਚ ਹੈ, ਜਿਸ ਵਿੱਚ ਸਾਰੀਆਂ ਰਾਜਨੀਤਿਕ ਪਾਰਟੀਆਂ ਨੂੰ ਚੋਣਾਂ ਵਿੱਚ ਆਪਣੇ ਉਮੀਦਵਾਰਾਂ ਦਾ ਐਲਾਨ ਕਰਦੇ ਸਮੇਂ ਉਨ੍ਹਾਂ ਵਿਰੁੱਧ ਦਰਜ ਅਪਰਾਧਕ ਮਾਮਲਿਆਂ ਦੀ ਜਾਣਕਾਰੀ ਜਨਤਕ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਜੇਕਰ ਕੋਈ ਪਾਰਟੀ ਇਨ੍ਹਾਂ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਨਹੀਂ ਕਰਦੀ ਹੈ ਤਾਂ ਚੋਣ ਕਮਿਸ਼ਨ ਨੂੰ ਇਸ ਦਾ ਸਖ਼ਤ ਨੋਟਿਸ ਲੈਣਾ ਚਾਹੀਦਾ ਹੈ। ਇਹ ਰਿਪੋਰਟ ਉਸ ਸਮੇਂ ਆਈ ਹੈ ਜਦੋਂ ਹਾਲ ਹੀ ਵਿੱਚ ਕੇਂਦਰ ਸਰਕਾਰ ਨੇ ਸੰਸਦ ਵਿੱਚ ਸੰਵਿਧਾਨ ਸੋਧ ਬਿੱਲ ਪੇਸ਼ ਕੀਤਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਸਮੇਤ ਮੁੱਖ ਮੰਤਰੀਆਂ ਅਤੇ ਮੰਤਰੀਆਂ ਨੂੰ ਉਨ੍ਹਾਂ ਦੇ ਅਹੁਦਿਆਂ ਤੋਂ ਹਟਾਉਣ ਦੀ ਵਿਵਸਥਾ ਹੈ, ਜੇਕਰ ਉਹ ਗੰਭੀਰ ਅਪਰਾਧਕ ਦੋਸ਼ਾਂ ਵਿੱਚ ਗ੍ਰਿਫ਼ਤਾਰ ਹੋਣ ਤੋਂ ਬਾਅਦ ਤੀਹ ਦਿਨਾਂ ਤੱਕ ਹਿਰਾਸਤ ਵਿੱਚ ਰਹਿੰਦੇ ਹਨ। ਜੇਕਰ ਇਸ ਬਿੱਲ ਨੂੰ ਰਿਪੋਰਟ ਵਿੱਚ ਦਿੱਤੇ ਅੰਕੜਿਆਂ ਦੇ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਵੇ, ਤਾਂ ਇਹ ਕੇਂਦਰ ਸਰਕਾਰ ਦੀ ਇੱਕ ਮਹੱਤਵਪੂਰਨ ਪਹਿਲ ਹੈ। ਪਰ ਇਸ ਪਹਿਲੂ 'ਤੇ ਵਿਚਾਰ ਕਰਨਾ ਵੀ ਜ਼ਰੂਰੀ ਹੈ ਕਿ ਨੀਤੀ ਅਤੇ ਇਰਾਦਾ ਦੋਵੇਂ ਸਾਫ਼, ਨਿਰਪੱਖ ਅਤੇ ਪਾਰਦਰਸ਼ੀ ਹੋਣ ਤਾਂ ਹੀ ਸਿਸਟਮ ਵਿੱਚ ਸੁਧਾਰ ਦੀ ਉਮੀਦ ਕੀਤੀ ਜਾ ਸਕਦੀ ਹੈ। ਕਾਨੂੰਨ ਬਣਾਉਣ ਦੇ ਨਾਲ-ਨਾਲ ਇਸਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਸਮੱਸਿਆਵਾਂ ਨੂੰ ਜੜ੍ਹੋਂ ਪੁੱਟਿਆ ਜਾ ਸਕੇ।

**-ਜਗਜੀਤ ਸਿੰਘ ਦਰਦੀ**

# ਪ੍ਰਧਾਨ ਮੰਤਰੀ ਮੋਦੀ ਦਾ ਅੱਜ ਪੰਜਾਬ ਹੜ੍ਹਾਂ ਨੂੰ ਲੈ ਕੇ ਦੌਰਾ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਅੱਜ ਹੜ੍ਹਾਂ ਬਾਰੇ ਨੁਕਸਾਨ ਦੇ ਸਿਲਸਿਲੇ ਵਿੱਚ ਪੰਜਾਬ ਦੇ ਲੋਕਾਂ ਦਾ ਹਾਲ ਜਾਣਨ ਲਈ ਅਤੇ ਅੱਖੀਂ ਦੇਖਣ ਵਾਸਤੇ ਅੱਜ ਪੰਜਾਬ ਦੌਰੇ 'ਤੇ ਆ ਰਹੇ ਹਨ। ਅੱਜ ਦੇ ਦਿਨ 'ਤੇ ਇਹ ਦੌਰਾ ਇਸ ਲਈ ਵੀ ਮਹੱਤਵਪੂਰਨ ਹੈ ਕਿ ਉਹ ਮੌਕੇ 'ਤੇ ਹੜ੍ਹਾਂ ਦੀ ਸਥਿਤੀ ਦਾ ਮੁਆਇਨਾ ਕਰਨਗੇ ਅਤੇ ਕੁੱਝ ਕਿਸਾਨਾਂ ਨਾਲ ਗੱਲਬਾਤ ਵੀ ਕਰਨਗੇ ਤੇ ਇਸ ਤੋਂ ਬਾਅਦ ਰਾਹਤ ਦੀ ਉਮੀਦ ਕੀਤੀ ਜਾ ਸਕਦੀ ਹੈ।

ਪੰਜਾਬ ਦੀਆਂ ਰਾਜਨੀਤਿਕ ਪਾਰਟੀਆਂ ਕਈ ਦਿਨਾਂ ਤੋਂ ਪ੍ਰਧਾਨ ਮੰਤਰੀ ਦੇ ਦੌਰੇ ਦੀ ਤਵੱਕੋ ਕਰ ਰਹੀਆਂ ਸਨ ਤੇ ਇਹ ਠੀਕ ਸਹੀ ਮੌਕੇ 'ਤੇ ਕੀਤਾ ਗਿਆ ਦੌਰਾ ਹੈ ਤੇ ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਪ੍ਰਧਾਨ ਮੰਤਰੀ ਦੇ ਇਸ ਦੌਰੇ ਦੇ ਨਾਲ ਰਾਹਤ ਲਈ ਲਾਈਆਂ ਉਮੀਦਾਂ 'ਤੇ ਪੰਜਾਬ ਨੂੰ ਅਤੀ ਜ਼ਰੂਰੀ ਰਾਹਤ ਮਿਲੇਗੀ।

ਪੰਜਾਬ ਵਿੱਚ ਹਾਲ ਹੀ ਵਿੱਚ ਆਏ ਵਿਨਾਸ਼ਕਾਰੀ ਹੜ੍ਹਾਂ ਨੇ ਸੂਬੇ ਨੂੰ ਬੁਰੀ ਤਰ੍ਹਾਂ ਤਬਾਹ ਕੀਤਾ ਹੈ। ਹੜ੍ਹਾਂ ਕਾਰਨ ਹੁਣ ਤੱਕ 48 ਲੋਕਾਂ ਦੀ ਮੌਤ ਹੋ ਚੁੱਕੀ ਹੈ, 1.76 ਲੱਖ ਹੈਕਟੇਅਰ ਫਸਲਾਂ ਬਰਬਾਦ ਹੋ ਗਈਆਂ ਹਨ ਅਤੇ ਲੱਖਾਂ ਲੋਕ ਵਿਸਥਾਪਿਤ ਹੋਏ ਹਨ। ਲਗਭਗ 1,900 ਤੋਂ ਵੱਧ ਪਿੰਡ ਪਾਣੀ ਵਿੱਚ ਡੁੱਬ ਗਏ ਹਨ, ਜਿਸ ਨਾਲ ਲਗਭਗ 3.54 ਲੱਖ ਲੋਕ ਪ੍ਰਭਾਵਿਤ ਹੋਏ ਹਨ। ਇਸ ਵਿਚਕਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ 9 ਸਤੰਬਰ ਨੂੰ ਪੰਜਾਬ ਦਾ ਦੌਰਾ ਕਰਨ ਵਾਲੇ ਹਨ, ਜਿੱਥੇ ਉਹ ਹੜ੍ਹਾਂ ਨਾਲ ਪ੍ਰਭਾਵਿਤ ਖੇਤਰਾਂ ਦਾ ਜਾਇਜ਼ਾ ਲੈਣਗੇ ਅਤੇ ਕਿਸਾਨਾਂ ਨਾਲ ਗੱਲਬਾਤ ਕਰਨਗੇ। ਇਹ ਦੌਰਾ ਨਾ ਸਿਰਫ਼ ਸੂਬੇ ਦੇ ਲੋਕਾਂ ਲਈ ਰਾਹਤ ਦੀ ਕਿਰਨ ਲਿਆਉਂਦਾ ਹੈ, ਬਲਕਿ ਪਿਛਲੇ ਦਿਨਾਂ ਵਿੱਚ ਚੱਲ ਰਹੇ ਰਾਜਨੀਤਿਕ ਵਿਵਾਦ ਨੂੰ ਵੀ ਠੱਲ ਪਾਉਣ ਵਿੱਚ ਮਦਦ ਕਰੇਗਾ।

ਪੰਜਾਬ ਵਿੱਚ ਹੜ੍ਹਾਂ ਦੀ ਤਬਾਹੀ ਕੋਈ ਨਵੀਂ ਗੱਲ ਨਹੀਂ, ਪਰ ਇਸ ਵਾਰ ਦੀ ਵਿਨਾਸ਼ਲੀਲਾ 1988 ਤੋਂ ਬਾਅਦ ਸਭ ਤੋਂ ਵੱਡੀ ਮੰਨੀ ਜਾ ਰਹੀ ਹੈ। ਗੁਰਦਾਸਪੁਰ, ਪਠਾਨਕੋਟ ਅਤੇ ਹੋਰ ਜ਼ਿਲ੍ਹਿਆਂ ਵਿੱਚ ਵੱਡੀ ਤਬਾਹੀ ਹੋਈ ਹੈ, ਫਸਲਾਂ ਦੇ ਨੁਕਸਾਨ ਨੇ ਕਿਸਾਨਾਂ ਨੂੰ ਤੋੜ ਕੇ ਰੱਖ ਦਿੱਤਾ ਹੈ ਅਤੇ ਘਰ-ਬਾਰ ਉਜੜ ਗਏ ਹਨ। ਆਰਮੀ, ਐੱਨਡੀਆਰਐੱਫ ਅਤੇ ਬੀਐੱਸਐੱਫ ਵੱਲੋਂ ਰਾਹਤ ਕਾਰਜ ਚੱਲ ਰਹੇ ਹਨ ਪਰ ਲੋਕਾਂ ਦੀ ਇੱਕ ਵੱਡੀ ਇੱਛਾ ਸੀ ਕਿ ਪ੍ਰਧਾਨ ਮੰਤਰੀ ਖੁਦ ਆ ਕੇ ਮੌਕੇ 'ਤੇ ਸਥਿਤੀ ਨੂੰ ਵੇਖਣ।

ਪਿਛਲੇ ਦਿਨਾਂ ਵਿੱਚ ਇਸ ਮੁੱਦੇ 'ਤੇ ਰਾਜਨੀਤਿਕ ਅਟਕਲਬਾਜ਼ੀਆਂ ਵੀ ਤੇਜ਼ ਹੋਈਆਂ ਹਨ। ਵਿਰੋਧੀ ਪਾਰਟੀਆਂ ਨੇ ਕੇਂਦਰ ਸਰਕਾਰ 'ਤੇ ਦੋਸ਼ ਲਾਏ ਕਿ ਰਾਹਤ ਵਿੱਚ ਦੇਰੀ ਹੋ ਰਹੀ ਹੈ, ਜਦਕਿ ਭਾਜਪਾ ਨੇ ਵਿਰੋਧੀ ਨੇਤਾਵਾਂ ਨੂੰ ਨਿਸ਼ਾਨੇ 'ਤੇ ਲਿਆ ਹੈ, ਜਿਵੇਂ ਕਿ ਰਾਹੁਲ ਗਾਂਧੀ ਨੂੰ ਗੈਰਹਾਜ਼ਰੀ ਲਈ ਟਾਰਗੇਟ ਕੀਤਾ ਗਿਆ ਹੈ। ਆਮ ਆਦਮੀ ਪਾਰਟੀ ਨੇ ਤਾਂ ਪ੍ਰਧਾਨ ਮੰਤਰੀ ਦੇ ਦੌਰੇ ਤੋਂ ਪਹਿਲਾਂ 80,000 ਕਰੋੜ ਰੁਪਏ ਦੇ ਰਾਹਤ ਪੈਕੇਜ ਦੀ ਮੰਗ ਕੀਤੀ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ ਨੇ 20,000 ਕਰੋੜ ਦੀ ਮੰਗ



ਰੱਖੀ ਹੈ। ਇਸ ਤੋਂ ਇਲਾਵਾ ਕਈਆਂ ਨੇ ਪ੍ਰਧਾਨ ਮੰਤਰੀ ਨੂੰ ਖੁੱਲ੍ਹਾ ਪੱਤਰ ਲਿਖ ਕੇ ਤੁਰੰਤ ਰਾਹਤ ਪੈਕੇਜ ਦੀ ਅਪੀਲ ਕੀਤੀ ਹੈ। ਰਾਹੁਲ ਗਾਂਧੀ ਨੇ ਵੀ ਉੱਤਰੀ ਰਾਜਾਂ ਲਈ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਹੈ। ਇਹ ਅਟਕਲਾਂ ਚੱਲ ਰਹੀਆਂ ਹਨ ਕਿ ਪ੍ਰਧਾਨ ਮੰਤਰੀ ਦੇ ਦੌਰੇ ਦੌਰਾਨ ਕੋਈ ਵੱਡਾ ਐਲਾਨ ਹੋ ਸਕਦਾ ਹੈ, ਜੋ ਰਾਜਨੀਤਿਕ ਮਾਹੌਲ ਨੂੰ ਹੋਰ ਗਰਮਾ ਸਕਦਾ ਹੈ।

ਹੁਣ ਅਜਿਹੇ ਵਿੱਚ ਪ੍ਰਧਾਨ ਮੰਤਰੀ ਦੀ ਆਮਦ ਨੂੰ ਪੰਜਾਬ ਵਾਸੀ ਜੀ ਆਇਆਂ ਕਹਿ ਰਹੇ ਹਨ। ਇਹ ਨਾ ਸਿਰਫ਼ ਇੱਕ ਰਸਮੀ ਦੌਰਾ ਹੈ, ਬਲਕਿ ਲੋਕਾਂ ਦੇ ਦੁੱਖ-ਦਰਦ ਨੂੰ ਸਮਝਣ ਅਤੇ ਤੁਰੰਤ ਰਾਹਤ ਪ੍ਰਦਾਨ ਕਰਨ ਦਾ ਮੌਕਾ ਵੀ ਹੈ। ਪ੍ਰਧਾਨ ਮੰਤਰੀ ਗੁਰਦਾਸਪੁਰ ਵਿੱਚ ਪ੍ਰਭਾਵਿਤ ਪਰਿਵਾਰਾਂ ਨਾਲ ਮਿਲਣਗੇ, ਫਸਲ ਨੁਕਸਾਨ ਦਾ ਜਾਇਜ਼ਾ ਲੈਣਗੇ ਅਤੇ ਨਦੀਆਂ ਦੇ ਕੰਢਿਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦੇਣਗੇ। ਕਿਸਾਨਾਂ ਨਾਲ ਗੱਲਬਾਤ ਵਿੱਚ ਉਹ ਰਾਹਤ ਪੈਕੇਜ, ਬੀਮਾ ਅਤੇ ਲੰਮੇ ਸਮੇਂ ਦੇ ਹੱਲਾਂ ਬਾਰੇ ਚਰਚਾ ਕਰਨਗੇ।

ਉਧਰ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਵੀ ਕਿਹਾ ਹੈ ਕਿ ਪ੍ਰਧਾਨ ਮੰਤਰੀ ਅਧਿਕਾਰੀਆਂ ਨਾਲ ਮੀਟਿੰਗ ਕਰਨਗੇ ਅਤੇ ਮੁੱਖ ਸਕੱਤਰ ਵੱਲੋਂ ਵਿਸਥਾਰ ਵਿੱਚ ਰਿਪੋਰਟ ਪੇਸ਼ ਕੀਤੀ ਜਾਵੇਗੀ। ਇਸ ਤੋਂ ਇਲਾਵਾ ਖੇਤੀਬਾੜੀ ਮੰਤਰੀ ਵੱਲੋਂ ਵਿਸਥਾਰ ਵਿੱਚ ਨੁਕਸਾਨ ਦੀ ਰਿਪੋਰਟ ਵੀ ਪੇਸ਼ ਕੀਤੀ ਜਾਵੇਗੀ।

ਹਾਲਾਂਕਿ, ਪੰਜਾਬ ਦੇ ਲੋਕ ਖੁਦ ਆਪਣੇ ਭਾਈਚਾਰੇ ਦੀ ਮਦਦ ਕਰ ਰਹੇ ਹਨ। ਖਾਲਸਾ ਏਡ ਵਰਗੀਆਂ ਸੰਸਥਾਵਾਂ ਨੇ ਹੜ੍ਹ ਪੀੜਤਾਂ ਲਈ ਰਾਹਤ ਕੈਂਪ ਲਗਾਏ ਹਨ ਅਤੇ ਭੋਜਨ, ਪਾਣੀ ਤੇ ਦਵਾਈਆਂ ਵੰਡੀਆਂ ਜਾ ਰਹੀਆਂ ਹਨ। ਪੰਜਾਬੀ ਕਲਾਕਾਰਾਂ ਨੇ ਵੀ ਪੀੜਤਾਂ ਲਈ ਸਹਾਇਤਾ ਦਾ ਐਲਾਨ ਕੀਤਾ ਹੈ ਅਤੇ ਲੋਕਾਂ ਨੂੰ ਮਦਦ ਲਈ ਅਪੀਲ ਕੀਤੀ ਹੈ। ਉਧਰ ਦਿੱਲੀ ਸਰਕਾਰ ਨੇ ਵੀ ਪੰਜਾਬ ਨੂੰ 5 ਕਰੋੜ ਰੁਪਏ ਦੀ ਸਹਾਇਤਾ ਭੇਜੀ ਹੈ। ਇਸ ਨਾਲ ਪੰਜਾਬੀ ਭਾਈਚਾਰੇ ਦੀ ਏਕਤਾ ਅਤੇ ਸਵੈ-ਸਹਾਇਤਾ ਦੀ ਭਾਵਨਾ ਸਾਹਮਣੇ ਆਈ ਹੈ, ਜੋ ਹੜ੍ਹਾਂ ਵਰਗੀ ਆਫ਼ਤ ਵਿੱਚ ਵੱਡੀ ਰਾਹਤ ਪ੍ਰਦਾਨ ਕਰ ਰਹੀ ਹੈ। ਪਰ ਲੋਕਾਂ ਨੂੰ ਕੇਂਦਰ ਵੱਲੋਂ ਇੱਕ ਵੱਡੇ ਰਾਹਤ ਪੈਕੇਜ ਦੀ ਆਸ ਹੈ, ਜਿਸ ਵਿੱਚ ਫ਼ਸਲ ਨੁਕਸਾਨ ਦਾ ਮੁਆਵਜ਼ਾ, ਘਰਾਂ ਦੀ ਮੁਰੰਮਤ ਅਤੇ ਬੁਨਿਆਦੀ ਢਾਂਚੇ ਦੀ ਮਜ਼ਬੂਤੀ ਸ਼ਾਮਲ ਹੋਵੇ। ਪੰਜਾਬ ਸਰਕਾਰ ਨੇ ਤਾਂ 14,000 ਕਰੋੜ ਰੁਪਏ ਦੇ ਅੰਤਰਿਮ ਰਾਹਤ ਦੀ ਮੰਗ ਵੀ ਰੱਖੀ ਹੈ।

ਪੰਜਾਬ ਦੇ ਮਸਲੇ ਗੰਭੀਰ ਹਨ - ਨਾ ਸਿਰਫ਼ ਹੜ੍ਹਾਂ, ਬਲਕਿ ਬੇਰੁਜ਼ਗਾਰੀ, ਨਸ਼ੇ ਅਤੇ ਕਿਸਾਨਾਂ ਦੀ ਆਰਥਿਕ ਸਥਿਤੀ ਵੀ ਚਿੰਤਾ ਦਾ ਵਿਸ਼ਾ ਹਨ। ਪ੍ਰਧਾਨ ਮੰਤਰੀ ਦਾ ਇਹ ਦੌਰਾ ਇੱਕ ਮੌਕਾ ਹੈ ਕਿ ਕੇਂਦਰ ਅਤੇ ਸੂਬਾ ਸਰਕਾਰ ਮਿਲ ਕੇ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ। ਲੋਕਾਂ ਨੂੰ ਉਮੀਦ ਹੈ ਕਿ ਇਸ ਨਾਲ ਨਾ ਸਿਰਫ਼ ਤੁਰੰਤ ਰਾਹਤ ਮਿਲੇਗੀ, ਬਲਕਿ ਭਵਿੱਖ ਵਿੱਚ ਅਜਿਹੀਆਂ ਆਫ਼ਤਾਂ ਤੋਂ ਬਚਾਅ ਲਈ ਠੋਸ ਕਦਮ ਵੀ ਚੁੱਕੇ ਜਾਣਗੇ। ਪੰਜਾਬ ਵਾਸੀਆਂ ਨੂੰ ਵਿਸ਼ਵਾਸ ਹੈ ਕਿ ਪ੍ਰਧਾਨ ਮੰਤਰੀ ਦੀ ਇਸ ਯਾਤਰਾ ਨਾਲ ਉਨ੍ਹਾਂ ਦਾ ਦੁੱਖ-ਦਰਦ ਦੂਰ ਹੋਵੇਗਾ ਅਤੇ ਸੂਬਾ ਨਵੀਂ ਉਮੀਦ ਨਾਲ ਅੱਗੇ ਵਧੇਗਾ।

ਇਹ ਦੌਰਾ ਹਿਮਾਚਲ ਪ੍ਰਦੇਸ਼ ਵਿੱਚ ਵੀ ਜਾਰੀ ਰਹੇਗਾ, ਜਿੱਥੇ ਭੂ-ਸਖਲਣ ਅਤੇ ਹੜ੍ਹਾਂ ਨੇ ਵੀ ਤਬਾਹੀ ਮਚਾਈ ਹੈ। ਪੂਰੇ ਉੱਤਰੀ ਭਾਰਤ ਵਿੱਚ ਮੌਸਮੀ ਆਫ਼ਤਾਂ ਨੇ ਚੇਤਨਾ ਜਗਾਈ ਹੈ ਕਿ ਵਾਤਾਵਰਨ ਅਤੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਜ਼ਰੂਰੀ ਹੈ। ਪ੍ਰਧਾਨ ਮੰਤਰੀ ਦੀ ਇਸ ਪਹਿਲ ਨੂੰ ਸਲਾਮ ਕਰਦੇ ਹੋਏ, ਅਸੀਂ ਉਮੀਦ ਕਰਦੇ ਹਾਂ ਕਿ ਇਹ ਰਾਹਤ ਅਤੇ ਵਿਕਾਸ ਦਾ ਨਵਾਂ ਅਧਿਆਏ ਸ਼ੁਰੂ ਕਰੇਗਾ।

# ਫੌਜ: ਹਰ ਆਫ਼ਤ ਵਿੱਚ ਮਸੀਹਾ, ਪਰ ਹੱਕਾਂ ਤੋਂ ਵਾਂਝੀ !

## ਦੇਸ਼ ਦੇ ਰਾਖੇ, ਆਪਣੇ ਹੱਕਾਂ ਤੋਂ ਆਖਰ ਕਿਉਂ ਲਾਚਾਰ ?



ਵਿੰਕਲਜੀਤ ਸਿੰਘ ਸਰਾ
9501477889

ਜਦੋਂ ਸਿਆਸਤ ਦੀਆਂ ਗਲੀਆਂ ਵਿੱਚ ਸ਼ੋਰ ਹੁੰਦਾ ਹੈ, ਜਾਂ ਕੁਦਰਤ ਦਾ ਕਹਿਰ ਵੱਸਦਾ ਹੈ, ਤਾਂ ਇੱਕ ਆਵਾਜ਼ ਹੈ ਜੋ ਹਰ ਭਾਰਤੀ ਦੇ ਦਿਲ ਵਿੱਚ ਗੂੰਜਦੀ ਹੈ **'ਫੌਜ ਨੂੰ ਬੁਲਾਓ'** ਇਹ ਸਿਰਫ਼ ਸ਼ਬਦ ਨਹੀਂ, ਇਹ ਅਟੁੱਟ ਵਿਸ਼ਵਾਸ ਹੈ।ਭਾਰਤੀ ਫੌਜ ਦੀ ਵਰਦੀ ਸਿਰਫ਼ ਇੱਕ ਪੋਸ਼ਾਕ ਨਹੀਂ, ਸਗੋਂ 140 ਕਰੋੜ ਲੋਕਾਂ ਲਈ ਸੁਰੱਖਿਆ ਅਤੇ ਉਮੀਦ ਦੀ ਗਾਰੰਟੀ ਹੈ। ਇਤਿਹਾਸ ਗਵਾਹ ਹੈ ਕਿ ਜਦੋਂ-ਜਦੋਂ ਦੇਸ਼ 'ਤੇ ਕੋਈ ਸੰਕਟ ਆਇਆ—ਚਾਹੇ ਉਹ ਸਰਹੱਦ 'ਤੇ ਦੁਸ਼ਮਣ ਦੀ ਗੋਲੀ ਹੋਵੇ ਜਾਂ ਦੇਸ਼ ਦੇ ਅੰਦਰ ਕੁਦਰਤੀ ਆਫ਼ਤ ਦਾ ਕਹਿਰ—ਸਾਡੇ ਜਵਾਨ ਆਪਣੀ ਜਾਨ ਤੱਲੀ 'ਤੇ ਰੱਖ ਕੇ ਸਭ ਤੋਂ ਪਹਿਲਾਂ ਪਹੁੰਚੇ ਹਨ।

**ਪੰਜਾਬ ਦੀ ਹਿੱਕ 'ਤੇ ਹੜ੍ਹਾਂ ਦਾ ਜ਼ਖ਼ਮ, ਫੌਜ ਬਣੀ ਮਲ੍ਹਮ** : ਹਾਲ ਹੀ ਵਿੱਚ ਜਦੋਂ ਪੰਜਾਬ ਦੇ ਫਾਜ਼ਿਲਕਾ ਅਤੇ ਗੁਰਦਾਸਪੁਰ ਦੇ ਇਲਾਕੇ ਹੜ੍ਹਾਂ ਦੇ ਪਾਣੀ ਵਿੱਚ ਡੁੱਬ ਗਏ ਹਨ, ਤਾਂ ਚਾਰੇ ਪਾਸੇ ਹਾਹਾਕਾਰ ਮੱਚੀ ਹੋਈ ਹੈ। ਲੋਕਾਂ ਦੇ ਘਰ, ਫ਼ਸਲਾਂ ਅਤੇ ਉਮੀਦਾਂ ਪਾਣੀ ਵਿੱਚ ਰੁੜ੍ਹ ਰਹੀਆਂ ਹਨ। ਉਸ ਹਨੇਰੇ ਵਿੱਚ ਉਮੀਦ ਦੀ ਕਿਰਨ ਬਣ ਕੇ ਆਈ ਭਾਰਤੀ ਫੌਜ।

ਕਲਪਨਾ ਕਰੋ ਉਸ ਪਰਿਵਾਰ ਦੀ, ਜਿਸਦਾ ਜਵਾਨ ਪੁੱਤ ਬਲਵਿੰਦਰ ਸੜਕ ਹਾਦਸੇ ਵਿੱਚ ਚਲਾ ਗਿਆ ਹੋਵੇ ਤੇ ਹੜ੍ਹ ਦਾ ਪਾਣੀ ਉਹਨਾਂ ਦੇ ਹੰਝੂਆਂ ਨਾਲ ਰਲ ਕੇ ਉਹਨਾਂ ਨੂੰ ਆਪਣੇ ਲਾਡਲੇ ਦੇ ਆਖਰੀ ਦਰਸ਼ਨਾਂ ਤੋਂ ਵੀ ਰੋਕ ਰਿਹਾ ਹੋਵੇ। ਜਦੋਂ ਸਾਰੇ ਰਸਤੇ ਬੰਦ ਸਨ, ਤਾਂ ਫੌਜ ਨੇ ਆਪਣਾ ਫਰਜ਼ ਨਿਭਾਇਆ ਅਤੇ ਹੈਲੀਕਾਪਟਰ ਰਾਹੀਂ ਪਰਿਵਾਰ ਦੇ 10 ਮੈਂਬਰਾਂ ਨੂੰ ਦੀਨਾਨਗਰ ਪਹੁੰਚਾਇਆ ਤਾਂ ਜੋ ਉਹ ਆਪਣੇ ਪੁੱਤ ਨੂੰ ਆਖਰੀ ਵਿਦਾਈ ਦੇ ਸਕਣ। ਇਹ ਸਿਰਫ਼ ਇੱਕ ਬਚਾਅ ਮਿਸ਼ਨ ਨਹੀਂ ਸੀ, ਇਹ ਟੁੱਟੇ ਦਿਲਾਂ ਨੂੰ ਦਿਲਾਸਾ ਦੇਣ ਦੀ ਕੋਸ਼ਿਸ਼ ਸੀ। ਇਸੇ ਤਰ੍ਹਾਂ, ਜੰਮੂ ਦੇ ਇੱਕ ਪਿੰਡ ਵਿੱਚ ਫਸੀ ਗਰਭਵਤੀ ਔਰਤ ਲਈ ਫੌਜ ਦੇ ਜਵਾਨ ਦੇਵਦੂਤ ਬਣ ਕੇ ਆਏ। ਘੋਰ ਹਨੇਰੇ, ਮੀਂਹ ਅਤੇ ਖਰਾਬ ਮੌਸਮ ਵਿੱਚ ਹੈਲੀਕਾਪਟਰ ਰਾਹੀਂ ਉਸਨੂੰ ਬਚਾਉਣਾ ਮੌਤ ਨਾਲ ਲੜਨ ਦੇ ਬਰਾਬਰ ਸੀ। ਅਗਲੇ ਦਿਨ ਜਦੋਂ ਉਸ ਔਰਤ ਨੇ ਇੱਕ ਤੰਦਰੁਸਤ ਬੱਚੀ ਨੂੰ ਜਨਮ ਦਿੱਤਾ, ਤਾਂ ਇਹ ਜਿੱਤ ਸਿਰਫ਼ ਉਸ ਮਾਂ ਦੀ ਨਹੀਂ, ਸਗੋਂ ਪੂਰੀ ਮਾਨਵਤਾ ਦੀ ਸੀ, ਜਿਸਦੀ ਰਾਖੀ ਸਾਡੀ ਫੌਜ ਕਰਦੀ ਹੈ। ਇੱਕ ਬਜ਼ੁਰਗ ਮਾਂ, ਜੋ ਬਿਸਤਰੇ ਤੋਂ ਉੱਠ ਨਹੀਂ ਸਕਦੀ ਸੀ, ਨੂੰ ਜਵਾਨਾਂ ਨੇ 300 ਮੀਟਰ ਤੱਕ ਆਪਣੇ ਮੋਢਿਆਂ 'ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾਇਆ। ਹੋਰ ਅਣਗਿਣਤ ਸੇਵਾਵਾਂ ਜੇ ਬਿਆਨ ਕਰਨ ਲਗੀਏ ਤਾਂ ਖਤਮ ਹੀ ਨਹੀਂ ਹੋਣੀਆਂ। ਇਹ ਤਸਵੀਰਾਂ ਦੱਸਦੀਆਂ ਹਨ ਕਿ ਫੌਜ ਲਈ ਹਰ ਨਾਗਰਿਕ ਆਪਣਾ ਪਰਿਵਾਰ ਹੈ।

**ਟੁੱਟੀਆਂ ਉਮੀਦਾਂ ਨੂੰ ਜੋੜਦੇ ਪੁਲ: ਹਿਮਾਚਲ ਦਾ ਦਰਦ** : ਹਿਮਾਚਲ ਪ੍ਰਦੇਸ਼ ਵਿੱਚ ਹੜ੍ਹਾਂ ਨੇ ਸਿਰਫ਼ ਸੜਕਾਂ ਤੇ ਪੁਲ ਹੀ ਨਹੀਂ ਤੋੜੇ, ਸਗੋਂ ਪਿੰਡਾਂ ਦਾ ਬਾਹਰੀ ਦੁਨੀਆਂ ਨਾਲ ਰਾਬਤਾ ਵੀ ਤੋੜ ਦਿੱਤਾ ਸੀ। ਲੋਕ ਬਿਨਾਂ ਦਵਾਈਆਂ, ਰਾਸ਼ਨ ਅਤੇ ਮਦਦ ਦੇ ਫਸੇ ਹੋਏ ਸਨ। ਇਸ ਨਾਜ਼ੁਕ ਸਮੇਂ ਵਿੱਚ, ਫੌਜ ਦੀ ਇੰਜੀਨੀਅਰਿੰਗ ਕੋਰ ਨੇ ਦਿਨ-ਰਾਤ ਇੱਕ ਕਰਕੇ 'ਬੇਲੀ ਬ੍ਰਿਜ' (Bailey Bridge) ਤਿਆਰ ਕੀਤੇ। ਇਹ ਸਿਰਫ਼ ਲੋਹੇ ਦੇ ਪੁਲ ਨਹੀਂ ਸਨ, ਇਹ ਟੁੱਟੀਆਂ ਹੋਈਆਂ ਉਮੀਦਾਂ ਨੂੰ ਮੁੜ ਜੋੜਨ ਵਾਲੇ ਪੁਲ ਸਨ, ਜਿਨ੍ਹਾਂ ਰਾਹੀਂ ਜ਼ਿੰਦਗੀ ਮੁੜ ਲੀਹ 'ਤੇ ਆਉਣੀ ਸ਼ੁਰੂ ਹੋਈ।

**ਹਰ ਸੰਕਟ ਵਿੱਚ ਢਾਲ ਬਣਦੀ ਫੌਜ** : ਇਹ ਕਹਾਣੀਆਂ ਸਿਰਫ਼ ਕੁਝ ਉਦਾਹਰਣਾਂ ਹਨ। ਸਾਡੀ ਫੌਜ ਦੀ ਸੇਵਾ ਅਤੇ ਬਲਿਦਾਨ ਦੀ ਗਾਥਾ ਬਹੁਤ ਲੰਬੀ ਹੈ: **2013 ਕੇਦਾਰਨਾਥ ਪ੍ਰਲੋਕ**: ਜਦੋਂ ਦੇਵਭੂਮੀ 'ਤੇ ਕੁਦਰਤ ਦਾ ਕਹਿਰ ਵਰ੍ਹਿਆ, ਤਾਂ ਫੌਜ ਨੇ ਹਜ਼ਾਰਾਂ ਲੋਕਾਂ ਨੂੰ ਮੌਤ ਦੇ ਮੂੰਹੋਂ ਬਾਹਰ ਕੱਢਿਆ ਅਤੇ ਲੱਖਾਂ ਟਨ ਰਾਹਤ ਸਮੱਗਰੀ ਪਹੁੰਚਾਈ।

**2005 ਕਸ਼ਮੀਰ ਭੂਚਾਲ**: ਮਲਬੇ ਹੇਠੋਂ ਜ਼ਿੰਦਗੀਆਂ ਲੱਭਣਾ ਹੋਵੇ ਜਾਂ ਬੇਘਰ ਹੋਏ ਪਰਿਵਾਰਾਂ ਦੇ ਸਿਰ 'ਤੇ ਛੱਤ ਦੇਣੀ ਹੋਵੇ, ਫੌਜ ਨੇ ਹਰ ਫਰਜ਼ ਨਿਭਾਇਆ।

**ਸਿਆਚਿਨ ਦੇ ਬਰਫ਼ੀਲੇ ਤੂਫ਼ਾਨ**: -50 ਡਿਗਰੀ ਤਾਪਮਾਨ ਵਿੱਚ ਜਿੱਥੇ ਖੂਨ ਜੰਮ ਜਾਂਦਾ ਹੈ, ਉੱਥੇ ਵੀ ਸਾਡੇ ਜਵਾਨ ਨਾ ਸਿਰਫ਼ ਸਰਹੱਦ ਹੀ ਨਹੀਂ, ਸਗੋਂ ਬਰਫ਼ੀਲੇ ਤੂਫ਼ਾਨਾਂ ਵਿੱਚ ਫਸੇ ਲੋਕਾਂ ਦੀ ਜਾਨ ਵੀ ਬਚਾਉਂਦੇ ਹਨ।

**ਪੂਰਬੀ ਭਾਰਤ ਦੇ ਹੜ੍ਹ ਅਤੇ ਚੱਕਰਵਾਤ**: ਅਸਾਮ, ਬਿਹਾਰ ਤੋਂ ਲੈ ਕੇ ਓਡੀਸ਼ਾ ਅਤੇ ਚੇਨਈ ਤੱਕ, ਜਦੋਂ ਵੀ ਪਾਣੀ ਨੇ ਤਬਾਹੀ ਮਚਾਈ, ਫੌਜ ਨੇ ਕਿਸ਼ਤੀਆਂ



ਰਾਹੀਂ ਪਹੁੰਚ ਕੇ ਹਜ਼ਾਰਾਂ ਜਾਨਾਂ ਬਚਾਈਆਂ।

**ਜੰਗਲਾਂ ਦੀ ਅੱਗ**: ਉੱਤਰਾਖੰਡ ਅਤੇ ਹਿਮਾਚਲ ਦੇ ਜੰਗਲਾਂ ਵਿੱਚ ਲੱਗੀ ਅੱਗ ਨੂੰ ਬੁਝਾਉਣ ਲਈ ਵੀ ਸਾਡੇ ਜਵਾਨ ਆਪਣੀ ਜਾਨ ਖਤਰੇ ਵਿੱਚ ਪਾਉਂਦੇ ਹਨ।

**ਸਿਰਫ਼ ਜੰਗ ਨਹੀਂ, ਹਰ ਮੋਰਚੇ 'ਤੇ ਤਾਇਨਾਤ** : ਭਾਰਤੀ ਫੌਜ ਦਾ ਕੰਮ ਸਿਰਫ਼ ਸਰਹੱਦ 'ਤੇ ਲੜਨਾ ਨਹੀਂ ਹੈ। ਉਹਨਾਂ ਦੀਆਂ ਜ਼ਿੰਮੇਵਾਰੀਆਂ ਬਹੁ-ਪੱਖੀ ਹਨ, ਜਿਨ੍ਹਾਂ ਵਿੱਚ ਸਰਹੱਦਾਂ ਦੀ ਰੱਖਿਆ, ਅੱਤਵਾਦ ਦਾ ਮੁਕਾਬਲਾ, ਕੁਦਰਤੀ ਆਫ਼ਤਾਂ ਵਿੱਚ ਰਾਹਤ, ਦੂਰ-ਦੁਰਾਡੇ ਇਲਾਕਿਆਂ ਵਿੱਚ ਸੜਕਾਂ-ਪੁਲ ਬਣਾਉਣਾ ਅਤੇ ਸੰਯੁਕਤ ਰਾਸ਼ਟਰ (UN) ਦੇ ਸ਼ਾਂਤੀ ਮਿਸ਼ਨਾਂ ਵਿੱਚ ਦੁਨੀਆ ਭਰ ਵਿੱਚ ਸੇਵਾ ਕਰਨਾ ਸ਼ਾਮਲ ਹੈ।

**ਸੇਵਾ ਦੇ ਬਦਲੇ ਸਵਾਲ: ਅਗਨਿਵੀਰ ਯੋਜਨਾ ਦਾ ਦਰਦ** : ਇਹ ਕਿੰਨੀ ਵੱਡੀ ਤ੍ਰਾਸਦੀ ਹੈ ਕਿ ਜਿਹੜੇ ਜਵਾਨ ਸਾਡੇ ਲਈ ਆਪਣੀ ਜਵਾਨੀ ਅਤੇ ਜਾਨ ਤੱਕ ਕੁਰਬਾਨ ਕਰ ਦਿੰਦੇ ਹਨ, ਅੱਜ ਉਹਨਾਂ ਦੇ ਆਪਣੇ ਭਵਿੱਖ 'ਤੇ ਸਰਕਾਰ ਨੇ ਸਵਾਲੀਆ ਚਿੰਨ੍ਹ ਲਗਾ ਦਿੱਤਾ ਹੈ।

**ਪਹਿਲਾਂ**: ਇੱਕ ਫੌਜੀ ਨੂੰ ਪੱਕੀ ਨੌਕਰੀ, ਪੈਨਸ਼ਨ, ਪਰਿਵਾਰ ਲਈ ਮੈਡੀਕਲ ਸਹੂਲਤਾਂ ਅਤੇ ਸੇਵਾਮੁਕਤੀ ਤੋਂ ਬਾਅਦ ਇੱਕ ਸਨਮਾਨਜਨਕ ਜੀਵਨ ਦੀ ਗਾਰੰਟੀ ਮਿਲਦੀ ਸੀ।

**ਹੁਣ (ਅਗਨੀਵੀਰ)**: ਜਿਸ ਜਵਾਨ ਨੇ ਆਪਣੀ ਜਵਾਨੀ ਦੇ ਸਭ ਤੋਂ ਕੀਮਤੀ 4 ਸਾਲ ਦੇਸ਼ ਦੇ ਨਾਂ ਲਾ ਦਿੱਤੇ, ਉਸਨੂੰ 4 ਸਾਲ ਬਾਅਦ ਇੱਕ 'ਸਾਬਕਾ' ਦਾ ਟੈਗ ਦੇ ਕੇ ਬੇਰੁਜ਼ਗਾਰੀ ਦੇ ਸਮੁੰਦਰ ਵਿੱਚ ਧੱਕ ਦਿੱਤਾ ਜਾਂਦਾ ਹੈ। ਨਾ ਕੋਈ ਪੈਨਸ਼ਨ, ਨਾ ਸਥਾਈ ਸਿਹਤ ਸਹੂਲਤਾਂ। ਇਹ ਨੀਤੀ ਨਾ ਸਿਰਫ਼ ਉਨ੍ਹਾਂ ਨੌਜਵਾਨਾਂ ਦੇ ਸੁਪਨਿਆਂ ਦਾ ਗਲਾ ਘੁੱਟ ਰਹੀ ਹੈ, ਸਗੋਂ ਫੌਜ ਦੇ ਮਨੋਬਲ 'ਤੇ ਵੀ ਡੂੰਘੀ ਸੱਟ ਮਾਰ ਰਹੀ ਹੈ। ਇੱਕ ਪਾਸੇ ਅਸੀਂ ਉਹਨਾਂ ਨੂੰ 'ਮਸੀਹਾ' ਕਹਿੰਦੇ ਹਾਂ, ਦੂਜੇ ਪਾਸੇ ਉਹਨਾਂ ਦੇ ਭਵਿੱਖ ਨਾਲ ਖਿਲਵਾੜ ਕਰ ਰਹੇ ਹਾਂ।

**ਜਦੋਂ ਰਾਖੇ ਨੂੰ ਹੀ ਇਨਸਾਫ਼ ਲਈ ਲੜਨਾ ਪਿਆ: ਕਰਨਲ ਪੁਸ਼ਪਿੰਦਰ ਸਿੰਘ ਬਾਠ 'ਤੇ ਹਮਲਾ** : ਪਟਿਆਲਾ ਵਿੱਚ 13-14 ਮਾਰਚ ਦੀ ਰਾਤ ਨੂੰ ਇੱਕ ਅਜਿਹੀ ਘਟਨਾ ਵਾਪਰੀ ਜੋ ਇਹ ਦਰਸਾਉਂਦੀ ਹੈ ਕਿ ਦੇਸ਼ ਦੇ ਰਾਖਿਆਂ ਨੂੰ ਕਈ ਵਾਰ ਆਪਣੇ ਹੀ ਦੇਸ਼ ਵਿੱਚ ਕਿੰਨੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇੱਕ ਢਾਬੇ ਦੇ ਬਾਹਰ ਪਾਰਕਿੰਗ ਨੂੰ ਲੈ ਕੇ ਹੋਏ ਮਾਮੂਲੀ ਝਗੜੇ ਦੌਰਾਨ, ਪਟਿਆਲਾ ਪੁਲਿਸ ਦੇ ਕੁਝ ਅਧਿਕਾਰੀਆਂ ਨੇ ਕਰਨਲ ਪੁਸ਼ਪਿੰਦਰ ਸਿੰਘ ਬਾਠ ਅਤੇ ਉਨ੍ਹਾਂ ਦੇ ਪੁੱਤਰ 'ਤੇ ਬੇਰਹਿਮੀ ਨਾਲ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਬੈਟਨਾਂ ਅਤੇ ਲੱਤਾਂ-ਮੁੱਕਿਆਂ ਨਾਲ ਗੰਭੀਰ ਜ਼ਖ਼ਮੀ ਕੀਤਾ ਗਿਆ।

ਹੈਰਾਨੀ ਦੀ ਗੱਲ ਇਹ ਸੀ ਕਿ ਮੈਡੀਕਲ ਰਿਪੋਰਟਾਂ ਨੇ ਸਾਫ਼ ਕੀਤਾ ਕਿ ਕਰਨਲ ਅਤੇ ਉਨ੍ਹਾਂ ਦਾ ਪੁੱਤਰ ਸ਼ਰਾਬ ਦੇ ਪ੍ਰਭਾਵ ਹੇਠ ਨਹੀਂ ਸਨ, ਜੋ ਪੁਲਿਸ ਦੇ ਝੂਠੇ ਦਾਅਵਿਆਂ ਨੂੰ ਨਕਾਰ ਰਹੀਆਂ ਸਨ। ਸ਼ੁਰੂ ਵਿੱਚ ਪੁਲਿਸ ਨੇ ਮਾਮਲੇ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ, ਪਰ ਕਰਨਲ ਬਾਠ ਦੇ ਪਰਿਵਾਰ ਦੇ ਹੌਂਸਲੇ, ਸਾਬਕਾ ਫੌਜੀਆਂ ਦੇ ਸਮਰਥਨ ਅਤੇ ਮੀਡੀਆ ਦੇ ਦਬਾਅ ਕਾਰਨ ਇਹ ਮਾਮਲਾ ਉੱਚ ਪੱਧਰ 'ਤੇ ਪਹੁੰਚਿਆ। ਅਖੀਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੁਲਿਸ ਦੀ ਜਾਂਚ ਨੂੰ 'ਦਾਗੀ' (Tainted) ਕਰਾਰ ਦਿੰਦਿਆਂ ਕੇਸ ਸੀ.ਬੀ.ਆਈ. (CBI) ਨੂੰ ਸੌਂਪ ਦਿੱਤਾ। CBI ਵੱਲੋਂ ਦੋ ਐਫ. ਆਈ. ਆਰ. (FIRs) ਦਰਜ ਕਰਕੇ ਜਾਂਚ ਸ਼ੁਰੂ ਕਰਨ ਨਾਲ ਇਨਸਾਫ਼ ਦੀ ਇੱਕ ਨਵੀਂ ਉਮੀਦ ਜਾਗੀ ਹੈ। ਇਹ ਘਟਨਾ ਇਸ ਗੱਲ ਦਾ ਪ੍ਰਮਾਣ ਹੈ ਕਿ ਆਪਣੇ ਹੱਕਾਂ ਲਈ ਲੜਨ ਵਾਲੇ ਮਜ਼ਬੂਤ ਜਵਾਨਾਂ ਦੀ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ।

ਫੌਜ ਦੀ ਵਰਦੀ ਸਿਰਫ਼ ਇੱਕ ਕੱਪੜਾ ਨਹੀਂ, ਇਹ ਸਾਡਾ ਭਰੋਸਾ ਹੈ। ਇਹ ਵਾਅਦਾ ਹੈ ਕਿ ਜਦੋਂ ਸਭ ਕੁਝ ਖਤਮ ਹੋ ਜਾਵੇਗਾ, ਉਹ ਆਖਰੀ ਉਮੀਦ ਬਣ ਕੇ ਖੜ੍ਹੇ ਹੋਣਗੇ। ਤਿਉਹਾਰਾਂ 'ਤੇ ਜਦੋਂ ਅਸੀਂ ਪਰਿਵਾਰ ਨਾਲ ਹੁੰਦੇ ਹਾਂ, ਉਹਨਾਂ ਦੀਆਂ ਅੱਖਾਂ ਸਰਹੱਦ 'ਤੇ ਦੁਸ਼ਮਣ ਨੂੰ ਲੱਭਦੀਆਂ ਹਨ। ਇਹ ਕੁਰਬਾਨੀ ਸਿਰਫ਼ ਇੱਕ ਨੌਕਰੀ ਨਹੀਂ, ਇਹ ਦੇਸ਼ ਲਈ ਇੱਕ ਤਪੱਸਿਆ ਹੈ।

ਪਰ ਦੁੱਖ ਦੀ ਗੱਲ ਹੈ ਕਿ ਜਿਹੜੇ ਜਵਾਨ ਸਾਨੂੰ ਬਚਾਉਂਦੇ ਹਨ, ਉਹਨਾਂ ਦੇ ਆਪਣੇ ਹੱਕ ਅੱਜ ਸੁਰੱਖਿਅਤ ਨਹੀਂ ਹਨ। ਸਾਡੇ ਦੇਸ਼ ਦੇ ਰਾਖਿਆਂ ਨੂੰ ਸਿਰਫ਼ ਤਾੜੀਆਂ ਜਾਂ ਸੋਸ਼ਲ ਮੀਡੀਆ ਦੀਆਂ ਪੋਸਟਾਂ ਨਹੀਂ ਚਾਹੀਦੀਆਂ। ਉਹਨਾਂ ਨੂੰ ਸਨਮਾਨ, ਸੁਰੱਖਿਆ ਅਤੇ ਆਪਣੇ ਹੱਕ ਚਾਹੀਦੇ ਹਨ। ਜੇ ਅਸੀਂ ਆਪਣੇ ਮਸੀਹਾ ਦੇ ਹੱਕਾਂ ਦੀ ਰਾਖੀ ਨਹੀਂ ਕਰ ਸਕਦੇ, ਤਾਂ ਕੀ ਅਸੀਂ ਉਹਨਾਂ ਦੇ ਬਲਿਦਾਨ ਦੇ ਯੋਗ ਹਾਂ? ਇਹ ਸਵਾਲ ਅੱਜ ਹਰ ਭਾਰਤੀ ਨੂੰ ਆਪਣੇ ਆਪ ਤੋਂ ਪੁੱਛਣਾ ਚਾਹੀਦਾ ਹੈ। ਫੌਜ ਦਾ ਸੱਚਾ ਸਨਮਾਨ ਉਹਨਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਵਿੱਚ ਹੀ ਹੈ।

# 'ਕਦੇ ਹੜ੍ਹਦਾ ਪ੍ਰਕੋਪ ਤੇ ਕਦੇ ਹੜ੍ਹਾਂ ਨਾਲ ਯੁੱਧ'

ਲਖਵਿੰਦਰ ਸਿੰਘ
98764-74858

ਐਤਕੀਂ ਉਤਰੀ ਪੱਛਮੀ ਭਾਰਤ (ਜੰਮੂ ਕਸ਼ਮੀਰ ਉਤਰਾਖੰਡ, ਹਿਮਾਚਲ ਪ੍ਰਦੇਸ਼) ਖਾਸ ਕਰਕੇ ਪੰਜਾਬ ਵਿੱਚ ਹੜ੍ਹਾਂ ਨੇ ਆਪਣੇ ਵਿਰਾਟ ਰੂਪ ਦਾ ਪੂਰਾ ਜਲਵਾ ਵਿਖਾਇਆ। ਪ੍ਰਭਾਵਿਤ ਖੇਤਰਾਂ ਵਿੱਚ ਜਾਨ-ਮਾਲ, ਘਰ-ਬਾਹਰ ਤੇ ਫਸਲਵਾੜੀ ਦਾ ਕਾਫੀ ਨੁਕਸਾਨ ਹੋਇਆ ਹੈ। ਅਜਿਹੇ ਪੀੜਾਦਾਇਕ ਤੇ ਗ਼ਮਗੀਨ ਮਾਹੌਲ ਵਿਚ ਹੰਝੂ ਹਾਵਿਆਂ ਦਾ ਸਿਖਰ, ਭਵਿੱਖ ਦਾ ਫ਼ਿਕਰ ਪਰ ਫਿਰ ਵੀ ਚੜ੍ਹਦੀਕਲਾ ਦਾ ਜ਼ਿਕਰ। ਉਜੜਨਾ ਤੇ ਵਸਣਾ ਪੰਜਾਬੀਆਂ ਦਾ ਕਰਮ ਬਣ ਚੁੱਕਾ ਹੈ। ਪੰਜਾਬੀਆਂ ਦੀ ਤਾਂ ਫ਼ਿਤਰਤ ਬਣੀ ਹੋਈ ਹੈ ਕਿ ਉਨ੍ਹਾਂ ਨੂੰ ਪਾਣੀ ਖਾਤਰ ਵੀ ਲੜਨਾ ਪੈਂਦਾ ਹੈ ਤੇ ਕਦੇ ਹੜ੍ਹਾਂ ਨਾਲ ਵੀ ਯੁੱਧ ਕਰਨਾ ਪੈਂਦਾ ਹੈ। ਪਹਿਲਾਂ ਦੀ ਤਰ੍ਹਾਂ ਹੀ ਇਸ ਮੁਸੀਬਤ ਵੇਲੇ ਵੀ ਪਰਉਪਕਾਰੀ ਜਨ ਸਮੂਹ ਵੱਲੋਂ ਫੌਰੀ ਤੌਰ 'ਤੇ ਹਰ ਕਿਸਮ ਦੀ ਰਾਹਤ ਕਾਰਜ ਦੀ ਮਾਨਮੱਤੀ ਸੇਵਾ ਸੰਭਾਲ ਲਈ ਗਈ ਹੈ ਤੇ ਪੀੜਤਾਂ ਦੇ ਦੁਬਾਰਾ ਪੈਰਾਂ ਸਿਰ ਹੋਣ ਤੱਕ ਇਹ ਸੇਵਾ ਸੰਭਾਲ ਜਾਰੀ ਵੀ ਰਹੇਗੀ। ਵਰਣਨਯੋਗ ਹੈ ਕਿ ਮਦਦਗਾਰ ਮਸੀਹਿਆਂ ਨੇ ਪਾਣੀ ਦੇ ਵੱਡੇ ਵੱਡੇ ਖਤਰਨਾਕ ਜ਼ਖੀਰਿਆਂ ਨਾਲ ਜੂਝਦਿਆਂ ਪਾਣੀ ਵਿੱਚ ਘਿਰੇ ਪੀੜਤਾਂ ਤੱਕ ਪਹੁੰਚ ਕਰਕੇ ਵੀ ਇਹ ਸੇਵਾਵਾਂ ਨਿਭਾਉਣ ਦੇ ਯਤਨ ਕੀਤੇ।

ਹੜ੍ਹ ਪ੍ਰਭਾਵਿਤ ਖੇਤਰਾਂ ਦੇ ਪੀੜਤਾਂ ਦੀਆਂ ਵਕਤੀ ਤੌਰ 'ਤੇ ਖਾਣ ਪੀਣ, ਆਰਜ਼ੀ ਰੈਣ ਬਸੇਰਿਆਂ ਤੇ ਹੋਰ ਜ਼ਰੂਰੀ ਸੇਵਾਵਾਂ ਦਾ ਪ੍ਰਬੰਧਨ ਕਾਫੀ ਹੱਦ ਤੱਕ ਸੰਤੁਸ਼ਟੀ ਜਨਕ ਹੋ ਚੁੱਕਾ ਹੈ ਪਰ ਪੀੜਤਾਂ ਦੇ ਕਾਰੋਬਾਰਾਂ ਦਾ ਮੁੜ ਲੀਹੇ ਚੜ੍ਹਨ ਨਾਲ ਗੁਜ਼ਾਰਾ ਆਮਦਨ ਦਾ ਪ੍ਰਵਾਹ ਚਲਣ ਤੱਕ ਭਵਿੱਖ ਦੀਆਂ ਜ਼ਰੂਰਤਾਂ ਜਿਵੇਂ ਬਰਬਾਦ ਹੋਏ ਘਰ-ਬਾਹਰ ਦੀ ਮੁਰੰਮਤ ਜਾਂ ਉਸਾਰੀ, ਅਤੀ ਲੋੜੀਂਦਾ ਸਾਜ਼ੋ ਸਮਾਨ, ਜ਼ਮੀਨ ਨੂੰ ਮੁੜ ਵਾਹੀਯੋਗ ਬਣਾਉਣਾ, ਖਾਦ ਬੀਜ, ਚਾਰਾ ਫਸਲਾਂ ਹੋਣ ਤੱਕ ਪਸ਼ੂ ਚਾਰੇ ਅਤੇ ਸੰਭਾਵੀ ਰੋਗਾਂ ਤੋਂ ਬਚਾਅ ਲਈ ਸਿਹਤ-ਸਿੱਖਿਆ ਸਹੂਲਤਾਂ ਆਦਿ ਦੇ ਪ੍ਰਬਧਨ ਕਰਨ ਦੇ ਵੱਡੇ ਤੇ ਜ਼ਰੂਰੀ ਮਸਲੇ ਹੱਲ ਕਰਨ ਲਈ ਸੇਵਾਵਾਂ ਦੀ ਹਾਲੇ ਬਹੁਤ ਲੋੜ ਹੈ।

ਇਥੇ ਇਹ ਵੀ ਜ਼ਿਕਰਯੋਗ ਕਿ ਹੜ੍ਹ ਪੀੜ੍ਹਤਾਂ ਦੀ ਸਹਾਇਤਾ ਲਈ ਉਠੀ ਸੇਵਾ ਭਾਵਨਾ ਦੀ ਲਹਿਰ ਤੋਂ ਬਹੁਤ ਸਾਰੇ ਅਜਿਹੇ ਲੋਕ ਵੀ ਨੇ ਜਿਨ੍ਹਾਂ ਹੜ੍ਹ ਪੀੜ੍ਹਤ ਹੋਣ ਦਾ ਸਵਾਂਗ ਰੱਚ ਕੇ ਕਾਫੀ ਹੱਥ ਰੰਗ ਰਹੇ ਹਨ। ਸੋ ਸੇਵਾ ਸੰਭਾਲ ਦੇ ਪਰਉਪਕਾਰੀ ਕਾਰਜ ਵਿੱਚ ਜੁੱਟੇ ਸਮਾਜ ਸੇਵੀ ਸੰਸਥਾਵਾਂ ਤੇ ਦਾਨੀ ਸੱਜਣਾਂ ਨੂੰ ਨਕਲੀ ਹੜ੍ਹ ਪੀੜਤਾਂ ਤੇ ਨਕਲੀ ਸੇਵਾਦਾਰਾਂ (ਠੱਗ ਟੋਲਿਆਂ) ਸੁਚੇਤ ਹੋਣ ਦੀ ਬਹੁਤ ਲੋੜ ਹੈ ਤਾਂ ਕਿ ਉਨ੍ਹਾਂ ਦੀ ਸੇਵਾ(ਮਦਦ) 'ਕਾਂ ਨੂੰਗਿਆਂ' ਤੋਂ ਬਚ ਬਚਾਅ ਕੇ ਲੋੜਵੰਦ ਅਸਲ ਹੜ੍ਹ ਪੀੜਤਾਂ ਤੱਕ ਪਹੁੰਚਦੀ ਰਹਿ ਸਕੇ।

ਹੜ੍ਹਾਂ ਦੀ ਮਾਰ ਨਾਲ ਨੁਕਸਾਨ ਦੀ ਭਰਪਾਈ ਕਰਨ ਦੇ ਸਿਆਸੀ ਐਲਾਨਨਾਮੇ ਵੀ ਹੋਏ ਵੀ ਤੇ ਹੋਣੇ ਵੀ ਹਨ। ਜਿਨ੍ਹਾਂ ਨਾਲ ਕੁਝ ਨਾ ਕੁਝ ਆਰਥਿਕ ਭਰਪਾਈ ਹੋਣ ਦੀ ਆਸ ਵੀ ਹੈ ਪਰ ਜੋ ਜੀਆ ਘਾਤ ਹੋ ਚੁੱਕੀ ਹੈ, ਦੀ ਭਰਪਾਈ ਕਦੇ ਵੀ ਨਹੀਂ ਹੋ ਸਕਣੀ। ਸਿਰਫ ਅਫਸੋਸ ਹੀ ਕੀਤਾ ਜਾ ਸਕਦਾ ਹੈ। ਹੱਦੋਂ ਵੱਧ ਮੀਂਹ ਜਾਂ ਹੜ੍ਹ ਆਦਿ ਨੂੰ ਕੁਦਰਤੀ ਆਫ਼ਤ ਨੂੰ ਰੱਬੀ ਕਰੋਪੀ ਮੰਨਦਿਆਂ ਸਿਰਫ ਰੱਬ ਤਾਈਂ ਉਲਾਂਭਾ ਦਿੰਦਿਆਂ ਆਪਣੇ ਅਸਲ ਫ਼ਰਜ਼ਾਂ ਤੋਂ ਮੁਨਕਰ ਹੋਣਾ, ਵਾਪਰਨ ਵਾਲੇ ਸੰਭਾਵੀ ਵਰਤਾਰਿਆਂ ਦੇ ਕਾਰਨਾਂ ਤੋਂ ਅਵੇਸਲੇ ਰਹਿਣਾ ਜਾਂ ਫਿਰ 'ਮੈਨੂੰ ਕੀ' ਆਖ ਅੱਖਾਂ ਮੀਟ ਛੱਡਣ ਵਰਗੇ ਆਤਮਘਾਤੀ ਵਿਵਹਾਰ ਕਾਰਨ ਹੀ ਇਨ੍ਹਾਂ ਵਰਤਾਰਿਆਂ ਨਾਲ ਨੁਕਸਾਨ ਵੀ ਵਧੇਰੇ ਹੋ ਜਾਂਦਾ ਹੈ।

ਮੀਂਹ ਜਾਂ ਹੋਰ ਕਿਸੇ ਵੀ ਕੁਦਰਤੀ ਆਮ ਵਰਤਾਰੇ ਨੂੰ ਰੋਕਿਆ ਤਾਂ ਨਹੀਂ ਜਾ ਸਕਦਾ ਪਰ ਦੂਰ ਅੰਦੇਸ਼ੀ ਯੋਜਨਾਬੰਦੀ ਨਾਲ ਵੇਲੇ ਸਿਰ ਅਗਾਊਂ ਉਪਾਅ ਕਰਕੇ ਇਸ ਦੇ ਵਿਕਰਾਲ ਰੂਪ ਦੇ ਸੰਭਾਵੀ ਨੁਕਸਾਨ ਤੋਂ ਕਾਫੀ ਹੱਦ ਤੱਕ ਬਚ ਬਚਾਅ ਜ਼ਰੂਰ ਕੀਤਾ ਜਾ ਸਕਦਾ ਹੈ। ਇਥੇ ਸੋਚਣ ਵਾਲੀ ਗੱਲ ਹੈ ਕਿ ਕੁਦਰਤ ਦਾ ਆਮ ਵਰਤਾਰਾ ਵਿਰਾਟ ਰੂਪ ਧਾਰਨ ਹੀ ਕਿਉਂ ਕਰਦਾ ਹੈ? ਫਿਰ ਵਰਤਣ ਵਾਲੇ ਵਰਤਾਰੇ ਦਾ ਨਤੀਜਾ ਏਨਾ ਭਿਆਨਕ ਕਿਉਂ ਹੁੰਦਾ ਹੈ? ਕਿਤੇ ਇਸ ਪਿੱਛੇ ਸਾਡੀ ਮਨੁੱਖੀ ਅਣਗਹਿਲੀ ਤਾਂ ਨਹੀਂ ਕੰਮ ਕਰ ਰਹੀ? ਕੀ ਇਸ ਪਿੱਛੇ ਤਾਂ ਸਾਡੀ ਮਨੁੱਖੀ ਸੋਚ ਭਾਰੂ ਤਾਂ ਨਹੀਂ ਹੋਈ? ਇਨ੍ਹਾਂ ਸਭ ਸਵਾਲਾਂ ਦਾ ਜਵਾਬ ਤਕਰੀਬਨ 'ਹਾਂ' ਵਿੱਚ ਹੀ ਹੈ।

ਕਿਉਂਕਿ ਵਾਤਾਵਰਨ ਮਾਹਿਰਾਂ ਅਨੁਸਾਰ ਕੁਦਰਤੀ ਪ੍ਰਕਿਰਿਆ ਵਿੱਚ ਸੋਕੇ, ਡੋਬੇ ਜਾਂ ਹੋਰ ਕੋਈ ਆਫਤ ਦੇ ਉਤਪੰਨ ਹੋਣ ਵਿੱਚ ਹੱਦੋਂ ਵੱਧ ਕੁਦਰਤ ਨਾਲ ਬੇਰਹਿਮੀ ਮਨੁੱਖੀ ਛੇੜਛਾੜ ਦਾ ਸਿੱਟਾ ਹੀ ਹੈ। ਫਿਰ ਵੀ ਮਨੁੱਖ ਵੱਲੋਂ ਆਪਣੀ ਅੰਨ੍ਹੀ ਲਾਲਸਾ ਕਰਕੇ ਕੁਦਰਤ ਨਾਲ ਹੱਦੋਂ ਵੱਧ ਛੇੜਛਾੜ ਕਰਨ ਦਾ ਆਤਮਘਾਤੀ ਰਾਹ ਅਪਣਾਉਣਾ ਜਾਰੀ ਰੱਖਿਆ ਹੋਇਆ ਹੈ।

ਬੇਸ਼ੱਕ ਕੁਲ ਆਲਮ ਵਿਚ ਮਨੁੱਖ ਨੇ ਆਪਣਾ ਜ਼ਾਲਮੀ ਪੰਜਾ ਕੁਦਰਤ ਦੀ ਸੰਘੀ ਨੂੰ ਪਾਇਆ ਹੋਇਆ ਹੈ ਪਰ ਸਾਡੇ ਮੁਲਕ ਵਿਚ ਤਾਂ ਕੁਦਰਤ ਦੇ ਸਾਰੇ ਕਾਨੂੰਨਾਂ ਨੂੰ ਛਿੱਕੇ ਟੰਗ ਕੇ ਕੁਦਰਤੀ ਵਾਤਾਵਰਨ ਦੇ ਪੂਰੇ ਆਹੂ ਲਾਹੇ ਜਾ ਰਹੇ ਹਨ। ਬੇਢੰਗੇ ਅਖੌਤੀ ਵਿਕਾਸ ਦੇ ਨਾਂ ਉਤੇ ਅਥਾਹ ਵਿਨਾਸ਼ ਵੱਲ ਵਧਿਆ ਜਾ ਰਿਹਾ ਹੈ। ਕੁਦਰਤ ਨਾਲ ਬੇਰਹਿਮੀ ਭਰੀ ਛੇੜਛਾੜ ਦੇ ਮਾਮਲੇ ਦੇ ਹਮਾਮ ਵਿੱਚ ਅਸੀਂ ਸਭ ਹੀ ਨੰਗੇ ਹਾਂ। ਆਪਣੇ ਮਤਲਬ ਲਈ ਜਿਸ ਦਾ ਜਿਨ੍ਹਾਂ ਵੀ ਹੱਥ ਪੈਂਦਾ ਹੈ, ਉਨ੍ਹਾਂ ਹੀ ਆਪਣਾ ਦਾਅ ਘਾਅ ਲਾ ਕੇ ਕੁਦਰਤ ਨੂੰ ਦੁੱਖ ਦੇਣ ਵਿੱਚ ਕੋਈ ਵੀ ਕਸਰ ਛੱਡ ਨਹੀਂ ਰਿਹਾ।

ਖੁਦਗਰਜੀ, ਭ੍ਰਿਸ਼ਟਾਚਾਰੀ ਤੇ ਰਿਸ਼ਵਤਖੋਰੀ ਦੇ ਬੋਲਬਾਲੇ ਵਿੱਚ ਵੱਡੇ ਵੱਡੇ ਕਮਿਸ਼ਨ/ਹਿੱਸਾ ਪਤੀ ਦੀ ਮੋਟੀ ਕਮਾਈ ਲਈ ਅਜਿਹੇ ਕੰਮ ਸਹੇੜੇ ਜਾ ਰਹੇ ਨੇ ਜੋ ਕੁਦਰਤ ਨੂੰ ਉੱਕਾ ਹੀ ਮਾਫ਼ਕ ਨਹੀਂ ਹੁੰਦੇ। ਕੁਦਰਤ ਆਪਣੇ 'ਤੇ ਹੋ ਰਹੇ ਇਸ ਮਨੁੱਖੀ ਛੇੜਛਾੜ ਦੇ ਤਸ਼ੱਦਦ ਨੂੰ ਕੁਝ ਹੱਦ ਤੱਕ ਝਲਦੀ ਵੀ ਹੈ ਪਰ ਜਦ ਕਦੇ ਉਸ ਦਾ ਸਬਰ ਟੁੱਟ ਜਾਂਦਾ ਤਾਂ ਫਿਰ ਉਹ ਵੀ ਆਪਣੇ ਕਹਿਰਵਾਨ ਰੂਪ ਵਿੱਚ ਆ ਹੀ ਜਾਂਦੀ ਹੈ।

ਕੁਦਰਤ ਨੇ ਤਾਂ ਜੀਵਨ ਚਲਦਾ ਰੱਖਣ ਲਈ ਲੋੜੀਂਦਾ ਵਾਤਾਵਰਨ ਸਿਰਜਣ ਦੇ ਯਤਨ ਵਜੋਂ ਹਵਾ, ਪਾਣੀ, ਰੋਸ਼ਨੀ ਤੇ ਜੰਗਲ ਬੇਲੇ ਪੈਦਾ ਕੀਤੇ ਹਨ। ਇਹ ਜੰਗਲ ਬੇਲੇ ਮੀਂਹ ਵਰਸਾਉਣ ਲਈ ਸਹਾਇਕ ਵੀ ਬਣਦੇ ਹਨ। ਅਸਮਾਨੋਂ ਮੀਂਹ ਦੇ ਰੂਪ ਵਿੱਚ ਧਰਤੀ ਉਤੇ ਡਿੱਗਣ ਵੇਲੇ ਤੇ ਪਾਣੀ ਵਹਿਣ ਦੀ ਗਤੀ ਅਤੇ ਭੌਂ ਖੋਰ ਘਟਾਉਣ ਵਿੱਚ ਇੱਕ ਉੱਘੀ ਭੂਮਿਕਾ ਵੀ ਨਿਭਾਉਂਦੇ ਹਨ।

ਇੱਕ ਪਾਸੇ ਵੱਡੀ ਪੱਧਰ 'ਤੇ ਰੁੱਖਾਂ/ਜੰਗਲ ਬੇਲਿਆਂ ਦੀ ਕਟਾਈ ਤੇ ਦੂਜੇ ਪਾਸੇ ਬੇਹਤਾਸ਼ਾ ਫੈਲਾਏ ਜਾ ਰਹੇ ਪ੍ਰਦੂਸ਼ਣ ਕਾਰਨ ਕਾਰਬਨ ਡਾਇਆਕਸਾਈਡ ਤੇ ਗ੍ਰੀਨ ਹਾਊਸ ਦੇ ਵਧਦੇ ਗ੍ਰਾਫ ਕਰਕੇ ਤਪਸ਼ ਵਿਚ ਵੀ ਵਾਧਾ ਹੁੰਦਾ ਹੈ। ਮੌਸਮ ਮਾਹਿਰਾਂ ਅਨੁਸਾਰ ਤਾਪਮਾਨ ਵਿੱਚ ਇੱਕ ਪੁਆਇੰਟ ਦਾ ਵਾਧਾ ਅੱਗੋਂ ਸੱਤ ਗੁਣਾ ਵੱਧ ਤਪਸ਼ ਪੈਦਾ ਹੋ ਜਾਣ ਦਾ ਕਾਰਨ ਬਣਦਾ ਜਾਂਦਾ ਹੈ। ਹੱਦੋਂ ਵੱਧ ਤਪਸ਼ ਕਾਰਨ ਵਾਯੂਮੰਡਲ ਦੇ ਅੰਦਰ ਬਣਦੇ ਖਲਾਅ ਵਿਚ ਭਾਰੀ ਮਾਤਰਾ ਨਮੀ ਤੇ ਜਲ ਕਣਾਂ ਨੂੰ ਜਮਾਂ ਹੋਣ ਲੱਗ ਜਾਂਦੇ ਹਨ। ਜਿਨ੍ਹਾਂ ਨਾਲ ਭਾਰੀ ਬੱਦਲ ਬਣਨ ਦੀ ਸੰਭਾਵਨਾ ਬਣ ਜਾਂਦੀ ਹੈ। ਫਿਰ ਬਣੇ ਭਾਰੀ ਬੱਦਲਾਂ ਕਰਕੇ ਆਮ ਨਾਲੋਂ ਵੱਧ ਤੇ ਭਾਰੀ ਮੀਂਹ ਪੈਣ ਅਤੇ ਪਹਾੜੀ ਇਲਾਕਿਆਂ ਵਿੱਚ ਬੱਦਲ ਫੱਟਣ (ਪਾਣੀ ਦਾ ਇੱਕ ਦਮ ਪਰਲੋ/ਵਿਕਰਾਲ ਰੂਪ 'ਚ ਡਿੱਗਣ), ਪਹਾੜ ਖਿਸਕਣ ਤੇ ਹੜ੍ਹ ਵਰਗੀਆਂ ਪ੍ਰਸਥਿਤੀਆਂ ਸੁਭਾਵਿਕ ਹੀ ਬਣ ਜਾਂਦੀਆਂ ਹਨ।

ਫਿਰ ਪਾਣੀ ਦੇ ਵੱਡੇ ਵੱਡੇ ਤੇ ਤੇਜ਼ ਤਰਾਰ ਵਹਿਣ ਆਪਣੇ ਅੱਗੇ ਆਉਂਦਾ ਸਭ ਕੁਝ ਰੋੜੀ ਜਾਂਦੇ ਹਨ। ਜਿਥੇ ਕਿਤੇ ਵੀ ਭੂਗੋਲਿਕ ਸਥਿਤੀ ਕਾਰਨ ਪਾਣੀ ਦੀ ਗਤੀ ਕੁਝ ਧੀਮੀ ਹੁੰਦੀ ਹੈ ਤਾਂ ਰੁੜ੍ਹਦਾ ਮਲਬਾ ਵਿਛੀ ਜਾਂਦਾ ਹੈ ਤੇ ਕਈ ਥਾਂਵਾਂ ਉਤੇ ਜਿਥੇ ਇਸ ਮਲਬੇ ਨਾਲ ਜਾਂ ਫਿਰ ਮਨੁੱਖ ਵੱਲੋਂ ਵੀ ਹੱਦਾਂ ਬੰਨੇ ਟੱਪ ਕੇ ਜਿਥੇ ਵੀ ਵਹਿਣਾਂ ਦੇ ਰਾਹਾਂ ਵਿੱਚ ਰੁਕਾਵਟ ਪਾਈ ਹੁੰਦੀ ਤਾਂ ਪਾਣੀ ਦਾ ਵਹਿਣ ਵੀ ਹੱਦਾਂ ਬੰਨੇ ਟੱਪਣ ਵਿੱਚ ਕੋਈ ਕਸਰ ਨਹੀਂ ਛੱਡਦਾ। ਜਿਸ ਨਾਲ ਸਾਡੇ ਲਈ ਹੜ੍ਹ ਵਰਗੀਆਂ ਦਰਦਨਾਕ ਤੇ ਪੀੜਾਦਾਇਕ ਭਿਆਨਕ ਸਥਿਤੀਆਂ ਪੈਦਾ ਹੋ ਜਾਂਦੀਆਂ ਹਨ। ਸੋ ਸਾਡੇ ਸਭ ਲਈ ਇਨਾਂ ਭਿਆਨਕ ਸਥਿਤੀਆਂ ਤੋਂ ਬਚਣ ਲਈ ਕੁਦਰਤ ਨਾਲ ਤਾਲਮੇਲ ਬਣਾਈ ਰੱਖਣਾ ਬਹੁਤ ਜ਼ਰੂਰੀ ਹੋ ਜਾਂਦਾ ਹੈ।

ਜਿਸ ਲਈ ਸਾਨੂੰ ਸਭਨਾਂ ਨੂੰ ਆਪਣੇ ਆਪਣੇ ਪੱਧਰ ਤੋਂ ਹੀ ਵਾਤਾਵਰਨ ਦੀ ਸਾਂਭ-ਸੰਭਾਲ ਲਈ ਅੱਗੇ ਆਉਣਾ ਪਵੇਗਾ। ਸਰਕਾਰੀ ਤੰਤਰ/ਸਰਕਾਰਾਂ ਨੂੰ ਜਨਤਕ ਰੂਪ ਵਿਚ ਦੂਰ ਅੰਦੇਸ਼ੀ ਯੋਜਨਾਵਾਂ ਉਲੀਕ ਕੇ ਅਜਿਹੇ ਕਾਰਜ ਸ਼ੁਰੂ ਕਰਨੇ ਹੋਣਗੇ ਜਿਨ੍ਹਾਂ ਨਾਲ ਵਿਕਾਸ ਵੀ ਹੋਵੇ ਤੇ ਕੁਦਰਤੀ ਵਾਤਾਵਰਨ ਦੀ ਸਾਂਭ ਸੰਭਾਲ ਬਰਕਰਾਰ ਵੀ ਰਹਿ ਸਕੇ। ਜਿਸ ਲਈ ਭੂਗੋਲਿਕ ਸਥਿਤੀ ਅਨੁਸਾਰ ਲੋੜੀਂਦੇ ਜੰਗਲ ਬੇਲੇ (ਰੁੱਖਾਂ) ਦੀ ਹੋਂਦ ਨੂੰ ਕਾਇਮ ਰੱਖਣ ਲਈ ਸਖ਼ਤ ਕਾਇਦੇ ਕਾਨੂੰਨ ਹੋਣ ਤੇ ਜਿਨ੍ਹਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ। ਰਾਸ਼ਟਰੀ ਜਾਇਦਾਦ ਕੁਦਰਤੀ ਵਹਿਣਾਂ ਦੀ ਨਿਰੰਤਰ ਸਾਫ਼ ਸਫ਼ਾਈ ਤੇ ਡੂੰਘਾਈ ਨੂੰ ਕਾਇਮ ਰੱਖਣ ਦੇ ਪੁਖ਼ਤਾ ਪ੍ਰਬੰਧ ਹੋਣ ਤਾਂ ਕਿ ਵਹਿਣ ਆਮ ਜ਼ਮੀਨ ਨਾਲੋਂ ਨੀਵੇਂ ਹੀ ਰਹਿਣ। ਇਨ੍ਹਾਂ ਵਹਿਣਾਂ ਦੀ ਮਿਥੀ ਹੱਦਬੰਦੀ ਵਿੱਚ ਜਾਂ ਨੇੜੇ ਤੇੜੇ ਨਿੱਜੀ ਕਬਜ਼ਿਆਂ ਰਾਹੀਂ ਵਹਿਣਾਂ ਵਿੱਚ ਰੁਕਾਵਟ ਬਣਨ ਵਾਲੇ ਹਰ ਕਿਸਮ ਦੇ ਮਨੁੱਖੀ ਕਾਰੋਬਾਰ ਸਖ਼ਤੀ ਨਾਲ ਬੰਦ ਕੀਤੇ ਜਾਣ।

ਇਸ ਤੋਂ ਇਲਾਵਾ ਇਨ੍ਹਾਂ ਵਹਿਣ ਦੇ ਕਿਨਾਰਿਆਂ ਨੂੰ ਮਜ਼ਬੂਤ ਕਰਨ ਦੇ ਨਾਲ ਨਾਲ ਇਨ੍ਹਾਂ ਦੀ ਹੱਦਬੰਦੀ ਨਾਲ ਹੋਰ ਜ਼ਮੀਨ ਐਕਵਾਇਰ ਕਰਕੇ ਵੱਧ ਤੋਂ ਵੱਧ ਹੋਰ ਰਾਖਵੀਂ ਜ਼ਮੀਨੀ ਪੱਟੀ ਤਿਆਰ ਕਰਨ ਦੇ ਸਾਰਥਿਕ ਯਤਨ ਕੀਤੇ ਜਾਣ। ਇਸ ਰਾਖਵੀਂ ਜ਼ਮੀਨੀ ਪੱਟੀ ਵਿੱਚ ਕਾਨੇ, ਸਰਕੜੇ, ਕਾਹੀ ਤੇ ਦਰੱਖ਼ਤਾਂ ਭਰਪੂਰ ਜਲ ਕੁੰਡਾਂ, ਜਲ ਗਾਹਾਂ ਦੀ ਸਥਾਪਨਾ ਕਰਨ ਨੂੰ ਤਰਜੀਹ ਦਿੱਤੀ ਜਾਵੇ। ਜਿਨ੍ਹਾਂ ਜਲ ਕੁੰਡਾਂ/ ਜਲਗਾਹਾਂ ਵਿਚ ਵਹਿਣਾਂ ਵਿਚ ਆਉਣ ਵਾਲੇ ਸੰਭਾਵੀ ਮੌਸਮੀ ਉਛਾਲਾਂ ਦੇ ਪਾਣੀ ਦੀ ਸਮਾਈ ਦੇ ਯਤਨ ਹੋ ਸਕਣ। ਇਹ ਜਲ ਗਾਹਾਂ ਮੱਛੀ ਪਾਲਣ ਵਰਗੇ ਧੰਦਿਆਂ, ਖੇਤੀ ਦੀ ਸਿੰਚਾਈ ਅਤੇ ਵਾਤਾਵਰਨ ਨੂੰ ਠੰਡਾ ਰੱਖਣ 'ਤੇ ਜ਼ਮੀਨ ਵਿੱਚ ਪਾਣੀ ਜਜ਼ਬ ਹੋਣ ਦੀ ਪ੍ਰਕਿਰਿਆ ਵਿੱਚ ਵੀ ਸਹਾਇਕ ਬਣ ਸਕਦੀਆਂ ਹਨ। ਸੋ ਹੜ੍ਹਾਂ ਦੇ ਮਾਰੂ ਪ੍ਰਕੋਪ ਤੋਂ ਬਚਣ ਲਈ ਕੁਦਰਤ ਦੇ ਵਰਤਾਰੇ 'ਜਲ ਚੱਕਰ' ਨੂੰ ਸਮਝਦਿਆਂ ਇਸ ਦੇ ਖਤਰਿਆਂ ਤੋਂ ਸੰਭਲਣ/ਬਚਣ ਵਾਲੀ ਵਿਵਸਥਾ ਦੀ ਸਿਰਜਣਾ ਸਮੇਂ ਦੀ ਇੱਕ ਬਹੁਤ ਵੱਡੀ ਲੋੜ ਹੈ।

ਯੂਨੀਅਨ ਬੈਂਕ ਆਫ ਇੰਡੀਆ
Union Bank of India

**ਅਸੇਟ ਰਿਕਵਰੀ ਸ਼ਾਖਾ**
**ਕਾਲਰਾਜ਼ ਬਿਲਡਿੰਗ, ਪਹਿਲੀ ਮੰਜ਼ਿਲ, ਬੀ-15-295/ਬੀ ਅਤੇ ਬੀ-15-295/ਸੀ, ਨੇੜੇ ਓਸਵਾਲ ਸਟ੍ਰੀਟ, ਮਿਲਰਗੰਜ, ਜੀ.ਟੀ. ਰੋਡ, ਲੁਧਿਆਣਾ-141003, ਮੋਬ: ਨੰ. 83760-02606**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 26.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ**

# ਈ-ਨਿਲਾਮੀ ਵਿਕਰੀ ਸੂਚਨਾ

**ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 26.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਬੋਲੀ ਰੱਖਣ ਤੋਂ ਪਹਿਲਾਂ ਨਿਲਾਮੀ ਦਾ ਸਮਾਂ ਖਤਮ ਹੋਣ ਤੋਂ ਪਹਿਲਾਂ ਸੰਪੱਤੀ ਆਈਡੀ ਸਮੇਤ ਜਮ੍ਹਾਂ ਕੀਤੀ ਜਾਵੇਗੀ ਅਤੇ ਲਿੰਕ/ਮੈਪ ਕੀਤੀ ਜਾਵੇਗੀ।**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਅਤੇ 9 ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਆਕਰਨ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਚਾਰਜ ਕੀਤੀ ਗਈ ਹੇਠ ਲਿਖੀ ਅਚੱਲ ਸੰਪੱਤੀ, ਜਿਸ ਦਾ [illegible] ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸੰਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 26.09.2025 ਨੂੰ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" ਆਧਾਰ 'ਤੇ ਕੀਤੀ ਜਾਵੇਗੀ। ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਹੇਠਾਂ ਦਿੱਤੀ ਗਈ ਹੈ। ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : **https://baanknet.com** ਰਾਹੀਂ ਆਯੋਜਿਤ ਕੀਤੀ ਜਾਵੇਗੀ।

| ਲ. ਨੰ. | ਸ਼ਾਖਾ, ਖਾਤਾ, ਕਰਜ਼ਦਾਰ/ਾਂ/ ਜ਼ਾਮਨ/ਾਂ ਆਦਿ ਦੇ ਨਾਮ | ਬਕਾਇਆ ਰਕਮ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| 1. | ਕਰਜ਼ਦਾਰ: a). ਮੈਸ. ਐਗਮਿਲ ਇੰਜੀਨੀਅਰਿੰਗ ਵਰਕਸ ਰਾਹੀਂ ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ੍ਰੀ ਮੱਖਣ ਸਿੰਘ (ਮ੍ਰਿਤਕ), ਨਿਵਾਸੀ # 132-ਏ, ਫੋਕਲ ਪੁਆਇੰਟ, ਆਬਾਦੀ ਅਲਾਉਦੀਨ ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143505 ਰਾਹੀਂ। b.) ਸਵਰਗਵਾਸੀ ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ੍ਰੀ ਮੱਖਣ ਸਿੰਘ (ਮ੍ਰਿਤਕ) ਰਾਹੀਂ ਆਪਣੇ ਕਾਨੂੰਨੀ ਵਾਰਸਾਂ (i) ਸ਼੍ਰੀਮਤੀ ਰਣਜੀਤ ਕੌਰ (ਪਤਨੀ) ਰਾਹੀਂ (ii) ਸ੍ਰੀ ਗੁਰਜੀਤ ਸਿੰਘ (ਪੁੱਤਰ), (iii) ਸ੍ਰੀ ਪਰਮਪਾਲ ਸਿੰਘ (ਪੁੱਤਰ)। ਅਤੇ ਸਾਰੇ ਅਣਜਾਣ ਕਾਨੂੰਨੀ ਵਾਰਸ, ਸਾਰੇ ਨਿਵਾਸੀ # 132-ਏ, ਫੋਕਲ ਪੁਆਇੰਟ, ਆਬਾਦੀ ਅਲਾਉਦੀਨ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143505, ਜ਼ਾਮਨ: 1. ਸ਼੍ਰੀਮਤੀ ਰਣਜੀਤ ਕੌਰ ਪਤਨੀ ਸਵਰਗੀ ਸ੍ਰੀ ਗੁਰਵਿੰਦਰ ਸਿੰਘ, ਨਿਵਾਸੀ # 132-ਏ ਫੋਕਲ ਪੁਆਇੰਟ, ਆਬਾਦੀ ਅਲਾਉਦੀਨ ਬਟਾਲਾ, ਜ਼ਿਲ੍ਹਾ ਗੁਰਦਾਸਪੁਰ 143505, 2. ਸ੍ਰੀ ਗੁਰਜੀਤ ਸਿੰਘ ਪੁੱਤਰ ਸਵਰਗਵਾਸੀ ਸ੍ਰੀ ਗੁਰਵਿੰਦਰ ਸਿੰਘ, ਵਾਸੀ # 132-ਏ ਫੋਕਲ ਪੁਆਇੰਟ, ਆਬਾਦੀ ਅਲੋਵਾਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ-143505 | Rs.41,69,310/- ਜਮ੍ਹਾਂ ਵਿਆਜ | ਵਸੀਕਾ ਨੰਬਰ 1552 ਮਿਤੀ 11.07.2016 ਨੂੰ ਸ੍ਰੀ ਗੁਰਵਿੰਦਰ ਸਿੰਘ ਪੁੱਤਰ ਸ੍ਰੀ ਮੱਖਣ ਸਿੰਘ ਦੇ ਨਾਮ 'ਤੇ ਫੋਕਲ ਪੁਆਇੰਟ, ਬਟਾਲਾ ਜ਼ਿਲ੍ਹਾ ਗੁਰਦਾਸਪੁਰ ਵਿਖੇ ਸਥਿਤ ਪਲਾਟ ਨੰਬਰ 132-ਏ (ਪੀ) ਵਾਲੀ ਸੰਪੱਤੀ। ਜਾਇਦਾਦ ਦੇ ਸਾਰੇ ਹਿੱਸੇ ਅਤੇ ਭਾਗ, 917 ਵਰਗ ਗਜ਼, ਸੰਪੱਤੀ ਦੀ ਹੱਦ ਹੇਠ ਲਿਖੇ ਅਨੁਸਾਰ ਹੈ: ਪੂਰਬ: ਪਲਾਟ ਪ੍ਰਾਪਤ ਉੱਤਰ: ਸੜਕ ਚੌੜਾਈ, ਦੱਖਣ: ਪਲਾਟ ਪ੍ਰਾਪਤ ਕਰਤਾ ਕਬਜ਼ੇ ਦੀ ਕਿਸਮ: ਸੰਕੇਤਕ | Rs. 41,00,000/-<br>Rs. 4,10,000/-<br>Rs. 41,000/- |
| 2. | ਕਰਜ਼ਦਾਰ : ਮੈਸ. ਬਾਲਾਜੀ ਬੈਲਟਸ ਰਾਹੀਂ ਇਸਦੇ ਪ੍ਰੋਪਰਾਇਟਰ ਸ੍ਰੀ ਵਰੁਣ ਗਰਗ ਸਪੁੱਤਰ ਲਾਜਪਤ ਰਾਏ ਦੇ, ਵਾਸੀ ਡੀ-162, ਫੇਜ਼-6, ਫੋਕਲ ਪੁਆਇੰਟ, ਲੁਧਿਆਣਾ ਪੰਜਾਬ-141010, ਜ਼ਾਮਨ:- 1. ਸ਼੍ਰੀਮਤੀ ਰਜਨੀਸ਼ ਗਰਗ ਪਤਨੀ ਲਾਜਪਤ ਰਾਏ ਗਰਗ ਵਾਸੀ ਸੀ-407, ਅਰਬਨ ਅਸਟੇਟ, ਫੇਜ਼-1, ਜਮਾਲਪੁਰ, ਲੁਧਿਆਣਾ, ਪੰਜਾਬ-141010, ਦੂਜਾ ਪਤਾ :- ਮਕਾਨ ਨੰ. 13'217 ਨੇੜੇ ਵੇਨ੍ਹ ਹੋਟਲ ਬਰਨਾਲਾ, ਜ਼ਿਲ੍ਹਾ ਸੰਗਰੂਰ ਪੰਜਾਬ-148101 | Rs.5,43,88,282.29 30.06.2023 ਨੂੰ ਜਮ੍ਹਾਂ ਵਿਆਜ | ਲੀਜ਼ ਡੀਡ ਵਸੀਕਾ ਨੰ. 8463 ਮਿਤੀ 11.10.2012 ਦੇ ਅਧੀਨ ਮੈਸ. ਬਾਲਾਜੀ ਬੈਲਟਸ ਰਾਹੀਂ ਇਸ ਦੇ ਪ੍ਰੋ. ਸ੍ਰੀ ਵਰੁਣ ਗਰਗ ਸਪੁੱਤਰ ਲਾਜਪਤ ਰਾਏ ਦੇ ਨਾਮ 'ਤੇ ਸਬ ਰਜਿਸਟਰਾਰ ਲੁਧਿਆਣਾ ਸੈਂਟਰਲ ਨਾਲ ਪੰਜੀਕ੍ਰਿਤ ਅਤੇ ਇੰਡਸਟਰੀਅਲ ਫੋਕਲ ਪੁਆਇੰਟ, ਲੁਧਿਆਣਾ ਵਿਖੇ 885.50 ਵਰਗ ਗਜ਼ ਮਾਪ ਵਾਲੀ ਇੰਡਸਟਰੀਅਲ ਪਲਾਟ/ਫੈਕਟਰੀ ਜ਼ਮੀਨ ਅਤੇ ਬਿਲਡਿੰਗ ਨੰ. ਡੀ-162 ਫੇਜ਼-6 ਵਾਲੀ ਸੰਪੱਤੀ। ਹੱਦਬੰਦੀ ਮੁਲਾਂਕਣ ਰਿਪੋਰਟ ਅਨੁਸਾਰ: ਉੱਤਰ: ਸੜਕ (85'0"), ਦੱਖਣ: ਗੁਆਂਢੀ (85'0"), ਪੂਰਬ: ਖਾਲੀ ਪਲਾਟ ਨੰ. (96'0"), ਪੱਛਮ: ਆਸੀਤਾ ਨਿਟਵੇਅਰ (96'0") ਕਬਜ਼ੇ ਦੀ ਕਿਸਮ: ਸੰਕੇਤਕ | Rs. 1,13,00,000/-<br>Rs. 11,30,000/-<br>Rs. 1,00,000/- |
| 3. | 1. ਸ੍ਰੀ ਭਿੰਡਰ ਪੁੱਤਰ ਬੂਟੀ ਰਾਮ, ਪਤਾ: ਮਕਾਨ ਨੰ. 79, ਜੁਝਾਰ ਨਗਰ ਖਰੜ, ਐਸ.ਏ.ਐਸ. ਨਗਰ ਮੋਹਾਲੀ 140301. (ਕਰਜ਼ਦਾਰ/ਗਿਰਵੀਕਾਰ), 2. ਸ੍ਰੀ ਸੁਖਦੇਵ ਸਿੰਘ ਪੁੱਤਰ ਸ੍ਰੀ ਮਹਾਰ ਸਿੰਘ, ਪਤਾ: ਮਕਾਨ ਨੰ. 5473, ਮਲੋਆ ਕਾਲੋਨੀ, ਚੰਡੀਗੜ੍ਹ 160025 (ਸਹਿ ਬਿਨੈਕਾਰ) | Rs. 31,23,649.30 31.03.2023 ਨੂੰ ਜਮ੍ਹਾਂ 01.04.2023 ਤੋਂ ਪ੍ਰਭਾਵੀ ਵਿਆਜ | ਜ਼ਮੀਨ ਅਤੇ ਇਮਾਰਤ- ਰਿਹਾਇਸ਼ੀ ਮਕਾਨ ਨੰਬਰ 53, ਖੇਵਟ ਨੰਬਰ 353/385, ਖਸਰਾ ਨੰਬਰ 259 (4-0) ਵਿਖੇ ਸਥਿਤ, ਜਿਸਦਾ ਮਾਪ 4 ਵਿੱਘੇ ਵਿੱਚੋਂ 2/80 ਹੈ ਭਾਵ 2 ਬਿਸਵੇ, ਪਿੰਡ ਬਹਿਲੋਲਪੁਰ, ਤਹਿਸੀਲ ਅਤੇ ਜ਼ਿਲ੍ਹਾ ਐਸ.ਏ.ਐਸ. ਨਗਰ ਮੋਹਾਲੀ ਵਿੱਚ ਸ੍ਰੀ ਭਿੰਡਰ ਦੇ ਨਾਮ ਸੰਬੰਧਤ ਹੈ। ਸੀਮਾਵਾਂ: - ਪੂਰਬ: - ਸਾਹਮਣੇ ਗਲੀ 20' ਚੌੜੀ, ਦੱਖਣ:- ਮਕਾਨ ਨੰਬਰ 54, ਪੱਛਮ: ਹੋਰ ਜਾਇਦਾਦ, ਉੱਤਰ: - ਮਕਾਨ ਨੰਬਰ 52। ਕਬਜ਼ੇ ਦੀ ਕਿਸਮ: ਪ੍ਰਤੀਕਾਤਮਕ | Rs. 20,00,000/-<br>Rs. 2,00,000/-<br>Rs. 20,000/- |
| 4. | ਕਰਜ਼ਦਾਰ : ਮੈਸ. ਧਾਲੀਵਾਲ ਖੇਤੀ ਸੇਵਾ ਸੈਂਟਰ ਰਾਹੀਂ ਇਸ ਦੇ ਪ੍ਰੋਪ. ਸ੍ਰੀ ਸੁਖਦੇਵ ਸਿੰਘ ਪਿੰਡ ਡਾਕ ਕਲਾਂ [illegible] ਜ਼ਿਲ੍ਹਾ ਮੋਗਾ ਪੰਜਾਬ 142039 ਜ਼ਾਮਨ: ਸ੍ਰੀ ਗੁਰਤੇਜ ਸਿੰਘ ਸਪੁੱਤਰ ਸ੍ਰੀ ਗੁਰਨੈਬ ਸਿੰਘ ਵਾਸੀ [illegible] | Rs. 35,66,796/- 05.02.2020 ਨੂੰ ਜਮ੍ਹਾਂ ਵਿਆਜ | **LOT : 1** ਲਾਟ 1 : ਤਬਾਦਲਾ ਡੀਡ ਨੰ. 542 ਮਿਤੀ 27.02.2018 ਦੇ ਅਧੀਨ ਸ਼੍ਰੀਮਤੀ ਕੁਲਵੰਤ ਕੌਰ ਪਤਨੀ ਸ੍ਰੀ ਸੁਖਦੇਵ ਸਿੰਘ ਦੇ ਨਾਮ 'ਤੇ ਪਿੰਡ ਡਾਕ ਕਲਾਂ [illegible] ਜਮ੍ਹਾਂਬੰਦੀ ਸਾਲ 2012-2013 ਅਨੁਸਾਰ ਖਸਰਾ ਨੰ. 249//17 (8-0), 18 (8-0), 19 (8-0), 20 (8-0), 21 (8-0), 22 (8-0), 23 (8-0), 24 (8-0) 250/16 (7-6), 17/1 (0-3), 24/2 (2-2), 266//7 (1-0) ਖੇਵਟ ਨੰ. 497 ਤਬਾਦਲਾ ਨੰ. 4501 ਮਿਤੀ 15.03.2018 ਅਨੁਸਾਰ ਜ਼ਮੀਨ 74 ਕਨਾਲ 11 ਮਰਲੇ ਦਾ 25/1491 ਹਿੱਸਾ ਯਾਨੀ 1 ਕਨਾਲ 05 ਮਰਲੇ ਪੈਮਾਇਸ਼ ਵਾਲੀ ਜ਼ਮੀਨ ਅਤੇ ਬਿਲਡਿੰਗ। ਹੱਦਬੰਦੀ: ਉੱਤਰ : ਕਰਨੈਲ ਸਿੰਘ, ਦੱਖਣ : ਸੜਕ, ਪੂਰਬ : ਰਸਤਾ, ਪੱਛਮ : ਕਰਨੈਲ ਸਿੰਘ ਕਬਜ਼ੇ ਦੀ ਕਿਸਮ: ਸੰਕੇਤਕ | Rs. 37,00,000/-<br>Rs. 3,70,000/-<br>Rs. 37,000/- |
| | | | **LOT : 2** ਲਾਟ 2 : ਤਬਾਦਲਾ ਡੀਡ ਨੰ. 540 ਮਿਤੀ 27.02.2018 ਦੇ ਅਧੀਨ ਸ਼੍ਰੀਮਤੀ ਕੁਲਵੰਤ ਕੌਰ ਦੇ ਨਾਮ 'ਤੇ ਪਿੰਡ ਡਾਕ ਕਲਾਂ [illegible] ਜਮ੍ਹਾਂਬੰਦੀ ਸਾਲ ... ਅਨੁਸਾਰ ਖਸਰਾ ਨੰ. 249//17(8-0), 18(8-0), 19(8-0), 20(8-0), 21(8-0), 22(8-0), 23(8-0), 24(8-0) 250/16(7-6), 17/1(0-3), 24/2(2-2), 266//7(1-0) ਖੇਵਟ ਨੰ. 497 ਤਬਾਦਲਾ ਨੰ. 4500 ਮਿਤੀ 15.03.2018 ਅਨੁਸਾਰ ਜ਼ਮੀਨ 74 ਕਨਾਲ 11 ਮਰਲੇ ਦਾ 20/1491 ਹਿੱਸਾ ਯਾਨੀ 1 ਕਨਾਲ 00 ਮਰਲੇ ਪੈਮਾਇਸ਼ ਵਾਲੀ ਜ਼ਮੀਨ। ਹੱਦਬੰਦੀ: ਉੱਤਰ : ਕਰਨੈਲ ਸਿੰਘ, ਦੱਖਣ : ਰਸਤਾ, ਪੂਰਬ : ਰਸਤਾ, ਪੱਛਮ : ਕਰਨੈਲ ਸਿੰਘ | Rs. 11,00,000/-<br>Rs. 1,10,000/-<br>Rs. 11,000/- |
| 5. | ਕਰਜ਼ਦਾਰ: ੳ. ਸ੍ਰੀਮਤੀ ਹਰਪ੍ਰੀਤ ਕੌਰ ਪਤਨੀ ਗੁਰਪ੍ਰੀਤ ਸਿੰਘ ਸਪੁੱਤਰ ਗਿਆਨ ਸਿੰਘ ਮਕਾਨ ਨੰ. 6335, ਵਾਰਡ ਨੰ. 15, ਮੁਹੱਲਾ ਗੁਰੂ ਨਾਨਕ ਪੁਰਾ, ਨਕੋਦਰ, ਜਲੰਧਰ-144040 **ਅ. ਸ੍ਰੀ ਗੁਰਪ੍ਰੀਤ ਸਿੰਘ** ਪੁੱਤਰ ਗਿਆਨ ਸਿੰਘ, ਮਕਾਨ ਨੰ. 6335, ਵਾਰਡ ਨੰ. 15, ਮੁਹੱਲਾ, ਗੁਰੂ ਨਾਨਕ ਪੁਰਾ ਨਕੋਦਰ, ਜਲੰਧਰ-144040 | Rs. 20,58,998.50 02.09.2019 ਅਨੁਸਾਰ ਜਮ੍ਹਾਂ ਵਿਆਜ | ਖੇਵਟ/ਖਤੌਨੀ ਨੰਬਰ 51/53, 151/77, 152/178, ਖਸਰਾ ਨੰਬਰ 51/53, 151/77, 152/178 ਵਿੱਚ ਸਥਿਤ 44 ਕਨਾਲ 15 ਮਰਲੇ ਦੀ ਜ਼ਮੀਨ ਵਿੱਚੋਂ 06 ਮਰਲੇ ਦੀ ਰਿਹਾਇਸ਼ੀ ਜਾਇਦਾਦ ਦਾ ਸਾਰਾ ਟੁਕੜਾ 6/895 ਹਿੱਸਾ, 15//21/2(1-11), 15//22/5/2(0-16), 16//25/2(0-7), 21//5/2(0-15), 22/1(7-16), 22//2/1/2(6-2), 22//8/2(2-2), 22//9/1(0-5), 22//9/2(4-9), 22//10/2(3-1), 22//10/3(2-16), 22//20/1/1(4-4), 22/11/1(7-10), 21//6/1(1-1), 21//15/1(0-7), 22//19/2/1(1-13), ਹੈਡਬੈਸਟ ਨੰ. 24, ਸੰਤ ਨਗਰ, ਪਿੰਡ ਸ਼ਰਕਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇ ਸ਼੍ਰੀਮਤੀ ਹਰਪ੍ਰੀਤ ਕੌਰ ਦੇ ਨਾਮ 'ਤੇ ਸਥਿਤ। ਹੱਦਬੰਦੀ: - ਉੱਤਰ-ਜ਼ਮੀਨ, ਦੱਖਣ-ਖਾਲੀ ਪਲਾਟ, ਪੂਰਬ-ਰੋਡ, ਪੱਛਮੀ-ਜ਼ਮੀਨ। **ਕਬਜ਼ੇ ਦੀ ਕਿਸਮ: ਭੌਤਿਕ।** | Rs. 7,10,000/-<br>Rs. 71,000/-<br>Rs. 7,100/- |
| 6. | ਕਰਜ਼ਦਾਰ (ਾਂ): **a**. ਸ਼੍ਰੀਮਤੀ ਸੁਨੀਤਾ ਪਤਨੀ ਲੇਟ ਗੋਵਿੰਦ ਰਾਏ ਵਾਸੀ ਪਿੰਡ ਮੰਡਿਆਲਾ ਸੋਹਲ ਜਗੀਰ, ਤਹਿਸੀਲ ਨਕੋਦਰ, ਜਲੰਧਰ-144703 **b**. ਸ੍ਰੀ ਪ੍ਰੀਤੀ ਪੁੱਤਰੀ ਸਵ. ਗੋਵਿੰਦ ਰਾਏ, ਵਾਸੀ ਪਿੰਡ ਮੰਡਿਆਲਾ ਸੋਹਲ ਜਗੀਰ, ਤਹਿਸੀਲ ਨਕੋਦਰ, ਜਲੰਧਰ-144703 | Rs. 20,46,088/- ਜਮ੍ਹਾਂ ਵਿਆਜ | ਸ਼੍ਰੀਮਤੀ ਸੁਨੀਤਾ ਦੇ ਨਾਮ 'ਤੇ 07 ਮਰਲੇ ਜ਼ਮੀਨ 'ਤੇ ਬਣੀ ਇਮਾਰਤ ਦਾ ਸਾਰਾ ਹਿੱਸਾ ਖੇਵਟ/ਖਤੌਨੀ ਨੰਬਰ 51/53, 151/77, 152/178, ਖਸਰਾ ਨੰਬਰ 1 ਵਿੱਚ ਸ਼ਾਮਲ ਹੈ। 15//21/2(1-11), 15//22/5/2(0-16), 16//25/2(0-7), 21//5/2(0-15), 22//1(7- 16), 22/2/1/2(6-2), 22/8/2(2-2), 22//9/1(0-5), 22//9/2(4-9), 22/10/2(3-1), 22//10/3(2-16), 22//20/1/1(4-4), 22/11/1(7-10), 21//6/1(1-1), 21//15/1(0-7), 22/19/2/1(1-13), ਹੱਦਬਸਤ ਨੰ. 24, ਸੰਤ ਨਗਰ, ਪਿੰਡ ਸ਼ਰਕਪੁਰ, ਤਹਿਸੀਲ ਨਕੋਦਰ, ਜ਼ਿਲ੍ਹਾ ਜਲੰਧਰ ਵਿਖੇਸਥਿਤ। ਹੱਦਬੰਦੀ : - ਉੱਤਰ-ਗਲੀ, ਦੱਖਣ-ਦੂਜਿਆਂ ਦਾ ਪਲਾਟ/ਪਾਣੀ ਦੀ ਟੈਂਕੀ, ਪੂਰਬ-ਦੂਜਿਆਂ ਦਾ ਪਲਾਟ/ਜਸਵਿੰਦਰ ਕੌਰ। ਪੱਛਮ-ਦੂਜਿਆਂ ਦਾ ਪਲਾਟ/ਬਾਕੀ ਹਿੱਸਾ/ਸੁਸ਼ੀਲ ਰਾਣੀ। ਕਬਜ਼ੇ ਦੀ ਕਿਸਮ: ਭੌਤਿਕ। | Rs. 2,70,000/-<br>Rs. 27,000/-<br>Rs. 2,700/- |
| 7. | ਮੈਸ. ਸੁਵਿਧਾ ਨਾਹਰ ਐਕਸਪੋਰਟਸ, ਪਲਾਟ ਨੰ. ਬੀ-30-230, ਸ਼ੇਰਪੁਰ ਖੁਰਦ, ਲੁਧਿਆਣਾ-141010, ਪ੍ਰੋਪ. : ਸ਼੍ਰੀਮਤੀ ਸੰਗੀਤਾ ਜੈਨ, ਫਲੈਟ ਨੰ. 302, ਪ੍ਰੀਮੀਅਮ ਅਪਾਰਟਮੈਂਟ, ਪੱਖੋਵਾਲ ਰੋਡ, ਲੁਧਿਆਣਾ-141010 **ਗਿਰਵੀਕਾਰ ਅਤੇ ਜ਼ਾਮਨ : ਸ੍ਰੀ ਸਰਲ ਨਾਹਰ ਪਤਨੀ ਅਨਿਲ ਜੈਨ** ਵਾਸੀ ਫਲੈਟ ਨੰ. 302, ਪ੍ਰੀਮੀਅਮ ਅਪਾਰਟਮੈਂਟ, ਪੱਖੋਵਾਲ ਰੋਡ, ਲੁਧਿਆਣਾ-141010 | Rs. 3,96,95,971.45 31.05.2023 ਨੂੰ ਜਮ੍ਹਾਂ 01.06.2023 ਤੋਂ ਪ੍ਰਭਾਵੀ ਵਿਆਜ | ਹੱਦਬਸਤ ਨੰ. 175, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਅਤੇ ਜਮ੍ਹਾਂਬੰਦੀ 2009-10 ਦੇ ਅਨੁਸਾਰ ਖਸਰਾ ਨੰ. 27/2/2-3-4/1, 24/22/2-23/2, ਖਾਤਾ ਨੰਬਰ 13/13, 12/12 ਵਿਚ ਸ਼ਾਮਲ ਅਤੇ ਬੀ-30-230, ਸ਼ੇਰਪੁਰ ਖੁਰਦ, ਨੇੜੇ ਰਾਣਾ ਗੈਸ, ਲੁਧਿਆਣਾ ਵਿਖੇ ਸਥਿਤ ਅਤੇ 1017.50 **ਵਰਗ ਗਜ਼** ਮਾਪ ਵਾਲੀ ਫੈਕਟਰੀ-ਉਦਯੋਗਿਕ ਸ਼ਹਿਰੀ ਜ਼ਮੀਨ ਅਤੇ ਇਮਾਰਤ ਦੀ ਨਿਆਂਸੰਗਤ ਗਿਰਵੀ ਅਤੇ ਹੱਦਬੰਦੀ : ਪੂਰਬ : ਗੁਆਂਢੀ, ਪੱਛਮ : ਗੁਆਂਢੀ, ਉਤਰ : ਸੜਕ, ਦੱਖਣ : ਰੇਲਵੇ ਲਾਈਨ, ਸੰਪੱਤੀ ਸ੍ਰੀ ਸਰਲ ਨਾਹਰ ਸਪੁੱਤਰ ਅਨਿਲ ਜੈਨ ਨਾਲ ਸਬੰਧਤ ਹੈ। **ਕਬਜ਼ੇ ਦੀ ਕਿਸਮ : ਭੌਤਿਕ** ਕਬਜ਼ਾ। | Rs. 1,23,00,000/-<br>Rs. 12,30,000/-<br>Rs. 1,00,000/- |
| 8 | ਕਰਜ਼ਦਾਰ : ਸ਼੍ਰੀ. ਤਲਵਿੰਦਰ ਸਿੰਘ ਪੁੱਤਰ **ਸ਼੍ਰੀ ਮਨਜਿੰਦਰ ਸਿੰਘ**, ਗਲੀ ਨੰ- 12ਏ, ਮੁਹੱਲਾ- ਦਸ਼ਮੇਸ਼ ਨਗਰ (ਖਵਾਸਪੁਰ), ਹੁਸ਼ਿਆਰਪੁਰ ਪੰਜਾਬ, 2. ਸਹਿ ਬਿਨੈਕਾਰ ਸ਼੍ਰੀ ਪਰਮਿੰਦਰ ਸਿੰਘ ਪੁੱਤਰ ਸ਼੍ਰੀ ਮਨਜਿੰਦਰ ਸਿੰਘ, ਗਲੀ ਨੰ- 12ਏ, ਮੁਹੱਲਾ- ਦਸ਼ਮੇਸ਼ ਨਗਰ (ਖਵਾਸਪੁਰ), ਪੰਜਾਬ। | Rs. 20,70,596.70 ਜਮ੍ਹਾਂ ਵਿਆਜ | ਖੇਵਟ ਨੰ: 333/387, ਖਸਰਾ ਨੰ: 13//20/2 (6-6), ਖਵਾਸਪੁਰ, ਹੁਸ਼ਿਆਰਪੁਰ ਵਿਖੇ ਸਥਿਤ 2 ਮਰਲੇ 266 ਵਰਗ ਫੁੱਟ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ। ਇਸਦੀ ਹੱਦਬੰਦੀ: ਉੱਤਰ ਵੱਲ: ਮੋਹਿਨੀ (45'), ਦੱਖਣ ਵੱਲ: ਪ੍ਰੇਮ ਪ੍ਰਕਾਸ਼ (45'), ਪੂਰਬ ਵੱਲ: ਰਸਤਾ (18'), ਪੱਛਮ ਵੱਲ: ਕੁਲਵਿੰਦਰ ਸਿੰਘ (18') (**ਕਬਜ਼ੇ ਦੀ ਕਿਸਮ: ਸੰਕੇਤਕ**) | Rs. 15,50,000/-<br>Rs. 1,55,000/-<br>Rs. 15,500/- |
| 9. | 1. : ਮੈਸ. ਵੀ ਓ ਮੱਗੋ ਹੌਜਰੀ (ਰਾਹੀ ਪ੍ਰੋਪ. ਸ੍ਰੀ ਸੰਜੇ ਮੱਗੋ ਸਪੁੱਤਰ ਸ੍ਰੀ ਓਮ ਪ੍ਰਕਾਸ਼) ਮਕਾਨ ਨੰ. ਬੀ-9-434, ਮੁਹੱਲਾ ਬਜਾਰੀਆਂ, ਚੌੜੀ ਸੜਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪਿਨ 141008, 2. ਸ੍ਰੀ ਸੰਜੇ ਮੱਗੋ ਸਪੁੱਤਰ ਸ੍ਰੀ ਓਮ ਪ੍ਰਕਾਸ਼ (ਕਰਜ਼ਦਾਰ) ਮਕਾਨ ਨੰ. ਬੀ-9-434, ਮੁਹੱਲਾ ਬਜਾਰੀਆਂ, ਚੌੜੀ ਸੜਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪਿਨ 141008, 3. ਸ੍ਰੀਮਤੀ ਕਵਿਤਾ ਰਾਣੀ ਸਪੁਤਨੀ ਸ੍ਰੀ ਸੰਜੇ ਮੱਗੋ (ਜ਼ਾਮਨ/ਗਿਰਵੀਕਾਰ) ਮਕਾਨ ਨੰ. ਬੀ-9-434, ਮੁਹੱਲਾ ਬਜਾਰੀਆਂ, ਚੌੜੀ ਸੜਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪਿਨ 141008 | Rs. 44,79,266.93 30.06.2023 ਨੂੰ ਜਮ੍ਹਾਂ 01.07.2023 ਤੋਂ ਪ੍ਰਭਾਵੀ ਵਿਆਜ | 1. ਵਿਕਰੀ ਡੀਡ ਵਸੀਕਾ ਨੰਬਰ 26265 ਮਿਤੀ 11.03.1998 ਦੇ ਅਧੀਨ ਸ੍ਰੀਮਤੀ ਕਵਿਤਾ ਰਾਣੀ ਸੁਪਤਨੀ ਸ੍ਰੀ ਸੰਜੇ ਮੱਗੋ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 16442 ਮਿਤੀ 16.02.2004 50 ਵਰਗ ਗਜ਼ ਦੇ ਅਧੀਨ ਸ੍ਰੀ ਸੰਜੇ ਮੱਗੋ ਸਪੁੱਤਰ ਓਮ ਪ੍ਰਕਾਸ਼ ਦੇ ਨਾਮ 'ਤੇ 50 ਵਰਗ ਗਜ਼, ਮੁਹੱਲਾ ਬਜਰੀਆਂ, ਨੇੜੇ ਗੁਲਚਮਨ ਗਲੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਐਮਸੀ ਨੰ. ਬੀ-9-434 ਦੇ ਅਧੀਨ ਅਚੱਲ ਸੰਪੱਤੀ ਭਾਵ ਕੁੱਲ 400 ਵਰਗਜ ਗਜ਼ ਮਕਾਨ। ਹੱਦਾਂ : ਪੂਰਬ : ਸੋਮਨਾਥ ਮਾਪ 11'-6" ਅੰਦਰੂਨੀ ਕਰਵ 17'-3" ਬਾਹਰੀ ਕਰਵ 11'-6" ਅਮਰਜੀਤ ਸਿੰਘ, ਪੱਛਮ : ਰਾਣੀ ਅਤੇ ਸੁਦੇਸ਼ ਦਾ ਮਕਾਨ ਮਾਪ 28'-6", ਉਤਰ : ਗੁਆਂਢੀ ਮਾਪ 31' ਅੰਦਰੂਨੀ ਕਰਵ 6'-9"+22'-6" ਬੰਦ ਗਲੀ, ਦੱਖਣ : ਗੁਆਂਢੀ ਮਾਪ 26' ਅੰਦਰੂਨੀ ਕਰਵ 7'-3"+5' ਬੰਦ ਗਲੀ+5'-3" ਅਮਰਜੀਤ ਸਿੰਘ। ਪੂਰਬ : ਸੋਮਨਾਥ ਮਾਪ 20'-3", **ਕਬਜ਼ੇ ਦੀ ਕਿਸਮ : ਸੰਕੇਤਕ**<br>2. ਵਿਕਰੀ ਡੀਡ ਵਸੀਕਾ ਨੰਬਰ 24876 ਮਿਤੀ 23.02.1998 ਦੇ ਅਧੀਨ ਸ੍ਰੀਮਤੀ ਕਵਿਤਾ ਰਾਣੀ ਸੁਪਤਨੀ ਸ੍ਰੀ ਸੰਜੇ ਮੱਗੋ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 16444 ਮਿਤੀ 16.02.2004 25 ਵਰਗ ਗਜ਼ ਦੇ ਅਧੀਨ ਸ੍ਰੀ ਸੰਜੇ ਮੱਗੋ ਸਪੁੱਤਰ ਓਮ ਪ੍ਰਕਾਸ਼ ਦੇ ਨਾਮ 'ਤੇ 25 ਵਰਗ ਗਜ਼, ਮੁਹੱਲਾ ਬਜਰੀਆਂ, ਨੇੜੇ ਗੁਲਚਰਨ ਗਲੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਐਮਸੀ ਨੰ. ਬੀ-9-433/3 ਦੇ ਅਧੀਨ ਅਚੱਲ ਸੰਪੱਤੀ ਭਾਵ ਮਕਾਨ। ਹੱਦਾਂ : ਪੂਰਬ : ਸੋਮਨਾਥ ਮਾਪ 11'-6" ਅੰਦਰੂਨੀ ਕਰਵ 17'-3" ਬਾਹਰੀ ਕਰਵ 11'-6" ਅਮਰਜੀਤ ਸਿੰਘ, ਪੱਛਮ : ਰਾਣੀ ਅਤੇ ਸੁਦੇਸ਼ ਦਾ ਮਕਾਨ ਮਾਪ 28'-6", ਉਤਰ : ਗੁਆਂਢੀ ਮਾਪ 31' ਅੰਦਰੂਨੀ ਕਰਵ 6'-9"+22'-6" ਬੰਦ ਗਲੀ, ਦੱਖਣ : ਗੁਆਂਢੀ ਮਾਪ 26' ਅੰਦਰੂਨੀ ਕਰਵ 7'-3"+5' ਬੰਦ ਗਲੀ+5'-3" ਅਮਰਜੀਤ ਸਿੰਘ। ਪੂਰਬ : ਸੋਮਨਾਥ ਮਾਪ 20'-3", ਪੱਛਮ : ਰਸਤਾ 07' 03"+ ਅੰਦਰੂਨੀ ਕਰਵ 5'+5'-3" ਅਤੇ ਰਾਜ ਕੌਰ ਆਦਿ, ਉਤਰ : ਰਾਜ ਕੌਰ 20'-3", ਦੱਖਣ : ਗਲੀ 20'-3"+ ਅੰਦਰੂਨੀ ਕਰਵ 5'-3" ਰੌਸ਼ਨ ਲਾਲ। **ਕਬਜ਼ੇ ਦੀ ਕਿਸਮ : ਸੰਕੇਤਕ** | Rs. 46,50,000/-<br>Rs. 4,65,000/-<br>Rs. 46,500/- |
| 10. | 1. ਮੈਸਰਜ਼ ਵੀ ਕੇ ਇੰਟਰਪ੍ਰਾਈਜਿਜ਼ (ਕਰਜ਼ਦਾਰ) ਭਾਈਵਾਲ - ਵਿਕਾਸ ਬਹਿਲ ਅਤੇ ਵਿਸ਼ਾਲ ਬਹਿਲ, ਪਿੰਡ ਬਾਜਰਾ, ਰਾਹੋਂ ਰੋਡ, ਲੁਧਿਆਣਾ- 141007. 2. ਸ੍ਰੀ ਵਿਕਾਸ ਬਹਿਲ ਪੁੱਤਰ ਕੇਵਲ ਕ੍ਰਿਸ਼ਨ ਬਹਿਲ (ਭਾਈਵਾਲ, ਜ਼ਾਮਨ ਅਤੇ ਗਿਰਵੀਕਾਰ), 171-ਡੀ, ਪਾਰਕ ਦੇ ਸਾਹਮਣੇ, ਬੀਆਰਐਸ ਨਗਰ, ਰਾਜਗੁਰੂ ਨਗਰ, ਲੁਧਿਆਣਾ, ਪੰਜਾਬ-141012। 3. ਸ੍ਰੀ ਵਿਸ਼ਾਲ ਬਹਿਲ ਪੁੱਤਰ ਕੇਵਲ ਕ੍ਰਿਸ਼ਨ ਬਹਿਲ (ਭਾਈਵਾਲ, ਜ਼ਾਮਨ ਅਤੇ ਗਿਰਵੀਕਾਰ), 64-ਬੀ, ਨੇੜੇ ਜੀ.ਟੀ.ਬੀ. ਹਸਪਤਾਲ, ਸ਼ਾਸਤਰੀ ਨਗਰ, ਲੁਧਿਆਣਾ, ਪੰਜਾਬ-141001. | Rs. 13,22,99,195.96 30.04.2024 ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਖਰਚੇ | ਵਿਕਰੀ ਡੀਡ ਨੰਬਰ 18772 ਮਿਤੀ 27.12.1991, 10636 ਮਿਤੀ 22.08.1991, 6199 ਮਿਤੀ 29.06.1987 ਅਤੇ 10732 ਮਿਤੀ 26.08.1991 ਅਨੁਸਾਰ 4840 ਵਰਗ ਗਜ਼ ਦੀ ਫੈਕਟਰੀ ਜ਼ਮੀਨ ਅਤੇ ਇਮਾਰਤ, ਖਸਰਾ ਨੰਬਰ 50//6/1, 51//8-9-10, ਖਾਤਾ ਨੰਬਰ 118/138 ਪਿੰਡ ਬਾਜਰਾ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਸ਼੍ਰੀ ਵਿਕਾਸ ਬਹਿਲ ਅਤੇ ਸ਼੍ਰੀ ਵਿਸ਼ਾਲ ਬਹਿਲ ਦੀ ਸਾਂਝੀ ਮਲਕੀਅਤ, ਅਤੇ ਹੱਦਬੰਦੀ ਉੱਤਰ : ਰਸਤਾ 4 ਕਰਮ ਚੌੜਾ 45 ਕਰਮ, ਦੱਖਣ: ਗੁਆਂਢੀ 45 ਕਰਮ, ਪੂਰਬ: ਗੁਆਂਢੀ 8 ਕਰਮ, ਪੱਛਮ: ਵਿਕਾਸ ਬਹਿਲ, 8 ਕਰਮ। ਕਬਜ਼ਾ ਕਿਸਮ: ਸੰਕੇਤਕ ਕਬਜ਼ਾ। | Rs. 5,51,00,000/-<br>Rs. 55,10,000/-<br>Rs. 1,00,000/- |
| 11. | ਮੈਸ. ਜਸਦੀਪ ਫੈਬਰੀਕੇਟਰਜ਼ (ਰਾਹੀਂ ਇਸਦੇ ਪ੍ਰੋਪ. ਸ੍ਰੀਮਤੀ ਸੀਮਾ) ਪਿੰਡ ਜਵਾਹਰਪੁਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ-140507, ਸ੍ਰੀ ਮਲਕੀਤ ਸਿੰਘ ਸਪੁੱਤਰ ਭਾਗ ਸਿੰਘ, ਪਤਾ: ਪਿੰਡ ਜਵਾਹਰਪੁਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ-140507, ਮੈਸ. ਨਿਊ ਦਸਮੇਸ਼ ਟੈਂਟ ਐਂਡ ਡੈਕੋਰੇਟਰ (ਰਾਹੀਂ ਇਸਦੇ ਪ੍ਰੋਪ. ਸ੍ਰੀ ਮਲਕੀਤ ਸਿੰਘ) ਪਤਾ: ਅੰਬਾਲਾ ਚੰਡੀਗੜ੍ਹ ਹਾਈਵੇਅ, ਚਹਿਲ ਬਿਲਡਿੰਗ, ਸਾਹਮਣੇ ਖੇੜਾ ਮੰਦਿਰ, ਡੇਰਾਬਸੀ, ਜ਼ਿਲ੍ਹਾ ਐਸਏਐਸ ਨਗਰ, ਮੋਹਾਲੀ, ਪੰਜਾਬ-140507, ਸ੍ਰੀਮਤੀ ਹਰਵਿੰਦਰ ਕੌਰ ਸੁਪਤਨੀ ਮਲਕੀਤ ਸਿੰਘ, ਪਿੰਡ ਜਵਾਹਰਪੁਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਐਸਏਐਸ ਨਗਰ ਮੋਹਾਲੀ, ਪੰਜਾਬ-140507 | Rs. 42,10,544.03 31.03.2021 ਨੂੰ ਜਮ੍ਹਾਂ 01.04.2021 ਤੋਂ ਪ੍ਰਭਾਵੀ ਵਿਆਜ | ਮਲਕੀਤ ਸਿੰਘ ਸਪੁੱਤਰ ਭਾਗ ਸਿੰਘ ਦੇ ਨਾਮ 'ਤੇ ਪਿੰਡ ਜਵਾਹਰਪੁਰ, ਐਚਬੀ ਨੰ. 202, ਤਹਿਸੀਲ ਡੇਰਾਬਸੀ, ਜ਼ਿਲ੍ਹਾ ਮੋਹਾਲੀ ਵਿਖੇ ਸਥਿਤ (ਕੁੱਲ ਹਿੱਸਾ 2 ਮੰਜ਼ਿਲਾ ਕਵਰਡ ਏਰੀਆ 625 ਵਰਗ ਫੁੱਟ, ਕਮਰਸ਼ੀਅਲ 1 ਮੰਜ਼ਿਲਾ ਕਰਵਰਡ ਏਰੀਆ 4750 ਵਰਗ ਫੁੱਟ) ਖਾਤਾ/ਖਤੌਨੀ ਨੰ. 2/13, ਖਸਰਾ ਨੰ. ਬੀ//21/2, ਰਕਬਾ 1 ਬਿੱਘਾ 11 ਬਿਸਵੇ 266/620 ਹਿੱਸਾ ਯਾਨੀ 0 ਬਿੱਘੇ 13 ਬਿਸਵੇ 6 ਬਿਸਵਾਸੀ (ਅਕਾਰ 31'6" x 190'=665 ਵਰਗ ਗਜ਼) ਵਿੱਚ ਸ਼ਾਮਲ ਸੰਪੱਤੀ/ਜ਼ਮੀਨ। ਹੱਦਬੰਦੀ: ਪੂਰਬ: ਪਲਾਟ ਸ੍ਰੀ ਨੈਬ ਸਿੰਘ, ਪੱਛਮ: ਪਰਵਿੰਦਰ ਸਿੰਘ ਦਾ ਮਕਾਨ, ਉੱਤਰ: ਆਮ ਰਸਤਾ 24', ਦੱਖਣ: ਬਖ਼ਸ਼ੀਸ਼ ਸਿੰਘ ਦੀ ਜ਼ਮੀਨ, ਕਬਜ਼ੇ ਦੀ ਕਿਸਮ-ਸੰਕੇਤਕ। | Rs. 34,00,000/-<br>Rs. 3,40,000/-<br>Rs. 34,000/- |
| 12. | ਕਰਜ਼ਦਾਰ: (1) ਮੈਸ. ਕੇਸਰੀ ਗੈਸ ਸਰਵਿਸ # 2701, ਗਲੀ ਨੰ. 07, ਦਸ਼ਮੇਸ਼ ਨਗਰ, ਨੇੜੇ ਧੂਰੀ ਫਾਟਕ ਲਿੰਕ ਰੋਡ ਲੁਧਿਆਣਾ (2) **ਸ੍ਰੀ ਕਿਸ਼ਨ ਗੋਪਾਲ** ਪੁੱਤਰ ਸਵ. ਸੌਦਾਗਰ ਮੱਲ (ਭਾਈਵਾਲ/ਜ਼ਾਮਨ/ਗਿਰਵੀਕਾਰ) ਵਾਸੀ 4401, ਐਲਆਈਜੀ ਫਲੈਟ, ਦੁੱਗਰੀ, ਲੁਧਿਆਣਾ। ਹੋਰ ਪਤਾ: ਸੰਪੱਤੀ ਨੰ. 58, ਪਿੰਡ ਫੁੱਲਾਂਵਾਲ ਨੇੜੇ ਸ਼ਿਵ ਮੰਦਿਰ, ਫਲਾਵਰ ਇਨਕਲੇਵ, ਬਾਬਾ ਇੰਦਰ ਨਗਰ, ਲੁਧਿਆਣਾ (3) **ਸ੍ਰੀਮਤੀ ਰਵੀ ਭੂਸ਼ਣ ਪਤਨੀ ਸਵ. ਕੁਲਭੂਸ਼ਣ** (ਭਾਈਵਾਲ/ਗਿਰਵੀਕਾਰ) ਵਾਸੀ 400/1, ਰਾਣੀ ਝਾਂਸੀ ਰੋਡ, ਘੁਮਾਰ ਮੰਡੀ, ਲੁਧਿਆਣਾ। (4) **ਸ੍ਰੀਮਤੀ ਰੁਚਿਕਾ ਨੀਲਮ ਮਹਾਜਨ ਸੁਪਤਨੀ ਕਿਸ਼ਨ ਗੋਪਾਲ** (ਜ਼ਾਮਨ/ਗਿਰਵੀਕਾਰ) ਵਾਸੀ 4401, ਐਲਆਈਜੀ ਫਲੈਟ, ਦੁੱਗਰੀ, ਲੁਧਿਆਣਾ। ਹੋਰ ਪਤਾ : ਸੰਪੱਤੀ ਨੰ. 58, ਪਿੰਡ ਫੁੱਲਾਂਵਾਲ ਨੇੜੇ ਸ਼ਿਵ ਵਾਟਿਕਾ ਮੰਦਿਰ, ਫਲਾਵਰ ਇਨਕਲੇਵ, ਬਾਬਾ ਇੰਦਰ ਨਗਰ, ਲੁਧਿਆਣਾ। | Rs. 1,48,07,417.91 30.06.2023 ਨੂੰ ਜਮ੍ਹਾਂ ਵਿਆਜ | ਬਹੁਮੰਜ਼ਿਲਾਂ ਕਮਰਸ਼ੀਅਲ ਸੰਪੱਤੀ ਨੰ. ਬੀ-XXII-270, ਗਲੀ ਨੰ. 7, ਦਸ਼ਮੇਸ਼ ਨਗਰ, ਨੇੜੇ ਧੂਰੀ ਲਾਈਨਜ਼ ਅਤੇ ਨੈਸ਼ਨਲ ਲੈਬੋਰੇਟਰੀ, ਲਿੰਕ ਰੋਡ, ਲੁਧਿਆਣਾ ਮਾਪ 63.33 ਵਰਗ ਗਜ਼ ਜੋ ਕਿ ਜ਼ਮੀਨੀ ਮੰਜ਼ਿਲ ਅਤੇ 123.33 ਵਰਗ ਗਜ਼ਪਹਿਲੀ ਮੰਜ਼ਿਲ ਤੋਂ ਅੱਗੇ ਸਥਿਤ ਹੈ ਅਤੇ ਹੱਦਬੰਦੀ ਪੂਰਬ: ਪ੍ਰਵੀਨ ਡਿਪਾਰਟਮੈਂਟਲ ਸਟੋਰ ਅਤੇ ਹੋਰ, ਪੱਛਮ: ਗਲੀ ਨੰ. 7, ਉੱਤਰ: ਮਾਰਕੀਟ ਰੋਡ, ਦੱਖਣ: ਵਿਕਿਆਂ ਖੇਤਰ (ਸੰਪੱਤੀ ਦਾ ਹਿੱਸਾ) ਕਬਜ਼ੇ ਦੀ ਕਿਸਮ : ਸੰਕੇਤਕ | Rs. 59,00,000/-<br>Rs. 5,90,000/-<br>Rs. 59,000/- |
| 13. | ਕਰਜ਼ਦਾਰ: ਮੈਸਰਜ਼ ਸਤਿਗੁਰੂ ਟਰੇਡਿੰਗ ਕੰਪਨੀ ਪ੍ਰੋ. ਮਹਿੰਦਰ ਪਾਲ ਚਾਵਲਾ ਪੁੱਤਰ ਚਾਨਣ ਰਾਮ, ਦੁਕਾਨ ਨੰਬਰ 11 ਨਵੀਂ ਅਨਾਜ ਮੰਡੀ, ਮੁਕਤਸਰ 152026, 1. ਸ੍ਰੀਮਤੀ ਮਮਤਾ ਰਾਣੀ ਪਤਨੀ ਮਹਿੰਦਰ ਪਾਲ ਚਾਵਲਾ, ਗਲੀ ਨੰ. 3 ਕੋਟਲੀ ਰੋਡ, ਆਦਰਸ਼ ਨਗਰ, ਮੁਕਤਸਰ 152026 2. ਸ੍ਰੀਮਾਨ ਪ੍ਰਿੰਸ ਚਾਵਲਾ ਪੁੱਤਰ ਸ੍ਰੀ ਮਹਿੰਦਰ ਪਾਲ ਚਾਵਲਾ, ਗਲੀ ਨੰ: 3, ਕੋਟਲੀ ਰੋਡ, ਆਦਰਸ਼ ਨਗਰ, ਮੁਕਤਸਰ-152026। | Rs. 28,80,215/- 05.03.2022 ਨੂੰ ਜਮ੍ਹਾਂ ਵਿਆਜ | **LOT : 1** ਲਾਟ: 1. ਵਸੀਕਾ ਨੰਬਰ 1043 ਮਿਤੀ 21.05.2008 ਦੇ ਅਧੀਨ ਸ੍ਰੀਮਤੀ ਮਮਤਾ ਰਾਣੀ ਪਤਨੀ ਮਹਿੰਦਰ ਪਾਲ ਚਾਵਲਾ ਦੇ ਨਾਮ 'ਤੇ 2 ਮਰਲੇ (544 ਵਰਗ ਫੁੱਟ) ਦੇ ਖੇਤਰ ਦਾ ਸਾਰਾ ਹਿੱਸਾ ਭਾਵ 40 ਕਨਾਲ 19 ਮਰਲੇ ਖੇਵਟ ਨੰਬਰ 723 ਖਟੌਨੀ ਨੰਬਰ 1192 ਖਸਰਾ ਨੰਬਰ 3751 (40-19) ਹੱਦਬਸਤ ਨੰਬਰ 54 ਵਿੱਚੋਂ 2/819 ਹਿੱਸਾ, ਜੋ ਕਿ ਗਲੀ ਨੰਬਰ 3 ਆਦਰਸ਼ ਨਗਰ, ਕੋਟਲੀ ਰੋਡ, ਮੁਕਤਸਰ ਦੇ ਰੂਪ ਵਿੱਚ ਸਥਿਤ। ਵਿਕਰੀ ਡੀਡ ਅਨੁਸਾਰ ਹੱਦਾਂ: ਪੂਰਬ: ਸ੍ਰੀਮਤੀ ਫੁੱਲਾਂ ਦੇਵੀ। ਪੱਛਮ: ਗਲੀ, ਉੱਤਰ: ਸ੍ਰੀ ਕਾਲਾ ਰਾਮ। ਦੱਖਣ: ਸ੍ਰੀਮਤੀ ਵੀਨਾ ਦੇਵੀ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 6,50,000/-<br>Rs. 65,000/-<br>Rs. 6,500/- |
| | | | **LOT : 2** ਲਾਟ: 2. ਮਾਲਕੀ ਵਸੀਕਾ ਨੰਬਰ 230 ਮਿਤੀ 20.04.2016 ਦੇ ਅਧੀਨ ਸ੍ਰੀ ਪ੍ਰਿੰਸ ਚਾਵਲਾ ਪੁੱਤਰ ਮਹਿੰਦਰਪਾਲ ਚਾਵਲਾ ਦੇ ਨਾਮ 'ਤੇ 15 ਮਰਲੇ 6 1/2 ਸਰਸਾਈ (3511 ਵਰਗ ਫੁੱਟ) ਦੇ ਖੇਤਰ ਦਾ ਸਾਰਾ ਹਿੱਸਾ ਭਾਵ 152 ਕਨਾਲ 10 ਮਰਲੇ ਖੇਵਟ ਨੰਬਰ 1412 ਖਤੌਨੀ ਨੰਬਰ 1998, 1999 ਸਲਾਮ ਖਾਤਾ ਕਿੱਟੇ 25 ਰਕਬਾ ਵਿੱਚੋਂ 283/54900 ਹਿੱਸਾ ਮੁਕਤਸਰ-III, ਤਹਿਸੀਲ ਅਤੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, ਹੱਦਬਸਤ ਨੰਬਰ 54 ਵਿਖੇ ਸਥਿਤ ਹੈ ਅਤੇ ਹੈ। ਹੱਦਾਂ: ਪੂਰਬ: ਖੁੱਲ੍ਹਾ ਪਲਾਟ ਪੱਛਮ: ਖੁੱਲ੍ਹਾ ਪਲਾਟ ਮਮਤਾ ਰਾਣੀ, ਉੱਤਰ: ਸਟਰੀਟ ਦੱਖਣ: ਖੁੱਲ੍ਹਾ ਪਲਾਟ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 12,00,000/-<br>Rs. 1,20,000/-<br>Rs. 12,000/- |
| | | | **LOT : 3** ਲਾਟ: 3. ਵਸੀਕਾ ਨੰਬਰ 1344 ਮਿਤੀ 20.06.2007 ਦੇ ਅਧੀਨ ਸ੍ਰੀਮਤੀ ਮਮਤਾ ਰਾਣੀ ਪਤਨੀ ਮਹਿੰਦਰ ਪਾਲ ਚਾਵਲਾ ਦੇ ਨਾਮ 'ਤੇ ਕੁੱਲ ਖੇਤਰਫਲ ਦੇ ਸਾਰੇ ਭਾਗ ਅਤੇ ਹਿੱਸੇ 0.39 ਮਰਲੇ (108 ਵਰਗ ਫੁੱਟ) ਭਾਵ ਖੇਵਟ ਨੰਬਰ 282 ਖਤੌਨੀ ਨੰਬਰ 579 ਖਸਰਾ ਨੰਬਰ 164 ਵਿੱਚੋਂ 105/98112 ਹਿੱਸਾ। ਹੱਦਾਂ: ਪੂਰਬ: ਗਲੀ 9-0 ਪੱਛਮ: ਦੇਸ ਰਾਜ ਦਾ ਆਰਾ, ਉੱਤਰ: ਬਿਸ਼ਨ ਮਾਸਟਰ, ਦੱਖਣ: ਮੁਰਾਰੀ ਲਾਲ। **ਕਬਜ਼ੇ ਦੀ ਕਿਸਮ: ਸੰਕੇਤਕ** | Rs. 3,15,000/-<br>Rs. 31,500/-<br>Rs. 3,150/- |
| 14. | ਕਰਜ਼ਦਾਰ : ਮੈਸ. ਐਨਐਸ ਆਇਰਨ ਪ੍ਰੋ. ਨਵਨੀਸ਼ ਕੁਮਾਰ, ਸਾਹਮਣੇ, ਬਾਗ ਵਾਲਾ ਗੁਰੂਦੁਆਰਾ ਨੇੜੇ ਪੀਰ ਖਾਨਾ ਸਿਰਸਾ ਰੋਡ, ਮੂਸਾ ਚੂੰਗੀ-ਮਾਨਸਾ, ਪਿੰਨ ਕੋਡ-151505, ਜ਼ਾਮਨ: ਅਸ਼ੋਕ ਕੁਮਾਰ ਪੁੱਤਰ ਸ੍ਰੀ ਬਾਬੂ ਰਾਮ ਸਾਹਮਣੇ, ਬਾਗ ਵਾਲਾ ਗੁਰਦੁਆਰਾ ਅਸ਼ੋਕ ਕੁਮਾਰ ਪੁੱਤਰ ਮੂਸਾ ਚੂੰਗੀ ਨੇੜੇ। - ਮਾਨਸਾ, ਪੰਜਾਬ ਪਿੰਨ ਕੋਡ- 151505, 2. ਸ੍ਰੀ ਜਿੰਮੀ ਕੁਮਾਰ ਪੁੱਤਰ ਅਸ਼ੋਕ ਕੁਮਾਰ ਸਾਹਮਣੇ, ਬਾਗ ਵਾਲਾ ਗੁਰਦੁਆਰਾ ਨੇੜੇ ਮੂਸਾ ਚੂੰਗੀ- ਮਾਨਸਾ, ਪੰਜਾਬ ਪਿੰਨ ਕੋਡ-151505 | Rs. 31,06,659/- 30.09.2019 ਨੂੰ ਜਮ੍ਹਾਂ ਵਿਆਜ | ਖਸਰਾ ਨੰਬਰ 781 ਮਿਨ (0-17.05 ਮਰਲੇ) ਵਿੱਚ 17.05 ਮਰਲੇ ਜ਼ਮੀਨ ਵਿੱਚ ਬਣੇ ਰਿਹਾਇਸ਼ੀ ਮਕਾਨ ਦੇ ਸਾਰੇ ਹਿੱਸੇ ਅਤੇ ਪਾਰਸਲ 38 ਫੁੱਟ x 122 ਫੁੱਟ ਵਿੱਚ ਸਥਿਤ ਹੈ- ਬਾਗ ਵਾਲਾ ਗੁਰਦੁਆਰਾ ਨੇੜੇ ਪੀਰ ਖਾਨਾ ਸਿਰਸਾ ਰੋਡ, ਮੂਸਾ ਚੂੰਗੀ-515 ਮਾਨ ਸੰਪਤੀ ਇਸ ਤਰ੍ਹਾਂ ਸੀਮਿਤ ਹੈ: ਪੂਰਬ: 122' ਨਵਨੀਸ਼ ਕੁਮਾਰ, ਪੱਛਮ: 122 ਕੇਵਲ ਕ੍ਰਿਸ਼ਨ, ਉੱਤਰ: 38 ਗਲੀ, ਦੱਖਣ: 38 ਅਸ਼ੋਕ ਕੁਮਾਰ ਕਬਜ਼ੇ ਦੀ ਕਿਸਮ: ਸੰਕੇਤਕ | Rs. 32,50,000/-<br>Rs. 3,25,000/-<br>Rs. 32,500/- |
| 15. | ਕਰਜ਼ਦਾਰ: ਮੈਸ. ਜੇਐਸ ਕਾਲੜਾ ਰਾਈਸ ਮਿੱਲਜ਼ ਦੇ ਪ੍ਰਤੀਨਿਧੀ ਇਸਦੇ ਭਾਈਵਾਲਾਂ ਸ੍ਰੀ ਬਲਰਾਜ ਸਿੰਘ ਅਤੇ ਸ੍ਰੀ ਅਵਤਾਰ ਸਿੰਘ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ ਵਿਖੇ ਸਥਿਤ, ਜ਼ਾਮਨ: 1. ਸ੍ਰੀ ਬਲਰਾਜ ਸਿੰਘ ਕਾਲੜਾ ਪੁੱਤਰ ਸ੍ਰੀ ਗੁਰਦਿਆਲ ਸਿੰਘ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ, ਸ੍ਰੀ ਅਵਤਾਰ ਸਿੰਘ ਪੁੱਤਰ ਸ੍ਰੀ ਜਰਨੈਲ ਸਿੰਘ ਵਾਸੀ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ | Rs. 6,93,24,511.80 ਜਮ੍ਹਾਂ ਵਿਆਜ | ਪਲਾਂਟ ਅਤੇ ਮਸ਼ੀਨਰੀ ਦੇ ਸਾਰੇ ਟੁਕੜੇ ਅਤੇ ਪਾਰਸਲ ਅਤੇ ਪਿੰਡ ਚੌਹਾਨ, ਤਹਿਸੀਲ ਜਲੰਧਰ ਵਿਖੇ ਸਥਿਤ 58 ਕਨਾਲ 10 ਮਰਲੇ ਜ਼ਮੀਨ (ਜਿਸ ਵਿੱਚ 7 ਕਨਾਲ 17ਮਰਲੇ ਦੀ ਜ਼ਮੀਨ ਵੀ ਸ਼ਾਮਲ ਹੈ ਜਿੱਥੇ ਇਮਾਰਤ ਬਣੀ ਹੋਈ ਹੈ) ਪਿੰਡ ਚੌਹਾਨ, ਪੋਸਟ ਆਦਮਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਦੇ ਰੂਪ ਵਿੱਚ ਪੂਰੀ ਤਰ੍ਹਾਂ ਵੇਰਵੇ ਸਹਿਤ ਹੈ। ਅਧੀਨ:- a) 9 ਕਨਾਲ 2 ਮਰਲੇ ਜ਼ਮੀਨ ਮਾਪਿਆ ਜਾ ਰਿਹਾ ਹੈ ਖਸਰਾ ਨੰਬਰ 11/16/2 (2-18), 16/3 (0-5), 1//17/1 (2-8), 24/2 ਵਿੱਚ ਸ਼ਾਮਲ 36 ਕਨਾਲ 6 ਮਰਲੇ ਜ਼ਮੀਨ ਦਾ ī ਹਿੱਸਾ। (2-8), 25 (8-0), 2/20/3 (0-9), 3/13/3 (0-9), 4/4/1 (5- 12), 4/7/1 (4-16), 50 (1-1), 3/10 (8-0)। b) ਖਸਰਾ ਨੰਬਰ 1/21/1 (1-4), 3//1/1 (1-4), 19 ਵਿੱਚ ਸ਼ਾਮਲ 95 ਕਨਾਲ 18 ਮਰਲੇ ਜ਼ਮੀਨ ਦੀ ਮਾਪਦੰਡ 23 ਕਨਾਲ 19 ਮਰਲੇ ਜ਼ਮੀਨ ਦਾ 1/4 ਹਿੱਸਾ ਹੈ। (8-0), 3/20 (8-0), 4//5 (8-0), 6 (8-0), 24 (8-0), 3//11 (8-0), 12 (8-0), 13/1 (0-14), 4//14/2 (4-16), 15 (8-0), 16 (8-0), 4//17 (8-0), 25 (8-0)। c) ਖਸਰਾ ਨੰਬਰ 2//21/2 (6-16), 20/2 (2-9), 3//1/ ਵਿੱਚ ਸ਼ਾਮਲ ਕੀਤੀ ਜਾ ਰਹੀ 13 ਕਨਾਲ 4 ਮਰਲੇ ਜ਼ਮੀਨ ਵਿੱਚੋਂ 3 ਕਨਾਲ 6 ਮਰਲੇ ਜ਼ਮੀਨ ਦੀ ਮਾਪ ਕੀਤੀ ਜਾ ਰਹੀ ਹੈ। 2 (6-16), 3/19/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 3//7 (1-16), 8 (7-14), 9/1 (1-3), 13/5 (3-8), 14 (4-6), /26 (1-0)। d) ਖਸਰਾ ਨੰਬਰ 2/22/2 (6-16), 2//20/2 (2-) ਵਿੱਚ ਸ਼ਾਮਲ 63 ਕਨਾਲਾਂ 4 ਮਰਲੇ ਜ਼ਮੀਨ ਦੀ ਮਾਪਦੰਡ ਜ਼ਮੀਨ ਵਿੱਚੋਂ 6 ਕਨਾਲ 5 ਮਰਲੇ ਜ਼ਮੀਨ ਦਾ1/2 ਹਿੱਸਾ ਹੈ। 9), 3//1/2 (6-16), 9/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 7 (1-16), 8 (7-14), 9/1 (1-3), 13/5 (3-8), 14 (4-6), 1/26 (1-0); e) ਖਸਰਾ ਨੰਬਰ 2//21/2 (6-16), 2//20/2 (2) ਵਿੱਚ ਸ਼ਾਮਲ 63 ਕਨਾਲਾਂ 4 ਮਰਲੇ ਜ਼ਮੀਨ ਮਾਪਣ ਵਾਲੀ ਜ਼ਮੀਨ ਵਿੱਚੋਂ 6 ਕਨਾਲ 5 ਮਰਲੇ ਜ਼ਮੀਨ ਦਾ1/2 ਹਿੱਸਾ ਮਾਪਣਾ। -9), 3//1/2 (6-16), 9/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 7 (1-16), 8 (7-14), 9/1 (1-3), 13/5 (3-8), 14 (4-6), 1/26 (1-0); f) ਖਸਰਾ ਨੰਬਰ 2//19/2 (0-12), 20/1 (5-0), 1// ਵਿੱਚ ਸ਼ਾਮਲ 9 ਕਨਾਲ 14 ਮਰਲੇ ਜ਼ਮੀਨ ਦੀ ਮਾਪਦੰਡ 3 ਕਨਾਲ 4 ਮਰਲੇ ਜ਼ਮੀਨ ਦਾ 1/3 ਹਿੱਸਾ ਹੈ। 6 (3-9), 7 (0-6), 14/2 (4-5), 15 (3-12), 16/1 (4-17), 2//11 (3-13)। g) ਖਸਰਾ ਨੰਬਰ 2//19/2 (0-12), 20/1 (5-0), 1//6 (3- 9), 7(0-6), 14/2 (4-5), 15 (7-0), 16/1 (4-17), 2//11 (3-13) (**ਕਬਜੇ ਦਾ ਸਥਾਨ: ਸੰਕੇਤਕ**) | Rs. 1,20,00,000/-<br>Rs. 12,00,000/-<br>Rs. 1,00,000/- |
| 16. | ਕਰਜ਼ਦਾਰ: ਸ੍ਰੀ ਕੁਲਦੀਪ ਸਿੰਘ ਪੁੱਤਰ ਪ੍ਰੀਤਮ ਸਿੰਘ, ਪਤਾ: - ਮਕਾਨ ਨੰਬਰ 16, ਫਰੈਂਡਜ਼ ਕਲੋਨੀ (ਅਮਰ ਪਾਰਕ), ਪਿੰਡ ਜੱਸੀਆਂ, ਲੁਧਿਆਣਾ। ਇਹ ਵੀ ਪਤਾ: ਦੂਜਾ ਪਤਾ: ਮਕਾਨ ਨੰਬਰ 2326, ਸੈਕਟਰ-32 ਏ, ਅਰਬਨ ਸਹਿ-ਬਿਨੈਕਾਰ: ਸ੍ਰੀਮਤੀ ਰੁਪਿੰਦਰ ਕੌਰ ਪਤਨੀ ਸ. ਕੁਲਦੀਪ ਸਿੰਘ, ਪਤਾ: - ਮਕਾਨ ਨੰਬਰ 16, ਫਰੈਂਡਜ਼ ਕਲੋਨੀ (ਅਮਰ ਪਾਰਕ) ਪਿੰਡ ਜੱਸੀਆਂ, ਲੁਧਿਆਣਾ। ਇਸ ਤੋਂ ਇਲਾਵਾ:ਦੂਜਾ ਪਤਾ: ਮਕਾਨ ਨੰਬਰ 2326, ਸੈਕਟਰ-32 ਏ, ਅਰਬਨ ਅਸਟੇਟ, ਚੰਡੀਗੜ੍ਹ ਰੋਡ, ਫੋਕਲ ਪੁਆਇੰਟ, ਲੁਧਿਆਣਾ-141010। (ਗਿਰਵੀਕਾਰ) | Rs. 1,02,22,046.06 31.03.2023 ਨੂੰ ਜਮ੍ਹਾਂ 01.04.2025 ਤੋਂ ਪ੍ਰਭਾਵੀ ਵਿਆਜ | ਖਸਰਾ ਨੰਬਰ ਵਿੱਚ 237 ਵਰਗ ਗਜ਼ ਦੇ ਪਲਾਟ ਨੰਬਰ 16 ਵਾਲੀ ਰਿਹਾਇਸ਼ੀ ਜਾਇਦਾਦ 33//4, 30//17, 16, 18/1, 24/1, 30, 24/2, 25, ਖਟਾ ਨੰਬਰ 353/366,354/367, 355/368, 356/369, 357/370 ਸਾਲ 2007-08 ਦੀ ਜਮਾਂਬੰਦੀ ਦੇ ਅਨੁਸਾਰ, ਪਿੰਡ ਜੱਸੀਆਂ, ਐਚ.ਬੀ. ਨੰਬਰ 101, ਆਬਾਦੀ ਫਰੈਂਡਜ਼ ਕਲੋਨੀ (ਅਮਰ ਪਾਰਕ), ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ ਮਾਲੀਆ ਜਾਇਦਾਦ ਦੇ ਅੰਦਰ ਸਥਿਤ, ਵਾਸਿਕਾ ਨੰਬਰ 5285 ਮਿਤੀ 18.08.2015 ਦੇ ਅਨੁਸਾਰ ਵਿਕਰੀ ਡੀਡ। ਸ੍ਰੀਮਤੀ ਰੁਪਿੰਦਰ ਕੌਰ ਦੇ ਨਾਮ 'ਤੇ ਸਥਿਤ। ਵਿਕਰੀ ਡੀਡ ਦੇ ਅਨੁਸਾਰ ਸੀਮਾਵਾਂ: ਪੂਰਬ - ਪਲਾਟ ਨੰਬਰ 17 (63'9"), ਪੱਛਮ - ਗੁਆਂਢ (63'-0"), ਉੱਤਰੀ ਗਲੀ 20'ਚੌੜੀ (33'2"), ਦੱਖਣੀ - ਗੁਆਂਢ (34'2")। ਮੁੱਲਾਂਕਣ ਰਿਪੋਰਟ ਦੇ ਅਨੁਸਾਰ ਸੀਮਾਵਾਂ / 237 ਵਰਗ ਗਜ਼ ਦੇ ਕੁੱਲ ਖੇਤਰ ਲਈ ਅਸਲ: ਪੂਰਬ - ਖੁੱਲ੍ਹਾ ਪਲਾਟ (63'9"), ਪੱਛਮ - ਖੁੱਲ੍ਹਾ ਪਲਾਟ (63'0"), ਉੱਤਰੀ - ਗਲੀ (33'2"), ਦੱਖਣੀ - ਖੁੱਲ੍ਹਾ ਪਲਾਟ (34'2")। ਕਬਜ਼ੇ ਦੀ ਕਿਸਮ: ਸੰਕੇਤਕ | Rs. 90,00,000/-<br>Rs. 9,00,000/-<br>Rs. 90,000/- |
| 17. | ਮੈਸ. ਪੈਰਾਮਾਊਂਟ ਸਟੀਲਜ਼ ਲਿਮ., ਬੀ-56, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ-141010 (ਰਾਹੀਂ ਨਿਰਦੇਸ਼ਕਾਂ ਸ੍ਰੀ ਸੁਦੇਸ਼ ਕੁਮਾਰ ਬਾਂਸਲ ਅਤੇ ਸੁਦਰਸ਼ਨ ਕੁਮਾਰ ਬਾਂਸਲ ਪੁੱਤਰਾਨ ਸ੍ਰੀ ਰਾਮ ਪ੍ਰਸ਼ਾਦ) (ਕਰਜ਼ਦਾਰ/ਜ਼ਾਮਨ) :-2. ਸ੍ਰੀ ਸੁਦੇਸ਼ ਕੁਮਾਰ ਬਾਂਸਲ ਸਪੁੱਤਰ ਰਾਮ ਪ੍ਰਸ਼ਾਦ, ਬੀ-56, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ-141010 **ਹੋਰ ਪਤਾ** : ਮਕਾਨ ਨੰ. 907/12-ਬੀ, ਟੈਗੋਰ ਨਗਰ ਏ, ਸਿਵਲ ਲਾਈਨਜ਼, ਲੁਧਿਆਣਾ-141001 (**ਕਰਜ਼ਦਾਰ/ਜ਼ਾਮਨ**) :- **ਸ੍ਰੀ ਸੁਦਰਸ਼ਨ ਕੁਮਾਰ ਬਾਂਸਲ ਸਪੁੱਤਰ ਰਾਮ ਪ੍ਰਸ਼ਾਦ**, ਬੀ-56, ਫੇਜ਼-7, ਫੋਕਲ ਪੁਆਇੰਟ, ਲੁਧਿਆਣਾ-141010 **ਹੋਰ ਪਤਾ** : ਮਕਾਨ ਨੰ. ਬੀ-19/436/1, ਕਾਲਜ ਰੋਡ, ਟੈਗੋਰ ਨਗਰ ਏ, ਸਿਵਲ ਲਾਈਨਜ਼, ਲੁਧਿਆਣਾ-141001 (**ਕਰਜ਼ਦਾਰ/ਜ਼ਾਮਨ**) **ਸ੍ਰੀ ਪੰਕਜ ਬਾਂਸਲ ਸਪੁੱਤਰ ਸ੍ਰੀ ਸੁਦੇਸ਼ ਬਾਂਸਲ**, ਮਕਾਨ ਨੰ. 907/12-ਬੀ, ਟੈਗੋਰ ਨਗਰ ਏ, ਸਿਵਲ ਲਾਈਨਜ਼, ਲੁਧਿਆਣਾ-141001 (**ਜ਼ਾਮਨ**) :- **ਸ੍ਰੀਮਤੀ ਸੁਮਨ ਬਾਂਸਲ ਸੁਪਤਨੀ ਸੁਦੇਸ਼ ਕੁਮਾਰ ਬਾਂਸਲ**, ਮਕਾਨ ਨੰ. 907/12-ਬੀ, ਟੈਗੋਰ ਨਗਰ ਏ, ਸਿਵਲ ਲਾਈਨਜ਼, ਲੁਧਿਆਣਾ-141001 (ਜ਼ਾਮਨ) | Rs. 19,89,15,895.50 30.06.2023 ਨੂੰ ਜਮ੍ਹਾਂ 01.07.2023 ਤੋਂ ਪ੍ਰਭਾਵੀ ਵਿਆਜ | ਮੈਸ. ਪੈਰਾਮਾਊਂਟ ਸਟੀਲਜ਼ ਲਿਮ. ਦੇ ਨਾਮ 'ਤੇ ਫੇਜ਼ 7, ਸਾਹਮਣੇ ਕੇਸ਼ਵ ਕੰਪਿਊਟਰ ਕੰਡਾ, ਫੋਕਲ ਪੁਆਇੰਟ, ਲੁਧਿਆਣਾ ਵਿਖੇ ਸਥਿਤ ਨੰ. ਬੀ-56, ਐਮਸੀ ਨੰਬਰ ਬੀ-30-2185/ਬੀ-56 ਦੇ ਅਧੀਨ **13093 ਵਰਗ ਗਜ਼** ਮਾਪ ਵਾਲੀ ਲੀਜ਼ ਹੋਲਡ ਫੈਕਟਰੀ ਜ਼ਮੀਨ ਅਤੇ ਇਮਾਰਤ ਦੀ ਈਐਮਜੀ। ਸੰਪੱਤੀ ਦੀ ਹੱਦਬੰਦੀ ਨਿਮਨ ਅਨੁਸਾਰ : ਪੂਰਬ: ਸੜਕ, ਪੱਛਮ : ਸੜਕ, ਉਤਰ : ਲਵਲੀ ਡਾਇੰਗ (ਪਲਾਟ-55), ਦੱਖਣ : ਸ੍ਰੀ ਅੰਸ਼ ਇਸਪਾਤ/ਪਲਾਟ ਨੰ. 57 **ਕਬਜ਼ੇ ਦੀ ਕਿਸਮ : ਸੰਕੇਤਕ** | Rs. 10,00,00,000/-<br>Rs. 1,00,00,000/-<br>Rs. 1,00,000/- |
| 18. | ਕਰਜ਼ਦਾਰ : ਸ੍ਰੀਮਤੀ ਪਿੰਕੀ ਬਾਂਸਲ ਪਤਨੀ ਨੀਰਜ ਕੁਮਾਰ, ਪਤਾ:ਮਕਾਨ ਨੰਬਰ 96-97, ਸ੍ਰੀ ਰਾਮ ਹੌਜ਼ਰੀ ਦੇ ਨੇੜੇ, ਪ੍ਰੀਤ ਵਿਹਾਰ, ਹੈਬੋਵਾਲ ਕਲਾਂ, ਲੁਧਿਆਣਾ ਪੰਜਾਬ-141001। ਇੱਥੇ ਵੀ: ਦੂਜਾ ਪਤਾ:- ਮਕਾਨ ਨੰ: ਬੀ-34 ਗਲੀ ਨੰ: 3, ਪ੍ਰੀਤਮ ਨਗਰ ਹੈਬੋਵਾਲ ਕਲਾਂ ਸ਼ਰਮਾ ਵਰਮਾ ਕਲੋਨੀ-141001 (ਕਰਜ਼ਦਾਰ/ਗਿਰਵੀਕਾਰ)। ਸਹਿ- ਬਿਨੈਕਾਰ: ਸ੍ਰੀ ਨੀਰਜ ਕੁਮਾਰ ਪੁੱਤਰ ਸੁਭਾਸ਼ ਕੁਮਾਰ, ਪਤਾ: - ਮਕਾਨ ਨੰਬਰ 96-97 ਨੇੜੇ ਸ੍ਰੀ ਰਾਮ ਹੌਜ਼ਰੀ, ਪ੍ਰੀਤ ਵਿਹਾਰ, ਹੈਬੋਵਾਲ ਕਲਾਂ, ਲੁਧਿਆਣਾ ਪੰਜਾਬ 141001। ਦੂਜਾ ਪਤਾ: - ਮਕਾਨ ਨੰਬਰ ਬੀ-34 ਗਲੀ ਨੰਬਰ 3, ਪ੍ਰੀਤਮ ਨਗਰ ਹੈਬੋਵਾਲ ਕਲਾਂ ਸ਼ਰਮਾ ਵਰਮਾ ਕਲੋਨੀ-141001। | Rs. 25,33,868.82 31.08.2023 ਨੂੰ ਜਮ੍ਹਾਂ 01.09.2023 ਤੋਂ ਪ੍ਰਭਾਵੀ ਵਿਆਜ | ਰਿਹਾਇਸ਼ੀ ਮਕਾਨ ਮਾਪ ਵਾਲਾ ਖੇਤਰ 128.88 ਵਰਗ ਗਜ਼, ਪ੍ਰੀਤਮ ਨਗਰ, ਲੁਧਿਆਣਾ ਵਿੱਚ ਸਥਿਤ ਅਤੇ ਖੱਟਾ ਨੰਬਰ 2908/3523 ਤੋਂ 3531 ਤੱਕ ਬਣਿਆ ਹੋਇਆ ਹੈ। ਪਿੰਡ ਪੀਰੂ ਬੰਦਾ, ਹੱਡਬਸਤ ਨੰਬਰ 167, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਦੀ 2006-2007 ਦੀ ਜਮਾਂਬੰਦੀ ਵਿੱਚ ਦਰਜ ਖਸਰਾ ਨੰਬਰ 5314/2712/663। ਸੀਮਾਵਾਂ: - ਉੱਤਰ- ਸ੍ਰੀ ਰਾਜੇਸ਼ ਕੱਕੜ, ਦੱਖਣ- ਖੁੱਲ੍ਹਾ ਪਲਾਟ, ਪੂਰਬ- ਗਲੀ, ਪੱਛਮ: ਗਲੀ। ਕਬਜ਼ੇ ਦੀ ਕਿਸਮ: ਸੰਕੇਤਕ | Rs. 36,00,000/-<br>Rs. 3,60,000/-<br>Rs. 36,000/- |
| 19. | ਕਰਜ਼ਦਾਰ : ਸ੍ਰੀ ਪ੍ਰਿੰਸ ਸਿੰਗਲਾ ਸਪੁੱਤਰ ਸ੍ਰੀ ਜਨਕ ਰਾਜ ਵਾਸੀ ਪਿੰਡ ਵਾਲੀ ਗਲੀ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਪੰਜਾਬ 142055, 2. **ਸ੍ਰੀ ਹਨੀ ਸਿੰਘ ਸਪੁੱਤਰ ਜਨਕ ਰਾਜ** ਵਾਸੀ ਪਿੰਡ ਵਾਲੀ ਗਲੀ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਪੰਜਾਬ 142055 **ਕਰਜ਼ਦਾਰ/ਗਿਰਵੀਕਾਰ: ਸ੍ਰੀ ਜਨਕ ਰਾਜ ਸਪੁੱਤਰ ਸ੍ਰੀ ਕੇਵਲ ਕ੍ਰਿਸ਼ਨ** ਵਾਸੀ ਮਕਾਨ ਨੰ. 510, ਨਿਹਾਲ ਸਿੰਘ ਵਾਲਾ ਜ਼ਿਲ੍ਹਾ ਮੋਗਾ ਪੰਜਾਬ 142055, **ਜ਼ਾਮਨ: ਸ੍ਰੀ ਸ਼ਾਮ ਸੁੰਦਰ ਸਪੁੱਤਰ ਸ੍ਰੀ ਸੀਆ ਰਾਮ** ਵਾਸੀ ਮਾਧੋ ਰੋਡ, ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ, ਪੰਜਾਬ-142039 | Rs. 23,58,168.43 28.02.2022 ਅਨੁਸਾਰ ਜਮ੍ਹਾਂ ਵਿਆਜ | ਵਿਕਰੀ ਡੀਡ ਨੰ. 1138 ਮਿਤੀ 28.11.2017 ਦੇ ਅਧੀਨ ਸ੍ਰੀ ਜਨਕ ਰਾਜ ਦੇ ਨਾਮ 'ਤੇ ਜਮ੍ਹਾਂਬੰਦੀ ਸਾਲ 2014-15 ਅਨੁਸਾਰ ਪਿੰਡ ਨਿਹਾਲ ਸਿੰਘ ਵਾਲਾ, ਤਹਿਸੀਲ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਵਿਖੇ ਖਸਰਾ ਨੰ. 20//16/3 (2-8) ਖੇਵਟ ਨੰ. 364, ਤਬਾਦਲਾ ਨੰਬਰ 8572 ਮਿਤੀ 01.02.2018 ਅਨੁਸਾਰ ਜ਼ਮੀਨ ਮਾਪ 2 ਕਨਾਲ 8 ਮਰਲੇ ਦਾ ਹਿੱਸਾ ਯਾਨਿ 10 ਮਰਲੇ ਪੈਮਾਇਸ਼ ਵਾਲਾ ਇੱਕ ਰਿਹਾਇਸ਼ੀ ਮਕਾਨ। ਹੱਦਬੰਦੀ : ਉਤਰ : ਗਿੰਧਾ ਹਲਵਾਈ, ਦੱਖਣ : ਗਲੀ, ਪੂਰਬ : ਵਲੈਤੀ ਰਾਮ, ਪੱਛਮ : ਪਰਮਿੰਦਰ ਸਿੰਘ **ਕਬਜ਼ੇ ਦੀ ਕਿਸਮ : ਸੰਕੇਤਕ** | Rs. 24,50,000/-<br>Rs. 2,45,000/-<br>Rs. 24,500/- |
| 20. | ਕਰਜ਼ਦਾਰ: 1) ਮੈਸਰਜ਼ ਆਰ ਐਸ ਇਲੈਕਟ੍ਰੀਕਲ ਸਟੋਰ (ਇਸਦੇ ਮਾਲਕ ਸ੍ਰੀ ਗੁਰਵਿੰਦਰ ਸਿੰਘ ਪੁੱਤਰ ਰਾਜਿੰਦਰ ਸਿੰਘ ਦੁਆਰਾ), ਪਤਾ: ਮਲੇਰਕੋਟਲਾ ਰੋਡ, ਖੰਨਾ ਲੁਧਿਆਣਾ ਪੰਜਾਬ ਪਿੰਨ 141401, 2) ਸ੍ਰੀ. ਗੁਰਵਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ, ਪਿੰਡ ਸਲਾਣਾ ਜੀਵਨ ਸਿੰਘ ਵਾਲਾ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਪੰਜਾਬ ਪਿੰਨ 147203, 3. ਸ੍ਰੀ ਰਜਿੰਦਰ ਸਿੰਘ ਪੁੱਤਰ ਸ੍ਰੀ ਬਲਦੇਵ ਸਿੰਘ, ਪਿੰਡ ਸਲਾਣਾ ਜੀਵਨ ਸਿੰਘ ਵਾਲਾ, ਤਹਿਸੀਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਪੰਜਾਬ ਪਿੰਨ 147203 | Rs. 27,80,533.54 30.09.2023 ਅਨੁਸਾਰ ਜਮ੍ਹਾਂ 01.10.2023 ਤੋਂ ਪ੍ਰਭਾਵੀ ਵਿਆਜ | ਵਸੀਕਾ ਨੰਬਰ 814 ਮਿਤੀ 23.10.2017 ਵਾਲੇ ਤਬਾਦਲੇ ਦੇ ਦਸਤਾਵੇਜ਼ ਰਾਹੀਂ ਸ੍ਰੀ ਗੁਰਵਿੰਦਰ ਸਿੰਘ ਦੇ ਨਾਮ 'ਤੇ 16 ਮਰਲੇ 'ਤੇ ਬਣਿਆ ਰਿਹਾਇਸ਼ੀ ਘਰ, ਜੋ ਕਿ ਕੁੱਲ 1ਕਨਾਲ-12 ਮਰਲੇ ਜ਼ਮੀਨ ਵਿੱਚ 1/2 ਹਿੱਸੇ ਵਜੋਂ ਸ਼ਾਮਲ ਹੈ, 2015-16 ਦੀ ਜਮ੍ਹਾਂਬੰਦੀ ਅਨੁਸਾਰ ਖਾਤਾ ਨੰਬਰ 93/127 ਰੈਕਟ ਨੰਬਰ 221//, ਕਿਲਾ ਨੰਬਰ 66// (1-12) ਵਿੱਚ ਸ਼ਾਮਲ ਹੈ, ਪਿੰਡ ਸਲਾਣਾ ਜੀਵਨ ਵਾਲਾ, ਤੇਸ਼ਿਲ ਅਮਲੋਹ, ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੀ ਮਾਲੀਆ ਸੀਮਾ ਵਿੱਚ ਸਥਿਤ ਹੈ। ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: ਕੁਲਦੀਪ ਸਿੰਘ ਅਤੇ ਮਨਦੀਪ ਸਿੰਘ, ਪੱਛਮ: ਕਰਮਜੀਤ ਸਿੰਘ, ਉੱਤਰ: ਤੇਜਾ ਸਿੰਘ, ਦੱਖਣ: ਰਸਤਾ (**ਕਬਜ਼ਾ ਕਿਸਮ: ਸੰਕੇਤਕ**) | Rs. 24,00,000/-<br>Rs. 2,40,000/-<br>Rs. 24,000/- |
| 21. | ਕਰਜ਼ਦਾਰ : ਸ੍ਰੀ ਰਾਜਿੰਦਰ ਸਿੰਘ ਪੁੱਤਰ ਸ੍ਰੀ ਜੀਤ ਸਿੰਘ, ਪਤਾ: ਮਕਾਨ ਨੰਬਰ 354, 08/1, ਗੁਰੂ ਗੋਬਿੰਦ ਸਿੰਘ ਮਾਰਗ, ਗ੍ਰੇਸ ਪਬਲਿਕ ਸਕੂਲ, ਲੁਧਿਆਣਾ-141006, 2. ਸ੍ਰੀਮਤੀ ਮਨਦੀਪ ਕੌਰ ਪਤਨੀ ਸ੍ਰੀ ਜੀਤ ਸਿੰਘ, ਪਤਾ: ਮਕਾਨ ਨੰਬਰ 354, 08/1, ਗੁਰੂ ਗੋਬਿੰਦ ਸਿੰਘ ਮਾਰਗ, ਗ੍ਰੇਸ ਪਬਲਿਕ ਸਕੂਲ, ਲੁਧਿਆਣਾ-141006 | Rs. 31,17,220.75 15.11.2023 ਅਨੁਸਾਰ ਜਮ੍ਹਾਂ 16.11.2023 ਤੋਂ ਪ੍ਰਭਾਵੀ ਵਿਆਜ | ਵਿਕਰੀ ਡੀਡ ਵਸੀਕਾ ਨੰਬਰ 2022-23/103/1/5106 ਮਿਤੀ 01.11.2022 ਅਨੁਸਾਰ ਸ੍ਰੀ ਰਾਜਿੰਦਰ ਸਿੰਘ ਅਤੇ ਸ੍ਰੀਮਤੀ ਮਨਦੀਪ ਕੌਰ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ ਨੰਬਰ ਬੀ-21/6955 (ਯੂਆਈਡੀ ਨੰਬਰ ਬੀ021-16955) ਜਿਸਦੀ ਮਾਪ 112 ਵਰਗ ਗਜ਼ ਹੈ ਜਿਸ ਵਿੱਚ ਖਸਰਾ ਨੰਬਰ 652 ਖੇਵਟ ਨੰਬਰ 11, ਖਤੌਨੀ ਨੰਬਰ 17 ਸਾਲ 2010-2011 ਦੀ ਜਮ੍ਹਾਂਬੰਦੀ ਅਨੁਸਾਰ ਪਿੰਡ ਗਿੱਲ-1, ਆਬਾਦੀ-ਦੁਰਗਾ ਨਗਰ, ਗਲੀ ਨੰਬਰ 13, ਜਨਤਾ ਨਗਰ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ- ਲੁਧਿਆਣਾ ਵਿਖੇ ਸਥਿਤ ਮਾਲੀਆ ਸੰਪੱਤੀ। ਹੱਦਾਂ: ਪੂਰਬ: ਗਲੀ 15'ਚੌੜਾ: 24'-0", ਪੱਛਮ: ਨੰਬਰ ਸਕੂਲ:24'-0", ਉੱਤਰ: ਗੁਰਦੇਵ ਸਿੰਘ:42'-0", ਦੱਖਣ: ਮੋਹਨ ਸਿੰਘ ਦਾ ਘਰ:42'-0" (**ਕਬਜ਼ਾ ਕਿਸਮ: ਸੰਕੇਤਕ**) | Rs. 30,50,000/-<br>Rs. 3,05,000/-<br>Rs. 30,500/- |
| 22. | (ਗਿਰੀਵਕਾਰ/ਕਰਜ਼ਦਾਰ/ਜ਼ਾਮਨ):ਸ੍ਰੀਮਤੀ ਰੇਨੂ ਸੁਪਤਨੀ ਸ੍ਰੀ ਦੀਪਕ ਵਰਮਾ ਮਕਾਨ ਨੰ. 160ਏ, ਗੋਲਡਨ ਐਵੇਨਿਊ ਕਲੋਨੀ, ਪਿਛੇ ਮਜੀਦ, ਰਾਹੋਂ ਰੋਡ, ਬਸਤੀ ਜੋਧੇਵਾਲ ਲੁਧਿਆਣਾ 141007 **ਸ੍ਰੀ ਵਿਸ਼ਾਲ ਵਰਮਾ ਸਪੁੱਤਰ** ਸਵ. ਸ੍ਰੀ ਦੀਪਕ ਵਰਮਾ, ਮਕਾਨ ਨੰ. 160-ਏ, ਗੋਲਡਨ ਐਵੇਨਿਊ ਕਲੋਨੀ, ਪਿਛੇ ਮਜੀਦ, ਰਾਹੋਂ ਰੋਡ, ਬਸਤੀ ਜੋਧੇਵਾਲ ਲੁਧਿਆਣਾ 141007 | Rs. 28,95,419.40 30.04.2023 ਨੂੰ ਜਮ੍ਹਾਂ 01.05.2023 ਤੋਂ ਪ੍ਰਭਾਵੀ ਵਿਆਜ | ਟਾਈਟਲ ਡੀਡ ਵਸੀਕਾ ਨੰ. 14572 ਮਿਤੀ 02.11.2017 ਦੇ ਅਧੀਨ ਸ੍ਰੀਮਤੀ ਰੇਣੂ ਸੁਪਤਨੀ ਸਵ. ਸ੍ਰੀ ਦੀਪਕ ਵਰਮਾ ਦੇ ਨਾਮ 'ਤੇ ਜਮ੍ਹਾਂਬੰਦੀ ਸਾਲ 2008-2009 ਅਨੁਸਾਰ ਮਾਲੀਆ ਅਸਟੇਟ ਪਿੰਡ ਤਰਫ ਗਹਿਲੇਵਾਲ, ਅਬਾਦੀ ਗੋਲਡਨ ਐਵੇਨਿਊ, ਬਸਤੀ ਜੋਧੇਵਾਲ, ਲੁਧਿਆਣਾ ਵਿਖੇ ਖਾਤਾ 711/813, 756/857, ਖਸਰਾ ਨੰ. 322, 323, 324, 325, 326, 327, 331, 332, 333, 334, 336, 519/348, 520/348, 521/348/1, 522/348, 1013/619/349, 1014/619/349, 344/1, 345/1, 346/1, 347/1 503/350/1, 504/350/1 ਵਿਚ ਸ਼ਾਮਲ 143 ਵਰਗ ਗਜ਼ ਮਾਪ ਵਾਲੇ ਪਲਾਟ ਨੰ. 160-ਏ, ਐਮਸੀ ਨੰ. ਬੀ0-31-1148-ਸੀਪੀ-160ਏ 'ਤੇ ਨਿਰਮਿਤ ਇਕ ਮਕਾਨ ਵਾਲੀ ਅਚੱਲ ਸੰਪੱਤੀ। ਹੱਦਬੰਦੀ : ਪੂਰਬ : ਗਲੀ 20' ਚੌੜੀ 20'-08", ਪੱਛਮ : ਗੁਆਂਢੀ 20', ਉੱਤਰ : ਖਾਲੀ ਪਲਾਟ 60'-06", ਦੱਖਣ : ਖਾਲੀ ਪਲਾਟ (64'-00") **ਕਬਜ਼ੇ ਦੀ ਕਿਸਮ- ਸੰਕੇਤਕ** | Rs. 23,50,000/-<br>Rs. 2,35,000/-<br>Rs. 23,500/- |
| 23. | ਭਗਤ ਸੁੱਚਾ ਸਿੰਘ ਜੀ ਮੈਮੋਰੀਅਲ ਐਜੂਕੇਸ਼ਨ **ਸੁਸਾਇਟੀ** (ਬਡਿੰਗ ਬ੍ਰੇਨ ਇੰਟਰਨੈਸ਼ਨਲ ਸਕੂਲ) ਰਾਹੀਂ ਪ੍ਰਮੋਟਰਸ ਸ੍ਰੀ ਪਵਨਦੀਪ ਸਿੰਘ ਢਿੱਲੋਂ ਅਤੇ ਸ੍ਰੀਮਤੀ ਮਨਪ੍ਰੀਤ ਢਿੱਲੋਂ, ਐਮਸੀ ਨੰ. ਬੀ-02/0069, ਪਹਿਲੀ ਮੰਜ਼ਿਲ, ਸਾਹਮਣੇ ਆਈਸੀਆਈਸੀ ਬੈਂਕ, ਤਹਿਸੀਲ ਰਾਏਕੋਟ, ਜ਼ਿਲ੍ਹਾ ਲੁਧਿਆਣਾ-141109 **ਸ੍ਰੀ ਪਵਨਦੀਪ ਸਿੰਘ ਢਿੱਲੋਂ ਸਪੁੱਤਰ ਸ੍ਰੀ ਦਵਿੰਦਰ ਸਿੰਘ** ਵਾਸੀ 16-ਐਚ, ਭਾਈ ਰਣਧੀਰ ਸਿੰਘ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ, 141012, **ਸ੍ਰੀਮਤੀ ਮਨਪ੍ਰੀਤ ਢਿੱਲੋਂ ਸੁਪਤਨੀ ਸ੍ਰੀ ਪਵਨਦੀਪ ਸਿੰਘ ਢਿੱਲੋਂ** ਵਾਸੀ 16-ਐਚ, ਭਾਈ ਰਣਧੀਰ ਸਿੰਘ ਨਗਰ, ਫਿਰੋਜ਼ਪੁਰ ਰੋਡ, ਲੁਧਿਆਣਾ, 141012 | Rs. 15,22,02,340/- 30.06.2023 ਨੂੰ ਜਮ੍ਹਾਂ 01.07.2023 ਤੋਂ ਪ੍ਰਭਾਵੀ ਵਿਆਜ | ਵਪਾਰਕ (ਸੰਸਥਾਗਤ) ਜ਼ਮੀਨ ਅਤੇ ਇਮਾਰਤ ਵਿੱਚ ਸਿਰਫ਼ ਜ਼ਮੀਨੀ, ਪਹਿਲੀ ਅਤੇ ਦੂਜੀ ਮੰਜ਼ਿਲ ਸ਼ਾਮਲ ਹੈ, ਜੋ ਰਾਏਕੋਟ ਸਿਟੀ 5, ਬਰਨਾਲਾ ਬਠਿੰਡਾ ਬਾਈਪਾਸ, ਬੀ.ਕੇ. ਮੋਟਰ ਦੇ ਨੇੜੇ, ਰਾਏਕੋਟ, ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਹੈ, ਜਿਸਦਾ ਖੇਤਰਫਲ 32417.71 ਵਰਗ ਫੁੱਟ ਹੈ। ਗਜ਼/6.70 ਏਕੜ (ਵਿਕਰੀ ਡੀਡ ਅਤੇ ਮੁੱਲਾਂਕਣ ਰਿਪੋਰਟ/ਸਾਈਟ ਅਨੁਸਾਰ) ਵਿੱਚ ਵਸੀਕਾ ਨੰਬਰ 1435 ਮਿਤੀ: 09-07-2009, ਵਸੀਕਾ ਨੰਬਰ: 1224 ਮਿਤੀ: 24-06-2013, ਵਸੀਕਾ ਨੰਬਰ: 1225 ਮਿਤੀ: 24-06-2013, ਵਸੀਕਾ ਨੰਬਰ: 202 ਮਿਤੀ: 15-04-2010, ਵਸੀਕਾ ਨੰਬਰ: 2109 ਮਿਤੀ: 03-09-2009, ਅਤੇ ਵਸੀਕਾ ਨੰਬਰ: 2110 ਮਿਤੀ: 03-09-2009 327//3(7-2), 4(5-6),327//5(4-7),6(8-0), 7(8-0), 14(3-2), 15/1(1-7), 327//2/2, 327//26, 304//2/2, 304//19(9-8), 22/1(2-16), 327//5(4-7), 6(8-0), 7(8-0), 14(3-2), 15/1(1-7), 327//ਟਾਏ ਨੰ. 109/130,108/129,110/131,360/391, 364/395,360/391,3983/398 ਖਤੌਨੀ ਨੰ. 361 ਵਾਕਿਆ ਰਾਏਕੋਟ ਸਿਟੀ-5 ਤਹਿਸੀਲ ਅਤੇ ਜਿਲਾ. ਲੁਧਿਆਣਾ। ਇਸ ਤਰ੍ਹਾਂ ਘੇਰਿਆ ਹੋਇਆ ਹੈ: ਉੱਤਰ- ਨਾਲਾ ਅਤੇ ਸ੍ਰੀ ਲਾਲ ਦੀਨ (185'-9" + 37'-3" ਵਕਰ 16'-6" + 24' ਵਕਰ 72'+198' ਵਕਰ 8'-9'+372'-3"+ 60'-0"), ਦੱਖਣ- ਰਸਤਾ ਅਤੇ ਖੇਤੀਬਾੜੀ ਜ਼ਮੀਨ। (490'-0" ਵਕਰ 176'-0" + 261'-0" ਵਿੱਚ), ਪੂਰਬ-ਖੇਤੀ ਜ਼ਮੀਨ। (236'-0"), ਪੱਛਮ-ਰਾਸਤਾ। (202'-0")। **ਕਬਜ਼ੇ ਦੀ ਕਿਸਮ: ਸੰਕੇਤਕ** | Rs. 11,00,00,000/-<br>Rs. 1,10,00,000/-<br>Rs. 1,00,000/- |
| 24. | ਕਰਜ਼ਦਾਰ: ਮੈਸਰਜ਼ ਸੰਤੋਸ਼ ਹੈਂਡੀਕਰਾਫਟ ਐਂਡ ਆਰਟ ਫੈਕਟਸ ਪ੍ਰੋ. ਲਖਵਿੰਦਰ ਕੌਰ, ਰਾਮ ਕਲੋਨੀ ਕੈਂਪ, ਪਿੰਡ ਅਤੇ ਡਾਕਖਾਨਾ ਚੌਨੀ ਕਲਾਂ, ਜ਼ਿਲ੍ਹਾ। ਹੁਸ਼ਿਆਰਪੁਰ, ਪੰਜਾਬ 146001. 2. ਸ੍ਰੀਮਤੀ ਲਖਵਿੰਦਰ ਕੌਰ ਪਤਨੀ ਸ੍ਰੀ ਪਰਮਿੰਦਰ ਸਿੰਘ, ਰਾਮ ਕਲੋਨੀ ਕੈਂਪ, ਪਿੰਡ ਅਤੇ ਡਾਕਖਾਨਾ ਚੌਨੀ ਕਲਾਂ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ 146001 | Rs. 36,36,852.70 07.03.2017 ਨੂੰ ਜਮ੍ਹਾਂ ਵਿਆਜ | ਵਿਕਰੀ ਡੀਡ ਨੰਬਰ 8406 ਮਿਤੀ 23.02.2010 ਅਨੁਸਾਰ ਸ੍ਰੀਮਤੀ ਲਖਵਿੰਦਰ ਕੌਰ ਪਤਨੀ ਪਰਮਿੰਦਰ ਸਿੰਘ ਦੀ ਮਲਕੀਅਤ ਖਸਰਾ ਨੰਬਰ 24/9(7-4), ਖੇਵਟ ਨੰਬਰ 379/451, ਪਿੰਡ ਚੌਨੀ ਕਲਾਂ, ਚੰਡੀਗੜ੍ਹ ਰੋਡ, ਹੁਸ਼ਿਆਰਪੁਰ ਵਿਖੇ ਸਥਿਤ 3 ਕਨਾਲ ਦੀ ਫੈਕਟਰੀ ਜ਼ਮੀਨ ਅਤੇ ਇਮਾਰਤ ਦਾ ਬਰਾਬਰ ਗਿਰਵੀਨਾਮਾ। ਹੇਠ ਲਿਖੇ ਅਨੁਸਾਰ ਹੱਦਬੰਦੀ : ਪੂਰਬ: ਸ੍ਰੀ ਗੁਰਬਖਸ਼ ਸਿੰਘ ਦੀ ਜ਼ਮੀਨ। ਪੱਛਮ- ਸੜਕ, ਉੱਤਰ- ਸ੍ਰੀ ਗੁਰਬਖਸ਼ ਸਿੰਘ ਦੀ ਜ਼ਮੀਨ। ਦੱਖਣ- ਸ੍ਰੀ ਮਨਮਿੰਦਰ ਸਿੰਘ ਦਾ ਪਲਾਟ। **ਕਬਜ਼ੇ ਦੀ ਕਿਸਮ: ਭੌਤਿਕ** | Rs. 66,50,000/-<br>Rs. 6,65,000/-<br>Rs. 66,500/- |
| 25. | ਕਰਜ਼ਦਾਰ/ਜ਼ਾਮਨ: ਮੈਸਰਜ਼ ਸ਼ੁਕੀਲ ਕੁਮਾਰ ਐਂਡ ਬ੍ਰਦਰਜ਼ ਆਪਣੇ ਪ੍ਰੋਪ. ਸ਼. ਸ਼ੁਕੀਲ ਕੁਮਾਰ ਗੁਪਤਾ, ਵਾਸੀ 82-ਐਫ, ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 2. ਸ੍ਰੀ ਸ਼ੁਕੀਲ ਕੁਮਾਰ ਗੁਪਤਾ, ਮਕਾਨ ਨੰ: 228, ਮੁਹੱਲਾ ਨਰੈਆਣਾ ਕੱਚੀ ਚਵਾਨੀ 3. ਸ੍ਰੀ ਨਰਦੀਪ ਸਿੰਘ ਜਾਮਵਾਲ ਪੁੱਤਰ ਸ. ਕੇ.ਐਸ. ਜਾਮਵਾਲ, ਵਾਸੀ ਵਾਰਡ ਨੰ. 7, ਹਰੀ ਨਗਰ, ਨੇੜੇ ਫੂਡ ਐਂਡ ਸਪਲਾਈ ਸਟੋਰ, ਊਧਮਪੁਰ। 4. ਸ਼. ਸੁਮਿਤ ਕੁਮਾਰ ਗੁਪਤਾ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 5. ਸ਼. ਸੁਨੀਲ ਕੁਮਾਰ ਪੁੱਤਰ ਕੁਲਦੀਪ ਕੁਮਾਰ ਗੁਪਤਾ ਵਾਸੀ ਮਕਾਨ ਨੰ. 228, ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 6. ਸ਼. ਲਵ ਕੁਮਾਰ ਗੁਪਤਾ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 7. ਸ਼. ਕੁਸ਼ ਕੁਮਾਰ ਪੁੱਤਰ ਕੁਲਦੀਪ ਕੁਮਾਰ ਗੁਪਤਾ, ਵਾਸੀ ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। | Rs. 1,09,18,421.19 04.06.2019 ਨੂੰ ਜਮ੍ਹਾਂ ਵਿਆਜ | **LOT : 1** ਲਾਟ-1: ਖਸਰਾ ਨੰਬਰ 240 ਮਿਨ (01 ਕਨਾਲ 02 ਮਰਲੇ) ਅਤੇ ਖਸਰਾ ਨੰਬਰ 245 ਮਿਟ (01 ਕਨਾਲ 15 ਮਰਲੇ) ਦੇ ਹੇਠਾਂ 2 ਕਨਾਲ 17 ਮਰਲੇ ਦੀ ਪਲਾਟ ਜ਼ਮੀਨ, ਖਾਤਾ ਨੰਬਰ 471, ਖੇਵਟ ਨੰਬਰ 85/12 ਮਿਨ, ਬਟਲ, ਤਹਿਸੀਲ ਊਧਮਪੁਰ ਵਿਖੇ ਸ੍ਰੀ ਨਰਦੀਪ ਸਿੰਘ ਦੇ ਨਾਮ 'ਤੇ ਸਥਿਤ ਹੈ, ਜੋ ਮੇਨ ਨੈਸ਼ਨਲ ਹਾਈਵੇ 'ਤੇ ਭੀਮ ਸਿੰਘ ਕਾਲਜ ਆਫ਼ ਐਜੂਕੇਸ਼ਨ ਦੇ ਨੇੜੇ ਮੇਨ ਨੈਸ਼ਨਲ ਹਾਈਵੇ 'ਤੇ ਸਥਿਤ ਹੈ। ਕਬਜ਼ੇ ਦੀ ਕਿਸਮ-ਸੰਕੇਤਕ | Rs. 54,00,000/-<br>Rs. 5,40,000/-<br>Rs. 54,000/- |
| | | | **LOT : 2** ਲਾਟ: 2. ਤਿੰਨ ਮੰਜ਼ਿਲਾ ਵਪਾਰਕ ਇਮਾਰਤ ਜਿਸਦੀ ਗਰਾਊਂਡ ਫਲੋਰ 'ਤੇ 2 ਦੁਕਾਨਾਂ ਹਨ, ਜਿਸਦੀ ਕੁੱਲ ਲੰਬਾਈ 17 ਅਤੇ 1/2 ਹੈ, ਜਿਸਦੀ ਕੁੱਲ ਲੰਬਾਈ 13-1/2 ਹੈ। ਇਹ ਇਮਾਰਤ ਤਹਿਸੀਲ ਕਾਲਾਕੋਟ ਦੇ ਸੈਰ ਵਿਖੇ ਸਥਿਤ ਹੈ ਅਤੇ ਜਿਸਦੀ ਲੰਬਾਈ 123/185 ਹੈ ਅਤੇ ਜਿਸਦੀ ਲੰਬਾਈ 18 ਹੈ। ਖਸਰਾ ਨੰਬਰ 178 ਮਿਟ (ਮਰਲਾਸ), ਖਾਤਾ ਨੰਬਰ 123/125 ਅਤੇ ਖੇਵਟ ਨੰਬਰ 18, ਜੋ ਕਿ ਤਹਿਸੀਲ ਕਾਲਾਕੋਟ ਦੇ ਸੈਰ ਵਿਖੇ ਸਥਿਤ ਹੈ, ਸ੍ਰੀ ਸੁਮਿਤ ਗੁਪਤਾ, ਸ੍ਰੀ ਲਵ ਗੁਪਤਾ, ਸ੍ਰੀ ਸੁਨੀਲ ਗੁਪਤਾ ਅਤੇ ਸ੍ਰੀ ਕੁਸ਼ ਗੁਪਤਾ ਦੇ ਨਾਮ 'ਤੇ। ਕਬਜ਼ਾ ਕਿਸਮ-ਸੰਕੇਤਕ | Rs. 49,50,000/-<br>Rs. 4,95,000/-<br>Rs. 49,500/- |
| 26. | ਕਰਜ਼ਦਾਰ: ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਸੁਖਚਰਨ ਸਿੰਘ ਸੰਧੂ, ਪਤਾ: ਰੁਲਦੂ ਦੀ ਚੱਕੀ ਦੇ ਨੇੜੇ, ਪਿੰਡ ਬੁਰਜ ਰਾਠੀ, ਡਾਕਖਾਨਾ ਭੈਣੀ ਬਾਘਾ, ਜ਼ਿਲ੍ਹਾ ਮਾਨਸਾ, ਪੰਜਾਬ, ਪਿੰਨ ਕੋਡ-151508। ਹੋਰ ਪਤਾ: ਵਾਰਡ ਨੰ. 7 (ਨਵਾਂ ਵਾਰਡ ਨੰ. 6) ਬੈਕਸਾਈਡ ਕੋਰਟ ਕੰਪਲੈਕਸ, ਰਕਬਾ ਮਾਨਸਾ ਕਲਾਂ, ਜਿਲ੍ਹਾ ਮਾਨਸਾ ਪਿੰਨ ਕੋਡ: 151302, ਜ਼ਾਮਨ: ਸ੍ਰੀ ਸੁਖਚਰਨ ਸਿੰਘ ਪੁੱਤਰ ਸੋਹਣ ਸਿੰਘ ਸੰਧੂ, ਰੁਲਦੂ ਦੀ ਚੱਕੀ ਦੇ ਨੇੜੇ, ਪਿੰਡ ਬੁਰਜ ਰਾਠੀ, ਡਾਕਖਾਨਾ ਭੈਣੀ ਬਾਘਾ, ਜ਼ਿਲ੍ਹਾ ਮਾਨਸਾ, ਪੰਜਾਬ, ਪਿੰਨ ਕੋਡ-151508। ਹੋਰ ਪਤਾ: ਵਾਰਡ ਨੰ. 7 (ਨਵਾਂ ਵਾਰਡ ਨੰ. 6) ਬੈਕਸਾਈਡ ਕੋਰਟ ਕੰਪਲੈਕਸ, ਰਕਬਾ ਮਾਨਸਾ ਕਲਾਂ, ਜਿਲ੍ਹਾ ਮਾਨਸਾ ਪਿੰਨ ਕੋਡ: 151302, ਜ਼ਾਮਨ: ਸ੍ਰੀ ਹਰਪਾਲ ਸਿੰਘ ਪੁੱਤਰ ਗੁਰਤੇਜ ਸਿੰਘ (ਜ਼ਾਮਨ), ਪਤਾ: ਮਕਾਨ ਨੰ. 789, ਗਲੀ ਨੰ. 12, ਵਾਰਡ ਨੰ. 2, ਓਵਰ ਬ੍ਰਿਜ ਦੇ ਨੇੜੇ, ਜ਼ਿਲ੍ਹਾ ਮਾਨਸਾ, ਪਿੰਨ ਕੋਡ-151505 | Rs. 37,14,880.96 30.11.2024 ਅਨੁਸਾਰ ਜਮ੍ਹਾਂ 01.12.2024 ਤੋਂ ਪ੍ਰਭਾਵੀ ਵਿਆਜ | ਸ੍ਰੀਮਤੀ ਸੁਖਵਿੰਦਰ ਕੌਰ ਪਤਨੀ ਸੁਖਚਰਨ ਸਿੰਘ ਦੇ ਨਾਮ 'ਤੇ, ਵਾਰਡ ਨੰ. 7, ਰਕਬਾ ਮਾਨਸਾ ਕਲਾਂ ਵਿਖੇ ਸਥਿਤ ਇੱਕ ਮਕਾਨ, ਜੋ ਕਿ 10 ਮਰਲੇ ਦਾ ਹੈ, ਭਾਵ 7 ਕਨਾਲ 11 ਮਰਲੇ ਦਾ 10/151 ਹਿੱਸਾ, ਖਸਰਾ ਨੰਬਰ 87//20(7-11) ਖੇਵਟ/ਖਾਤਾ ਨੰਬਰ 453/3/1471 ਵਿੱਚ ਸ਼ਾਮਲ ਹੈ, ਪਿੰਡ ਮਾਨਸਾ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਮਾਨਸਾ ਵਿਖੇ ਸਥਿਤ ਹੈ। ਹੱਦਬੰਦੀ ਹੇਠ ਲਿਖੇ ਅਨੁਸਾਰ ਹਨ: ਉੱਤਰ: ਦਲਜੀਤ ਸਿੰਘ 60 ਫੁੱਟ, ਦੱਖਣ: ਦਵਿੰਦਰ ਸਿੰਘ 60 ਫੁੱਟ, ਪੂਰਬ: ਗਲੀ 45 ਫੁੱਟ ਚੌੜਾਈ 20 ਫੁੱਟ, ਪੱਛਮ: ਫਾਰਮਾਸਿਸਟ ਪਿੰਡ ਗੁਮਾਨ ਕਲਾਂ, 45 ਫੁੱਟ। ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ। | Rs. 33,50,000/-<br>Rs. 3,35,000/-<br>Rs. 33,500/- |
| 27. | ਕਰਜ਼ਦਾਰ: ਸ੍ਰੀ ਰਿਜ਼ਵਾਨ ਪੁੱਤਰ ਮੁਹੰਮਦ ਅਹਿਮਦ, ਮਕਾਨ ਨੰਬਰ-217 ਗਲੀ ਨੰ: 8, ਕ੍ਰਿਸ਼ਨਾ ਨਗਰ ਹੁਸ਼ਿਆਰਪੁਰ, ਪੰਜਾਬ-146001, ਸਹਿ-ਕਰਜ਼ਦਾਰ: ਸ੍ਰੀਮਤੀ ਸੋਨੀਆ ਸੁਪਤਨੀ ਸ੍ਰੀ ਰਿਜ਼ਵਾਨ, ਮਕਾਨ ਨੰਬਰ 217, ਗਲੀ ਨੰ. , ਕ੍ਰਿਸ਼ਨਾ ਨਗਰ, ਹੁਸ਼ਿਆਰਪੁਰ, ਪੰਜਾਬ-146001, ਜਾਮਨ: ਸ੍ਰੀ ਮੁਹੰਮਦ ਅਕਰਮ ਪੁੱਤਰ ਮੁਹੰਮਦ ਅਸਲਮ, ਨਿਊ ਪ੍ਰੀਤ ਨਗਰ, ਰਵਿਦਾਸ ਨਗਰ ਹੁਸ਼ਿਆਰਪੁਰ, ਪੰਜਾਬ-146001 | Rs. 27,62,561.49 20.05.2021 ਅਨੁਸਾਰ ਜਮ੍ਹਾਂ ਵਿਆਜ | ਰਿਹਾਇਸ਼ੀ ਜਾਇਦਾਦ ਦਾ ਉਹ ਸਾਰਾ ਭਾਗ ਅਤੇ ਹਿੱਸੇ ਸ੍ਰੀ ਰਿਜ਼ਵਾਨ ਦਾ ਹੈ, ਜਿਸਦੀ ਮਿਣਤੀ 5 ਮਰਲੇ 183 ਵਰਗ ਫੁੱਟ ਖੇਵਾਟ ਨੰ: 1029/1197, 1198 ਖਸਰਾ ਨੰ 1364 ਮਿਨ (4-10), 1364 ਮਿਨ (5-0) ਪ੍ਰੇਮਗੜ੍ਹ ਇਟ ਰੋਡ, ਹੁਸ਼ਿਆਰਪੁਰ ਵਿਖੇ ਸਥਿਤ ਹੈ। ਜਿਵੇਂ ਅਤੇ ਮਾਪ ਉੱਤਰ: ਹੋਰ ਮਾਲਕ (39'-10"), ਦੱਖਣ: ਕਰਨੈਲ ਸਿੰਘ (41'-2"), ਪੂਰਬ: ਰਸਤਾ (30'-1"), ਪੱਛਮ: ਰੇਸ਼ਮ ਸਿੰਘ (30') (ਕਬਜ਼ੇ ਦੀ ਕਿਸਮ : ਸੰਕੇਤਕ) | Rs. 13,00,000/-<br>Rs. 1,30,000/-<br>Rs. 13,000/- |

ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬੰਧਤ ਹੋਵੇਗੀ : 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://ebkary.in** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 26.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸੰਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸੰਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://ebkary.in, https://www.unionbankofindia.co.in** ਦਾ ਹਵਾਲਾ ਲਓ। 4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** ਵਿਚ **https://ebkary.in** ਦੇਖੋ।

**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ ਅਤੇ ਗਿਰਵੀਕਾਰ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਮਿਤੀ : 08.09.2025 , ਸਥਾਨ : ਲੁਧਿਆਣਾ — ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

## ਆਦਰਸ਼ ਮਾਡਲ ਮੈਰੀਟੋਰੀਅਸ ਅਤੇ ਸਕੂਲ ਆਫ਼ ਐਮੀਨੈਂਸ' ਨੂੰ ਸਿੱਖਿਆ ਵਿਭਾਗ 'ਚ ਰਲਾਉਣ ਦੀ ਮੰਗ

ਲੁਧਿਆਣਾ, 8 ਸਤੰਬਰ (ਰਵਿੰਦਰ ਸਿੰਘ ਨਿੱਝਰ) : ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਸਰਪ੍ਰਸਤ ਚਰਨ ਸਿੰਘ ਸਰਾਭਾ, ਜਰਨਲ ਸਕੱਤਰ ਪ੍ਰਵੀਨ ਕੁਮਾਰ ਲੁਧਿਆਣਾ, ਜ਼ਿਲ੍ਹਾ ਪ੍ਰਧਾਨ ਪਰਮਿੰਦਰਪਾਲ ਸਿੰਘ ਕਾਲੀਆ ਦੀ ਅਗਵਾਈ ਹੇਠ ਪੰਜਾਬੀ ਭਵਨ ਲੁਧਿਆਣਾ ਵਿਖੇ ਹੋਈ, ਜਿਸ ਵਿੱਚ ਪੰਜਾਬ ਦੇ ਹੜ੍ਹਾਂ ਦੀ ਮਾਰ ਝੱਲ ਰਹੇ ਪੰਜਾਬ ਦੇ ਲੋਕਾਂ ਦੀ ਅਤੀ ਦਰਦਨਾਇਕ ਹਾਲਤ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਪੰਜਾਬ ਦੇ ਸਮੂਹ ਅਧਿਆਪਕ ਵਰਗ ਨੂੰ ਹੜ੍ਹ ਪੀੜਿਤ ਲੋਕਾਂ ਨਾਲ ਇਸ ਦੁੱਖ ਦੀ ਘੜੀ ਵਿੱਚ ਹਰ ਬਣਦਾ ਯੋਗਦਾਨ ਦੇਣ ਲਈ ਅਪੀਲ ਕੀਤੀ ਗਈ। ਮੀਟਿੰਗ ਉਪਰੰਤ ਪ੍ਰੈੱਸ ਸਕੱਤਰ ਹਰਿਲ ਸਿੰਘ ਸਰਾਭਾ ਤੇ ਮਨੀਸ਼ ਸ਼ਰਮਾ ਆਗੂਆਂ ਨੇ ਦੱਸਿਆ ਕਿ ਸਕੂਲਾਂ ਦੀ ਸਰਕਾਰੀਕਰਨ ਦੀ ਮਹੱਤਤਾ ਨੂੰ ਸਮਝਦੇ ਹੋਏ ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ 2 ਅਕਤੂਬਰ ਨੂੰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਜਥੇਬੰਦੀ ਦੀ ਵਿਸ਼ੇਸ਼ ਇਕੱਤਰਤਾ ਕਰਕੇ ਮਨਾਇਆ ਜਾਵੇਗਾ। ਇਸ ਮੌਕੇ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ 'ਸਕੂਲ ਆਫ਼ ਐਮੀਨੈਂਸ' ਬਣਾਏ ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਇੱਕ ਸਾਰ ਮਿਆਰੀ ਅਤੇ ਬੁਨਿਆਦੀ ਸਿੱਖਿਆ ਦੇਣ ਤੇ ਜ਼ੋਰ ਦਿੱਤਾ ਜਾਵੇ ਜਿਵੇਂ ਕੋਠਾਰੀ ਸਿੱਖਿਆ ਕਮਿਸ਼ਨ (1964-66) ਅਤੇ 1968 ਦੀ ਸਿੱਖਿਆ ਨੀਤੀ ਦੀਆਂ ਤਜਵੀਜ਼ਾਂ ਵਿੱਚ ਦਰਸਾਇਆ ਗਿਆ ਹੈ, ਸੋਧਾਂ ਕਰਕੇ ਸਹੀ ਢੰਗ ਨਾਲ ਲਾਗੂ ਕੀਤੀ ਜਾਵੇ ਤਾਂ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਲੱਖਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਨਾ ਹੋ ਸਕੇ। ਜਥੇਬੰਦੀ ਵੱਲੋਂ ਫੈਸਲਾ ਕੀਤਾ ਗਿਆ ਕਿ ਨਵੀਂ ਸਿੱਖਿਆ ਨੀਤੀ 2020 ਸਮੇਤ 'ਸਕੂਲ ਆਫ ਐਮੀਨੈਂਸ' ਰੱਦ ਕਰਨ ਅਤੇ ਸਿੱਖਿਆ ਨੂੰ ਨਿੱਜੀਕਰਨ ਵਪਾਰੀਕਰਨ ਤੋਂ ਬਚਾਉਣ ਲਈ ਜਥੇਬੰਦੀ ਵੱਲੋਂ 2 ਅਕਤੂਬਰ ਨੂੰ ਅਧਿਆਪਕ ਵਰਗ ਤੇ ਆਮ ਲੋਕਾਂ ਵਿੱਚ ਲਾਮਬੰਦੀ ਦੀ ਕੀਤੀ ਜਾਵੇਗੀ। ਜਥੇਬੰਦੀ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿਛਲੇ ਸਮੇਂ ਵਿੱਚ ਅਕਾਲੀ-ਭਾਜਪਾ ਗਠਜੋੜ ਸਰਕਾਰ ਅਤੇ ਕਾਂਗਰਸ ਸਰਕਾਰ ਸਮੇਂ ਖੁੱਲ੍ਹੇ ਆਦਰਸ਼ ,ਮਾਡਲ ,ਮੈਰੀਟੋਰੀਅਸ ਸਕੂਲਾਂ ਨੂੰ ਸਮੂਚੇ ਸਟਾਫ ਸਮੇਤ ਸਿੱਖਿਆ ਵਿਭਾਗ ਵਿੱਚ ਮਰਜ਼ ਕੀਤਾ ਜਾਵੇ। ਹਰ ਪ੍ਰਾਇਮਰੀ ਸਕੂਲ ਲਈ ਜਮਾਤ ਅਨੁਸਾਰ ਪ੍ਰੀ ਪ੍ਰਾਇਮਰੀ ਤੋਂ ਪੰਜਵੀਂ ਜਮਾਤ ਤੱਕ ਜਮਾਤ ਅਨੁਸਾਰ ਸੰਤ ਰੈਗੂਲਰ ਅਧਿਆਪਕ ਨਿਯੁਕਤ ਕਰੋ, ਠੇਕਾ ਅਧਾਰ ਤੇ ਕੰਮ ਕਰ ਰਹੇ ਸਮੂਹ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿਚ ਪੂਰੀਆਂ ਤਨਖਾਹਾਂ ਸਮੇਤ ਰੈਗੂਲਰ ਕਰੋ, ਪ੍ਰਾਇਮਰੀ ਤੋਂ ਲੈ ਕੇ ਸੈਕੰਡਰੀ ਸਕੂਲਾਂ ਵਿਚ ਖਾਲੀ ਪਈਆਂ ਹਜ਼ਾਰਾਂ ਅਸਾਮੀਆਂ ਰੈਗੂਲਰ ਭਰਤੀ ਰਾਹੀਂ ਭਰੀਆਂ ਜਾਣ, ਅਧਿਆਪਕਾਂ ਤੋਂ ਵੱਖ ਵੱਖ ਤਰ੍ਹਾਂ ਦੇ ਗੈਰ ਵਿਦਿਅਕ ਕੰਮ ਸਕੂਲਾਂ ਦੇ ਵਿੱਚ ਅਤੇ ਸਕੂਲਾਂ ਤੋਂ ਬਾਹਰ ਲੈਣੇ ਬੰਦ ਕੀਤੇ ਜਾਣ। ਪ੍ਰਾਇਮਰੀ ਪੱਧਰ ਤੋਂ ਸੈਕੰਡਰੀ ਪੱਧਰ ਤੱਕ ਅਧਿਆਪਕਾਂ ਦੀਆਂ ਪਦ ਉੱਨਤੀਆਂ ਕੀਤੀਆਂ ਜਾਣ। ਇਸ ਸਮੇਂ ਜਥੇਬੰਦੀ ਦੇ ਆਗੂ ਚਰਨ ਸਿੰਘ ਤਾਜਪੁਰੀ, ਸਤਵਿੰਦਰ ਪਾਲ ਸਿੰਘ ਗਰਚਾ, ਕੁਲਦੀਪ ਸਿੰਘ ਬਲਾਕ ਪੱਖੋਵਾਲ ਪ੍ਰਧਾਨ, ਸੰਜੀਵ ਯਾਦਵ, ਵਰਿੰਦਰ ਸ਼ਰਮਾ, ਜਗਦੀਸ਼ ਸਿੰਘ, ਅਸ਼ੋਕ ਗੋਇਲ, ਅਸ਼ੀਸ਼ ਕੁਮਾਰ ਆਦਿ ਸਾਥੀ ਹਾਜ਼ਰ ਸਨ।

## ਹੜ੍ਹਾਂ ਦੀ ਮਾਰ ਲਈ ਪੰਜਾਬ ਸਰਕਾਰ ਦੀ ਨਾਲਾਇਕੀ ਜ਼ਿੰਮੇਵਾਰ : ਬਾਵਾ



ਲੁਧਿਆਣਾ, 8 ਸਤੰਬਰ (ਰਵਿੰਦਰ ਸਿੰਘ ਨਿੱਝਰ) : ਪ੍ਰਧਾਨ ਮੰਤਰੀ ਜੀ ਅੱਜ ਪੰਜਾਬ ਆ ਕੇ ਹੜ੍ਹ ਪੀੜਤ ਇਲਾਕਿਆਂ ਦਾ ਦੌਰਾ ਕਰਨਗੇ। ਲੋੜ ਹੈ ਹੜ੍ਹ ਪੀੜਤਾਂ ਦੇ ਮੁੜ ਵਸੇਬੇ ਲਈ ਰਾਹਤ ਦਾ ਐਲਾਨ ਕੀਤਾ ਜਾਵੇ। ਇਹ ਸ਼ਬਦ ਅੱਜ ਕੁੱਲ ਹਿੰਦ ਕਾਂਗਰਸ ਦੇ ਕੋਆਰਡੀਨੇਟਰ (ਓ.ਬੀ.ਸੀ) ਹਿਮਾਚਲ ਪ੍ਰਦੇਸ਼ ਕ੍ਰਿਸ਼ਨ ਕੁਮਾਰ ਬਾਵਾ ਨੇ ਕਹੇ। ਉਹਨਾਂ ਕਿਹਾ ਕਿ ਦੁੱਖ ਧਾਰੀ ਬੈਠੀ ਭਾਜਪਾ ਦੇਸ਼ ਦੇ ਲੋਕਾਂ ਪ੍ਰਤੀ ਆਪਣਾ ਫਰਜ਼ ਪਛਾਣੇ। ਸਮਝਿਆ ਨਾ ਸਿਆਸੀ ਤੱਕੜੀ ਵਿਚ ਨਾ ਤੋਲੇ। ਉਹਨਾਂ ਕਿਹਾ ਕਿ ਰਾਹਤ ਦੇਣਾ ਅਹਿਸਾਨ ਨਹੀਂ ਸਰਕਾਰਾਂ ਦਾ ਫਰਜ਼ ਹੈ। ਉਹਨਾਂ ਕਿਹਾ ਕਿ ਪੰਜਾਬ ਵਿੱਚ 'ਆਪ' ਸਰਕਾਰ ਨੇ ਜੇਕਰ ਸਮੇਂ ਸਿਰ ਹੜ੍ਹਾਂ ਤੋਂ ਪਹਿਲਾਂ ਉਚਿਤ ਕਦਮ ਚੁੱਕੇ ਹੁੰਦੇ ਤਾਂ ਪੰਜਾਬ ਦੇ ਲੋਕਾਂ ਨੂੰ ਇਹ ਜੋਖਿਮ ਨਾ ਝੱਲਣਾ ਪੈਂਦਾ। ਬਾਵਾ ਨੇ ਇਸ ਸਮੇਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਇੰਚਾਰਜ ਸਾਬਕਾ ਮੁੱਖ ਮੰਤਰੀ ਛੱਤੀਸਗੜ੍ਹ ਭੁਪੇਸ਼ ਬਘੇਲ, ਪੰਜਾਬ ਪ੍ਰਦੇਸ਼ ਕਾਂਗਰਸ ਦੇ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ, ਸਮਾਜਸੇਵੀ ਐੱਸ.ਪੀ ਸਿੰਘ ਉਬਰਾਏ, ਕਈ ਕਲਾਕਾਰਾਂ ਅਤੇ ਖਿਡਾਰੀਆਂ ਵੱਲੋਂ ਰਾਹਤ ਲਈ ਨਿਭਾਈ ਰੋਲ ਦੀ ਪ੍ਰਸ਼ੰਸਾ ਕੀਤੀ।

## ਪੱਤਰਕਾਰ ਨੂੰ ਬਰਾਦਰੀ 'ਚੋਂ ਛੇਕਣ ਦੀਆਂ ਖ਼ਬਰਾਂ ਲਗਵਾਉਣ ਵਾਲਿਆਂ 'ਤੇ ਉਦਯੋਗਪਤੀਆਂ ਨੂੰ ਗੁੰਮਰਾਹ ਕਰਨ ਦਾ ਦੋਸ਼



ਲੁਧਿਆਣਾ, 8 ਸਤੰਬਰ (ਰਵਿੰਦਰ ਸਿੰਘ ਨਿੱਝਰ) : ਪੱਤਰਕਾਰ ਪਰਮਜੀਤ ਸਿੰਘ ਮਠਾੜੂ ਖ਼ਿਲਾਫ ਰਾਮਗੜ੍ਹੀਆ ਬਰਾਦਰੀ ਨਾਲ ਸਬੰਧਤ ਇੱਕ ਜਥੇਬੰਦੀ ਦੇ ਆਗੂਆਂ ਵੱਲੋਂ ਅਖ਼ਬਾਰਾਂ ਵਿੱਚ ਖ਼ਬਰਾਂ ਲਗਵਾ ਕੇ ਉਸ ਨੂੰ ਅਤੇ ਉਸ ਦੇ ਪਰਿਵਾਰ ਨੂੰ ਬਰਾਦਰੀ 'ਚੋਂ ਛੇਕਣ ਦੀਆਂ ਧਮਕੀਆਂ ਦੇਣ ਵਾਲਿਆਂ ਖ਼ਿਲਾਫ਼ ਪੱਤਰਕਾਰ ਮਠਾੜੂ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਹਨਾਂ ਕਿਹਾ ਕਿ ਦੇਸ਼ ਪ੍ਰਦੇਸ਼ ਦੀ ਪੂਰੀ ਰਾਮਗੜ੍ਹੀਆ ਬਿਰਾਦਰੀ ਮਠਾੜੂ ਨਾਲ ਚਟਾਨ ਦੀ ਤਰ੍ਹਾਂ ਖੜ੍ਹੀ ਹੈ। ਉਹਨਾਂ ਕਿਹਾ ਕਿ ਉਹ ਪਿਛਲੇ ਸਮੇਂ ਬਿਰਾਦਰੀ ਵਿੱਚੋਂ ਕੱਢਣ ਸਬੰਧੀ ਹੋਈ ਮੀਟਿੰਗ ਵਿੱਚ ਬੈਠੇ ਕੁਝ ਉਦਯੋਗਪਤੀਆਂ ਨਾਲ ਉਹਨਾਂ ਨੇ ਗੱਲਬਾਤ ਕੀਤੀ ਤਾਂ ਉਹਨਾਂ ਕਿਹਾ ਕਿ ਸਾਨੂੰ ਤਾਂ ਕਥਿਤ ਤੌਰ 'ਤੇ ਗੁੰਮਰਾਹ ਕਰਕੇ ਇੱਥੇ ਸੱਦਿਆ ਗਿਆ ਹੈ। ਅਸੀਂ ਤੁਹਾਡੇ ਨਾਲ ਬਿਲਕੁਲ ਚੱਟਾਨ ਦੀ ਤਰ੍ਹਾਂ ਖੜ੍ਹੇ ਹਾਂ। ਮਠਾੜੂ ਅਨੁਸਾਰ ਉਨ੍ਹਾਂ ਉਦਯੋਗਪਤੀਆਂ ਨੇ ਇਹ ਵੀ ਆਖਿਆ ਕਿ ਸਾਨੂੰ ਮੀਟਿੰਗ ਵਿੱਚ ਸੱਦਣ ਵੇਲੇ ਏਜੰਡੇ ਸਬੰਧੀ ਵਿੱਚ ਕੁਝ ਨਹੀਂ ਦੱਸਿਆ ਗਿਆ। ਜੇਕਰ ਦੱਸਿਆ ਜਾਂਦਾ ਤਾਂ ਅਸੀਂ ਮੀਟਿੰਗ ਵਿੱਚ ਸ਼ਾਮਿਲ ਨਾ ਹੁੰਦੇ। ਮਠਾੜੂ ਨੇ ਦੱਸਿਆ ਕਿ ਸ਼ਹਿਰ ਦੀਆਂ ਬਹੁਤ ਸਾਰੀਆਂ ਉਦਯੋਗਿਕ ਇਕਾਈਆਂ, ਜਥੇਬੰਦੀਆਂ, ਰਾਮਗੜ੍ਹੀਆ ਪਰਿਵਾਰਾਂ ਨਾਲ ਸੰਬੰਧਿਤ ਜਥੇਬੰਦੀਆਂ ਅਤੇ ਐਸੋਸੀਏਸ਼ਨਾਂ ਨਾਲ ਉਸ ਦੇ ਬਹੁਤ ਵਧੀਆ ਸਬੰਧ ਹਨ। ਮਠਾੜੂ ਨੇ ਕਿਹਾ ਕਿ ਮੈਂ ਕਦੇ ਵੀ ਕਿਸੇ ਦੇ ਖਿਲਾਫ਼ ਕੋਈ ਵੀ ਲਿਖਤ ਨਹੀਂ ਲਿਖੀਆ ਅਤੇ ਸਾਰੇ ਹੀ ਮੇਰੇ ਸਤਿਕਾਰਯੋਗ ਹਨ। ਮਠਾੜੂ ਅਨੁਸਾਰ ਕਾਨੂੰਨ ਅਨੁਸਾਰ ਕਿਸੇ ਵੀ ਵਿਅਕਤੀ ਨੂੰ ਕੋਈ ਵੀ ਸੰਸਥਾ ਬਿਰਾਦਰੀ ਵਿੱਚੋਂ ਛੇਕ ਨਹੀਂ ਛੇਕਦੀ। ਇਹ ਬਿਲਕੁਲ ਗੈਰ ਕਾਨੂੰਨੀ ਹੈ। ਮਠਾੜੂ ਨੇ ਦੱਸਿਆ ਕਿ ਉਹ ਜਲਦੀ ਹੀ ਪੂਰੀ ਰਾਮਗੜ੍ਹੀਆ ਬਿਰਾਦਰੀ ਦੀ ਇੱਕ ਮੀਟਿੰਗ ਬੁਲਾ ਕੇ ਇਸ ਝੂਠ ਦਾ ਪਰਦਾ ਫਾਸ਼ ਕਰਨਗੇ।

## ਮਨੁੱਖੀ ਮਨ 'ਤੇ ਸੁੱਖ-ਦੁੱਖ ਦਾ ਪ੍ਰਭਾਵ : ਠਾਕੁਰ ਦਲੀਪ ਸਿੰਘ



ਲੁਧਿਆਣਾ, 8 ਸਤੰਬਰ (ਵਿਸ਼ਾਲ ਸ਼ਰਮਾ) : ਜਿੱਤ ਵਰਗੀ ਕੋਈ ਖ਼ੁਸ਼ੀ ਨਹੀਂ; ਹਾਰ ਵਰਗਾ ਕੋਈ ਸੋਗ ਨਹੀਂ। ਜਿੱਤ ਵਰਗੀ ਕੋਈ ਸੰਤੁਸ਼ਟੀ ਨਹੀਂ; ਹਾਰ ਵਰਗੀ ਕੋਈ ਅਸੰਤੁਸ਼ਟੀ ਨਹੀਂ। ਜੇ ਜੀਵਨ ਵੱਲ ਧਿਆਨ ਮਾਰੀਏ ਤਾਂ ਹਰ ਵਿਚਾਰਧਾਰਾ ਬਣ ਜਾਂਦੇ ਹਨ; ਉਹ ਸੁਖ-ਦੁੱਖ ਤੋਂ ਘੱਟ ਪ੍ਰਭਾਵਿਤ ਹੁੰਦੇ ਹਨ; ਜਦੋਂਕਿ ਇੱਕ ਸਧਾਰਨ ਮਨੁੱਖ ਨੂੰ ਸੁਖ-ਦੁੱਖ ਬਹੁਤ ਪ੍ਰਭਾਵਿਤ ਕਰਦੇ ਹਨ। ਕੁਝ ਮਹਾਂਪੁਰਖ ਉਪਦੇਸ਼ ਦਿੰਦੇ ਹਨ ਕਿ ਸਾਨੂੰ ਜਿੱਤ-ਹਾਰ ਤੋਂ ਬਿਲਕੁਲ ਹੀ ਸੁਖੀ ਜਾਂ ਦੁਖੀ ਨਹੀਂ ਹੋਣਾ ਚਾਹੀਦਾ। ਗੁਰਬਾਣੀ ਵਿੱਚ ਵੀ ਲਿਖਿਆ ਹੈ ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ। ਭਾਰਤੀ ਸੰਸਕ੍ਰਿਤੀ ਦੇ ਸਾਰੇ ਧਾਰਮਿਕ ਗ੍ਰੰਥਾਂ ਵਿੱਚ ਵੀ ਸੁਖ-ਦੁਖ ਵਿੱਚ 'ਸਮਾਨ ਰਹਿਣ' ਦੀ ਅਵਸਥਾ ਨੂੰ ਸਰਵੋਤਮ ਮੰਨਿਆ ਗਿਆ ਹੈ। ਪਰੰਤੂ, ਜੀਵਨ ਦੀ ਸੱਚਾਈ ਇਹ ਹੈ ਕਿ ਜੇ ਅਸੀਂ ਜਿੱਤਣ ਦਾ ਟੀਚਾ ਤਾਂ ਸੁਖੀ ਜਾਂ ਦੁਖੀ ਨਹੀਂ ਹੁੰਦੇ, ਤਾਂ ਅਸੀਂ ਕੋਈ ਵਿਸ਼ੇਸ਼ ਉਪਲਬਧੀ ਪ੍ਰਾਪਤ ਕਰਨ ਲਈ ਕੋਈ ਸਖ਼ਤ ਮਿਹਨਤ ਵੀ ਨਹੀਂ ਕਰਾਂਗੇ ਅਤੇ ਬਹੁਤ ਜ਼ਿਆਦਾ ਤਰੱਕੀ ਵੀ ਨਹੀਂ ਕਰ ਸਕਾਂਗੇ। ਅਤਿਅੰਤ ਉੱਚਤਮ ਪ੍ਰਾਪਤੀਆਂ ਕਰਨ ਅਤੇ ਉੱਚਤਮ ਲਕਸ਼ ਤੱਕ ਪਹੁੰਚਣ ਲਈ; ਅਤਿਅੰਤ ਪ੍ਰਬਲ, ਤੀਵਰ ਭਾਵਨਾਵਾਂ ਦੀ ਲੋੜ ਹੁੰਦੀ ਹੈ ਅਤੇ, ਪ੍ਰਚੰਡ, ਤੀਵਰ ਭਾਵਨਾਵਾਂ ਵਾਲਾ ਵਿਅਕਤੀ: ਪ੍ਰਚੰਡ ਸੁਖ-ਦੁੱਖ ਵੀ ਅਨੁਭਵ ਕਰਦਾ ਹੈ। ਇੱਕ ਸਧਾਰਨ ਜਿਹੀ ਗੱਲ ਹੈ, ਜਿਨ੍ਹਾਂ ਨੂੰ ਸੁਖ-ਦੁੱਖ ਘੱਟ ਅਨੁਭਵ ਹੁੰਦੇ ਹਨ, ਉਨ੍ਹਾਂ ਵਿੱਚ ਜਿੱਤ ਪ੍ਰਾਪਤ ਕਰਨ ਅਤੇ ਉੱਚਤਮ ਲਕਸ਼ ਤੱਕ ਪਹੁੰਚਣ ਦੀ ਇੱਛਾ ਵੀ ਤੀਵਰ ਨਹੀਂ ਹੁੰਦੀ। ਜਿਸ ਦੀਆਂ ਭਾਵਨਾਵਾਂ ਹੀ ਪ੍ਰਚੰਡ, ਤੀਵਰ ਨਹੀਂ ਹਨ, ਕਿਉਂਕਿ, ਜਦੋਂ ਕੋਈ ਬਹੁਤ ਪ੍ਰਚੰਡ, ਤੀਵਰ ਭਾਵਨਾ ਹੋਵੇਗੀ; ਤਾਂ ਉਹ ਭਾਵਨਾ ਪੂਰੀ ਨਾ ਹੋਣ ਕਾਰਨ, ਕੋਈ ਵਿਅਕਤੀ ਬਹੁਤ ਦੁੱਖ ਮਹਿਸੂਸ ਕਰੇਗਾ ਜਾਂ ਉਸ ਦੀ ਪ੍ਰਾਪਤੀ ਕਰਨ ਤੇ ਤੀਵਰ ਸੁਖ/ਖੁਸ਼ੀ ਮਹਿਸੂਸ ਕਰੇਗਾ। ਓਲੰਪਿਕ ਵਰਗੀਆਂ ਖੇਡਾਂ ਵਿੱਚ ਤਿੱਖੇ ਵਿੱਚ ਜਿੱਤ ਪ੍ਰਾਪਤ ਕਰਨ ਲਈ, ਖਿਡਾਰੀ ਵਿੱਚ ਜਿੱਤ ਦੀ ਤੀਵਰ, ਪ੍ਰਚੰਡ ਭਾਵਨਾ ਦੀ ਲੋੜ ਹੁੰਦੀ ਹੈ। ਜਿੱਤਣ ਤੋਂ ਬਾਅਦ, ਖਿਡਾਰੀਆਂ ਨੂੰ ਬਹੁਤ ਖੁਸ਼ੀ ਅਤੇ ਸੰਤੁਸ਼ਟੀ ਹੁੰਦੀ ਹੈ ਅਤੇ ਪੂਰੀ ਦੁਨੀਆ ਵਿੱਚ ਉਨ੍ਹਾਂ ਦਾ ਨਾਮ ਵੀ ਹੁੰਦਾ ਹੈ; ਜਿਸ ਨਾਲ ਉਨ੍ਹਾਂ ਨੂੰ ਪੈਸਾ, ਪਦਵੀ ਅਤੇ ਸ਼ੋਭਾ ਮਿਲ ਕੇ, ਹਰ ਤਰ੍ਹਾਂ ਦੇ ਸੁਖ ਮਿਲਦੇ ਹਨ,ਜਦੋਂਕਿ, ਖੇਡ ਵਿੱਚ ਹਾਰ ਤੋਂ ਬਾਅਦ, ਉਨ੍ਹਾਂ ਨੂੰ ਬਹੁਤ ਦੁੱਖ ਹੁੰਦਾ ਹੈ।

## ਸਨਮਤੀ ਸਕੂਲ ਵਿਖੇ ਹੜ੍ਹ ਪੀੜਤਾਂ ਦੀ ਚੜ੍ਹਦੀਕਲਾ ਲਈ ਅਰਦਾਸ ਕੀਤੀ



ਜਗਰਾਓਂ, 8 ਸਤੰਬਰ (ਵਿਸ਼ਾਲ ਅੱਤਰੇ/ਆਸ਼ੀਮਨ ਅੱਤਰੇ) : ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਜਗਰਾਓਂ ਵਿਖੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਹੜ੍ਹ ਪੀੜਤਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ, ਪ੍ਰਧਾਨ ਰਮੇਸ਼ ਜੈਨ, ਸੈਕਟਰੀ ਮਹਾਂਵੀਰ ਜੈਨ ਨੇ ਕਿਹਾ ਕਿ ਪੰਜਾਬ 'ਚ ਕੁਦਰਤੀ ਆਫ਼ਤ ਹੜ੍ਹਾਂ ਕਾਰਨ ਲੋਕਾਂ ਦੇ ਘਰਾਂ, ਪਸ਼ੂਆਂ ਅਤੇ ਫ਼ਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ, ਇਸ ਸਮੇਂ 'ਚ ਸਭ ਨੂੰ ਰਲ-ਮਿਲ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਤਾਂ ਜੋ ਉਨ੍ਹਾਂ ਨੂੰ ਹੌਸਲਾ ਅਤੇ ਰਾਹਤ ਮਿਲ ਸਕੇ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਲਈ ਅੱਜ ਸਕੂਲ ਦੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਅਰਦਾਸ ਬੇਨਤੀ ਕੀਤੀ ਗਈ ਹੈ ਅਤੇ ਅਧਿਆਪਕਾਂ, ਵਿਦਿਆਰਥੀਆਂ ਅਤੇ ਮੈਨੇਜਮੈਂਟ ਵੱਲੋਂ ਰਲ ਮਿਲ ਕੇ ਹੜ੍ਹ ਪੀੜਤਾਂ ਦੀ ਸਹਾਇਤਾ ਵੀ ਕੀਤੀ ਜਾਵੇਗੀ। ਇਸ ਮੌਕੇ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਕਿਹਾ ਕਿ ਕੁਦਰਤੀ ਆਫ਼ਤ ਅੱਗੇ ਕਿਸੇ ਦਾ ਜ਼ੋਰ ਨਹੀਂ, ਪਰ ਆਪਸੀ ਏਕਤਾ ਅਤੇ ਭਾਈਚਾਰਕ ਸਾਂਝ ਸਦਕਾ ਹਰ ਮੁਸ਼ਕਲ ਨਾਲ ਨਜਿੱਠ ਸਕਦੇ ਹਾਂ। ਹੜ੍ਹ ਪ੍ਰਭਾਵਿਤ ਸਥਿਤੀ 'ਚ ਲੋਕਾਂ ਦੀ ਸਹਾਇਤਾ ਲਈ ਸਰਕਾਰਾਂ, ਸਮਾਜ ਸੇਵੀ ਜਥੇਬੰਦੀਆਂ, ਧਾਰਮਿਕ ਸੰਸਥਾਵਾਂ ਅਤੇ ਵੱਖ-ਵੱਖ ਨਾਮੀ ਸ਼ਖ਼ਸੀਅਤਾਂ ਵੱਲੋਂ ਪਾਇਆ ਜਾ ਰਿਹਾ ਯੋਗਦਾਨ ਸ਼ਲਾਘਾਯੋਗ ਹੈ।

## ਚੁਰਾਹੇ 'ਚ ਕੀਤੇ ਟੂਣੇ ਇਨਸਾਨ ਨੂੰ ਮਾਨਸਿਕ ਰੋਗੀ ਬਣਾ ਸਕਦੇ ਨੇ : ਜਸਵੰਤ ਜ਼ੀਰਖ



ਲੁਧਿਆਣਾ, 8 ਸਤੰਬਰ (ਰਵਿੰਦਰ ਸਿੰਘ ਨਿੱਝਰ) : ਅੱਜ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜ਼ੋਨ ਲੁਧਿਆਣਾ ਦੀ ਮੀਟਿੰਗ ਜ਼ੋਨ ਦੇ ਦਫਤਰ ਨੇੜੇ ਬੱਸ ਸਟੈਂਡ ਲੁਧਿਆਣਾ ਵਿਖੇ ਜਥੇਬੰਦਕ ਆਗੂ ਜਸਵੰਤ ਜੀਰਖ ਦੀ ਪ੍ਰਧਾਨਗੀ ਹੇਠ ਹੋਈ। ਅੱਜ ਦੀ ਇਸ ਮੀਟਿੰਗ ਵਿੱਚ ਹੋਰਨਾਂ ਏਜੰਡਿਆਂ ਤੋਂ ਇਲਾਵਾ ਮੀਟਿੰਗ ਨੂੰ ਸੰਬੋਧਨ ਕਰਦਿਆਂ ਜ਼ੋਨ ਜਥੇਬੰਦਕ ਆਗੂ ਨੇ ਕਿਹਾ ਕਿ ਹਰ ਮਨੁੱਖ ਤਰੱਕੀ ਤੇ ਖੁਸ਼ਹਾਲੀ ਚਾਹੁੰਦਾ ਹੈ ਪਰ ਇਸ ਦੀ ਪ੍ਰਾਪਤੀ ਵਾਸਤੇ ਸਾਨੂੰ ਆਪ ਅੱਗੇ ਵਧਣ ਦੇ ਟੀਚੇ ਮਿਥ ਕੇ ਮਿਹਨਤ ਕਰਨੀ ਪਵੇਗੀ ਤੇ ਫਿਰ ਹੀ ਸਫ਼ਲਤਾ ਹਾਸਲ ਹੋਵੇਗੀ ਨਾ ਕਿ ਤਾਲਿਆਂ ਤੇ ਝਾੜੂਆਂ ਅਦਿ ਨੂੰ ਚੁਰਾਹੇ ਵਿੱਚ ਰੱਖ ਕੇ। ਅੰਧਵਿਸ਼ਵਾਸੀ ਮਾਨਸਿਕਤਾ ਕਾਰਨ ਇਹ ਚੁਰਾਹੇ ਵਿੱਚ ਕੀਤੇ ਟੂਣੇ ਤੁਹਾਡਾ ਕੁਝ ਨਹੀਂ ਸਵਾਰ ਸਕਦੇ ਉਲਟਾ ਤੁਹਾਨੂੰ ਮਾਨਸਿਕ ਰੋਗੀ ਬਣਾ ਸਕਦੇ ਨੇ। ਇਹ ਸਮੇਂ ਜ਼ੋਨ ਮੀਡੀਆ ਮੁੱਖੀ ਹਰਚੰਦ ਭਿੰਡਰ ਨੇ ਧਰਮਕੋਟ ਤਹਿਸੀਲ ਦੇ ਪਿੰਡ ਬੱਡੂਵਾਲ ਦੇ ਚੁਰਸਤੇ ਤੋਂ ਚੁੱਕੇ ਟੂਣੇ ਦੇ ਸਮਾਨ ਨੂੰ ਜੋਨ ਮੁੱਖੀ ਨੂੰ ਭੇਂਟ ਕੀਤਾ। ਜ਼ੋਨ ਮੁੱਖੀ ਨੇ ਅੱਗੇ ਦੱਸਿਆ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਫੈਸਲੇ ਮੁਤਾਬਕ ਜ਼ੋਨ ਲੁਧਿਆਣਾ ਨੇ ਇਕਾਈਆਂ ਦੀ ਸਹਿਮਤੀ ਨਾਲ ਹੜ੍ਹ ਪੀੜਤਾਂ ਦੀ ਮਦਦ ਵਾਸਤੇ ਫੰਡ ਇਕੱਤਰ ਕਰਨਾ ਸ਼ੁਰੂ ਕਰ ਦਿੱਤਾ ਹੈ। ਜਲਦ ਹੀ ਇਹ ਫੰਡ ਇਕੱਤਰ ਕਰਕੇ ਸਟੇਟ ਕਮੇਟੀ ਨੂੰ ਭੇਜ ਦਿੱਤਾ ਜਾਵੇਗਾ ਤਾਂ ਕਿ ਹੜ੍ਹ ਪੀੜਤਾਂ ਦੀ ਸਮੇਂ ਸਿਰ ਮੱਦਦ ਹੋ ਸਕੇ। ਇਹਨਾਂ ਹੜ੍ਹਾਂ ਕਾਰਨ ਹੀ ਤਰਕਸ਼ੀਲ ਸੁਸਇਟੀ ਵੱਲੋਂ ਕਰਵਾਈ ਜਾਣ ਵਾਲੀ ਚੇਤਨਾ ਪਰਖ ਪ੍ਰੀਖਿਆ ਵੀ ਅੱਗੇ ਪਾ ਦਿੱਤੀ ਗਈ ਹੈ।

ਉਹਨਾਂ ਅੱਗੇ ਕਿਹਾ ਕਿ ਤਰਕਸ਼ੀਲ ਸੁਸਾਇਟੀ ਪੰਜਾਬ ਆਪਣੀ ਵਿਗਿਆਨਕ ਵਿਚਾਰਧਾਰਾ ਦੇ ਫੈਲਾਅ ਅਤੇ ਪ੍ਰਚਾਰ ਵਾਸਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਖੇਤੀ ਮੇਲੇ (ਜੋ ਕਿ 26 ਅਤੇ 27 ਸਤੰਬਰ 2025 ਨੂੰ ਆ ਰਿਹਾ ਹੈ।) 'ਤੇ ਆਪਣੀ ਸਟਾਲ ਲਗਾਏਗੀ। 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਦਾ ਜਨਮਦਿਨ ਹੈ ਇਸ ਮੌਕੇ ਉਹਨਾਂ ਦੀ ਯਾਦ ਵਿੱਚ ਜਲਦ ਹੀ ਸੈਮੀਨਾਰ ਕਰਵਾਇਆ ਜਾਵੇਗਾ। ਮੀਟਿੰਗ ਦੇ ਅੰਤ ਵਿੱਚ ਤਰਕਸ਼ੀਲ ਮੈਗਜ਼ੀਨ ਦਾ ਸਤੰਬਰ-ਅਕਤੂਬਰ 25 ਅੰਕ ਵੀ ਰਲੀਜ਼ ਕੀਤਾ ਗਿਆ।

ਇਸ ਮੀਟਿੰਗ ਵਿੱਚ ਸਟੇਟ ਕਮੇਟੀ ਮੈਬਰ ਮੋਹਣ ਬਡਲਾ ਤੇ ਜ਼ੋਨ ਆਗੂ ਧਰਮਪਾਲ ਸਿੰਘ ਸਮਸ਼ੇਰ ਨੂਰਪੁਰੀ ਰਜਿੰਦਰ ਜੰਡਿਆਲੀ ਹਰਚੰਦ ਭਿੰਡਰ ਦੇ ਇਲਾਵਾ ਲੁਧਿਆਣਾ ਸੁਧਾਰ ਜਗਰਾਂਉ ਅਤੇ ਕੁਹਾੜਾ ਇਕਾਈਆਂ ਦੇ ਸਰਗਰਮ ਆਗੂਆਂ ਬਲਵਿੰਦਰ ਸਿੰਘ ਕਰਨੈਲ ਸਿੰਘ ਕਰਤਾਰ ਵੀਰਾਨ ਅਤੇ ਪੂਰਨ ਸਿੰਘ ਆਦਿ ਨੇ ਵੀ ਵਿਸ਼ੇਸ਼ ਤੌਰ ਤੇ ਹਿੱਸਾ ਲਿਆ ਤੇ ਆਪਣੇ ਵਿਚਾਰ ਰੱਖੇ।

## ਯੂ.ਸੀ.ਪੀ.ਐੱਮ.ਏ. ਕੰਪਲੈਕਸ 'ਚ ਪਰਤੀਆਂ ਰੌਣਕਾਂ, ਮੈਂਬਰਾਂ ਦੇ ਤੁਰੰਤ ਹੋਣਗੇ ਕੰਮ : ਠੁਕਰਾਲ, ਕਪੂਰ



ਲੁਧਿਆਣਾ, 8 ਸਤੰਬਰ (ਰਵਿੰਦਰ ਸਿੰਘ ਨਿੱਝਰ) : ਅੱਜ ਯੂ.ਸੀ.ਪੀ.ਐਮ.ਏ ਦੇ ਨਵ ਨਿਯੁਕਤ ਸੀਨੀਅਰ ਮੀਤ ਪ੍ਰਧਾਨ ਜਸਵਿੰਦਰ ਸਿੰਘ ਠੁਕਰਾਲ ਅਤੇ ਨਵ ਨਿਯੁਕਤ ਜਨਰਲ ਸਕੱਤਰ ਸੀ ਵਰੁਣ ਕਪੂਰ ਵਲੋਂ ਕੰਪਲੈਕਸ ਵਿੱਚ ਮੈਂਬਰ ਸਾਹਿਬਾਨ ਦੇ ਕੰਮ ਕਰਵਾਉਣ ਲਈ ਹਾਜਿਰ ਸਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸ.ਠੁਕਰਾਲ ਨੇ ਕਿਹਾ ਕਿ ਵੋਟਾ ਲੈਣ ਸਮੇਂ ਕੀਤਾ ਵਾਅਦੇ ਅਨੁਸਾਰ ਰੋਜ਼ਾਨਾ ਦਫ਼ਤਰ ਵਿੱਚ ਹਾਜ਼ਰ ਮਿਲਾਗੇ। ਅੱਜ ਵੱਡੀ ਗਿਣਤੀ ਵਿੱਚ ਮੈਂਬਰ ਸਾਹਿਬਾਨ ਦੇ ਵੱਖ ਵੱਖ ਮਹਿਕਮੇ ਜਿਵੇਂ ਕਿ ਪਾਵਰਕਾਮ, ਪ੍ਰਦੂਸ਼ਣ ਕੰਟਰੋਲ ਬੋਰਡ, ਨਗਰ ਨਿਗਮ ਨਾਲ ਸਬੰਧਤ ਕੰਮ ਸਨ,ਜਿਸ ਸਬੰਧੀ ਵੱਖ ਵੱਖ ਅਫਸਰ ਸਾਹਿਬਾਨ ਨੂੰ ਕੰਮ ਕਰਨ ਲਈ ਹਦਾਇਤ ਜਾਰੀ ਕਰ ਦਿੱਤੀਆ ਹਨ,ਕੰਮ ਬਿਨ੍ਹਾਂ ਰਿਸ਼ਵਤ ਅਤੇ ਤੁਰੰਤ ਕਰਨ ਨੂੰ ਵੀ ਯਕੀਨੀ ਬਣਾਇਆ ਜਾਵੇਗਾ।ਸੀ.ਕਪੂਰ ਨੇ ਕਿਹਾ ਕਿ ਏਸ਼ੀਆ ਦੀ ਸੱਭ ਤੋ ਵੱਡੀ ਸੰਸਥਾ ਦੇ ਕੰਪਲੈਕਸ ਵਿੱਚ ਰੌਣਕਾ ਪਰਤ ਆਈਆ ਹਨ,ਮੈਂਬਰ ਸਾਹਿਬਾਨ ਚਾਅ ਨਾਲ ਆ ਕੇ ਆਪਣੇ ਕੰਮ ਕਰਵਾਉਣ ਵਿੱਚ ਮਾਣ ਮਹਿਸੂਸ ਕਰ ਰਹੇ ਹਨ। ਇਸ ਸਮੇ ਸੁਮੇਸ਼ ਕੋਛੜ, ਇੰਦਰਜੀਤ ਸਿੰਘ, ਦਿਨੇਸ਼ ਗੋਗੀਆ, ਅਸ਼ੋਕ ਕੁਮਾਰ ਪੱਬੀ, ਪਵਨ ਕੁਮਾਰ ਢੰਡ, ਰਜਨੀਸ਼ ਖੁੱਲਰ, ਮਨਜੀਤ ਮਰਫੀ, ਰਜਿੰਦਰ ਸਿੰਘ ਕਲਸੀ, ਸਵਿੰਦਰ ਸਿੰਘ ਹੂੰਝਣ, ਸੁਰਿੰਦਰ ਸਿੰਘ, ਸੁਖਚੈਨ ਸਿੰਘ ਆਦਿ ਹਾਜ਼ਰ ਸਨ।

## ਡੇਰਾ ਮਿੱਠਾ ਟਿਵਾਣਾ ਦੇ ਮਹੰਤ ਸੁਰਿੰਦਰ ਸਿੰਘ 'ਸੇਵਾਪੰਥੀ' ਨੇ ਹੜ੍ਹ ਪੀੜਤਾਂ ਲਈ ਵਧਾਏ ਮੱਦਦ ਦੇ ਹੱਥ




ਲੁਧਿਆਣਾ, 8 ਸਤੰਬਰ (ਕਰਨੈਲ ਸਿੰਘ ਐੱਮ.ਏ.) : ਸੇਵਾਪੰਥੀ ਸੰਪਰਦਾਇ ਡੇਰਾ ਮਿੱਠਾ ਟਿਵਾਣਾ, ਚੌਂਕ ਬਾਬਾ ਸਾਹਿਬ, ਅੰਮ੍ਰਿਤਸਰ ਦੇ ਮੁੱਖੀ ਮਹੰਤ ਸੁਰਿੰਦਰ ਸਿੰਘ 'ਸੇਵਾਪੰਥੀ' ਵੱਲੋਂ ਵੀ ਹੜ੍ਹ ਪੀੜਤਾਂ ਦੀ ਮੱਦਦ ਲਈ ਰਾਹਤ ਕਾਰਜਾਂ ਦਾ ਉਪਰਾਲਾ ਕੀਤਾ ਗਿਆ , ਜਿਸ ਤਹਿਤ ਮਹੰਤ ਸੁਰਿੰਦਰ ਸਿੰਘ ਦੀ ਅਗਵਾਈ ਹੇਠ ਡੇਰਾ ਮਿੱਠਾ ਟਿਵਾਣਾ ਦੇ ਸੇਵਕਾਂ ਨੇ ਰਾਵੀ ਦਰਿਆ ਦੇ ਕੰਢੇ ਵਸੇ ਪਿੰਡ ਦਰਿਆ ਮੂਸਾ ਵਿਖੇ ਰਾਸ਼ਨ ਤੇ ਹੋਰ ਜ਼ਰੂਰਤ ਦਾ ਸਮਾਨ ਵੰਡਿਆ ।ਹੜ੍ਹ ਦੇ ਪਾਣੀ ਨੂੰ ਚੀਰਦੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕਰਦੇ ਹੋਏ ਡੇਰਾ ਮਿੱਠਾ ਟਿਵਾਣਾ ਦੇ ਸੇਵਕ ਪਿੰਡ ਦੇ ਹੜ੍ਹ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਘਰਾਂ ਵਿੱਚ ਜਾ ਕੇ ਘਰੇਲੂ ਵਰਤੋਂ ਦਾ ਸਮਾਨ ਦੇ ਕੇ ਆਏ । ਇਸ ਮੌਕੇ ਮਹੰਤ ਸੁਰਿੰਦਰ ਸਿੰਘ 'ਸੇਵਾਪੰਥੀ' ਨੇ ਕਿਹਾ ਕਿ ਬਿਪਤਾ ਦੀ ਘੜੀ ਵਿੱਚ ਹਰ ਕਿਸੇ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਰਹਿਣ ਵਾਲਾ ਪੰਜਾਬ ਅੱਜ ਇਕੱਲਾ ਹੀ ਪਾਣੀ ਦੀ ਮਾਰ ਝੱਲ ਰਿਹਾ ਹੈ । ਜਿਹੜੇ ਸੂਬੇ ਕੱਲ੍ਹ ਤੱਕ ਪੰਜਾਬ ਦੇ ਪਾਣੀ 'ਤੇ ਆਪਣਾ ਹੱਕ ਸਮਝਦੇ ਸਨ, ਅੱਜ ਮੂੰਹ ਬੰਦ ਕਰਕੇ ਪੰਜਾਬ ਨੂੰ ਖ਼ਤਰੇ ਵਿੱਚ ਦੇਖ ਕੇ ਵੀ ਚੁੱਪ ਹਨ । ਅਜਿਹੀ ਘੜੀ ਵਿੱਚ ਪੰਜਾਬ ਆਪਣੀ ਮੱਦਦ ਆਪ ਕਰਨ ਲਈ ਯਤਨਸ਼ੀਲ ਹੈ । ਸੇਵਾਪੰਥੀ ਸੰਪਰਦਾਇ ਡੇਰਾ ਮਿੱਠਾ ਟਿਵਾਣਾ ਦੇ ਸੇਵਕਾਂ ਨੇ ਮਹਿਸੂਸ ਕੀਤਾ ਕਿ ਇਸ ਔਖੀ ਘੜੀ ਵਿੱਚ ਆਪਣਿਆਂ ਤੱਕ ਪਹੁੰਚ ਕੀਤੀ ਜਾਵੇ ।ਮਹੰਤ ਸੁਰਿੰਦਰ ਸਿੰਘ ਨੇ ਕਿਹਾ ਕਿ ਜ਼ਰੂਰਤਮੰਦ ਪਰਿਵਾਰਾਂ ਲਈ ਰਾਸ਼ਨ ਲੈ ਕੇ ਪਹੁੰਚੇ ਹਾਂ ਅਤੇ ਭਵਿੱਖ ਵਿੱਚ ਵੀ ਇਹਨਾਂ ਦੀ ਹਰ ਜ਼ਰੂਰਤ ਨੂੰ ਪੂਰਾ ਕਰਨ ਲਈ ਯਤਨ ਕਰਦੇ ਰਹਾਂਗੇ । ਇਸ ਮੌਕੇ ਬਾਬਾ ਗੁਰਪ੍ਰੀਤ ਸਿੰਘ, ਪ੍ਰਿੰਸੀਪਲ ਇੰਦਰਪਾਲ ਸਿੰਘ, ਭਾਈ ਕ੍ਰਿਪਾਲ ਸਿੰਘ, ਜਸਵਿੰਦਰ ਸਿੰਘ, ਪ੍ਰਭਜੋਤ ਸਿੰਘ, ਗਗਨਦੀਪ ਸਿੰਘ, ਭਾਈ ਕੁਲਤਾਰ ਸਿੰਘ,ਅਵਨੀਤ ਸਿੰਘ ਪੱਪੂ ਤੇ ਹੋਰ ਹਾਜ਼ਰ ਸਨ ।

## ਹੜ੍ਹ ਮਾਰੇ ਇਲਾਕਿਆਂ 'ਚ ਤੁਰੰਤ ਰਾਹਤ ਪਹੁੰਚਾਉਣ ਲਈ ਸੀ.ਪੀ.ਆਈ. ਵੱਲੋਂ ਡੀ.ਸੀ. ਨੂੰ ਪੱਤਰ

ਲੁਧਿਆਣਾ, 8 ਸਤੰਬਰ (ਰਵਿੰਦਰ ਸਿੰਘ ਨਿੱਝਰ) : ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਦੇ ਆਗੂਆਂ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਇਸ ਮੇਲ ਰਾਹੀਂ ਪੱਤਰ ਲਿਖ ਕੇ ਹੜ੍ਹ ਨਾਲ ਪੀੜਤ ਲੋਕਾਂ ਨੂੰ ਲੋੜੀਦੀ ਰਾਹਤ ਦੇਣ ਦੀ ਮੰਗ ਕੀਤੀ ਗਈ। ਮੰਗ ਕੀਤੀ ਗਈ ਕਿ ਬੇਟ ਦੇ ਇਲਾਕੇ ਵਿੱਚ ਬੰਨ੍ਹ ਦੇ ਅੰਦਰਲੀ ਜ਼ਮੀਨ ਦੇ ਉਜਾੜੇ ਦਾ ਲੋਕਾਂ ਨੂੰ ਮੁਆਵਜ਼ਾ ਦਿੱਤਾ ਜਾਏ, ਕਿਉਂਕਿ ਇੱਥੇ ਖੜ੍ਹੀ ਫਸਲ ਦਾ ਨੁਕਸਾਨ ਹੋ ਰਿਹਾ ਹੈ, ਜਿਨ੍ਹਾਂ ਦੇ ਘਰਾਂ ਦੀਆਂ ਛੱਤਾਂ ਚੋ ਰਹੀਆਂ ਹਨ ਉਹਨਾਂ ਨੂੰ ਪੱਕੀਆਂ ਛੱਤਾਂ ਪਾਉਣ ਦੇ ਲਈ ਮਾਲੀ ਸਹਾਇਤਾ ਦਿੱਤੀ ਜਾਵੇ, ਜਿਨਾਂ ਦੇ ਪਸ਼ੂ ਪਾਣੀ ਵਿੱਚ ਮਰ ਗਏ ਜਾ ਬਹਿ ਗਏ ਹਨ ਉਹਨਾਂ ਨੂੰ ਉਚਿਤ ਮੁਆਵਜਾ ਦਿੱਤਾ ਜਾਵੇ, ਵੱਡੀ ਗਿਣਤੀ ਦੇ ਵਿੱਚ ਬੱਚੇ ਸਕੂਲ ਵੀ ਨਹੀਂ ਜਾ ਪਾਏ ਤੇ ਨਾ ਹੀ ਉਹਨਾਂ ਕੋਲ ਆਨਲਾਈਨ ਕਲਾਸਾਂ ਦਾ ਕੋਈ ਪ੍ਰਬੰਧ ਹੈ ਤੇ ਕਈਆਂ ਦੀਆਂ ਕਿਤਾਬਾਂ ਕਾਪੀਆਂ ਵੀ ਹੜ ਦੀ ਮਾਰ ਵਿੱਚ ਆ ਗਈਆਂ ਹਨ, ਉਨ੍ਹਾਂ ਨੂੰ ਉਚਿਤ ਮੁਆਵਜ਼ਾ ਦਿੱਤਾ ਜਾਵੇ, ਮੱਛਰ ਮਾਰ ਦਵਾਈਆਂ ਦੀ ਫੌਗਿੰਗ ਦਾ ਇੰਤਜ਼ਾਮ ਫੌਰੀ ਤੌਰ 'ਤੇ ਕੀਤਾ ਜਾਏ, ਕਿਉਂਕਿ ਮੱਛਰ ਫੈਲਣਾ ਸ਼ੁਰੂ ਹੋ ਗਿਆ ਹੈ ਤੇ ਇਸ ਨਾਲ ਆਉਣ ਵਾਲੇ ਸਮੇਂ ਦੇ ਵਿੱਚ ਅਨੇਕਾਂ ਬਿਮਾਰੀਆਂ ਫੈਲਣ ਦਾ ਖਤਰਾ ਵਧ ਜਾਏਗਾ, ਸੀਵਰੇਜ ਦੀ ਸਫਾਈ ਤੋਂ ਬਾਅਦ ਉਹਦੇ ਵਿੱਚੋਂ ਨਿਕਲੀ ਗਾਰ ਨੂੰ ਫੌਰਨ ਸੰਭਾਲਿਆ ਜਾਏ, ਨਹੀਂ ਤੇ ਉਹ ਮੁੜ ਕੇ ਪਾਣੀ ਨਾਲ ਅੰਦਰ ਚਲੀ ਜਾਂਦੀ ਹੈ, ਠੋਸ ਕੂੜੇ ਦੀ ਸੰਭਾਲ ਦਾ ਫੌਰੀ ਤੌਰ ਤੇ ਪ੍ਰਬੰਧ ਯਕੀਨੀ ਬਣਾਇਆ ਜਾਏ। *ਕਲੋਰੀਨ ਦੀਆਂ ਗੋਲੀਆਂ ਪ੍ਰਭਾਵਿਤ ਖੇਤਰ ਵਿੱਚ ਵੱਡੀ ਗਿਣਤੀ ਵਿੱਚ ਵੰਡੀਆਂ ਜਾਣ ਤਾਂ ਜੋ ਲੋਕ ਸਾਫ ਪਾਣੀ ਪੀ ਸਕਣ, ਮੀਂਹ ਤੋਂ ਬਾਅਦ ਕਿਉਂਕਿ ਪੌਦੇ ਵੱਡੀ ਗਿਣਤੀ ਵਿੱਚ ਵਿਕਾਸ ਕਰਦੇ ਹਨ ਇਸ ਲਈ ਲੋਕ ਉਹਨਾਂ ਨੂੰ ਕੱਟ ਦਿੰਦੇ ਹਨ ਤੇ ਇਨ੍ਹਾਂ ਕੱਟੇ ਹੋਏ ਪੌਦਿਆਂ ਦਾ ਫੌਰਨ ਇੰਤਜ਼ਾਮ ਕੀਤਾ ਜਾਏ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਭਾਰਤੀ ਕਮਿਊਨਿਸਟ ਪਾਰਟੀ ਦੇ ਸਾਥੀ ਵੱਖ ਵੱਖ ਹੜ੍ਹ ਪੀੜਤ ਇਲਾਕਿਆਂ ਵਿੱਚ ਜਾ ਕੇ ਸੇਵਾ ਕਰ ਰਹੇ ਹਨ। ਬਿਆਨ ਜਾਰੀ ਕਰਨ ਵਾਲਿਆਂ ਵਿੱਚ ਪਾਰਟੀ ਦੇ ਜ਼ਿਲ੍ਹਾ ਸਕੱਤਰ ਡੀ ਪੀ ਮੌੜ, ਸਹਾਇਕ ਜ਼ਿਲ੍ਹਾ ਸਕੱਤਰ ਡਾਕਟਰ ਅਰੁਣ ਮਿੱਤਰਾ ਅਤੇ ਚਮਕੌਰ ਸਿੰਘ , ਸ਼ਹਿਰੀ ਸਕੱਤਰ ਐਮ ਐਸ ਭਾਟੀਆ, ਸਹਾਇਕ ਸ਼ਹਿਰੀ ਸਕੱਤਰ ਵਿਜੇ ਕੁਮਾਰ, ਕੁਲਵੰਤ ਕੌਰ ਅਤੇ ਵਿਨੋਦ ਕੁਮਾਰ ਸ਼ਾਮਿਲ ਹਨ।

## ਹੜ੍ਹ ਪੀੜਤਾਂ ਨੂੰ ਫਿਲਟਰ ਪਾਣੀ ਦੀਆਂ ਪੇਟੀਆਂ ਵੰਡੀਆਂ



ਲੁਧਿਆਣਾ, 8 ਸਤੰਵਰ (ਰਵਿੰਦਰ ਸਿੰਘ ਨਿੱਝਰ) : ਧਾਰਮਿਕ ਏਕਤਾ ਵੈਲਫ਼ੇਅਰ ਸੋਸਾਇਟੀ ਦੇ ਪ੍ਰਧਾਨ ਅਜੈ ਸਿੱਧੂ ਅਤੇ ਉਹਨਾਂ ਦੇ ਸਾਥੀਆਂ ਦੇ ਸਹਿਯੋਗ ਨਾਲ ਪਿੰਡ ਸਸਰਾਲੀ ਰਾਹੋ ਰੋਡ ਵਿਖੇ ਹੜ੍ਹ ਪੀੜਤਾਂ ਦੇ ਲਈ ਫਿਲਟਰ ਪਾਣੀ ਦੀਆਂ ਪੇਟੀਆਂ ਗੁਰੂਦਵਾਰਾ ਉੱਚਾ ਦਰ ਬਾਬੇ ਨਾਨਕ ਦਾ ਪਿੰਡ ਸਸਰਾਲੀ ਦੇ ਪ੍ਰਧਾਨ ਅਮਰੀਕ ਸਿੰਘ, ਸੈਕਟਰੀ ਜਸਵੀਰ ਸਿੰਘ ਅਤੇ ਅਰਜੁਨ ਸਿੰਘ ਨੂੰ ਹੜ੍ਹ ਪੀੜਤਾਂ ਨੂੰ ਵੰਡਣ ਲਈ ਦਿੱਤੀਆਂ ਗਈਆਂ ।ਇਸ ਮੌਕੇ ਤੇ ਮੌਂਟੀ ਛਾਬੜਾ, ਮਨਜੀਤ ਸਿੰਘ ਬੋਪਾਰਾਏ, ਅਸ਼ਵਨੀ ਗੁਪਤਾ, ਲਵ ਸਿੱਧੂ, ਅਰਜੁਨ ਸਿੱਧੂ, ਭੁਪਿੰਦਰ ਵੈਦ ਨੇ ਵੀ ਆਪਣੀ ਸੇਵਾ ਨਿਬਾਈ ਅਤੇ ਸਾਰੀਆ ਨੇ ਵਾਹਿਗੁਰੂ ਅੱਗੇ ਹੜ੍ਹ ਪੀੜਤਾਂ ਅਤੇ ਪਿੰਡ ਵਾਸੀਆਂ ਦੀ ਸੁਖ ਸ਼ਾਂਤੀ ਲਈ ਅਰਦਾਸ ਕੀਤੀ। ਇਸ ਮੌਕੇ ਤੇ ਗੁਰੂਦਵਾਰਾ ਪ੍ਰਬੰਧਕ ਕਮੇਟੀ ਵਲੋਂ ਸੋਸਾਇਟੀ ਦੇ ਪ੍ਰਧਾਨ ਅਤੇ ਉਹਨਾਂ ਦੇ ਸਾਥੀਆਂ ਦਾ ਸਿਰੋਪਾ ਅਤੇ ਸਨਮਾਨ ਚਿੰਨ ਦੇ ਕੇ ਪਾਣੀ ਦੀ ਸੇਵਾ ਲਈ ਸਨਮਾਨ ਕੀਤਾ ਗਿਆ। ਸਿੱਧੂ ਨੇ ਕਿਹਾ ਕੇ ਇਸ ਦੁੱਖ ਦੀ ਘੜੀ ਵਿਚ ਹਰੇਕ ਆਦਮੀ ਨੂੰ ਹੜ ਪੀੜਤਾਂ ਦੀ ਮੱਦਦ ਕਰਨੀ ਚਾਹੀਦੀ ਹੈ।

## ਡੀ.ਸੀ. ਨੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਦੇ ਕੰਮ ਦਾ ਨਿਰੀਖਣ ਕੀਤਾ



ਲੁਧਿਆਣਾ, 8 ਸਤੰਬਰ (ਵਿਸ਼ਾਲ ਸ਼ਰਮਾ) : ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ ਨੇ ਸਸਰਾਲੀ ਵਿੱਚ ਚੱਲ ਰਹੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਦੇ ਕੰਮ ਦਾ ਨਿਰੀਖਣ ਕੀਤਾ, ਲੋਕਾਂ ਨੂੰ ਭਰੋਸਾ ਦਿੱਤਾ ਕਿ ਲੁਧਿਆਣਾ ਵਿੱਚ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ, ਐਸਡੀਐਮ ਪੂਰਬੀ ਜਸਲੀਨ ਕੌਰ ਭੁੱਲਰ, ਡਰੇਨੇਜ ਵਿਭਾਗ ਦੇ ਅਧਿਕਾਰੀਆਂ, ਭਾਰਤੀ ਫੌਜ ਦੇ ਜਵਾਨਾਂ ਅਤੇ ਸਥਾਨਕ ਪਿੰਡ ਵਾਸੀਆਂ ਦੇ ਨਾਲ, ਜੈਨ ਨੇ ਬੰਨ੍ਹ ਨੂੰ ਮਜ਼ਬੂਤ ਕਰਨ ਦੀ ਪ੍ਰਗਤੀ ਦਾ ਮੁਲਾਂਕਣ ਕੀਤਾ। ਜੈਨ ਨੇ ਐਲਾਨ ਕੀਤਾ ਕਿ, ਅੱਜ ਭਾਖੜਾ ਬਿਆਸ ਪ੍ਰਬੰਧਨ ਬੋਰਡ (ਬੀਬੀਐਮਬੀ) ਦੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ, ਬੰਨ੍ਹ ਤੋਂ ਪਾਣੀ ਛੱਡਣਾ 65,000 ਕਿਊਸਿਕ ਤੋਂ ਘਟਾ ਕੇ 50,000 ਕਿਊਸਿਕ ਕਰ ਦਿੱਤਾ ਜਾਵੇਗਾ। ਇਸ ਕਮੀ ਨਾਲ ਦਰਿਆ ਵਿੱਚ ਪਾਣੀ ਦਾ ਪੱਧਰ ਕਾਫ਼ੀ ਘੱਟ ਹੋਣ ਦੀ ਉਮੀਦ ਹੈ, ਜਿਸ ਨਾਲ ਸਥਿਤੀ ਹੋਰ ਸਥਿਰ ਹੋਵੇਗੀ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬੰਨ੍ਹ ਦੇ ਨਾਲ-ਨਾਲ ਮਿੱਟੀ ਦੇ ਕਟੌਤੀ ਨੂੰ ਰੋਕਣ ਲਈ ਮਾਹਿਰਾਂ ਦੀ ਨਿਗਰਾਨੀ ਹੇਠ ਇੱਕ ਪੱਥਰ ਦਾ ਸਟੱਡ ਬਣਾਇਆ ਜਾ ਰਿਹਾ ਹੈ, ਜਿਸ ਨਾਲ ਇਸਦੀ ਢਾਂਚਾਗਤ ਅਖੰਡਤਾ ਨੂੰ ਯਕੀਨੀ ਬਣਾਇਆ ਜਾ ਸਕੇਗਾ। ਡਿਪਟੀ ਕਮਿਸ਼ਨਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਮਰਪਿਤ ਟੀਮਾਂ ਬੰਦ ਦੇ ਨਾਲ-ਨਾਲ ਸਾਰੇ ਮਹੱਤਵਪੂਰਨ ਸਥਾਨਾਂ 'ਤੇ ਦਿਨ-ਰਾਤ ਕੰਮ ਕਰ ਰਹੀਆਂ ਹਨ, ਚਿੰਤਾ ਦਾ ਕੋਈ ਕਾਰਨ ਨਹੀਂ ਹੈ। ਉਨ੍ਹਾਂ ਨੇ ਮਜ਼ਬੂਤੀਕਰਨ ਦੇ ਯਤਨਾਂ ਵਿੱਚ ਪਿੰਡ ਵਾਸੀਆਂ ਦੇ ਅਟੁੱਟ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ ਅਤੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਉਨ੍ਹਾਂ ਦੇ ਅਟੁੱਟ ਸਹਿਯੋਗ ਲਈ ਉਨ੍ਹਾਂ ਦਾ ਤਹਿ ਦਿਲੋਂ ਰਿਣੀ ਹੈ।

ਜੈਨ ਨੇ ਬੰਨ੍ਹਾਂ ਨੂੰ ਮਜ਼ਬੂਤ ਕਰਨ ਅਤੇ ਕਮਜ਼ੋਰ ਖੇਤਰਾਂ ਦੀ ਨਿਰੰਤਰ ਨਿਗਰਾਨੀ ਕਰਨ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਤਕਨੀਕੀ ਸਹਾਇਤਾ ਲਈ ਭਾਰਤੀ ਫੌਜ ਅਤੇ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ (ਐਨਡੀਆਰਐਫ) ਦੀ ਵੀ ਸ਼ਲਾਘਾ ਕੀਤੀ। ਜਦੋਂ ਕਿ ਪਹਿਲਾਂ ਬਹੁਤ ਜ਼ਿਆਦਾ ਪਾਣੀ ਦੇ ਦਬਾਅ ਕਾਰਨ ਮਿੱਟੀ ਦਾ ਮਾਮੂਲੀ ਕਟੌਤੀ ਹੋਈ ਸੀ, ਜਿਸ ਨਾਲ ਪਾਣੀ ਨੇੜਲੇ ਖੇਤਾਂ ਵਿੱਚ ਰਿਸ ਗਿਆ ਸੀ, ਪਾਣੀ ਦੇ ਪੱਧਰ ਵਿੱਚ ਗਿਰਾਵਟ ਨਾਲ ਇਨ੍ਹਾਂ ਮੁੱਦਿਆਂ ਨੂੰ ਘਟਾਉਣ ਦੀ ਉਮੀਦ ਹੈ। ਉਨ੍ਹਾਂ ਅੱਗੇ ਕਿਹਾ ਕਿ ਸੀਨੀਅਰ ਜ਼ਿਲ੍ਹਾ ਅਧਿਕਾਰੀ ਬੰਦ ਦੇ ਨਾਲ-ਨਾਲ ਮੁੱਖ ਥਾਵਾਂ 'ਤੇ ਤਾਇਨਾਤ ਹਨ, 24/7 ਚੌਕਸੀ ਬਣਾਈ ਰੱਖਦੇ ਹਨ ਤਾਂ ਜੋ ਸਥਿਤੀ ਨੂੰ ਕਾਬੂ ਵਿੱਚ ਰੱਖਿਆ ਜਾ ਸਕੇ। ਬਾਅਦ ਵਿੱਚ, ਡਿਪਟੀ ਕਮਿਸ਼ਨਰ ਨੇ ਕਸਾਬਾਦ ਪਿੰਡ ਦਾ ਵੀ ਦੌਰਾ ਕੀਤਾ ਅਤੇ ਮਜ਼ਬੂਤੀਕਰਨ ਦੇ ਕੰਮਾਂ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਪ੍ਰਸ਼ਾਸਨ ਦਾ ਸਮਰਥਨ ਕਰਨ ਲਈ ਪਿੰਡ ਵਾਸੀਆਂ ਅਤੇ ਵਲੰਟੀਅਰਾਂ ਦੀ ਵੀ ਸ਼ਲਾਘਾ ਕੀਤੀ।

## ਬਾਬਾ ਅਮੀਰ ਸਿੰਘ ਨੇ ਸੰਗਤਾਂ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਲਈ ਰਾਹਤ ਸਮੱਗਰੀ ਕੀਤੀ ਰਵਾਨਾ



ਲੁਧਿਆਣਾ, 8 ਸਤੰਬਰ (ਕਰਨੈਲ ਸਿੰਘ ਐੱਮ.ਏ.) : ਗੁਰਮਤਿ ਸੰਗੀਤ ਦੀ ਪ੍ਰਫੁੱਲਤਾ, ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਦੇ ਨਾਲ ਨਾਲ ਮਨੁੱਖੀ ਸੇਵਾ ਕਾਰਜਾਂ ਵਿੱਚ ਵੀ ਆਪਣੀ ਅਹਿਮ ਭੂਮਿਕਾ ਨਿਭਾਉਣ ਵਾਲੀ ਜਵੱਦੀ ਟਕਸਾਲ ਇੱਕ ਅਜਿਹੀ ਸੰਸਥਾ ਹੈ, ਜਿਸ ਨੇ ਪਿਛਲੇ ਸਮੇਂ ਦੌਰਾਨ ਪੰਜਾਬ ਅੰਦਰ ਆਈਆਂ ਕੁਦਰਤੀ ਆਫਤਾਂ ਦੇ ਸਮੇਂ ਆਪਣੀ ਸਰਗਰਮ ਭੂਮਿਕਾ ਨਿਭਾਅ ਕੇ ਮਨੁੱਖਤਾ ਦੀ ਸੱਚੀ ਸੇਵਾ ਦੀ ਮਿਸਾਲ ਕਾਇਮ ਕੀਤੀ ਹੈ ਅਤੇ ਹੁਣ ਪੰਜਾਬ ਦੇ ਅੰਦਰ ਆਏ ਹੜ੍ਹਾਂ ਦੌਰਾਨ ਪਾਣੀ ਦੀ ਮਾਰ ਝੱਲ ਰਹੇ ਇਲਾਕਿਆਂ ਅੰਦਰ ਪੂਰੀ ਤਨਦੇਹੀ ਨਾਲ ਰਾਹਤ ਕਾਰਜ ਚਲਾ ਰਹੇ ਹਨ।

ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਲੁਧਿਆਣਾ ਨੇ ਅੱਜ ਗੁਰਦੁਆਰਾ ਗੁਰੂ ਗਿਆਨ ਪ੍ਰਕਾਸ਼ ਤੋਂ ਇਲਾਕੇ ਦੀਆਂ ਸੰਗਤਾਂ ਦੇ ਨਿੱਘੇ ਸਹਿਯੋਗ ਨਾਲ ਹੜ੍ਹ ਪੀੜਤਾਂ ਦੀ ਮਦਦ ਲਈ ਇਕੱਤਰ ਕੀਤੀ ਗਈ ਰਾਹਤ ਸਮੱਗਰੀ ਦੀਆਂ ਕਿੱਟਾਂ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਅਜਨਾਲਾ ਸਰਹੱਦੀ ਇਲਾਕੇ ਦੇ ਪਿੰਡਾਂ ਅੰਦਰ ਸਥਾਪਿਤ ਕੀਤੇ ਗਏ ਰਾਹਤ ਕੈਂਪਾਂ ਵਿੱਚ ਪਹੁੰਚਾਣ ਵਾਲੇ ਵਲੰਟੀਅਰਾਂ ਦੀ ਟੀਮ ਨੂੰ ਰਵਾਨਾ ਕਰਦਿਆਂ ਹੋਇਆਂ ਕੀਤਾ। ਆਪਣੀ ਗੱਲਬਾਤ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਅਜਨਾਲਾ ਤੇ ਡੇਰਾ ਬਾਬਾ ਨਾਨਕ ਦੇ ਸਰਹੱਦੀ ਖੇਤਰ ਦੇ 50 ਤੋਂ ਵੱਧ ਪਿੰਡ ਜੋ ਕਿ ਇਸ ਵੇਲੇ ਪੂਰੀ ਤਰ੍ਹਾਂ ਪਾਣੀ ਨਾਲ ਪ੍ਰਭਾਵਿਤ ਹੋਏ ਹਨ, ਉੱਥੋਂ ਦੇ ਸਥਾਨਕ ਨਿਵਾਸੀਆਂ ਨੂੰ ਸੁਰੱਖਿਅਤ ਕਰਨ, ਦਵਾਈਆਂ, ਰਾਸ਼ਨ, ਪੀਣ ਵਾਲਾ ਪਾਣੀ ਅਤੇ ਮੁੱਢਲੀਆਂ ਲੋੜਾਂ ਦਾ ਘਰੇਲੂ ਸਮਾਨ, ਪਸ਼ੂਆਂ ਲਈ ਹਰਾ ਤੇ ਸੁੱਕਾ ਚਾਰਾ ਉਪਲੱਬਧ ਕਰਵਾਉਣ ਵਿੱਚ ਜਵੱਦੀ ਟਕਸਾਲ ਦੇ ਵਲੰਟੀਅਰ ਪੂਰੀ ਤਨਦੇਹੀ ਨਾਲ ਸੇਵਾ ਕਾਰਜਾਂ ਵਿੱਚ ਜੁੱਟੇ ਹੋਏ ਹਨ ਤੇ ਰਾਹਤ ਕਾਰਜਾਂ ਵਿੱਚ ਆਪਣਾ ਮੋਹਰੀ ਯੋਗਦਾਨ ਪਾ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਹੜ੍ਹ ਪ੍ਰਭਾਵਿਤ ਅਜਨਾਲਾ ਖੇਤਰ ਦੇ ਪਿੰਡਾਂ ਦੇ ਵਸਨੀਕਾਂ ਨੂੰ ਜਵੱਦੀ ਟਕਸਾਲ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਰਾਸ਼ਨ ਦੀਆਂ ਕਿੱਟਾਂ ਵੰਡੀਆਂ ਜਾਣਗੀਆਂ । ਇਸੇ ਮਿਸ਼ਨ ਦੀ ਪ੍ਰਾਪਤੀ ਲਈ ਅੱਜ ਹੜ੍ਹ ਪੀੜਤਾਂ ਲਈ ਫੂਡ ਕਿੱਟਾਂ ਭੇਜੀਆਂ ਜਾ ਰਹੀਆਂ ਹਨ। ਇਸ ਦੌਰਾਨ ਸੰਤ ਬਾਬਾ ਅਮੀਰ ਸਿੰਘ ਜੀ ਮੁਖੀ ਜਵੱਦੀ ਟਕਸਾਲ ਨੇ ਵਲੰਟੀਅਰਾਂ ਨੂੰ ਰਾਹਤ ਸਮੱਗਰੀ ਵਾਲੀ ਗੱਡੀ ਰਾਹੀਂ ਜੈਕਾਰਿਆਂ ਦੀ ਗੂੰਜ ਵਿੱਚ ਰਵਾਨਾ ਕੀਤਾ।

## ਗਣਪਤੀ ਉਤਸਵ ਦੌਰਾਨ ਟੀਮ ਪੱਪੂ ਦਾ ਸਨਮਾਨ



ਲੁਧਿਆਣਾ, 8 ਸਤੰਬਰ (ਰਵਿੰਦਰ ਸਿੰਘ ਨਿੱਝਰ) : ਭਾਈ ਰਣਧੀਰ ਸਿੰਘ ਨਗਰ ਵਿਖੇ ਹੋਏ ਗਣਪਤੀ ਉਤਸਵ ਦੌਰਾਨ ਰਾਜਾ ਦੇ ਦਰਬਾਰ ਵਿੱਚ ਨਤਮਸਤਕ ਹੋਈ ਸਮੁੱਚੀ ਗੁਰਿੰਦਰਪਾਲ ਸਿੰਘ ਪੱਪੂ ਟੀਮ ਨੂੰ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਗੁਰਿੰਦਰਪਾਲ ਸਿੰਘ ਪੱਪੂ ਟੀਮ ਨੇ ਗਣਪਤੀ ਬਾਬਾ ਦੇ ਅੱਗੇ ਮੱਥਾ ਟੇਕਿਆ ਅਤੇ ਪੰਜਾਬ ਵਾਸੀਆਂ ਲਈ ਸੁੱਖ ਸ਼ਾਂਤੀ ਦੀ ਅਰਦਾਸ ਕੀਤੀ। ਪੰਜਾਬ ਵਿੱਚ ਕੁਦਰਤੀ ਆਫ਼ਤ ਹੜ੍ਹ ਦੌਰਾਨ ਫਸੇ ਵਿਅਕਤੀਆਂ ਦੀ ਸਿਹਤਯਾਬੀ ਲਈ ਅਰਦਾਸ ਵੀ ਕੀਤੀ ਗਈ। ਇਸ ਮੌਕੇ ਰਾਜਾ ਕੇ ਦਰਬਾਰ ਦੇ ਮੁੱਖ ਸੇਵਾਦਾਰ ਰਕੇਸ਼ ਬਜਾਜ ਤੇ ਰਾਜਾ ਕੀ ਦਰਬਾਰ ਦੀ ਟੀਮ ਵੱਲੋਂ ਸਾਰੇ ਟੀਮ ਮੈਂਬਰਾਂ ਨੂੰ ਸਨਮਾਨ ਨਿਸ਼ਾਨੀ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਐਡਵੋਕੇਟ ਗਗਨਪ੍ਰੀਤ ਸਿੰਘ ਨੇ ਰਕੇਸ਼ ਬਜਾਜ ਅਤੇ ਉਨ੍ਹਾਂ ਦੇ ਸਾਥੀਆਂ ਦਾ ਧੰਨਵਾਦ ਕੀਤਾ ਦੇ ਜੋ ਇੰਨਾ ਵੱਡਾ ਉਪਰਾਲਾ ਕਰਕੇ ਸੰਗਤ ਨੂੰ ਸਤਿਸੰਗ ਨਾਲ ਜੋੜਦੇ ਹਨ। ਇਸ ਮੌਕੇ ਮਹਿੰਦਰ ਸਿੰਘ ਪਾਹਵਾ, ਗੁਰਚਰਨ ਸਿੰਘ ਮਿੰਟਾਂ, ਅਮਰਜੀਤ ਸਿੰਘ. ਮਨਮੋਹਨ ਸਿੰਘ ਮੋਹੌਣੀ, ਰਜਿੰਦਰ ਸਿੰਘ ਮਿੰਨੀ, ਜਸਵੀਰ ਸਿੰਘ, ਬਲਵਿੰਦਰ ਸਿੰਘ ਗਾਬਾ, ਹਰਵਿੰਦਰ ਸਿੰਘ ਰਾਜੂ, ਬਲਜਿੰਦਰ ਸਿੰਘ ਮਠਾੜੂ, ਦਲਜੀਤ ਸਿੰਘ ਖਾਲਸਾ, ਗੁਰਵਿੰਦਰ ਸਿੰਘ ਲਾਲੀ, ਨਰਿੰਦਰ ਪਾਲ ਸਿੰਘ ਸੋਨੂ, ਹਰਜੀਤ ਸਿੰਘ ਗਲੈਕਸੀ ਅਤੇ ਰਜੇਸ਼ ਗੁਪਤਾ ਵੀ ਹਾਜ਼ਰ ਸਨ।

## ਵਿਧਾਇਕ ਛੀਨਾ ਵੱਲੋਂ ਨਵੇਂ ਟਿਊਬਵੈੱਲ ਕਾਰਜਾਂ ਦਾ ਉਦਘਾਟਨ



ਲੁਧਿਆਣਾ, 8 ਸਤੰਬਰ (ਵਿਸ਼ਾਲ ਸ਼ਰਮਾ) : ਜਲ ਸਪਲਾਈ ਪ੍ਰਣਾਲੀ ਨੂੰ ਹੋਰ ਬਿਹਤਰ ਬਣਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਲੁਧਿਆਣਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 33 ਅਧੀਨ ਪੈਂਦੇ ਸ਼ਹੀਦ ਮਹਿੰਦਰ ਨਗਰ, ਗਲੀ ਨੰਬਰ 5 ਵਿਖੇ 25 ਹਾਰਸ ਪਾਵਰ ਵਾਲੇ ਪੀਣ ਵਾਲੇ ਪਾਣੀ ਦੇ ਟਿਊਬਵੈਲ ਲਗਾਉਣ ਦੇ ਕਾਰਜਾਂ ਦਾ ਉਦਘਾਟਨ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਇਸ ਇਲਾਕੇ ਦੇ ਲੋਕਾਂ ਨੂੰ ਪੀਣ ਵਾਲੇ ਪਾਣੀ ਦੀ ਕਾਫੀ ਸਮੱਸਿਆ ਆ ਰਹੀ ਸੀ ਅਤੇ ਲੋਕਾਂ ਦੀ ਪੁਰਜ਼ੋਰ ਮੰਗ ਨੂੰ ਮੁੱਖ ਰੱਖਦਿਆਂ ਨਵਾਂ ਟਿਊਬਵੈਲ ਲਗਾਉਣ ਦੀ ਸ਼ੁਰੂਆਤ ਕੀਤੀ ਗਈ।

ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਦੱਖਣੀ ਵਿਧਾਨ ਸਭਾ ਹਲਕੇ ਦੇ ਉਨ੍ਹਾਂ ਵਾਰਡਾਂ ਵਿੱਚ ਵੀ ਨਵੇਂ ਟਿਊਬਵੈੱਲ ਲਗਾਏ ਜਾਣਗੇ ਜਿੱਥੇ ਪੀਣ ਵਾਲੇ ਪਾਣੀ ਦੀ ਕਿੱਲਤ ਹੈ। ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੇ ਦਿਨਾਂ ਦੌਰਾਨ ਭਾਰੀ ਮੀਂਹ ਕਾਰਨ ਚੱਲ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਰਫ਼ਤਾਰ ਮੱਧਮ ਪਈ ਹੈ ਪਰ ਹੁਣ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਨੀਵਾਂ ਹੋਣ ਨਾਲ ਲੋਕਾਂ ਨੂੰ ਰਾਹਤ ਮਿਲੇਗੀ ਅਤੇ ਵਿਕਾਸ ਪ੍ਰੋਜੈਕਟਾਂ ਵਿੱਚ ਵੀ ਤੇਜ਼ੀ ਲਿਆਂਦੀ ਜਾਵੇਗੀ। ਉਨ੍ਹਾਂ ਮੀਂਹ ਦੀ ਮਾਰ ਝੱਲ ਰਹੇ ਲੋਕਾਂ ਨੂੰ ਹਰ ਸੰਭਵ ਸਹਿਯੋਗ ਦਾ ਭਰੋਸਾ ਦਿੱਤਾ। ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਲੋਕ ਭਲਾਈ ਸਕੀਮਾਂ ਨੂੰ ਘਰ-ਘਰ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੀਲਾ ਕਾਰਡ, ਪੈਨਸ਼ਨ ਅਤੇ ਰਿਹਾਇਸ਼ ਯੋਜਨਾ ਸਮੇਤ ਹੋਰ ਯੋਜਨਾਵਾਂ ਤੋਂ ਵਾਂਝੇ ਰਹਿਣ ਵਾਲਿਆਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ ਤਾਂ ਜੋ ਯੋਜਨਾ ਦਾ ਲਾਭ ਹਰੇਕ ਲਾਭਪਾਤਰੀ ਨੂੰ ਮਿਲ ਸਕੇ। ਵਿਧਾਇਕ ਛੀਨਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ, ਸਿਹਤ ਤੇ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ।

## ਮੰਤਰੀ ਅਰੋੜਾ ਨੇ ਧੁੱਸੀ ਬੰਨ੍ਹ ਨੂੰ ਮਜ਼ਬੂਤ ਕਰਨ ਅਤੇ ਹਾਈਵੇ ਪ੍ਰੋਜੈਕਟਾਂ ਦੀ ਸਮੀਖਿਆ ਕੀਤੀ



ਲੁਧਿਆਣਾ, 8 ਸਤੰਬਰ (ਵਿਸ਼ਾਲ ਸ਼ਰਮਾ): ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਐਤਵਾਰ ਨੂੰ ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਨ, ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ, NHAI ਪ੍ਰੋਜੈਕਟ ਡਾਇਰੈਕਟਰ ਪ੍ਰਿਅੰਕਾ ਮੀਨਾ ਅਤੇ ਹੋਰ ਅਧਿਕਾਰੀਆਂ ਨਾਲ ਇੱਕ ਵਿਆਪਕ ਮੀਟਿੰਗ ਕੀਤੀ, ਤਾਂ ਜੋ ਸਸਰਾਲੀ ਕਲੋਨੀ ਵਿੱਚ ਧੁੱਸੀ ਬੰਦ ਨੂੰ ਮਜ਼ਬੂਤ ਕਰਨ ਅਤੇ ਹਾਈਵੇ ਪ੍ਰੋਜੈਕਟਾਂ ਨੂੰ ਸੰਬੋਧਿਤ ਕਰਨ ਲਈ ਚੱਲ ਰਹੇ ਯਤਨਾਂ ਦਾ ਮੁਲਾਂਕਣ ਕੀਤਾ ਜਾ ਸਕੇ। ਚਰਚਾਵਾਂ ਮਹੱਤਵਪੂਰਨ ਤਰਜੀਹਾਂ 'ਤੇ ਕੇਂਦ੍ਰਿਤ ਸਨ, ਜਿਨ੍ਹਾਂ ਵਿੱਚ ਸਤਲੁਜ ਦਰਿਆ ਦੇ ਕਿਨਾਰੇ ਦੇ ਕਟੌਤੀ ਨੂੰ ਰੋਕਣਾ, ਧੁੱਸੀ ਬੰਦ ਨੂੰ ਮਜ਼ਬੂਤ ਕਰਨਾ ਅਤੇ ਹੜ੍ਹ ਰਾਹਤ ਕਾਰਜਾਂ ਨੂੰ ਅੱਗੇ ਵਧਾਉਣਾ ਸ਼ਾਮਲ ਹੈ। ਉਨ੍ਹਾਂ ਨੇ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ (NHAI) ਦੇ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ, ਸਾਈਕਲ ਟਰੈਕ ਨਿਰਮਾਣ ਅਤੇ ਪ੍ਰਭਾਵਸ਼ਾਲੀ ਟਰੈਫਿਕ ਪ੍ਰਬੰਧਨ ਵਰਗੀਆਂ ਪਹਿਲਕਦਮੀਆਂ ਨੂੰ ਸਮੇਂ ਸਿਰ ਪੂਰਾ ਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਹੜ੍ਹ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦੇ ਹੋਏ, ਅਰੋੜਾ ਨੇ ਕਿਹਾ ਕਿ ਰਾਜ ਸਰਕਾਰ ਇਸ ਸੰਕਟ ਦੌਰਾਨ ਹਰ ਨਾਗਰਿਕ ਦੇ ਨਾਲ ਮਜ਼ਬੂਤੀ ਨਾਲ ਖੜ੍ਹੀ ਹੈ। 'ਹੜ੍ਹਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਵਿਆਪਕ ਸਹਾਇਤਾ ਪ੍ਰਦਾਨ ਕਰਨਾ ਸਾਡਾ ਫਰਜ਼ ਹੈ', ਉਨ੍ਹਾਂ ਕਿਹਾ ਅਤੇ ਅੱਗੇ ਕਿਹਾ ਕਿ ਸਰਕਾਰ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੀ ਹੈ ਅਤੇ ਲੋੜ ਅਨੁਸਾਰ ਵਾਧੂ ਸਰੋਤ ਤਾਇਨਾਤ ਕਰਨ ਲਈ ਤਿਆਰ ਹੈ।

# ਰਵਨੀਤ ਸਿੰਘ ਬਿੱਟੂ ਨੇ ਲੁਧਿਆਣਾ ਪੱਛਮੀ ਉਪ-ਚੋਣ 'ਚ ਭਾਜਪਾ ਦੀ ਹਾਰ ਦੀ ਜ਼ਿੰਮੇਵਾਰੀ ਲਈ



ਲੁਧਿਆਣਾ, 8 ਸਤੰਬਰ (ਚ.ਨ.ਸ.): ਕੇਂਦਰੀ ਰੇਲਵੇ ਤੇ ਫੂਡ ਪ੍ਰੋਸੈਸਿੰਗ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਸੋਮਵਾਰ ਨੂੰ ਲੁਧਿਆਣਾ ਪੱਛਮੀ ਉਪ-ਚੋਣ ਵਿੱਚ ਭਾਜਪਾ ਦੀ ਹਾਰ ਦੀ ਜ਼ਿੰਮੇਵਾਰੀ ਲਈ ਹਾਲਾਂਕਿ ਉਨ੍ਹਾਂ ਨੇ ਪਾਰਟੀ ਉਮੀਦਵਾਰ ਜੀਵਨ ਗੁਪਤਾ ਦੀ ਜ਼ਬਰਦਸਤ ਲੜਾਈ ਲੜਨ ਅਤੇ 20,000 ਤੋਂ ਵੱਧ ਵੋਟਾਂ ਪ੍ਰਾਪਤ ਕਰਨ ਲਈ ਪ੍ਰਸ਼ੰਸਾ ਕੀਤੀ। ਬਿੱਟੂ ਨੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਸੰਜੀਵ ਅਰੋੜਾ ਨੂੰ ਉਨ੍ਹਾਂ ਦੀ ਜਿੱਤ 'ਤੇ ਵਧਾਈ ਦਿੱਤੀ ਅਤੇ ਉਮੀਦ ਪ੍ਰਗਟਾਈ ਕਿ ਉਹ ਹਲਕੇ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨਗੇ। ਬਿੱਟੂ ਨੇ ਮੰਨਿਆ ਕਿ ਭਾਜਪਾ ਉਮੀਦਵਾਰ ਨੂੰ ਅੰਤਿਮ ਰੂਪ ਦੇਣ ਵਿੱਚ ਦੇਰੀ ਪਾਰਟੀ ਦੀ ਹਾਰ ਦਾ ਇੱਕ ਮੁੱਖ ਕਾਰਨ ਸੀ। ਜੀਵਨ ਗੁਪਤਾ ਦੀ ਟਿਕਟ ਦੀ ਘੋਸ਼ਣਾ ਵਿੱਚ ਦੇਰੀ ਹੋਈ ਕਿਉਂਕਿ ਪਾਰਟੀ ਲੀਡਰਸ਼ਿਪ ਆਪ੍ਰੇਸ਼ਨ ਸਿੰਧੂਰ ਮੁਹਿੰਮ ਵਿੱਚ ਰੁੱਝੀ ਹੋਈ ਸੀ। ਇਸ ਨਾਲ ਸਾਡੀ ਮੁਹਿੰਮ ਦੀ ਯੋਜਨਾਬੰਦੀ ਅਤੇ ਦ੍ਰਿਸ਼ਟੀ ਵਿੱਚ ਰੁਕਾਵਟ ਆਈ। ਬਿੱਟੂ ਨੇ ਇਹ ਵੀ ਦੱਸਿਆ ਕਿ ਸਿਰਫ਼ 51.3% ਦੀ ਘੱਟ ਵੋਟਰ ਮਤਦਾਨ ਚੋਣ ਵਿੱਚ ਲੋਕਾਂ ਦੀ ਦਿਲਚਸਪੀ ਦੀ ਘਾਟ ਨੂੰ ਦਰਸਾਉਂਦਾ ਹੈ, ਖਾਸ ਕਰਕੇ ਸੱਤਾਧਾਰੀ ਪਾਰਟੀ ਪ੍ਰਤੀ ਕਰੀਬ 90,000 ਵੋਟਾਂ ਵਿੱਚੋਂ, 'ਆਪ' ਉਮੀਦਵਾਰ ਸਿਰਫ਼ 35,000 ਵੋਟਾਂ ਹੀ ਹਾਸਲ ਕਰ ਸਕਿਆ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਹਲਕੇ ਵਿੱਚ ਆਪ ਵਿਰੋਧੀ ਭਾਵਨਾ ਉਨ੍ਹਾਂ ਨੂੰ ਮਿਲੇ ਫਤਵੇ ਨਾਲੋਂ ਕਿਤੇ ਜ਼ਿਆਦਾ ਮਜ਼ਬੂਤ ਹੈ। ਭਾਜਪਾ ਦੇ ਪ੍ਰਦਰਸ਼ਨ ਨੂੰ ਉਤਸ਼ਾਹਜਨਕ ਦੱਸਦੇ ਹੋਏ ਬਿੱਟੂ ਨੇ ਕਿਹਾ ਕਿ ਉਪ-ਚੋਣ ਦੇ ਨਤੀਜੇ ਨੂੰ ਝਟਕੇ ਵਜੋਂ ਨਹੀਂ ਦੇਖਿਆ ਜਾਣਾ ਚਾਹੀਦਾ। ਇਹ ਭਾਜਪਾ ਲਈ ਹਾਰ ਨਹੀਂ ਹੈ। ਲੋਕਾਂ ਨੇ ਆਪ ਨੂੰ ਸਿਰਫ਼ ਇਸ ਲਈ ਮੌਕਾ ਦਿੱਤਾ ਕਿਉਂਕਿ ਉਨ੍ਹਾਂ ਦੀ ਸਰਕਾਰ ਕੋਲ ਅਜੇ ਵੀ ਲਗਭਗ ਦੋ ਸਾਲ ਬਾਕੀ ਹਨ। 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਸਾਨੂੰ ਇਹ ਸੀਟ ਕਾਫ਼ੀ ਫਰਕ ਨਾਲ ਜਿੱਤਣ ਦਾ ਵਿਸ਼ਵਾਸ ਹੈ। ਬਿੱਟੂ ਨੇ ਭਾਜਪਾ ਵਰਕਰਾਂ ਨੂੰ ਨਿਰਾਸ਼ ਨਾ ਹੋਣ ਅਤੇ ਜ਼ਮੀਨੀ ਪੱਧਰ 'ਤੇ ਆਪਣੇ ਯਤਨ ਜਾਰੀ ਰੱਖਣ ਦੀ ਅਪੀਲ ਕੀਤੀ। ਸਾਨੂੰ 2027 ਵਿੱਚ ਇੱਕ ਹੋਰ ਮੌਕਾ ਮਿਲੇਗਾ ਤੇ ਅਸੀਂ ਮਜ਼ਬੂਤੀ ਨਾਲ ਵਾਪਸ ਆਵਾਂਗੇ।

# ਲਾਸ ਏਂਜਲਸ 'ਚ ਜੀਂਦ ਨਿਵਾਸੀ ਦੀ ਗੋਲੀ ਮਾਰ ਕੇ ਹੱਤਿਆ

ਰੋਹਤਕ, 8 ਸਤੰਬਰ (ਚ.ਨ.ਸ.): ਕੈਲੀਫੋਰਨੀਆ ਦੇ ਲਾਸ ਏਂਜਲਸ ਵਿੱਚ ਕੰਮ ਕਰਨ ਵਾਲੇ 26 ਸਾਲਾ ਨੌਜਵਾਨ ਦੀ ਇੱਕ ਵਿਅਕਤੀ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ, ਉਸਦੇ ਪਰਿਵਾਰ ਨੇ ਐਤਵਾਰ ਨੂੰ ਦੱਸਿਆ, ਜਿਸਨੂੰ ਉਸਨੇ ਸ਼ਨੀਵਾਰ ਸ਼ਾਮ ਨੂੰ ਆਪਣੇ ਕੰਮ ਵਾਲੀ ਥਾਂ ਦੇ ਨੇੜੇ ਸੜਕ ਕਿਨਾਰੇ ਪਖਾਨਾ ਕਰਨ ਲਈ ਝਿੜਕਿਆ ਸੀ। ਮ੍ਰਿਤਕ ਦੀ ਪਛਾਣ ਕਪਿਲ ਵਜੋਂ ਹੋਈ ਹੈ, ਜੋ ਕਿ ਜੀਂਦ ਦੇ ਬਾਰਾ ਕਲਾਂ ਦਾ ਰਹਿਣ ਵਾਲਾ ਹੈ। ਉਹ 2022 ਵਿੱਚ ਇੱਕ ਏਜੰਟ ਨੂੰ 45 ਲੱਖ ਦਾ ਭੁਗਤਾਨ ਕਰਕੇ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਗਿਆ ਸੀ ਤੇ ਉਹ ਕੈਲੀਫੋਰਨੀਆ ਵਿੱਚ ਇੱਕ ਸਟੋਰ ਵਿੱਚ ਕੰਮ ਕਰਦਾ ਸੀ। ਉਸਦੇ ਪਿੱਛੇ ਦੋ ਭੈਣਾਂ ਤੇ ਮਾਤਾ-ਪਿਤਾ ਹਨ। ਪੀੜਤ ਦੇ ਚਾਚਾ ਰਮੇਸ਼ ਕੁਮਾਰ, ਜੋ ਜੀਂਦ ਦੇ ਪਿੱਲੂ ਖੇੜਾ ਵਿੱਚ ਇੱਕ ਟਰੈਕਟਰ ਏਜੰਸੀ ਚਲਾਉਂਦਾ ਹੈ, ਨੇ ਕਿਹਾ ਕਿ ਉਸਦਾ ਭਤੀਜਾ ਲਾਸ ਏਂਜਲਸ ਵਿੱਚ ਇੱਕ ਸਟੋਰ ਵਿੱਚ ਕੰਮ ਕਰਦਾ ਸੀ ਤੇ ਉਨ੍ਹਾਂ ਨੂੰ ਸ਼ਨੀਵਾਰ ਸ਼ਾਮ ਨੂੰ ਉਸਦੀ ਮੌਤ ਦੀ ਖ਼ਬਰ ਮਿਲੀ। ਸਾਨੂੰ ਕਪਿਲ ਦੀ ਮੌਤ ਬਾਰੇ ਅਮਰੀਕੀ ਪੁਲਿਸ ਅਧਿਕਾਰੀਆਂ ਤੋਂ ਜਾਣਕਾਰੀ ਮਿਲੀ। ਅਧਿਕਾਰੀਆਂ ਨੇ ਸਾਨੂੰ ਦੱਸਿਆ ਕਿ ਕਪਿਲ ਨੇ ਇੱਕ ਅਮਰੀਕੀ ਨਾਗਰਿਕ ਨੂੰ ਆਪਣੇ ਸਟੋਰ ਦੇ ਨੇੜੇ ਸੜਕ 'ਤੇ ਪਿਸ਼ਾਬ ਨਾ ਕਰਨ ਲਈ ਕਿਹਾ ਸੀ ਤੇ ਫਿਰ ਇੱਕ ਜ਼ੁਬਾਨੀ ਝਗੜਾ ਹੋਇਆ। ਜਿਸ ਤੋਂ ਬਾਅਦ ਸਥਾਨਕ ਵਿਅਕਤੀ ਨੇ ਆਪਣੀ ਪਿਸਤੌਲ ਕੱਢੀ ਅਤੇ ਮੇਰੇ ਭਤੀਜੇ 'ਤੇ ਗੋਲੀ ਚਲਾ ਦਿੱਤੀ। ਕਪਿਲ ਨੂੰ ਨੇੜਲੇ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਦੁਖੀ ਰਮੇਸ਼ ਨੇ ਕਿਹਾ ਕਿ ਅਮਰੀਕਾ ਵਿੱਚ ਦੋ ਦਿਨਾਂ ਦੀ ਛੁੱਟੀ ਹੋਣ ਕਾਰਨ ਉਸਦੇ ਭਤੀਜੇ ਦਾ ਪੋਸਟਮਾਰਟਮ ਬੁੱਧਵਾਰ ਨੂੰ ਕੀਤਾ ਜਾਵੇਗਾ। ਉਸਨੇ ਕਿਹਾ ਕਿ ਕਪਿਲ ਦੀ ਲਾਸ਼ ਨੂੰ ਜੀਂਦ ਪਿੰਡ ਵਾਪਸ ਲਿਆਉਣ ਲਈ ਉਨ੍ਹਾਂ ਨੂੰ 15 ਲੱਖ ਰੁਪਏ ਦੇਣੇ ਪੈਣਗੇ।

# ਕੈਨੇਡਾ 'ਚ 'ਖਾਲਿਸਤਾਨ ਨਾਲ ਸਬੰਧਾਂ' ਵਾਲੀ ਪੰਜਾਬ ਦੀ ਔਰਤ ਦੀ ਸ਼ਰਨ ਪਟੀਸ਼ਨ ਰੱਦ

ਟੋਰਾਂਟੋ, 8 ਸਤੰਬਰ (ਚ.ਨ.ਸ.): ਇੱਕ ਕੈਨੇਡੀਅਨ ਸੰਘੀ ਅਦਾਲਤ ਨੇ ਭਾਰਤੀ ਨਾਗਰਿਕ ਕੰਵਲਜੀਤ ਕੌਰ ਦੀ ਅਪੀਲ ਨੂੰ ਖਾਰਜ ਕਰ ਦਿੱਤਾ ਹੈ, ਜਿਸਨੇ ਕੈਨੇਡਾ ਵਿੱਚ ਰਹਿਣ ਦੀ ਮੰਗ ਕੀਤੀ ਸੀ, ਜਿਸਨੇ ਇਹ ਦਾਅਵਾ ਕਰਕੇ ਕੈਨੇਡਾ ਵਿੱਚ ਰਹਿਣ ਦੀ ਮੰਗ ਕੀਤੀ ਸੀ ਕਿ ਜੇਕਰ ਉਸਨੂੰ ਭਾਰਤ ਵਾਪਸ ਭੇਜਿਆ ਜਾਂਦਾ ਹੈ ਤਾਂ ਉਸਨੂੰ ਖਾਲਿਸਤਾਨ ਅੰਦੋਲਨ ਤੇ ਪਾਬੰਦੀਸ਼ੁਦਾ ਸਮੂਹ ਸਿੱਖਸ ਫਾਰ ਜਸਟਿਸ ਨਾਲ ਸਬੰਧ ਹੋਣ ਕਾਰਨ ਅਤਿਆਚਾਰ ਦਾ ਸਾਹਮਣਾ ਕਰਨਾ ਪਵੇਗਾ। ਇੱਕ ਫੈਸਲੇ ਵਿੱਚ ਸੰਘੀ ਜੱਜ ਗਾਈ ਰੇਜਿਮਬਾਲਡ ਸਿਨੈਕਾਰ ਕੰਵਲਜੀਤ ਕੌਰ ਦੇ ਇਸ ਦਾਅਵੇ ਨਾਲ ਅਸਹਿਮਤ ਸਨ ਕਿ ਉਸਨੂੰ ਸਿੱਖਸ ਫਾਰ ਜਸਟਿਸ ਨਾਲ ਜੁੜਨ ਤੇ ਖਾਲਿਸਤਾਨ ਅੰਦੋਲਨ ਦੇ ਸਮਰਥਨ ਕਾਰਨ ਅਤਿਆਚਾਰ ਤੇ ਨੁਕਸਾਨ ਹੋਣ ਦਾ ਖ਼ਤਰਾ ਹੈ। ਉਸਦੇ ਪ੍ਰੀ-ਰਿਮੂਵਲ ਰਿਸਕ ਅਸੈਸਮੈਂਟ 'ਤੇ ਇੱਕ ਨਕਾਰਾਤਮਕ ਫੈਸਲੇ ਦੀ ਨਿਆਂਇਕ ਸਮੀਖਿਆ ਵਿੱਚ ਜੱਜ ਨੇ ਕਿਹਾ ਕਿ ਦਾਅਵੇ ਅਟਕਲਾਂ ਸਨ ਤੇ ਇਹ ਕਿ ਅਖੌਤੀ ਖਾਲਿਸਤਾਨ ਰੈਫਰੈਂਡਮ ਲਈ ਵੋਟਿੰਗ ਕਾਰਡ ਹੋਣਾ ਇਹ ਸਥਾਪਤ ਕਰਨ ਲਈ ਕਾਫ਼ੀ ਨਹੀਂ ਸੀ ਕਿ ਉਸ ਕੋਲ ਭਾਰਤੀ ਅਧਿਕਾਰੀਆਂ ਲਈ ਦਿਲਚਸਪੀ ਵਾਲੀ ਵਿਅਕਤੀ ਬਣਾਉਣ ਲਈ ਕਾਫ਼ੀ ਉੱਚ ਪ੍ਰੋਫਾਈਲ ਸੀ। ਇਹ ਫੈਸਲਾ 27 ਅਗਸਤ ਨੂੰ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ ਵਿੱਚ ਦਿੱਤਾ ਗਿਆ ਸੀ। ਫਰਵਰੀ 2018 ਵਿੱਚ ਕੈਨੇਡਾ ਪਹੁੰਚੀ ਤੇ ਇੱਕ ਸਾਲ ਤੋਂ ਵੱਧ ਸਮੇਂ ਬਾਅਦ, ਸਤੰਬਰ 2019 ਵਿੱਚ ਸ਼ਰਨਾਰਥੀ ਸੁਰੱਖਿਆ ਦਾ ਦਾਅਵਾ ਕੀਤਾ। ਉਸਨੇ ਅਸਲ ਵਿੱਚ ਦਾਅਵਾ ਕੀਤਾ ਸੀ ਕਿ ਇਹ ਉਸਦੇ ਦੁਰਵਿਵਹਾਰ ਕਰਨ ਵਾਲੇ ਪਤੀ ਦੇ ਡਰ ਦੇ ਆਧਾਰ 'ਤੇ ਸੀ। ਅਦਾਲਤ ਨੇ ਹੁਕਮ ਦਿੱਤਾ ਕਿ ਹਟਾਉਣ 'ਤੇ ਰੋਕ ਲਗਾਉਣ ਦੀ ਮੰਗ ਨੂੰ ਖਾਰਜ ਕਰ ਦਿੱਤਾ ਜਾਵੇ। ਇਸ ਹੁਕਮ ਤੋਂ ਸਿਰਫ਼ ਦੋ ਦਿਨ ਪਹਿਲਾਂ ਇੱਕ ਸੰਘੀ ਅਦਾਲਤ ਨੇ ਇੱਕ ਭਾਰਤੀ ਜੋੜੇ ਦੁਆਰਾ ਦਾਇਰ ਸ਼ਰਨ ਦਾਅਵਿਆਂ ਨੂੰ ਇਸ ਆਧਾਰ 'ਤੇ ਰੱਦ ਕਰਨ ਦੇ ਫੈਸਲਿਆਂ ਨੂੰ ਬਰਕਰਾਰ ਰੱਖਿਆ ਕਿ ਜੇਕਰ ਉਹ ਕੈਨੇਡਾ ਵਿੱਚ ਖਾਲਿਸਤਾਨ ਪੱਖੀ ਗਤੀਵਿਧੀ ਕਾਰਨ ਆਪਣੇ ਦੇਸ਼ ਵਾਪਸ ਆਉਂਦੇ ਹਨ ਤਾਂ ਉਨ੍ਹਾਂ ਨੂੰ ਅਤਿਆਚਾਰ ਦਾ ਸਾਹਮਣਾ ਕਰਨਾ ਪੈਂਦਾ ਹੈ। 25 ਅਗਸਤ ਨੂੰ ਮਾਂਟਰੀਅਲ ਵਿੱਚ ਇੱਕ ਫੈਸਲੇ ਵਿੱਚ ਫੈਡਰਲ ਜੱਜ ਬੇਨੋਇਟ ਐਮ ਸ਼ੋਏਨੇ ਨੇ 15 ਫਰਵਰੀ, 2024 ਨੂੰ ਕੈਨੇਡਾ ਦੇ ਸ਼ਰਨਾਰਥੀ ਅਪੀਲ ਡਵੀਜ਼ਨ (ਆਰਏਡੀ) ਤੇ ਆਈਆਰਬੀ ਦੇ ਸ਼ਰਨਾਰਥੀ ਸੁਰੱਖਿਆ ਡਵੀਜ਼ਨ ਜਾਂ ਆਰਪੀਡੀ ਦੁਆਰਾ ਤਿੰਨ ਮਹੀਨੇ ਪਹਿਲਾਂ ਲਏ ਪਿਛਲੇ ਫੈਸਲਿਆਂ ਨੂੰ ਵਾਜਬ ਮੰਨਿਆ।

# ਬੀਬੀ ਕੌਲਾਂ ਜੀ ਹਸਪਤਾਲ ਵਿਖੇ ਪਹੁੰਚੇ ਪ੍ਰਸਿੱਧ ਗਾਇਕ ਇੰਦਰਜੀਤ ਸਿੰਘ ਨਿੱਕੂ



ਫਤਹਿਗੜ੍ਹ ਚੂੜੀਆਂ, 8 ਸਤੰਬਰ (ਰਾਜਨ ਸ਼ਰਮਾ): ਫਤਹਿਗੜ੍ਹ ਚੂੜੀਆਂ ਅਜਨਾਲਾ ਰੋਡ ਵਿਖੇ ਸਥਿਤ ਬੀਬੀ ਕੌਲਾਂ ਜੀ ਹਸਪਤਾਲ ਵਿਖੇ ਪਹੁੰਚੇ ਪੰਜਾਬ ਦੇ ਮਸ਼ਹੂਰ ਗਾਇਕ ਇੰਦਰਜੀਤ ਸਿੰਘ ਨਿੱਕੂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਪਹੁੰਚਣ ਲਈ ਪਹੁੰਚੇ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਬੀਬੀ ਕੌਲਾਂ ਜੀ ਹਸਪਤਾਲ ਦੀ ਟੀਮ ਤੇ ਖਾਲਸਾ ਏਡ ਇੰਟਰਨੈਸ਼ਨਲ ਦੀ ਟੀਮ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਆ ਰਹੀਆਂ ਮੁਸ਼ਕਲਾਂ ਨੂੰ ਹੱਲ ਕਰਨ ਦੇ ਲਈ ਕਈ ਤਰ੍ਹਾਂ ਦੇ ਵਿਚਾਰ ਵਟਾਂਦਰੇ ਵੀ ਕੀਤੇ। ਗੱਲਬਾਤ ਦੌਰਾਨ ਇੰਦਰਜੀਤ ਸਿੰਘ ਨਿੱਕੂ ਨੇ ਕਿਹਾ ਕਿ ਪਿਛਲੇ ਦਿਨਾਂ ਤੋਂ ਜੋ ਹੜ੍ਹ ਦੀ ਮਾਰ ਲੋਕਾਂ ਨੂੰ ਪਈ ਹੈ, ਉਸਦੇ ਲਈ ਉਹ ਲੋਕਾਂ ਦਾ ਦੁੱਖ ਤਕਲੀਫ ਸੁਣਨ ਲਈ ਤੇ ਮਦਦ ਕਰਨ ਲਈ ਉਹ ਵਿਸ਼ੇਸ਼ ਤੌਰ 'ਤੇ ਪਹੁੰਚੇ ਹਨ। ਬੀਬੀ ਕੌਲਾਂ ਜੀ ਹਸਪਤਾਲ ਫਤਹਿਗੜ੍ਹ ਚੂੜੀਆਂ ਤੇ ਖਾਲਸਾ ਏਡ ਇੰਟਰਨੈਸ਼ਨਲ ਦਾ ਇੰਦਰਜੀਤ ਸਿੰਘ ਨਿੱਕੂ ਨੇ ਹੜ੍ਹ ਪ੍ਰਭਾਵਿਤ ਹੋਏ ਇਲਾਕਿਆਂ ਵਿੱਚ ਮਦਦ ਕਰਨ ਲਈ ਉਨ੍ਹਾਂ ਨੇ ਧੰਨਵਾਦ ਕੀਤਾ। ਉਹਨਾਂ ਨੇ ਵਿਸ਼ਵਾਸ ਦਿਵਾਇਆ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਲੋਕਾਂ ਦੀ ਬਣਦੀ ਸਹਾਇਤਾ ਜ਼ਰੂਰ ਕੀਤੀ ਜਾਵੇਗੀ।

# ਮੁਖਦੇਵ ਸਿੰਘ ਆਲੋਵਾਲ ਨੇ ਹੜ੍ਹ ਪ੍ਰਭਾਵਿਤ ਹਲਕਾ ਦੀਨਾਨਗਰ ਦੇ ਪਿੰਡ ਗਾਲੜੀ ਦਾ ਜਾਇਜ਼ਾ ਲਿਆ

☛ਅਸੀਂ ਸਾਰੇ ਮਿਲ ਕੇ ਇਸ ਸੰਕਟ 'ਤੇ ਜਲਦ ਕਾਬੂ ਪਾ ਲਵਾਂਗੇ: ਜ਼ਿਲ੍ਹਾ ਮੀਡੀਆ ਇੰਚਾਰਜ



ਗੁਰਦਾਸਪੁਰ, 8 ਸਤੰਬਰ (ਜਸਵਿੰਦਰ ਸਿੰਘ): ਸੀਨੀਅਰ ਆਗੂ ਅਤੇ ਵਿਧਾਨ ਸਭਾ ਹਲਕਾ ਕਾਦੀਆਂ ਤੋਂ ਮੁਖਦੇਵ ਸਿੰਘ ਆਲੋਵਾਲ ਜ਼ਿਲ੍ਹਾ ਮੀਡੀਆ ਇੰਚਾਰਜ ਗੁਰਦਾਸਪੁਰ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਦੌਰਾ ਕਰਨਾ ਲਗਾਤਾਰ ਜਾਰੀ ਹਨ। ਅੱਜ ਪਿੰਡ ਗਾਲੜੀ ਵਿਖੇ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਜਾਇਜ਼ਾ ਲਿਆ। ਇਸ ਮੌਕੇ ਗੱਲ ਕਰਦਿਆਂ ਮੁਖਦੇਵ ਸਿੰਘ ਆਲੋਵਾਲ ਨੇ ਕਿਹਾ ਕਿ ਹੜ੍ਹ ਦੀ ਕਰੋਪੀ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਲੋਕਾਂ ਦਾ ਬਹੁਤ ਨੁਕਸਾਨ ਹੋਇਆ ਹੈ। ਫਸਲਾਂ ਤਬਾਹ ਹੋ ਗਈਆਂ ਹਨ ਅਤੇ ਲੋਕਾਂ ਦੇ ਘਰਾਂ ਨੂੰ ਵੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਜੰਗੀ ਪੱਧਰ 'ਤੇ ਜਾਰੀ ਹਨ ਅਤੇ ਹਰ ਲੋੜਵੰਦ ਤੱਕ ਸਰਕਾਰੀ ਮਦਦ ਪਹੁੰਚਾਈ ਜਾ ਰਹੀ ਹੈ। ਆਲੋਵਾਲ ਨੇ ਕਿਹਾ ਕਿ ਜਿੱਥੇ ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਹਰ ਸੰਭਵ ਮਦਦ ਕੀਤੀ ਜਾ ਰਹੀ ਹੈ, ਉਥੇ ਸਾਡਾ ਵੀ ਇਹ ਫ਼ਰਜ਼ ਬਣਦਾ ਹੈ ਕਿ ਅਸੀਂ ਵੀ ਹੜ੍ਹ ਪੀੜ੍ਹਤਾਂ ਦੀ ਮਦਦ ਲਈ ਕੁਝ ਨਾ ਕੁਝ ਆਪਣਾ ਯੋਗਦਾਨ ਪਾਈਏ। ਉਨ੍ਹਾਂ ਕਿਹਾ ਕਿ ਉਹ ਆਪਣੇ ਸਾਥੀਆਂ ਨਾਲ ਪਹਿਲੇ ਦਿਨ ਤੋਂ ਹੀ ਹੜ੍ਹ ਪੀੜ੍ਹਤਾਂ ਦੀ ਮਦਦ ਕਰ ਰਹੇ ਹਨ ਅਤੇ ਆਲੋਵਾਲ ਨੇ ਕਿਹਾ ਕਿ ਭਾਵੇਂ ਇਹ ਸੰਕਟ ਬਹੁਤ ਵੱਡਾ ਹੈ ਪਰ ਕੁਦਰਤ ਨੇ ਪੰਜਾਬੀਆਂ ਨੂੰ ਅਜਿਹੇ ਸੰਕਟ ਸਹਿਣ ਕਰਨ ਲਈ ਜਿਗਰਾ ਵੀ ਬਹੁਤ ਵੱਡਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਸ ਸੰਕਟ ਨਾਲ ਨਜਿੱਠਣ ਲਈ ਸਮੂਹ ਪੰਜਾਬੀ ਇੱਕ ਹਨ ਅਤੇ ਅਸੀਂ ਸਾਰੇ ਮਿਲ ਕੇ ਇਸ ਸੰਕਟ ਉਪਰ ਕਾਬੂ ਪਾ ਲਵਾਂਗੇ।

# ਕਸਬਾ ਘੁਮਾਣ ਵਿਖੇ ਰਿਟਾਇਰ ਲਾਈਨਮੈਨ ਨੂੰ ਗੰਭੀਰ ਜ਼ਖ਼ਮੀ ਕਰਕੇ ਕੇ ਦੋ ਨੌਜਵਾਨ ਲੁੱਟ-ਖੋਹ ਕੇ ਫ਼ਰਾਰ

☛ਇਲਾਜ ਦੌਰਾਨ ਰਿਟਾਇਰ ਲਾਈਨਮੈਨ ਦੀ ਮੌਤ



ਘੁਮਾਣ/ਸ੍ਰੀ ਹਰਗੋਬਿੰਦਪੁਰ ਸਾਹਿਬ, 8 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਖੋਖਰ): ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਘੁਮਾਣ ਦੇ ਦਾਸਾਂ ਵਾਲੀ ਗਲੀ ਤੋਂ ਬੀਤੇ ਦਿਨ ਸ਼ਾਮ ਦੇ ਕਰੀਬ 4 ਵਜੇ ਦੇ ਕਰੀਬ ਮੋਟਰਸਾਈਕਲ ਸਵਾਰ ਨੌਜਵਾਨਾਂ ਵੱਲੋਂ ਬਿਜਲੀ ਬੋਰਡ ਦੇ ਰਿਟਾਇਰਡ ਲਾਈਨਮੈਨ ਨੂੰ ਧੱਕਾ ਦੇ ਕੇ ਗੰਭੀਰ ਜ਼ਖ਼ਮੀ ਕਰਕੇ ਉਸ ਕੋਲੋਂ ਕਰੀਬ 28 ਹਜ਼ਾਰ ਰੁਪਏ ਦੀ ਨਗਦੀ ਖੋਹ ਕੇ ਫ਼ਰਾਰ ਹੋਣ ਤੋਂ ਉਥੇ ਹੀ ਜ਼ਖ਼ਮੀ ਰਿਟਾਇਰ ਬਿਜਲੀ ਬੋਰਡ ਲਾਈਨਮੈਨ ਦੀ ਜ਼ੇਰੇ ਇਲਾਜ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਥਾਣਾ ਘੁਮਾਣ ਵਿਖੇ ਲਿਖਤੀ ਦਰਖਾਸਤ ਦਿੰਦਿਆਂ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਮੇਰੇ ਪਿਤਾ ਸ਼ਾਮ ਸਿੰਘ ਪੁੱਤਰ ਅੱਛਰ ਸਿੰਘ ਵਾਸੀ ਘੁਮਾਣ ਜੋ ਕਿ ਬਿਜਲੀ ਬੋਰਡ ਤੋਂ ਰਿਟਾਇਰ ਹੋਏ ਹਨ, ਬੀਤੇ ਦਿਨ ਮੈਂ ਅਤੇ ਮੇਰੇ ਪਿਤਾ ਸ਼ਾਮ ਸਿੰਘ ਸਟੇਟ ਬੈਂਕ ਆਫ ਇੰਡੀਆ ਬ੍ਰਾਂਚ ਵਿੱਚੋਂ ਆਪਣੀ 35 ਹਜ਼ਾਰ ਰੁਪਏ ਪੈਨਸ਼ਨ ਕਢਵਾ ਕੇ ਆਏ ਸਨ ਕਿ ਉਸ ਵਿੱਚੋਂ ਮੇਰੇ ਪਿਤਾ ਨੇ 7 ਹਜ਼ਾਰ ਰੁਪਏ ਮੈਨੂੰ ਦੇ ਦਿੱਤਾ ਬਾਕੀ ਪੈਸੇ ਉਨ੍ਹਾਂ ਕੋਲ ਹੀ ਸਨ ਕਿ ਮੇਰੇ ਪਿਤਾ ਸ਼ਾਮ ਨੂੰ ਕਿਸੇ ਕੰਮ ਲਈ ਬਜ਼ਾਰ ਗਏ ਤੇ ਜਦੋਂ ਉਹ ਕਰੀਬ 4 ਵੱਜ ਕੇ 10 ਮਿੰਟ 'ਤੇ ਘਰ ਦੇ ਗੇਟ ਨਜ਼ਦੀਕ ਪਹੁੰਚੇ। ਉਸ ਵਕਤ ਮੈਂ ਘਰੇ ਹੀ ਸੀ ਕਿ ਬਾਹਰ ਆਪਣੇ ਪਿਤਾ ਦੀ ਆਵਾਜ਼ ਸੁਣੀ ਤਾਂ ਵੇਖਿਆ ਕਿ ਦੋ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਮੇਰੇ ਪਿਤਾ ਨੂੰ ਥੱਲੇ ਸੁੱਟ ਕੇ ਉਨ੍ਹਾਂ ਕੋਲ਼ੋਂ ਪੈਸੇ ਖੋਹ ਕੇ ਫ਼ਰਾਰ ਹੋ ਗਏ, ਜਦ ਮੈਂ ਆਪਣੇ ਪਿਤਾ ਨੂੰ ਵੇਖਿਆ ਤਾਂ ਉਨ੍ਹਾਂ ਦੇ ਸਿਰ 'ਤੇ ਗੰਭੀਰ ਸੱਟ ਲੱਗੀ ਹੋਈ ਸੀ ਅਤੇ ਉਹ ਬੇਹੋਸ਼ ਹੋ ਗਏ ਅਤੇ ਅਸੀ ਜਲਦੀ ਉਨ੍ਹਾਂ ਨੂੰ ਲੈ ਕੇ ਸ੍ਰੀ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਦੀ ਮੌਤ ਹੋ ਗਈ। ਇਸ ਸਬੰਧੀ ਥਾਣਾ ਘੁਮਾਣ ਵਿਖੇ ਮ੍ਰਿਤਕ ਦੇ ਬੇਟੇ ਦੇ ਬਿਆਨਾਂ 'ਤੇ ਪੁਲਿਸ ਵੱਲੋਂ ਦੋ ਮੋਟਰਸਾਈਕਲ ਨੌਜਵਾਨਾਂ 'ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਬਿਆਸ ਦਰਿਆ ਦੀ ਮਾਰ ਨਾਲ ਬਹਾਦਰਪੁਰ ਰਜੋਆ 'ਚ ਤਬਾਹੀ

☛ਹਰ ਰੋਜ਼ ਵਾਹੀਯੋਗ ਜ਼ਮੀਨ ਦਰਿਆ 'ਚ ਸਮਾ ਰਹੀ ਹੈ



ਕਾਦੀਆਂ, 8 ਸਤੰਬਰ (ਸਲਾਮ ਤਾਰੀ/ਸਿਕੰਦਰ ਸੰਧੂ): ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਬਟਾਲਾ ਹੇਠ ਆਉਂਦੇ ਪਿੰਡ ਬਹਾਦਰਪੁਰ ਰਜੋਆ ਵਿੱਚ ਬਿਆਸ ਦਰਿਆ ਨੇ ਭਿਆਨਕ ਰੂਪ ਧਾਰਨ ਕਰ ਲਿਆ ਹੈ। ਪਿਛਲੇ ਕੁਝ ਹਫ਼ਤਿਆਂ ਤੋਂ ਦਰਿਆ ਆਪਣਾ ਰੁਖ ਬਦਲ ਕੇ ਸਿੱਧਾ ਪਿੰਡ ਦੀਆਂ ਖੇਤਾਂ ਵੱਲ ਵਗ ਰਿਹਾ ਹੈ। ਇਸ ਕਾਰਨ ਹਰ ਰੋਜ਼ ਲਗਭਗ 4 ਤੋਂ 5 ਕਿੱਲੇ ਉਪਜਾਊ ਵਾਹੀਯੋਗ ਜ਼ਮੀਨ ਦਰਿਆ ਵਿੱਚ ਸਮਾ ਰਹੀ ਹੈ। ਪਿੰਡ ਦੇ ਕਿਸਾਨਾਂ ਦਾ ਕਹਿਣਾ ਹੈ ਕਿ ਸਾਲਾਂ ਦੀ ਮਿਹਨਤ ਨਾਲ ਤਿਆਰ ਕੀਤੀ ਜ਼ਮੀਨ ਪਾਣੀ ਦੀ ਲਪੇਟ ਵਿੱਚ ਆ ਰਹੀ ਹੈ। ਕਿਸਾਨ ਅਮਰੀਕ ਸਿੰਘ ਨੇ ਦੱਸਿਆ, ਸਾਡੇ ਕੋਲ 6 ਏਕੜ ਜ਼ਮੀਨ ਸੀ। ਪਿਛਲੇ ਦੋ ਹਫ਼ਤਿਆਂ ਵਿੱਚ 2 ਏਕੜ ਦਰਿਆ ਖਾ ਗਿਆ। ਜੇ ਹਾਲਾਤ ਇਹੋ ਜਿਹੇ ਰਹੇ ਤਾਂ ਅਗਲੇ ਸਾਲ ਤੱਕ ਸਾਡੇ ਕੋਲ ਕੁਝ ਨਹੀਂ ਬਚੇਗਾ। ਇੱਕ ਹੋਰ ਪਿੰਡ ਵਾਸੀ ਬਲਕਾਰ ਸਿੰਘ ਨੇ ਆਖਿਆ ਸਾਡੇ ਘਰ ਦੇ ਨੇੜੇ ਹੀ ਦਰਿਆ ਦਾ ਬਹਾਵ ਆ ਗਿਆ ਹੈ। ਡਰ ਹੈ ਕਿ ਕਦੇ ਘਰ ਵੀ ਪਾਣੀ ਵਿਚ ਨਾ ਸਮਾ ਜਾਵੇ। ਰਾਤੀਂ ਅਸੀਂ ਚੈਨ ਨਾਲ ਨਹੀਂ ਸੌਂ ਸਕਦੇ। ਇਸ ਤਰ੍ਹਾਂ ਰਣਜੀਤ ਸਿੰਘ, ਅਮਰੀਕ ਸਿੰਘ, ਦੀਦਾਰ ਸਿੰਘ ਤੇ ਜੋਗਿੰਦਰ ਸਿੰਘ ਦੀਆਂ ਜ਼ਮੀਨਾਂ ਵੀ ਦਰਿਆ ਦੀ ਲਪੇਟ ਵਿੱਚ ਆ ਗਈਆਂ ਹਨ। ਪਿੰਡ ਵਾਲਿਆਂ ਦਾ ਮੰਨਣਾ ਹੈ ਕਿ ਜੇਕਰ ਦਰਿਆ ਦੇ ਰੁਖ ਨੂੰ ਤੁਰੰਤ ਨਾ ਰੋਕਿਆ ਗਿਆ ਤਾਂ ਹਜ਼ਾਰਾਂ ਏਕੜ ਉਪਜਾਊ ਜ਼ਮੀਨ ਦਰਿਆ ਦੀ ਮਾਰ ਹੇਠ ਆ ਸਕਦੀ ਹੈ। ਇਸ ਨਾਲ ਸੈਂਕੜੇ ਪਰਿਵਾਰ ਬੇਘਰ ਹੋ ਸਕਦੇ ਹਨ ਤੇ ਪਿੰਡ ਦੀ ਅਰਥਵਿਵਸਥਾ ਢਹਿ ਸਕਦੀ ਹੈ। ਪਿੰਡ ਵਾਸੀਆਂ ਅਤੇ ਸਰਪੰਚ ਕੈਪਟਨ ਕੁਲਵਿੰਦਰ ਸਿੰਘ ਨੇ ਸਰਕਾਰ ਤੇ ਪ੍ਰਸ਼ਾਸਨ ਨੂੰ ਬੇਨਤੀ ਕੀਤੀ ਹੈ ਕਿ ਦਰਿਆ ਦੇ ਬਹਾਵ ਨੂੰ ਦੂਜੇ ਪਾਸੇ ਮੋੜਨ ਲਈ ਤੁਰੰਤ ਆਰਜ਼ੀ ਪ੍ਰਬੰਧ ਕੀਤੇ ਜਾਣ। ਉਹਨਾਂ ਦਾ ਕਹਿਣਾ ਹੈ ਕਿ ਮਜ਼ਬੂਤ ਬੰਨ੍ਹਾਂ ਦੀ ਲੋੜ ਹੈ ਤਾਂ ਜੋ ਵਾਹੀਯੋਗ ਜ਼ਮੀਨ ਅਤੇ ਪਿੰਡ ਦੋਵੇਂ ਨੂੰ ਬਚਾਇਆ ਜਾ ਸਕੇ। ਇਸ ਮੌਕੇ ਕੈਪਟਨ ਕੁਲਵਿੰਦਰ ਸਿੰਘ ਕੈਪਟਨ ਨੌ ਨਿਹਾਲ ਸਿੰਘ, ਮਾਸਟਰ ਸਤਨਾਮ ਸਿੰਘ, ਦਿਲਬਾਗ ਸਿੰਘ ਅਮਰੀਕ ਸਿੰਘ, ਦੀਦਾਰ ਸਿੰਘ, ਬਲਕਾਰ ਸਿੰਘ ਹਾਜ਼ਰ ਸਨ।

# ਰੱਤਾ ਦੇ ਸਰਕਾਰੀ ਸਕੂਲ 'ਚ ਆਏ ਹੜ੍ਹ ਕਾਰਨ ਫਰਨੀਚਰ, ਮਿਡ-ਡੇ-ਮੀਲ ਰਾਸ਼ਨ ਤੇ ਹੋਰ ਕੀਮਤੀ ਸਮਾਨ ਹੋਇਆ ਖਰਾਬ

☛ਸਕੂਲ 'ਚ ਫੈਲੀ ਗੰਦਗੀ ਕਾਰਨ ਸਾਫ-ਸਫਾਈ ਦਾ ਮੰਦਾ ਹਾਲ ਤੇ ਸੱਪਾਂ ਦਾ ਬਣਿਆ ਰਹਿਣ ਬਸੇਰਾ



ਡੇਰਾ ਬਾਬਾ ਨਾਨਕ, 8 ਸਤੰਬਰ (ਹੈਪੀ ਕੋਟਲੀ): ਰਾਵੀ ਦਰਿਆ ਵਿੱਚ ਆਏ ਹੜ੍ਹ ਕਾਰਨ ਜਿੱਥੇ ਹਲਕਾ ਡੇਰਾ ਬਾਬਾ ਨਾਨਕ ਦੇ ਕਿਸਾਨਾਂ ਦੀਆਂ ਲੱਖਾਂ ਏਕੜ ਝੋਨਾ, ਕਮਾਦ ਪਸ਼ੂਆਂ ਦਾ ਚਾਰਾ ਅਤੇ ਹੋਰ ਫਸਲਾਂ ਬਰਬਾਦ ਹੋਈਆਂ ਹਨ ਤੇ ਉਥੇ ਹੀ ਪਿੰਡ ਰੱਤਾ ਦੇ ਸਰਕਾਰੀ ਸਕੂਲ ਦੇ ਹਾਲਾਤ ਇੰਨੇ ਮਾੜੇ ਹਨ ਕਿ ਉੱਥੇ ਆਮ ਬੰਦੇ ਦਾ ਖਲੋਣਾ ਵੀ ਮੁਸ਼ਕਿਲ ਹੋਇਆ ਪਿਆ ਹੈ ਤੇ ਅੱਜ ਜਦੋਂ ਪੱਤਰਕਾਰਾਂ ਵੱਲੋਂ ਇਸ ਸਕੂਲ ਦਾ ਦੌਰਾ ਕੀਤਾ ਤਾਂ ਸਕੂਲ ਵਿੱਚ ਪਿਆ ਮਿਡ ਡੇ ਮੀਲ ਦਾ ਰਾਸ਼ਨ ਖਰਾਬ ਹੋ ਚੁੱਕਿਆ ਹੈ ਤੇ ਉੱਥੇ ਹੀ ਕਲਾਸ ਰੂਮਾਂ ਵਿੱਚ ਪਿਆ ਫਰਨੀਚਰ, ਕੰਪਿਊਟਰ ਲੈਬ, ਲਾਇਬਰੇਰੀ ਅਤੇ ਹੋਰ ਕੀਮਤੀ ਸਮਾਨ ਬਰਬਾਦ ਹੋ ਚੁੱਕਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਅਧਿਆਪਕ ਸਾਹਿਬਾਨਾਂ ਨੇ ਦੱਸਿਆ ਕਿ ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ 'ਤੇ ਅੱਜ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਨੂੰ ਸਕੂਲਾਂ ਵਿੱਚ ਆਉਣ ਦੇ ਨਿਰਦੇਸ਼ ਜਾਰੀ ਕੀਤੇ ਗਏ ਸਨ ਤੇ ਜਿਸ ਦੇ ਤਹਿਤ ਅੱਜ ਉਹ ਆਪਣੇ ਸਰਕਾਰੀ ਸਕੂਲ ਰੱਤਾ ਵਿਖੇ ਪਹੁੰਚੇ ਤਾਂ ਹਾਲਾਤ ਇੰਨੇ ਤਰਸਯੋਗ ਸਨ ਸਕੂਲ ਵਿੱਚ ਪਿਆ ਮਿਡ ਡੇ ਮੀਲ ਦਾ ਰਾਸ਼ਨ, ਜਿਸ ਵਿੱਚ ਚਾਵਲ ਕਣਕ ਆਟਾ ਅਤੇ ਸੌਦਾ ਖਰਾਬ ਹੋ ਕੇ ਇੰਨੀ ਮੁਸ਼ਕ ਮਾਰ ਰਿਹਾ ਹੈ ਕਿ ਇਥੇ ਨੱਕ ਦੇਣਾ ਵੀ ਮੁਸ਼ਕਲ ਹੋਇਆ ਪਿਆ ਹੈ ਤੇ ਉਧਰ ਜਦ ਕਲਾਸ ਰੂਮਾਂ ਵਿੱਚ ਜਾ ਕੇ ਦੇਖਿਆ ਤਾਂ ਪੂਰਾ ਫਰਨੀਚਰ ਭਿੱਜਿਆ ਹੋਇਆ ਹੈ ਤੇ ਫਰਸ਼ ਉੱਪਰ ਕਰੀਬ ਇਕ ਫੁੱਟ ਰਿਬ ਜੰਮੀ ਪਈ ਹੈ ਤੇ ਜਦ ਦਫਤਰ ਵਿੱਚ ਜਾਣ ਲੱਗੇ ਤਾਂ ਮੌਕੇ 'ਤੇ ਦੋ ਸੱਪ ਬੈਠੇ ਹੋਏ ਸਨ, ਜਿਨ੍ਹਾਂ ਨੂੰ ਡੰਡੇ ਦੀ ਮਦਦ ਨਾਲ ਭਜਾਇਆ ਗਿਆ। ਇਸ ਸਬੰਧੀ ਆਪਣੇ ਉੱਚ ਅਧਿਕਾਰੀਆਂ ਨੂੰ ਜਾਣੂੰ ਕਰਵਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਇਸ ਸਕੂਲ ਦੀ ਸਾਫ ਸਫਾਈ 'ਤੇ ਕਰੀਬ ਘੱਟ ਤੋਂ ਘੱਟ 15 ਦਿਨ ਦਾ ਸਮਾਂ ਲੱਗੇਗਾ ਤੇ ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਬੱਚਿਆਂ ਦੀ ਸਿਹਤ ਅਤੇ ਪੜ੍ਹਾਈ ਦਾ ਖਿਆਲ ਰੱਖਦੇ ਹੋਏ ਸਕੂਲ ਕੁਝ ਦਿਨਾਂ ਦੇ ਲਈ ਕਿਸੇ ਹੋਰ ਸੈਂਟਰ ਵਿੱਚ ਸ਼ਿਫਟ ਕੀਤਾ ਜਾਵੇ।

# 'ਜਿਸ ਦਾ ਖੇਤ ਉਸੇ ਦੀ ਰੇਤ' ਸਰਕਾਰ ਨੇ ਕੈਬਨਿਟ ਮੀਟਿੰਗ 'ਚ ਲਿਆ ਅਹਿਮ ਫੈਸਲਾ



ਬਟਾਲਾ/ਸ੍ਰੀ ਹਰਗੋਬਿੰਦਪੁਰ ਸਾਹਿਬ/ਊਧਨਵਾਲ, 8 ਸਤੰਬਰ (ਡਾ. ਨਰਿੰਦਰ ਸਿੰਘ ਘੁਮਾਣ/ਡਾ. ਸਰਬਜੀਤ ਸਿੰਘ ਭਿੰਡਰ/ਸੁਖਅੰਮ੍ਰਿਤ ਸਿੰਘ ਸੋਨੂੰ): ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕੈਬਨਟ ਮੀਟਿੰਗ ਲਈ ਗਈ ਜਿਸ ਵਿੱਚ ਹੜ੍ਹ ਪ੍ਰਭਾਵਿਤ ਲੋਕਾਂ ਦੇ ਲਈ ਅਹਿਮ ਫੈਸਲੇ ਲਏ ਗਏ। ਸਭ ਤੋਂ ਅਹਿਮ ਫੈਸਲਾ ਹੈ ਜਿਸ ਦੀ ਖੇਤ ਉਸੇ ਦੀ ਹੀ ਰੇਤ, ਕਿਸਾਨ ਆਪਣੀਆਂ ਜ਼ਮੀਨਾਂ ਤੋਂ ਰੇਤਾ ਹਟਾ ਸਕਦੇ ਹਨ, ਉਸ ਨੂੰ ਵੇਚ ਸਕਦੇ ਹਨ। ਖਰਾਬ ਫਸਲ ਦਾ ਪ੍ਰਤੀ ਏਕੜ 20000/- ਰੁਪਿਆ ਮੁਆਵਜ਼ਾ ਦਿੱਤਾ ਜਾਏਗਾ, ਕੱਚੇ ਘਰ ਜਿਨ੍ਹਾਂ ਦੇ ਟੁੱਟੇ ਨੇ ਉਨ੍ਹਾਂ ਨੂੰ ਮਕਾਨ ਬਣਾ ਕੇ ਦਿੱਤੇ ਜਾਣਗੇ। ਹੜ੍ਹਾਂ ਤੋਂ ਬਾਅਦ ਆਉਣ ਵਾਲੀਆਂ ਸਿਹਤ ਸਮੱਸਿਆ ਚਾਹੇ ਉਹ ਇਨਸਾਨਾਂ ਲਈ ਨੇ, ਚਾਹੇ ਉਹ ਦੁਧਾਰੂਆਂ, ਡੰਗਰਾਂ ਲਈ ਨੇ ਉਨ੍ਹਾਂ ਦਾ ਪ੍ਰਬੰਧ ਕੀਤਾ ਜਾਏਗਾ। ਸਾਰੇ ਪਿੰਡਾਂ ਵਿੱਚ ਇੱਕ ਇੱਕ ਡਾਕਟਰਾਂ ਦੀ ਟੀਮ ਤੈਨਾਤ ਕੀਤੀ ਜਾਵੇਗੀ, ਜਿਹੜੇ ਲੋਕਾਂ ਦਾ ਹਾਲ ਦੇਖਣਗੇ। ਹੜ੍ਹਾਂ ਦੇ ਵਿੱਚ ਵਿਛੜ ਗਏ ਮ੍ਰਿਤਕ ਇਨਸਾਨ ਦੇ ਪਰਿਵਾਰ ਵਾਲਿਆਂ ਨੂੰ 4 ਲੱਖ ਰੁਪਏ ਦਿੱਤਾ ਜਾਵੇਗਾ। ਹਰ ਸਾਲ ਬਰਸਾਤਾਂ ਦੇ ਮੌਸਮ ਵਿੱਚ ਬਹੁਤ ਸਾਰੀ ਮਿੱਟੀ, ਰੇਤਾ ਬਜਰੀ ਦਰਿਆਵਾਂ ਦੇ ਵਿੱਚ ਆ ਜਾਂਦਾ ਹੈ, ਜਿਸ ਨਾਲ ਦਰਿਆਵਾਂ ਦੇ ਬਾਹਣ ਉੱਚੇ ਹੋ ਜਾਂਦੇ ਹਨ, ਦਰਿਆਵਾਂ ਦੇ ਬਾਹਣਾਂ ਦੀ ਸਫਾਈ ਕੀਤੀ ਜਾਏਗੀ, ਡੂੰਘਾ ਕੀਤਾ ਜਾਏਗਾ। ਦਰਿਆਵਾਂ ਦੇ ਕਿਨਾਰਿਆਂ ਦੀਆਂ ਧੁੱਸੀਆਂ ਨੂੰ ਮਜ਼ਬੂਤ ਕੀਤਾ ਜਾਵੇਗਾ। ਬਹੁਤ-ਬਹੁਤ ਧੰਨਵਾਦ ਭਗਵੰਤ ਸਿੰਘ ਮਾਨ ਤੁਸੀਂ ਹਮੇਸ਼ਾ ਪੰਜਾਬ ਲਈ ਖੜ੍ਹੇ ਹੋ ਕੈਬਨਿਟ ਮੀਟਿੰਗ ਲਏ ਬਹੁਤ ਹੀ ਸ਼ਲਾਘਾਯੋਗ ਫੈਸਲਾ ਡਾ. ਕਮਲਜੀਤ ਸਿੰਘ ਕੇਜੇ, ਸਾਬਕਾ ਅਬਜਰਵਰ ਆਪ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ, ਜ਼ਿਲ੍ਹਾ ਗੁਰਦਾਸਪੁਰ।

# ਦਲਜੀਤ ਸਿੰਘ ਲੱਕੀ ਨੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਮੈਡੀਕਲ ਕੈਂਪ ਲਗਾਇਆ



ਗੁਰਦਾਸਪੁਰ, 8 ਸਤੰਬਰ (ਜਸਵਿੰਦਰ ਸਿੰਘ): ਦਲਜੀਤ ਸਿੰਘ ਲੱਕੀ ਜ਼ਿਲ੍ਹਾ ਯੋਜਨਾ ਬੋਰਡ ਮੈਂਬਰ ਗੁਰਦਾਸਪੁਰ ਨੇ ਅੱਜ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਪਿੰਡ ਸਾਧਾਂਵਾਲੀ ਤੇ ਸ਼ਾਹਪੁਰ ਗੁਰਾਇਆ ਦੇ ਹੜ੍ਹ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਸੇਵਾ ਦੇ ਕਾਰਜ ਲਗਾਤਾਰ ਜਾਰੀ ਹਨ। ਦਲਜੀਤ ਸਿੰਘ ਲੱਕੀ ਵੱਲੋਂ ਮੈਡੀਕਲ ਕੈਂਪ ਲਗਾਇਆ ਗਿਆ, ਜਿੱਥੇ ਹੜ੍ਹ ਪੀੜ੍ਹਤ ਪਰਿਵਾਰਾਂ ਨੂੰ ਮੁਫ਼ਤ ਇਲਾਜ ਤੇ ਦਵਾਈਆਂ ਦਿੱਤੀਆਂ ਗਈਆਂ ਅਤੇ ਰਾਹਤ ਸਮੱਗਰੀ ਤੇ ਤਰਪਾਲਾਂ ਵੰਡੀਆਂ ਗਈਆਂ, ਓਥੇ ਉਨ੍ਹਾਂ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪਸ਼ੂਆਂ ਦੇ ਚਾਰੇ ਤੇ ਇਲਾਜ ਦਾ ਪ੍ਰਬੰਧ ਵੀ ਕੀਤਾ ਜਾ ਰਿਹਾ ਹੈ। ਲੱਕੀ ਵੱਲੋਂ ਅੱਜ ਸੇਵਾ ਕਾਰਜਾਂ ਤਹਿਤ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਵੱਖ-ਵੱਖ ਪਿੰਡਾਂ ਵਿੱਚ ਮੈਡੀਕਲ ਕੈਂਪ ਲਗਾਇਆ ਗਿਆ ਤੇ ਫਰੀ ਦਵਾਈਆਂ ਟੈਸਟ ਕੀਤੇ ਗਏ। ਇਸ ਮੌਕੇ ਉਨ੍ਹਾਂ ਗੱਲ ਕਰਦਿਆਂ ਕਿਹਾ ਕਿ ਇਸ ਸੰਕਟ ਦੀ ਘੜੀ ਵਿੱਚ ਜਿੱਥੇ ਪੰਜਾਬ ਸਰਕਾਰ ਹਰ ਤਰ੍ਹਾਂ ਨਾਲ ਲੋਕਾਂ ਦੀ ਮਦਦ ਕਰ ਰਹੀ ਹੈ, ਓਥੇ ਉਹ ਨਿੱਜੀ ਤੌਰ 'ਤੇ ਵੀ ਆਪਣੇ ਲੋਕਾਂ ਦੀ ਮਦਦ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਵੇਂ ਹੜ੍ਹਾਂ ਦਾ ਸੰਕਟ ਵੱਡਾ ਹੈ ਪਰ ਅਸੀਂ ਸਾਰੇ ਮਿਲ ਕੇ ਇਸ ਕੁਦਰਤੀ ਆਫ਼ਤ ਉੱਪਰ ਕਾਬੂ ਜ਼ਰੂਰ ਪਾ ਲਵਾਂਗੇ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਲੋਕਾਂ ਦੇ ਨਾਲ ਹੈ ਤੇ ਸਰਕਾਰ ਵੱਲੋਂ ਹੜ੍ਹ ਪੀੜ੍ਹਤਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾ ਰਹੀ ਹੈ।

# ਹੜ੍ਹ ਪ੍ਰਭਾਵਿਤ ਸਰਹੱਦੀ ਇਲਾਕੇ 'ਚ ਬੀ.ਐਸ.ਐਫ. ਵੱਲੋਂ ਮੁਫ਼ਤ ਮੈਡੀਕਲ ਤੇ ਵੈਟਰਨਰੀ ਕੈਂਪ ਦਾ ਆਯੋਜਨ



ਗੁਰਦਾਸਪੁਰ, 8 ਸਤੰਬਰ (ਜਗੀਰ ਸਿੰਘ ਮੰਡ/ਐਮ.ਐਮ. ਨਾਹਰ): ਬਾਰਡਰ ਸਕਿਉਰਿਟੀ ਫੋਰਸ (ਬੀ.ਐਸ.ਐਫ.) ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਆਪਣੇ ਸਿਵਿਕ ਐਕਸ਼ਨ ਪ੍ਰੋਗਰਾਮ ਦੇ ਤਹਿਤ ਸਰਹੱਦੀ ਖੇਤਰ ਦੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਉਂਦਿਆਂ ਅੱਜ ਪ੍ਰਾਇਮਰੀ ਸਕੂਲ, ਆਧੀਆਂ ਤੇ ਸਰਕਾਰੀ ਸਕੂਲ ਚੰਦੂ ਵਡਾਲਾ ਵਿਖੇ ਮੁਫ਼ਤ ਮੈਡੀਕਲ ਤੇ ਵੈਟਰਨਰੀ ਕੈਂਪ ਲਗਾਏ ਗਏ। ਇਨ੍ਹਾਂ ਕੈਂਪਾਂ ਦਾ ਮੁੱਖ ਉਦੇਸ਼ ਸਥਾਨਕ ਰਹਿਣ ਵਾਲਿਆਂ ਨੂੰ ਸਿਹਤ ਸੇਵਾਵਾਂ ਤੇ ਪਸ਼ੂਆਂ ਲਈ ਵੈਟਰਨਰੀ ਸਹਾਇਤਾ ਪ੍ਰਦਾਨ ਕਰਨਾ ਸੀ, ਜੋ ਹਾਲ ਹੀ ਵਿੱਚ ਆਏ ਹੜ੍ਹਾਂ ਨਾਲ ਪ੍ਰਭਾਵਿਤ ਹੋਏ ਸਨ। ਮੈਡੀਕਲ ਕੈਂਪਾਂ ਦੀ ਦੇਖ-ਰੇਖ ਕਮਲ ਯਾਦਵ, ਕਮਾਡੈਂਟ, 58 ਬਟਾਲੀਅਨ ਬੀ. ਐਸ.ਐਫ. ਮਾਧੋਪੁਰ ਤੇ ਮਾਨ ਸਿੰਘ ਕਮਾਂਡੈਂਟ 27 ਬਟਾਲੀਅਨ ਵੱਲੋਂ ਕੀਤੀ ਗਈ। ਇਸ ਕੈਂਪ ਵਿੱਚ ਬੀ.ਐਸ.ਐਫ. ਦਾ ਮੈਡੀਕਲ ਸਟਾਫ਼ ਜਿਸ ਵਿੱਚ ਡਾ. ਵਾਨਲਾਲ ਫਾਕਾ ਵੱਲੋਂ ਬੀ.ਐਸ.ਐਫ਼ ਦੇ ਚਾਰ ਡਾਕਟਰਾਂ ਤੋਂ ਇਲਾਵਾ ਅਮਨਦੀਪ ਹਸਪਤਾਲ, ਪਠਾਨਕੋਟ ਤੋਂ ਡਾ. ਸੂਰਜ ਕੁਮਾਰ (ਮੈਡੀਸਨ ਮਾਹਿਰ), ਡਾ. ਅਜੇ ਨੇਗੀ (ਮੈਡੀਸਨ ਮਾਹਿਰ), ਡਾ. ਯੁਕਤਾ (ਗਾਇਨੇਕੋਲੋਜਿਸਟ) ਤੇ ਹੋਰ ਪੈਰਾ ਮੈਡੀਕਲ ਸਟਾਫ਼ ਦੇ ਨਾਲ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਦਾ ਚੈੱਕਅਪ ਕੀਤਾ ਗਿਆ ਤੇ ਉਨ੍ਹਾਂ ਨੂੰ ਮੁਫ਼ਤ ਦਵਾਈਆਂ ਦਿੱਤੀਆਂ। ਇਸ ਮੌਕੇ ਡਾਕਟਰਾਂ ਵੱਲੋਂ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੂੰ ਹੜ੍ਹਾਂ ਦੇ ਪਾਣੀ ਤੋਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਣ ਸਬੰਧੀ ਵੀ ਜਾਗਰੂਕ ਕੀਤਾ ਗਿਆ। ਇਸ ਤੋਂ ਇਲਾਵਾ ਬੀ.ਐਸ.ਐਫ. ਦੇ ਡਾ. ਵਿਕਾਸ ਕੁਮਾਰ, ਏ.ਸੀ./ਵੈਟਰਨਰੀ ਅਫ਼ਸਰ ਤੇ ਤਿੰਨ ਹੋਰ ਵੈਟਰਨਰੀ ਸਟਾਫ਼ ਦੇ ਨਾਲ ਦੀਨਾਨਗਰ/ਬਹਿਰਾਮਪੁਰ ਦੇ ਵੈਟਰਨਰੀ ਅਧਿਕਾਰੀ ਡਾ. ਮਨਪ੍ਰੀਤ ਮੈਡੀਕਲ ਅਫ਼ਸਰ ਵੈਟਰਨਰੀ ਤੇ ਸਹਾਇਕਾਂ ਵੱਲੋਂ ਹੜ੍ਹ ਪ੍ਰਭਾਵਿਤ ਪਿੰਡ ਦੇ ਪਸ਼ੂ ਪਾਲਕਾਂ ਦੇ ਘਰਾਂ ਵਿੱਚ ਜਾ ਕੇ ਉਨ੍ਹਾਂ ਦੇ ਪਸ਼ੂਆਂ ਦਾ ਇਲਾਜ ਕੀਤਾ ਗਿਆ ਤੇ ਪਸ਼ੂਆਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਇੰਜੈਕਸ਼ਨ ਲਗਾਏ ਗਏ। ਇਸ ਪਹਿਲ ਦੀ ਸਥਾਨਕ ਲੋਕਾਂ ਵੱਲੋਂ ਬਹੁਤ ਸਰਾਹਨਾ ਕੀਤੀ ਗਈ, ਕਿਉਂਕਿ ਇਸ ਨਾਲ ਨਾ ਸਿਰਫ਼ ਤੁਰੰਤ ਸਿਹਤ ਤੇ ਵੈਟਰਨਰੀ ਸਮੱਸਿਆਵਾਂ ਦਾ ਹੱਲ ਮਿਲਿਆ, ਸਗੋਂ ਇਹ ਬੀ.ਐਸ.ਐਫ. ਦੀ ਸਰਹੱਦੀ ਇਲਾਕਿਆਂ ਦੇ ਨਿਵਾਸੀਆਂ ਦੀ ਭਲਾਈ ਪ੍ਰਤੀ ਵਚਨਬੱਧਤਾ ਨੂੰ ਵੀ ਮਜ਼ਬੂਤ ਕਰਦਾ ਹੈ।

# ਸਰਕਲ ਮਹਿਤਾ ਦੇ ਪਿੰਡਾਂ ਦੀ ਸਹੂਲਤ ਲਈ ਸਰਕਾਰ ਨਜ਼ਦੀਕ ਹੀ ਫਾਇਰ ਬਿਗ੍ਰੇਡ ਸਟੇਸ਼ਨ ਬਣਾਵੇ: ਡੈਨੀ ਬੰਡਾਲਾ



ਚੌਂਕ ਮਹਿਤਾ, 8 ਸਤੰਬਰ (ਬਲਜਿੰਦਰ ਸਿੰਘ ਰੰਧਾਵਾ): ਕਸਬਾ ਚੌਂਕ ਮਹਿਤਾ ਦੀ ਘੁਮਾਣ ਰੋਡ ਸਥਿਤ ਬਿਜਲੀ ਦੇ ਸਮਾਨ ਦੀ ਨਾਮੀ ਦੁਕਾਨ 'ਮਠਾਰੂ ਇਲੈਕਟ੍ਰੀਕਲ' ਦੇ ਸਟੋਰ 'ਚ ਲੱਗੀ ਅੱਗ ਦੌਰਾਨ ਲੱਖਾਂ ਦਾ ਸਮਾਨ ਸੜ ਕੇ ਸੁਆਹ ਹੋ ਗਿਆ। ਇਸ ਹਾਦਸੇ ਦਾ ਕਾਰਨ ਸਟੋਰ ਅੰਦਰ ਹੋਏ ਸ਼ਾਰਟ ਸਰਕਟ ਨੂੰ ਦੱਸਿਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਦੁਕਾਨ ਮਾਲਕ ਮਲਕੀਤ ਸਿੰਘ ਮਠਾਰੂ ਤੇ ਦਲਜੀਤ ਸਿੰਘ ਮਠਾਰੂ ਨੇ ਦੱਸਿਆ ਕਿ ਬੀਤੀ ਸ਼ਾਮ 8.30 ਦੇ ਕਰੀਬ ਉਨ੍ਹਾਂ ਨੂੰ ਪਤਾ ਲੱਗਾ ਸੀ ਕਿ ਸਟੋਰ ਅੰਦਰੋਂ ਧੂੰਆਂ ਨਿਕਲ ਰਿਹਾ ਹੈ, ਜਿਸਤੋਂ ਬਾਅਦ ਉਨ੍ਹਾਂ ਨੇ ਸਟੋਰ ਦਾ ਸ਼ਟਰ ਚੁੱਕ ਕੇ ਦੇਖਿਆ ਤਾਂ ਪਿਛਲੇ ਪਾਸੇ ਬਣੇ ਕਮਰੇ 'ਚ ਪਏ ਸਮਾਨ ਨੂੰ ਅੱਗ ਲੱਗੀ ਹੋਈ ਸੀ। ਉਨ੍ਹਾਂ ਕਿਹਾ ਕਿ ਹਾਲਾਤ ਬੇਕਾਬੂ ਹੋ ਜਾਣ ਕਾਰਨ ਸਥਾਨਕ ਪੁਲਸ ਤੇ ਫਾਇਰ ਬਿਗ੍ਰੇਡ ਨੂੰ ਸੂਚਿਤ ਕੀਤਾ ਗਿਆ, ਜਿਸਤੋਂ ਬਾਅਦ ਕਈ ਕਿਲੋਮੀਟਰ ਦੂਰ ਤੋਂ ਬਟਾਲਾ, ਬਿਆਸ, ਜੰਡਿਆਲਾ ਤੇ ਅੰਮ੍ਰਿਤਸਰ ਤੋਂ ਭੇਜੀਆਂ ਗਈਆਂ ਫਾਇਰ ਬਿਗ੍ਰੇਡ ਦੀਆਂ ਗੱਡੀਆਂ ਨੇ ਆ ਕੇ ਅੱਗ 'ਤੇ ਕਾਬੂ ਤਾਂ ਪਾ ਲਿਆ ਪਰ ਆਉਣ 'ਚ ਦੇਰੀ ਹੋ ਜਾਣ ਕਾਰਨ ਕਾਫੀ ਵੱਡਾ ਨੁਕਸਾਨ ਹੋ ਗਿਆ। ਪੀੜਤ ਦੁਕਾਨ ਮਾਲਕ ਅਨੁਸਾਰ ਇਸ ਨੁਕਸਾਨ ਦੀ ਅੰਦਾਜ਼ਨ ਕੀਮਤ 50 ਤੋਂ 60 ਲੱਖ ਦੇ ਕਰੀਬ ਦੱਸੀ ਜਾ ਰਹੀ ਹੈ। ਇਸ ਮੌਕੇ ਕਾਂਗਰਸ ਪਾਰਟੀ ਦੇ ਜੰਡਿਆਲਾ ਗੁਰੂ ਹਲਕਾ ਇੰਚਾਰਜ ਤੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਨੇ ਪੀੜਤ ਮਠਾਰੂ ਭਰਾਵਾਂ ਨਾਲ ਮੁਲਾਕਾਤ ਕੀਤੀ ਤੇ ਆਰਥਿਕ ਤੌਰ 'ਤੇ ਹੋਏ ਵੱਡੇ ਨੁਕਸਾਨ ਲਈ ਹਮਦਰਦੀ ਜਤਾਈ। ਡੈਨੀ ਬੰਡਾਲਾ ਨੇ ਕਿਹਾ ਕਿ ਅੱਗ ਲੱਗਣ ਨਾਲ ਜੋ ਵੱਡਾ ਨੁਕਸਾਨ ਹੋਇਆ ਹੈ, ਉਸਦਾ ਇੱਕ ਕਾਰਨ ਫਾਇਰ ਬਿਗ੍ਰੇਡ ਦੀਆਂ ਗੱਡੀਆਂ ਦਾ ਕਈ ਕਿਲੋਮੀਟਰ ਦੂਰ ਤੋਂ ਆਉਣਾ ਵੀ ਹੈ, ਜੋ ਸਮੇਂ ਸਿਰ ਪੁੱਜ ਨਹੀਂ ਸਕੀਆਂ ਤੇ ਅੱਗ ਬੇਕਾਬੂ ਹੋ ਗਈ। ਜੇਕਰ ਨਜ਼ਦੀਕ ਹੀ ਕੋਈ ਫਾਇਰ ਬਿਗ੍ਰੇਡ ਸਟੇਸ਼ਨ ਹੁੰਦਾ ਤਾਂ ਇਸ ਹਾਦਸੇ ਨੂੰ ਵੱਧਣ ਤੋਂ ਪਹਿਲਾਂ ਹੀ ਟਾਲਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਰਕਲ ਮਹਿਤਾ ਦੇ ਬਹੁਤ ਸਾਰੇ ਪਿੰਡਾਂ ਦੀ ਸਹੂਲਤ ਲਈ ਸਰਕਾਰ ਨੂੰ ਨਜ਼ਦੀਕ ਹੀ ਫਾਇਰ ਬਿਗ੍ਰੇਡ ਸਟੇਸ਼ਨ ਬਣਾਉਣਾ ਚਾਹੀਦਾ ਹੈ ਤਾਂ ਜੋ ਲੋੜ ਪੈਣ 'ਤੇ ਅਜਿਹੀਆਂ ਘਟਨਾਵਾਂ ਨੂੰ ਤੁਰੰਤ ਰੋਕਿਆ ਜਾ ਸਕੇ। ਇਸ ਮੌਕੇ ਕਾਂਗਰਸੀ ਆਗੂ ਹਰਜਿੰਦਰ ਸਿੰਘ ਜੱਜ ਸਾਬਕਾ ਸਰਪੰਚ, ਸਰਪੰਚ ਗੁਰਮੇਜ ਸਿੰਘ ਰੰਧਾਵਾ ਉਦੋਨੰਗਲ, ਬਲਵਿੰਦਰ ਸਿੰਘ ਸ਼ਾਹ ਮਹਿਤਾ, ਮੇਜਰ ਸਿੰਘ ਪੁਰਬਾ, ਹਰਪਾਲ ਸਿੰਘ ਜੱਜ ਮੌਜੂਦ ਸਨ।

# ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ ਵੱਲੋਂ ਮਹੀਨਾਵਾਰ ਰਾਸ਼ਨ ਵੰਡ ਸਮਾਗਮ ਦੌਰਾਨ 60 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ ਵੰਡਿਆ



ਧਾਰੀਵਾਲ, 8 ਸਤੰਬਰ (ਅਸ਼ੋਕ ਕੁਮਾਰ): ਐਨ.ਆਰ.ਆਈ. ਪੰਜਾਬੀ ਵੀਰ ਵਿਦੇਸ਼ ਵਿੱਚ ਸਖਤ ਮਿਹਨਤ ਕਰਕੇ ਆਪਣੀ ਨੇਕ ਕਮਾਈ ਦਾ ਦਸਵੰਧ ਭੇਜਦੇ ਹਨ, ਜਿਸ ਨਾਲ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੋਸਾਇਟੀ ਗੁਰਦਾਸਪੁਰ ਲੋੜਵੰਦ ਪਰਿਵਾਰਾਂ ਦੀ ਮਹੀਨਾਵਾਰ ਸੇਵਾ ਕਰਨ ਸਮੇਤ ਹੋਣਹਾਰ ਲੋੜਵੰਦ ਵਿਦਿਆਰਥੀਆਂ ਦੀ ਪੜ੍ਹਾਈ ਦਾ ਖਰਚਾ ਅਦਾ ਕਰ ਰਹੇ ਹਨ। ਸਤੰਬਰ ਮਹੀਨਾ ਦੌਰਾਨ ਰਾਸ਼ਨ ਦੀ ਸੇਵਾ ਨਿਭਾਉਂਦੇ ਹੋਏ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੋਸਾਇਟੀ ਗੁਰਦਾਸਪੁਰ ਦੇ ਪ੍ਰਧਾਨ ਨਿਰਮਲ ਸਿੰਘ ਸਰਪੰਚ ਪਿੰਡ ਮਾੜੇ ਨੇ ਦੱਸਿਆ ਕਿ ਮਨਜੀਤ ਸਿੰਘ ਪੈਰਿਸ ਦੀ ਪ੍ਰੇਰਨਾ ਸਦਕਾ ਅੱਜ ਦੀ ਸੇਵਾ ਮੁੱਖ ਸੇਵਾਦਾਰ ਡਾ. ਲਖਵਿੰਦਰ ਸਿੰਘ ਪੈਰਿਸ, ਰਣਜੋਧ ਸਿੰਘ ਪੈਰਿਸ, ਕੰਵਰ ਦਲੀਪ ਸਿੰਘ ਉਰਫ ਕੈਂਡੀ ਪੈਰਿਸ, ਹੈਪੀ, ਗੋਪੀ ਪ੍ਰੀਤ, ਜਸ਼ਨ ਪੈਰਿਸ, ਮਿੰਟੂ ਪਹਿਲਵਾਨ ਪੈਰਿਸ, ਹਰਦੀਪ ਸਿੰਘ ਪੈਰਿਸ ਤੇ ਹੈਪੀ ਪੈਰਿਸ ਵੱਲੋਂ ਆਪਣੀ ਨੇਕ ਕਮਾਈ ਦੇ ਭੇਜੇ ਦਸਵੰਧ ਨਾਲ ਨਿਭਾਈ ਗਈ। ਜੋਕਿ ਭਵਿੱਖ ਵਿੱਚ ਵੀ ਨਿਰੰਤਰ ਜਾਰੀ ਰਹੇਗੀ। ਪ੍ਰਧਾਨ ਨਿਰਮਲ ਸਿੰਘ ਸਮੇਤ ਹੋਰ ਅਹੁਦੇਦਾਰਾਂ ਨੇ ਦੱਸਿਆ ਕਿ ਐਨ. ਆਰ. ਆਈ. ਪੰਜਾਬੀ ਵੀਰਾਂ ਦੇ ਸਹਿਯੋਗ ਨਾਲ ਹੜ੍ਹ ਪ੍ਰਭਾਵਿਤ ਲੋਕਾਂ ਦੀ ਉਨ੍ਹਾਂ ਦੀ ਲੋੜ ਅਨੁਸਾਰ ਸੇਵਾ ਭੇਜੀ ਜਾ ਰਹੀ ਹੈ ਤੇ ਜਨ-ਜੀਵਨ ਆਮ ਵਾਂਗ ਹੋਣ ਤੱਕ ਹੜ੍ਹ ਪੀੜਤਾਂ ਦੀ ਸੇਵਾ ਕਰਦੇ ਰਹਿਣਗੇ ਤੇ ਇਸ ਮਹੀਨੇ ਕਰੀਬ 60 ਲੋੜਵੰਦ ਪਰਿਵਾਰਾਂ ਨੂੰ ਰਸੋਈ ਦਾ ਸਾਰਾ ਰਾਸ਼ਨ ਵੰਡਿਆ ਗਿਆ। ਰਾਸ਼ਨ ਵੰਡ ਸਮਾਗਮ ਦੌਰਾਨ ਗੁਰਦੁਆਰਾ ਦੁੱਖ ਨਿਵਾਰਨ ਪ੍ਰਬੰਧਕ ਕਮਟੀ ਵੱਲੋਂ ਕੀਤੇ ਸਹਿਯੋਗ ਸਬੰਧੀ ਪ੍ਰਬੰਧਕਾਂ ਵੱਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ 'ਤੇ ਪ੍ਰਧਾਨ ਨਿਰਮਲ ਸਿੰਘ ਤੋਂ ਇਲਾਵਾ ਵਾਈਸ ਪ੍ਰਧਾਨ ਹਰਭਜਨ ਸਿੰਘ, ਖਜ਼ਾਨਚੀ ਤਰਸੇਮ ਲਾਲ, ਰਿਟਾ. ਐਸ.ਡੀ.ਓ. ਦਾਰਾ ਸਿੰਘ, ਰਵਿੰਦਰ ਸਿੰਘ ਮਹਾਂਦੇਵ ਕਲਾਂ, ਗੁਰਪ੍ਰੀਤ ਸਿੰਘ ਜੇ.ਈ. ਤੋਂ ਇਲਾਵਾ ਹੋਰ ਸੇਵਾਦਾਰ ਤੇ ਰਾਸ਼ਨ ਪ੍ਰਾਪਤ ਕਰਨ ਵਾਲੇ ਪਰਿਵਾਰ ਹਾਜ਼ਰ ਸਨ।

# ਅੱਖਾਂ ਦੇ ਮੁਫ਼ਤ ਚੈਕਅਪ ਕੈਂਪ ਦਾ ਸੰਗਤਾਂ ਨੇ ਲਾਭ ਉਠਾਇਆ

☛ਮਨੁੱਖਤਾ ਦੀ ਭਲਾਈ ਲਈ ਕੈਂਪ ਲੱਗਦੇ ਰਹਿਣਗੇ: ਪ੍ਰਧਾਨ ਆਜ਼ਾਦ, ਚੇਤ ਰਾਮ ਰਤਨ, ਪਾਂਡੇ



ਨਵਾਂ ਸ਼ਹਿਰ, 8 ਸਤੰਬਰ (ਸੁਖਦੇਵ ਸਿੰਘ ਉੜਾਪੜ): ਅੱਖਾਂ ਦਾ ਚੈਕਅਪ ਮੈਡੀਕਲ ਕੈਂਪ ਨਵਦੀਪਕ ਆਈ ਕੇਅਰ ਹਸਪਤਾਲ ਗੜ੍ਹਸ਼ੰਕਰ ਜ਼ਿਲ੍ਹਾ ਹੁਸ਼ਿਆਰਪੁਰ ਡਾ. ਦੀਪਕ ਕੁਮਾਰ ਪਾਂਡੇ ਨੈਸਨਸ਼ਲ ਹੈਲਪ ਡਿਪਾਰਟਮੈਂਟ ਪ੍ਰਧਾਨ ਆਲ ਇੰਡੀਆ ਹਿਊਮਨ ਰਾਇਟਸ ਕੌਂਸਲ ਟੀਮ ਦੀ ਅਗਵਾਈ ਹੇਠ ਡਾ. ਰਾਮ ਫਗਵਾੜਾ ਵੱਲੋਂ ਧਾਰਮਿਕ ਸਥਾਨ ਪੀਰ ਗਿਆਰੀ ਵਾਲੀ ਸਰਕਾਰ ਲੱਖਦਾਤਾ ਪੀਰ ਦਰਬਾਰ ਨਵੀਂ ਅਬਾਦੀ ਨਵਾਂ ਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਗੱਦੀ ਨਸ਼ੀਨ ਬੀਬੀ ਬਲਜੀਤ ਕਾਦਰੀ ਦੀ ਰਹਿਨੁਮਾਈ ਹੇਠ ਸੱਤਵਾਂ ਅੱਖਾਂ ਦਾ ਮੁਫ਼ਤ ਚੈਕਅਪ ਕੈਂਪ ਲਗਾਇਆ ਗਿਆ। ਜਿਸ ਦਾ ਉਦਘਾਟਨ ਕੌਮੀ ਪ੍ਰਧਾਨ ਆਸਾ ਸਿੰਘ ਆਜ਼ਾਦ ਤੇ ਪਵਨਜੀਤ ਕੌਰ ਮਾਨ ਕੌਮੀ ਪ੍ਰਧਾਨ ਮਹਿਲਾ ਇੰਡੀਆ ਹਿਊਮਨ ਰਾਇਟਸ ਕੌਂਸਲ ਨੇ ਕੀਤਾ। ਉਨ੍ਹਾਂ ਕਿਹਾ ਕਿ ਭੈਣ ਬੀਬੀ ਬਲਜੀਤ ਕਾਦਰੀ ਧਾਰਮਿਕ ਸਥਾਨ ਦੀ ਸੇਵਾ ਦੇ ਨਾਲ ਮਨੁੱਖਤਾ ਦੀ ਭਲਾਈ ਵਾਸਤੇ ਅੱਖਾਂ ਦਾ 7ਵਾਂ ਮੁਫਤ ਚੈਕਅਪ ਕੈਂਪ ਲਗਾਉਣਾ ਸ਼ਲਾਘਾਯੋਗ ਕਦਮ ਹੈ। ਪ੍ਰਧਾਨ ਆਸ਼ਾ ਤੇ ਮੈਡਮ ਮਾਨ ਨੇ ਪੰਜਾਬ ਵਿੱਚ ਕੁਦਰਤੀ ਕਰੋਪੀ ਨਾਲ ਆਏ ਹੜ੍ਹਾਂ ਨਾਲ ਫਸਲਾਂ ਦੀ ਤਬਾਹੀ ਹੋਈ ਜਿਥੇ ਮਨੁੱਖੀ ਜਾਨ ਦਾ ਨੁਕਸਾਨ ਤੇ ਬੇਜ਼ੁਬਾਨ ਪਸ਼ੂਆਂ, ਜਾਨਵਰਾਂ ਦਾ ਹੜ੍ਹ ਵਿੱਚ ਹੜ੍ਹ ਜਾਣਾ ਕੁਦਰਤ ਦੀ ਲੋਕਾਂ 'ਤੇ ਕਰੋਪੀ ਹੈ। ਅਸੀਂ ਆਪਣੀ ਸੰਸਥਾ ਵੱਲੋਂ ਪ੍ਰਮਾਤਮਾਂ, ਗੁਰੂਆਂ ਪੀਰਾਂ ਅੱਗੇ ਅਰਦਾਸ ਕਰਦੇ ਹਾਂ ਮੀਂਹ ਪੈਣ 'ਤੇ ਰਹਿਮ ਕੀਤੀ ਜਾਵੇ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਪੂਨਮ ਸੂਰੀ, ਕੁਲਵਿੰਦਰ ਸਿੰਘ ਭਾਰਟਾ ਚੇਅਰਮੈਨ ਪੰਜਾਬ, ਜਸਵਿੰਦਰ ਕੌਰ ਸਾਬਕਾ ਮੈਂਬਰ ਪੰਚਾਇਤ, ਤਰਸੇਮ ਲਾਲ ਮੈਨੇਜਰ ਸਾਂਈ ਸੁਰਜੀਤ ਰਾਹੋਂ, ਮਾਸਟਰ ਸ਼ਨੀ ਤੇ ਬਿੰਦੀ, ਮੋਹਨ ਲਾਲ ਬਰਨਾਲਾ, ਸੁਰਜੀਤ ਸਿੰਘ ਸੋਇਤਾ, ਸਿੰਗਰਾਂ ਸਿੰਘ ਨੌਰਾ, ਪੰਚਾਇਤ ਅਫਸਰ ਸੰਜੀਵ ਸੂਰੀ, ਮਾਸਟਰ ਸੁਰੇਸ ਧੀਰ, ਚੰਨੀ ਨੰਬਰਦਾਰ, ਨੀਲਮ ਗੜ੍ਹਸ਼ੰਕਰ ਤੇ ਅਕਾਸ ਕੁਮਾਰ ਤੋਂ ਇਲਾਵਾ ਬਾਲੂ ਰਾਮ ਮਾਹੀ ਜੋ ਵਿਸ਼ੇਸ਼ ਤੌਰ 'ਤੇ ਇੰਗਲੈਂਡ ਤੋਂ ਆਏ ਹਾਜ਼ਰ ਸਨ। ਇਸ ਚੈਕਅੱਪ ਕੈਂਪ ਵਿੱਚ 122 ਲੋਕਾਂ ਤੇ ਸੰਗਤਾਂ ਨੇ ਅੱਖਾਂ ਦੀ ਜਾਂਚ ਕਰਵਾਉਣ ਦਾ ਲਾਭ ਉਠਾਇਆ।

# ਵਾਈਸ ਪ੍ਰਧਾਨ ਚੇਤਨ ਸ਼ਰਮਾ ਨੇ ਬੂਟੇ ਲਗਾ ਕੇ ਮਨਾਇਆ ਜਨਮ ਦਿਨ

ਨਵਾਂਸ਼ਹਿਰ, 8 ਸਤੰਬਰ (ਰੌਸ਼ਨ ਲਾਲ ਸੁੰਮਨ): ਸਹਿਯੋਗ ਸੇਵਾ ਸੁਸਾਇਟੀ ਦੇ ਵਾਈਸ ਪ੍ਰਧਾਨ ਚੇਤਨ ਸ਼ਰਮਾ ਨੇ ਆਪਣੇ ਜਨਮ ਦਿਨ ਮੌਕੇ ਬੂਟੇ ਲਗਾ ਕੇ ਵਾਤਾਵਰਣ ਪ੍ਰਤੀ ਜਾਗਰੂਕਤਾ ਦਾ ਸੁਨੇਹਾ ਦਿੱਤਾ। ਇਸ ਮੌਕੇ ਉਨ੍ਹਾਂ ਵੱਲੋਂ ਸੁਸਾਇਟੀ ਦੇ ਪ੍ਰਧਾਨ ਪ੍ਰਦੀਪ ਧੀਂਗੜਾ, ਮਨੀਸ਼ ਖੋਸਲਾ, ਸੁਸਾਇਟੀ ਦੇ ਮੈਂਬਰ ਤੇ ਵਾਤਾਵਰਣ ਸੰਭਾਲ ਸੁਸਾਇਟੀ ਦੇ ਵਾਈਸ ਪ੍ਰਧਾਨ ਤਰਸੇਮ ਲਾਲ ਦੀ ਅਗਵਾਈ ਵਿੱਚ ਸੋਨਾ ਰੋਡ ਸਥਿਤ ਸਰਕਾਰੀ ਪਾਰਕ ਵਿੱਚ ਵੱਖ-ਵੱਖ ਕਿਸਮ ਦੇ 10 ਬੂਟੇ ਲਗਾਏ ਗਏ। ਇਸ ਮੌਕੇ 'ਤੇ ਸੁਸਾਇਟੀ ਦੇ ਪ੍ਰਧਾਨ ਪ੍ਰਦੀਪ ਧੀਂਗੜਾ ਨੇ ਕਿਹਾ ਕਿ ਵਾਤਾਵਰਣ ਅਤੇ ਧਰਤੀ ਨੂੰ ਬਚਾਉਣ ਲਈ ਵੱਧ ਤੋਂ ਵੱਧ ਰੁੱਖ ਲਗਾਉਣ ਦੀ ਲੋੜ ਹੈ। ਰੁੱਖਾਂ ਦੀਆਂ ਜੜ੍ਹਾਂ ਮਿੱਟੀ ਨੂੰ ਜਕੜ ਕੇ ਹੜ੍ਹ ਰੋਕਣ ਵਿੱਚ ਸਹਾਇਤਾ ਕਰਦੀਆਂ ਹਨ। ਸਾਨੂੰ ਸਾਰਿਆਂ ਨੂੰ ਧਰਤੀ 'ਤੇ ਹਰਿਆਲੀ ਵਧਾਉਣ ਲਈ ਉਪਰਾਲੇ ਕਰਨੇ ਚਾਹੀਦੇ ਹਨ। ਸੁਸਾਇਟੀ ਮੈਂਬਰ ਤਰਸੇਮ ਲਾਲ ਨੇ ਪਾਰਕ ਵਿੱਚ ਫੁਟਬਾਲ ਖੇਡਦੇ ਹੋਏ ਬੱਚਿਆਂ ਕੋਲੋਂ ਵੀ ਬੂਟੇ ਲਗਵਾਏ ਤੇ ਇਨਾਂ ਦੀ ਸਾਂਭ-ਸੰਭਾਲ ਕਰਨ ਲਈ ਬੱਚਿਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਸੁਸਾਇਟੀ ਦੇ ਪ੍ਰਧਾਨ ਪ੍ਰਦੀਪ ਧੀਂਗੜਾ, ਵਾਈਸ ਪ੍ਰਧਾਨ ਚੇਤਨ ਸ਼ਰਮਾ, ਮਨੀਸ਼ ਖੋਸਲਾ, ਤਰਸੇਮ ਲਾਲ, ਸੂਰਜ ਕੁਮਾਰ, ਆਕਾਸ਼ ਕੁਮਾਰ, ਸਾਹਿਲ ਗਿੱਲ, ਰਾਹੁਲ ਪਾਸਵਾਨ ਤੇ ਸੰਨੀ ਹਾਜ਼ਰ ਸਨ।



# 'ਤੁਹਾਡੇ ਮੂੰਹ 'ਚ ਤੇਜ਼ਾਬ ਪਾ ਦੇਵਾਂਗਾ', ਭਾਜਪਾ ਵਿਧਾਇਕ ਨੂੰ ਮਿਲੀ ਖੁੱਲ੍ਹੀ ਧਮਕੀ, ਮਚਿਆ ਹੰਗਾਮਾ

ਕੋਲਕਾਤਾ, 8 ਸਤੰਬਰ (ਚ.ਨ.ਸ): ਤ੍ਰਿਣਮੂਲ ਕਾਂਗਰਸ ਨੇਤਾਵਾਂ ਵੱਲੋਂ ਵਿਰੋਧੀ ਪਾਰਟੀਆਂ ਦੇ ਨੇਤਾਵਾਂ, ਵਰਕਰਾਂ ਨੂੰ ਧਮਕੀ ਦੇਣਾ ਕੋਈ ਨਵੀਂ ਗੱਲ ਨਹੀਂ ਹੈ। ਕੁਝ ਮਹੀਨੇ ਪਹਿਲਾਂ ਬਾਂਕੁੜਾ ਦੇ ਓਂਦਾ ਤੋਂ ਭਾਜਪਾ ਵਿਧਾਇਕ ਨੂੰ ਤ੍ਰਿਣਮੂਲ ਨੇਤਾਵਾਂ ਨੇ ਹੱਥ-ਪੈਰ ਤੋੜਨ ਦੀ ਧਮਕੀ ਦਿੱਤੀ ਸੀ।ਇਸ ਤੋਂ ਬਾਅਦ ਹੁਣ ਮਾਲਦਾ ਜ਼ਿਲ੍ਹੇ ਦੇ ਪ੍ਰਧਾਨ ਅਬਦੁਰ ਰਹੀਮ ਬਖਸ਼ੀ ਨੇ ਵਿਧਾਨ ਸਭਾ 'ਚ ਭਾਜਪਾ ਵਿਧਾਇਕ ਦਲ ਦੇ ਚੀਫ ਵ੍ਹਿਪ ਅਤੇ ਵਿਧਾਇਕ ਦੇ ਮੂੰਹ 'ਚ ਤੇਜ਼ਾਬ ਪਾਉਣ ਦੀ ਧਮਕੀ ਦਿੱਤੀ ਹੈ।ਦੱਸ ਦੇਈਏ ਕਿ ਅਬਦੁਰ ਰਹੀਮ ਸ਼ਨੀਵਾਰ ਦੀ ਸ਼ਾਮ ਨੂੰ ਇਕ ਰੈਲੀ ਨੂੰ ਸੰਬੋਧਨ ਕਰ ਰਹੇ ਸਨ ।ਇਸ ਦੌਰਾਨ ਆਪਣੇ ਭਾਸ਼ਣ 'ਚ ਉਨ੍ਹਾਂ ਨੇ ਭਾਜਪਾ ਵਿਧਾਇਕ ਸ਼ੰਕਰ ਘੋਸ਼ 'ਤੇ ਸ਼ਬਦੀ ਹਮਲਾ ਕੀਤਾ ।ਹਾਲਾਂਕਿ ਉਨ੍ਹਾਂ ਨੇ ਇਸ ਦੌਰਾਨ ਉਨ੍ਹਾਂ ਦਾ ਨਾਂ ਨਹੀਂ ਲਿਆ । ਬਿਨਾਂ ਨਾਂ ਲਏ ਉਨ੍ਹਾਂ 'ਤੇ ਤ੍ਰਿਣਮੂਲ ਜ਼ਿਲ੍ਹਾ ਪ੍ਰਧਾਨ ਨੇ ਨਿਸ਼ਾਨਾ ਵਿੰਨ੍ਹਿਆ। ਵਿਧਾਨ ਸਭਾ 'ਚ ਘੋਸ਼ ਵੱਲੋਂ ਬੰਗਾਲ ਦੇ ਪ੍ਰਵਾਸੀ ਮਜ਼ਦੂਰਾਂ ਨੂੰ 'ਰੋਹਿੰਗਿਆ' ਅਤੇ 'ਬੰਗਲਾਦੇਸ਼ੀ' ਦੱਸਣ ਵਾਲੀਆਂ ਪਿਛਲੀਆਂ ਟਿੱਪਣੀਆਂ ਦਾ ਜ਼ਿਕਰ ਕਰਦੇ ਹੋਏ ਬਖਸ਼ੀ ਨੇ ਕਿਹਾ ਕਿ ਜੋ ਬੇਸ਼ਰਮੀ ਨਾਲ ਕਹਿੰਦੇ ਹਨ ਕਿ ਬੰਗਾਲ ਦੇ 30 ਲੱਖ ਪ੍ਰਵਾਸੀ ਮਜ਼ਦੂਰ, ਜੋ ਬਾਹਰ ਕੰਮ ਕਰਦੇ ਹਨ, ਉਹ ਬੰਗਾਲੀ ਨਹੀਂ ਹਨ, ਉਹ ਰੋਹਿੰਗਿਆ ਹਨ, ਬੰਗਲਾਦੇਸ਼ੀ ਹਨ, ਜੇ ਉਨ੍ਹਾਂ ਦੁਬਾਰਾ ਅਜਿਹਾ ਬੋਲਿਆ ਤਾਂ ਮੈਂ ਉਨ੍ਹਾਂ ਦੇ ਮੂੰਹ 'ਚ ਤੇਜ਼ਾਬ ਪਾ ਕੇ ਉਨ੍ਹਾਂ ਦੀ ਆਵਾਜ਼ ਬੰਦ ਕਰ ਦੇਵਾਂਗਾ।ਉਨ੍ਹਾਂ ਇਸ ਦੌਰਾਨ ਕਿਹਾ ਕਿ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਇਹ ਬੰਗਾਲ ਹੈ ।ਅਸੀਂ ਬੰਗਾਲੀ ਤੁਹਾਨੂੰ ਬੋਲਣ ਦੀ ਜਗ੍ਹਾ ਨਹੀਂ ਦੇਵਾਂਗੇ।ਮੈਂ ਤੁਹਾਡਾ ਚਿਹਰਾ ਤੇਜ਼ਾਬ ਪਾ ਕੇ ਸਾੜ ਦੇਵਾਂਗਾ। ਇਸ ਦੇ ਨਾਲ ਹੀ ਉਨ੍ਹਾਂ ਨੇ ਇਸ ਮੌਕੇ ਲੋਕਾਂ ਨੂੰ ਭਾਜਪਾ ਦੇ ਝੰਡੇ ਪਾੜਨ ਅਤੇ ਜ਼ਿਲ੍ਹੇ 'ਚ ਪਾਰਟੀ ਨੇਤਾਵਾਂ ਦਾ ਸਮਾਜਿਕ ਬਾਈਕਾਟ ਕਰਨ ਦੀ ਅਪੀਲ ਵੀ ਕੀਤੀ।ਦੂਜੇ ਪਾਸੇ ਇਸ ਟਿੱਪਣੀ ਲਈ ਭਾਜਪਾ ਨੇ ਉਨ੍ਹਾਂ ਦੀ ਨਿੰਦਿਆ ਕੀਤੀ ਅਤੇ ਤ੍ਰਿਣਮੂਲ 'ਤੇ ਧਮਕੀ ਤੇ ਹਿੰਸਾ ਦੇ ਸੱਭਿਆਚਾਰ ਨੂੰ ਉਤਸ਼ਾਹ ਦੇਣ ਦਾ ਦੋਸ਼ ਲਗਾਇਆ।



# ਰੇਲਵੇ ਸਟੇਸ਼ਨ 'ਤੇ ਪਿਸਤੌਲ ਦਿਖਾ ਕੇ ਲੜਕੀ ਨੂੰ ਕੀਤਾ ਅਗਵਾ

**☛ਫਿਰ ਕੀਤਾ ਨੌਜਵਾਨਾਂ ਨੇ ਸਮੂਹਿਕ ਜਬਰ-ਜਨਾਹ**

ਪਟਨਾ, 8 ਸਤੰਬਰ (ਚ.ਨ.ਸ.): ਬਿਹਾਰ ਦੀ ਰਾਜਧਾਨੀ ਪਟਨਾ ਦੇ ਫਤੂਹਾ ਇਲਾਕੇ ਵਿਚ 22 ਸਾਲਾ ਲੜਕੀ ਨਾਲ ਸਮੂਹਿਕ ਜਬਰ-ਜਨਾਹ ਦਾ ਮਾਮਲਾ ਸਾਹਮਣੇ ਆਇਆ ਹੈ।ਪੀੜਤਾ ਦਾ ਕਹਿਣਾ ਹੈ ਕਿ ਉਸ ਨੂੰ 2 ਨੌਜਵਾਨਾਂ ਨੇ ਅਗਵਾ ਕਰ ਕੇ ਉਸ ਨਾਲ ਸਮੂਹਿਕ ਜਬਰ-ਜਨਾਹ ਕੀਤਾ।ਪੁਲਿਸ ਨੇ ਦੋਵਾਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ।ਮੁਲਜ਼ਮਾਂ ਦੀ ਪਛਾਣ ਸੋਨੂੰ ਕੁਮਾਰ ਉਰਫ਼ ਸੋਨੂੰ ਸੰਨਾਟਾ ਤੇ ਨਿਰੰਜਨ ਕੁਮਾਰ ਵਜੋਂ ਹੋਈ ਹੈ। ਪੁਲਿਸ ਮੁਤਾਬਕ ਸੋਨੂੰ ਸੰਨਾਟਾ ਦਾ ਅਪਰਾਧਿਕ ਇਤਿਹਾਸ ਹੈ ਅਤੇ ਉਸ ਵਿਰੁੱਧ ਗੋਲੀਬਾਰੀ, ਜਬਰੀ ਵਸੂਲੀ, ਮਾਰਕੁੱਟ ਅਤੇ ਜਬਰ-ਜਨਾਹ ਸਮੇਤ ਕੁੱਲ 9 ਮਾਮਲੇ ਦਰਜ ਹਨ। ਪੀੜਤਾ ਨੇ ਦੱਸਿਆ ਕਿ ਮੰਗਲਵਾਰ ਨੂੰ ਫਤੂਹਾ ਸਟੇਸ਼ਨ 'ਤੇ ਰੇਲਗੱਡੀ ਦੀ ਉਡੀਕ ਕਰਦੇ ਸਮੇਂ ਦੋਵੇਂ ਮੁਲਜ਼ਮ ਉਸ ਨੂੰ ਪਿਸਤੌਲ ਦਿਖਾ ਕੇ ਜ਼ਬਰਦਸਤੀ ਆਪਣੇ ਨਾਲ ਲੈ ਗਏ ਤੇ ਜਬਰ-ਜਨਾਹ ਕੀਤਾ।



# ਨਸ਼ੇ ਦੀ ਓਵਰਡੋਜ਼ ਨਾਲ ਦੋ ਸਕੇ ਭਰਾਵਾਂ ਦੀ ਮੌਤ, ਤਿੰਨੇ ਭਰਾ ਚੜ੍ਹ ਗਏ ਨਸ਼ੇ ਦੀ ਭੇਟ

ਸ੍ਰੀ ਗੋਇੰਦਵਾਲ ਸਾਹਿਬ, 8 ਸਤੰਬਰ (ਚ.ਨ.ਸ): ਤਰਨਤਾਰਨ ਜ਼ਿਲ੍ਹੇ ਦੇ ਪਿੰਡ ਜਾਮਾਰਾਏ ਵਿਖੇ ਨਸ਼ੇ ਦੀ ਓਵਰਡੋਜ਼ ਨਾਲ ਦੋ ਸਕੇ ਭਰਾਵਾਂ ਦੀ ਮੌਤ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਦੱਸਿਆ ਜਾ ਰਿਹਾ ਹੈ ਕਿ ਦੋਵਾਂ ਨੇ ਰਾਤ ਸਮੇਂ ਨਸ਼ੇ ਦੀ ਡੋਜ਼ ਲਈ, ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਈ । ਜਦੋਂਕਿ ਇਨ੍ਹਾਂ ਦੇ ਤੀਸਰੇ ਭਰਾ ਦੀ ਵੀ ਨਸ਼ੇ ਨਾਲ ਮੌਤ ਹੋ ਚੁੱਕੀ ਹੈ।ਪਰਿਵਾਰ ਨੇ ਦੋਸ਼ ਲਗਾਇਆ ਕਿ ਨੌਜਵਾਨਾਂ ਨੂੰ ਤੁੜ ਪਿੰਡ ਤੋਂ ਕੋਈ ਨਸ਼ਾ ਦੇ ਕੇ ਗਿਆ ਸੀ, ਜਿਸ ਨਾਲ ਦੋਵਾਂ ਦੀ ਮੌਤ ਹੋ ਗਈ ।ਦੂਜੇ ਪਾਸੇ ਪੁਲਿਸ ਨੇ ਕਿਹਾ ਕਿ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ ਤੇ ਜੋ ਵੀ ਸਾਹਮਣੇ ਆਇਆ, ਉਸ 'ਤੇ ਕਾਰਵਾਈ ਕੀਤੀ ਜਾਵੇਗੀ । ਮ੍ਰਿਤਕ ਨੌਜਵਾਨਾਂ ਦੀ ਮਾਤਾ ਰਣਜੀਤ ਕੌਰ ਨੇ ਦੱਸਿਆ ਕਿ ਸ਼ਨੀਵਾਰ ਨੂੰ ਤੁੜ ਪਿੰਡ ਦਾ ਕੋਈ ਵਿਅਕਤੀ ਉਸਦੇ ਲੜਕਿਆਂ ਨੂੰ 10 ਹਜ਼ਾਰ ਰੁਪਏ ਦਾ ਨਸ਼ਾ ਦੇ ਕੇ ਗਿਆ ਸੀ।ਜੋ ਉਸਦੇ ਲੜਕਿਆਂ ਮਲਕੀਤ ਸਿੰਘ ਕੋਨੀ ਤੇ ਗੁਰਪ੍ਰੀਤ ਸਿੰਘ ਗੋਪੀ ਨੇ ਰਾਤ ਨੂੰ ਸਾਰਾ ਨਸ਼ਾ ਕਰ ਲਿਆ ਤੇ ਦੋਵਾਂ ਦੀ ਮੌਤ ਹੋ ਗਈ । ਉਸਨੇ ਦੱਸਿਆ ਕਿ ਉਸਦੇ ਇਕ ਲੜਕੇ ਦੀ ਪਹਿਲਾਂ ਵੀ ਨਸ਼ੇ ਨਾਲ ਮੌਤ ਹੋ ਚੁੱਕੀ ਹੈ।ਜੋ ਦੋ ਲੜਕਿਆਂ ਦੀ ਇਕੱਠਿਆਂ ਮੌਤ ਹੋਈ ਹੈ, ਉਨ੍ਹਾਂ ਵਿੱਚੋਂ ਮਲਕੀਤ ਸਿੰਘ ਵਿਆਹਿਆ ਸੀ ਅਤੇ ਉਸਦੀਆਂ 5 ਤੇ 7 ਸਾਲ ਦੀਆਂ ਦੋ ਲੜਕੀਆਂ ਵੀ ਹਨ । ਜਦੋਂਕਿ ਗੁਰਪ੍ਰੀਤ ਸਿੰਘ ਗੋਪੀ ਅਜੇ ਕੁਆਰਾ ਸੀ।ਉਸਨੇ ਦੋਸ਼ ਲਗਾਇਆ ਕਿ ਖੁੱਲ੍ਹੇਆਮ ਨਸ਼ਾ ਵਿੱਕ ਰਿਹਾ ਹੈ ਤੇ ਸਰਕਾਰ ਦੇ ਦਾਅਵੇ ਖੋਖਲੇ ਸਾਬਤ ਹੋ ਰਹੇ ਹਨ । ਪਰਿਵਾਰ ਦੀ ਨਜ਼ਦੀਕੀ ਰਿਸ਼ਤੇਦਾਰ ਕਾਮਰੇਡ ਦੇਵੀ ਕੁਮਾਰੀ ਨੇ ਕਿਹਾ ਕਿ ਨਸ਼ਾ ਖਤਮ ਹੋਣ ਦੀ ਬਜਾਏ ਹੋਰ ਵੱਧ ਗਿਆ ਹੈ ਤੇ ਅੱਜ ਇਕ ਪਰਿਵਾਰ ਦੇ ਤਿੰਨੇ ਪੁੱਤ ਨਸ਼ੇ ਦੀ ਭੇਟ ਚੜ੍ਹ ਗਏ ਹਨ।ਇਸ ਸਬੰਧੀ ਜਦੋਂ ਡੀਐੱਸਪੀ ਗੋਇੰਦਵਾਲ ਸਾਹਿਬ ਅਤੁਲ ਸੋਨੀ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਕਿਹਾ ਕਿ ਇਹ ਦੋਵੇਂ ਜਣੇ ਇਸ ਵੇਲੇ ਨਸ਼ਾ ਛੱਡਣ ਦੀ ਗੋਲੀ ਲੈ ਰਹੇ ਸਨ।ਹੋ ਸਕਦਾ ਹੈ ਕਿ ਇਹੋ ਗੋਲੀ ਉਨ੍ਹਾਂ ਨੇ ਜ਼ਿਆਦਾ ਮਾਤਰਾ ਵਿਚ ਲੈ ਲਈ ਹੋਵੇ ।ਫਿਰ ਵੀ ਜੇਕਰ ਕੋਈ ਨਸ਼ਾ ਦੇਣ ਆਇਆ ਹੈ ਤਾਂ ਜਾਂਚ ਕਰਕੇ ਉਸਦੇ ਖਿਲਾਫ ਕਾਰਵਾਈ ਕੀਤੀ ਜਾਵੇਗੀ।



# ਮੀਂਹ ਕਾਰਨ ਢਹਿ ਗਏ ਘਰ ਦੇ ਪੁਨਰ ਨਿਰਮਾਣ 'ਚ ਲਾਇਨਜ਼ ਕਲੱਬ ਜੈਤੋ ਗੰਗਸਰ ਨੇ ਮਦਦ ਕੀਤੀ



ਜੈਤੋ, 8 ਸਤੰਬਰ (ਸੰਜੀਵ ਗੋਇਲ/ਵਿਪਨ ਗੋਇਲ): ਪਿਛਲੇ ਦਿਨੀਂ ਹੋਈ ਭਾਰੀ ਬਾਰਿਸ਼ ਕਾਰਨ ਇੱਥੇ ਦੇ ਮਤਿਤਾਬ ਮੰਡੀ ਇਲਾਕੇ ਦੇ ਵਸਨੀਕ ਪੱਪੂ ਸ਼ਰਮਾ ਦਾ ਘਰ ਪੂਰੀ ਤਰ੍ਹਾਂ ਢਹਿ ਗਿਆ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਨੁਕਸਾਨ ਹੋਇਆ।ਇਸ ਲਈ ਸਮਾਜ ਸੇਵਕ ਸੋਨੂੰ ਵਰਮਾ ਤੋਂ ਪ੍ਰੇਰਿਤ ਹੋ ਕੇ ਲਾਇਨ ਕਲੱਬ ਜੈਤੋ ਗੰਗਸਰ ਦੇ ਪ੍ਰਧਾਨ ਲਾਇਨ ਕੁਲਭੂਸ਼ਨ ਮਹੇਸ਼ਵਰੀ, ਜ਼ੋਨ ਚੇਅਰਮੈਨ ਲਾਇਨ ਭੂਸ਼ਣ ਰੋਮਾਣਾ, ਸਕੱਤਰ ਮਨੂ ਗੋਇਲ, ਕੈਸ਼ੀਅਰ ਲਾਇਨ ਆਸ਼ੂ ਮਿੱਤਲ, ਸਾਬਕਾ ਪ੍ਰਧਾਨ ਲਾਇਨ ਪ੍ਰਵੀਨ ਜੈਨ, ਆਈ ਕੈਂਪ ਚੇਅਰਮੈਨ ਲਾਇਨ ਨਰੇਸ਼ ਮਿੱਤਲ ਅਤੇ ਡਾਇਰੈਕਟਰ ਲਾਇਨ ਪ੍ਰਦੀਪ ਸਿੰਗਲਾ ਉਨ੍ਹਾਂ ਦੇ ਨਾਲ ਜਾ ਕੇ ਪੈਸੇ ਦੇ ਕੇ ਪਰਿਵਾਰ ਦੀ ਆਰਥਿਕ ਮੱਦਦ ਕੀਤੀ।ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪ੍ਰਧਾਨ ਲਾਇਨ ਕੁਲਭੂਸ਼ਣ ਮਹੇਸ਼ਵਰੀ, ਡਾਇਰੈਕਟਰ ਲਾਇਨ ਪ੍ਰਦੀਪ ਸਿੰਗਲਾ ਤੇ ਆਈ ਕੈਂਪ ਦੇ ਚੇਅਰਮੈਨ ਲਾਇਨ ਨਰੇਸ਼ ਮਿੱਤਲ ਨੇ ਦੱਸਿਆ ਕਿ ਇਸ ਤੋਂ ਇਲਾਵਾ ਭਾਰੀ ਬਾਰਿਸ਼ ਕਾਰਨ ਜੈਤੋ ਵਿੱਚ ਹੋਏ ਨੁਕਸਾਨ ਲਈ ਹੋਰ ਲੋੜਵੰਦ ਪਰਿਵਾਰਾਂ ਨੂੰ ਵੀ ਪੈਸੇ ਆਦਿ ਦੀ ਮੱਦਦ ਕੀਤੀ ਜਾਵੇਗੀ।

# 20 ਸਾਲਾ ਲੜਕੀ ਨੂੰ ਅਗਵਾ ਕਰਕੇ ਦੋਸਤਾਂ ਨੇ ਕੀਤਾ ਸਮੂਹਿਕ ਜਬਰ-ਜਨਾਹ, ਦੋਸ਼ੀਆਂ ਦੀ ਭਾਲ ਜਾਰੀ

ਨਵੀਂ ਦਿੱਲੀ, 8 ਸਤੰਬਰ (ਚ.ਨ.ਸ): ਬੰਗਾਲ ਵਿੱਚ ਇੱਕ ਵਾਰ ਫਿਰ ਸਮੂਹਿਕ ਬਲਾਤਕਾਰ ਦੀ ਘਟਨਾ ਸਾਹਮਣੇ ਆਈ ਹੈ।ਮਾਮਲਾ ਦੱਖਣੀ ਕੋਲਕਾਤਾ ਦੇ ਹਰੀਦੇਵਪੁਰ ਇਲਾਕੇ ਦਾ ਹੈ । ਇੱਥੇ ਰਹਿਣ ਵਾਲੀ ਇੱਕ 20 ਸਾਲਾ ਲੜਕੀ ਨਾਲ ਉਸਦੇ ਦੋ ਜਾਣਕਾਰਾਂ ਨੇ ਬਲਾਤਕਾਰ ਕੀਤਾ। ਜਦੋਂ ਲੜਕੀ ਪਰੇਸ਼ਾਨ ਹਾਲਤ ਵਿੱਚ ਘਰ ਪਹੁੰਚੀ ਤਾਂ ਉਸਨੇ ਆਪਣੇ ਪਰਿਵਾਰ ਨੂੰ ਇਸ ਬਾਰੇ ਦੱਸਿਆ। ਸ਼ਨੀਵਾਰ ਰਾਤ ਨੂੰ ਪਰਿਵਾਰ ਨੇ ਨਜ਼ਦੀਕੀ ਪੁਲਿਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਪੁਲਿਸ ਦਾ ਕਹਿਣਾ ਹੈ ਕਿ ਮਾਮਲੇ ਵਿੱਚ ਐਫਆਈਆਰ ਦਰਜ ਕਰ ਲਈ ਗਈ ਹੈ ਅਤੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ ।ਦੋਸ਼ ਹੈ ਕਿ ਦੋਵਾਂ ਨੌਜਵਾਨਾਂ ਨੇ ਲੜਕੀ ਨੂੰ ਉਸਦਾ ਜਨਮਦਿਨ ਮਨਾਉਣ ਲਈ ਬੁਲਾਇਆ ਸੀ।ਇਸ ਤੋਂ ਬਾਅਦ ਦੋਵਾਂ ਨੇ ਉਸ ਨਾਲ ਬਲਾਤਕਾਰ ਕੀਤਾ।**ਕੁਝ ਮਹੀਨੇ ਪਹਿਲਾਂ ਹੋਈ ਸੀ ਮੁਲਾਕਾਤ:** ਜਾਣਕਾਰੀ ਅਨੁਸਾਰ, ਲੜਕੀ ਕੁਝ ਮਹੀਨੇ ਪਹਿਲਾਂ ਚੰਦਨ ਮਲਿਕ ਨਾਮ ਦੇ ਇੱਕ ਵਿਅਕਤੀ ਦੇ ਸੰਪਰਕ ਵਿੱਚ ਆਈ ਸੀ । ਉਸਨੇ ਦੱਖਣੀ ਕੋਲਕਾਤਾ ਵਿੱਚ ਇੱਕ ਵੱਡੀ ਦੁਰਗਾ ਪੂਜਾ ਕਮੇਟੀ ਦੇ ਮੁਖੀ ਵਜੋਂ ਆਪਣੇ ਆਪ ਨੂੰ ਪੇਸ਼ ਕੀਤਾ ਸੀ।ਇਸ ਤੋਂ ਬਾਅਦ ਚੰਦਨ ਨੇ ਲੜਕੀ ਨੂੰ ਦੀਪ ਨਾਮ ਦੇ ਇੱਕ ਹੋਰ ਵਿਅਕਤੀ ਨਾਲ ਮਿਲਾਇਆ । ਦੋਸ਼ ਹੈ ਕਿ ਦੋਵਾਂ ਨੇ ਪੂਜਾ ਕਮੇਟੀ ਵਿੱਚ ਸ਼ਾਮਲ ਕਰਨ ਦਾ ਵਾਅਦਾ ਕਰਕੇ ਲੜਕੀ ਨੂੰ ਧੋਖਾ ਦਿੱਤਾ ਸੀ।ਦੋਵੇਂ ਦੋਸ਼ੀ ਅਕਸਰ ਲੜਕੀ ਨਾਲ ਗੱਲ ਕਰਦੇ ਸਨ ।ਸ਼ੁੱਕਰਵਾਰ ਨੂੰ ਲੜਕੀ ਦਾ ਜਨਮਦਿਨ ਸੀ ।ਚੰਦਨ ਤੇ ਦੀਪ ਪੀੜਤਾ ਨੂੰ ਉਸਦਾ ਜਨਮਦਿਨ ਮਨਾਉਣ ਦੇ ਬਹਾਨੇ ਦੱਖਣੀ ਕੋਲਕਾਤਾ ਦੇ ਰੀਜੈਂਟ ਪਾਰਕ ਇਲਾਕੇ ਦੇ ਇੱਕ ਫਲੈਟ ਵਿੱਚ ਲੈ ਗਏ।ਇੱਥੇ ਉਨ੍ਹਾਂ ਨੇ ਪਹਿਲਾਂ ਖਾਣਾ ਖਾਧਾ ਅਤੇ ਫਿਰ ਜਦੋਂ ਲੜਕੀ ਨੇ ਕਿਹਾ ਕਿ ਉਹ ਘਰ ਜਾਣਾ ਚਾਹੁੰਦੀ ਹੈ, ਤਾਂ ਮੁਲਜ਼ਮਾਂ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਫਿਰ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ ।ਉਹ ਕਿਸੇ ਤਰ੍ਹਾਂ ਉੱਥੋਂ ਭੱਜਣ ਵਿੱਚ ਕਾਮਯਾਬ ਹੋ ਗਈ।ਉਹ ਘਰ ਪਹੁੰਚੀ ਤੇ ਆਪਣੇ ਪਰਿਵਾਰ ਨੂੰ ਘਟਨਾ ਬਾਰੇ ਜਾਣਕਾਰੀ ਦਿੱਤੀ।ਇਹ ਘਟਨਾ ਸ਼ੁੱਕਰਵਾਰ ਨੂੰ ਵਾਪਰੀ ਸੀ, ਪਰ ਸ਼ਨੀਵਾਰ ਰਾਤ ਨੂੰ ਸ਼ਿਕਾਇਤ ਦਰਜ ਕਰਵਾਈ ਗਈ।ਪੁਲਿਸ ਨੇ ਕਿਹਾ ਕਿ ਹਰੀਦੇਵਪੁਰ ਇਲਾਕੇ ਤੋਂ ਸਮੂਹਿਕ ਬਲਾਤਕਾਰ ਦੀ ਸ਼ਿਕਾਇਤ ਮਿਲੀ ਹੈ ਤੇ ਦੋਸ਼ੀਆਂ ਦੀ ਭਾਲ ਕੀਤੀ ਜਾ ਰਹੀ ਹੈ।



# ਹੜ੍ਹ ਪੀੜਤ ਪਰਿਵਾਰਾਂ ਨੂੰ ਮੁੜ ਖੜ੍ਹਾ ਕਰਨ ਲਈ ਹਰ ਵਰਕਰ ਤੇ ਆਗੂ ਸਹਾਇਤਾ ਲਈ ਯੋਗਦਾਨ ਪਾਵੇ: ਰਾਜੂ ਖੰਨਾ

**☛ਰਾਜੂ ਖੰਨਾ ਨੇ 1 ਲੱਖ ਰੁਪਏ ਹੜ੍ਹ ਪੀੜਤ ਸਹਾਇਤਾ ਲਈ ਪਾਇਆ ਯੋਗਦਾਨ**



ਅਮਲੋਹ, 8 ਸਤੰਬਰ (ਜਸਵੰਤ ਸਿੰਘ): ਹੜ੍ਹ ਪੀੜਤ ਪ੍ਰੀਵਾਰਾਂ ਦੀ ਸਹਾਇਤਾ ਲਈ ਸ਼੍ਰੋਮਣੀ ਅਕਾਲੀ ਦਲ ਦੇ ਕੋਰ ਕਮੇਟੀ ਮੈਂਬਰ ਤੇ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੇ ਸਰਕਲ ਅਮਲੋਹ ਸ਼ਹਿਰੀ ਦੇ ਵਰਕਰਾਂ ਤੇ ਆਗੂਆਂ ਨਾਲ ਪਾਰਟੀ ਦਫ਼ਤਰ ਅਮਲੋਹ ਵਿਖੇ ਮੀਟਿੰਗ ਕੀਤੀ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਆਂ ਹਦਾਇਤਾਂ 'ਤੇ ਹੜ੍ਹ ਪੀੜਤਾਂ ਦੀ ਸਹਾਇਤਾ ਲਈ 1 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਐਲਾਨ ਕੀਤਾ।ਉਨ੍ਹਾਂ ਵਰਕਰਾਂ ਨੂੰ ਵੀ ਇਸ ਵਿਚ ਵੱਧ ਚੜ੍ਹ ਕੇ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਸ਼ਹਿਰ ਦੀਆਂ ਮੁਸ਼ਕਲਾਂ ਸਬੰਧੀ ਵੀ ਵਿਚਾਰਾਂ ਕੀਤੀਆਂ ਗਈਆਂ। ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਸੀਨੀਅਰ ਆਗੂ ਕਰਮਜੀਤ ਸਿੰਘ ਭਗੜਾਣਾ, ਕੈਪਟਨ ਜਸਵੰਤ ਸਿੰਘ ਬਾਜਵਾ, ਰਣਜੀਤ ਸਿੰਘ ਘੋਲਾ ਰੁੜਕੀ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ, ਯੂਥ ਆਗੂ ਕੰਵਲਜੀਤ ਸਿੰਘ ਗਿੱਲ, ਡਾ. ਅਰੁਜਨ ਸਿੰਘ ਅਮਲੋਹ, ਨੰਬਰਦਾਰ ਪਰਮਿੰਦਰ ਸਿੰਘ ਨੀਟਾ ਸੰਧੂ, ਸਾਸਤਰੀ ਗੁਰੂ ਦੱਤ ਸ਼ਰਮਾ, ਬਲਵੰਤ ਸਿੰਘ ਮਾਨ, ਰਾਜਿੰਦਰ ਸਿੰਘ ਰਾਜੀ ਬਲਿੰਗ, ਰੇਸ਼ਮ ਸਿੰਘ ਵਿਰਕ, ਦਰਸ਼ਨ ਸਿੰਘ ਔਲਖ, ਬਲਤੇਜ ਸਿੰਘ ਅਮਲੋਹ, ਮਿੱਟੂ ਅਰੋੜਾ, ਚਮਕੌਰ ਸਿੰਘ ਤੰਦਾਬੱਧਾ, ਪ੍ਰਿਥੀਪਾਲ ਸਿੰਘ ਜੇਈ, ਗੁਰਪ੍ਰੀਤ ਸਿੰਘ ਗੁਰੀ, ਸੁਖਵਿੰਦਰ ਸਿੰਘ ਕਾਲਾ ਅਰੋੜਾ, ਪਰਮਜੀਤ ਸਿੰਘ ਅੌਜਲਾ, ਬਾਬਾ ਹਰਜੀਤ ਸਿੰਘ, ਗੁਰਮੀਤ ਕੌਰ ਵਿਰਕ, ਬਬਲੀ ਅਮਲੋਹ, ਗੁਰਦੀਪ ਕੌਰ ਅਮਲੋਹ, ਜਸਵਿੰਦਰ ਕੌਰ ਬੇਬੀ, ਨਾਹਰ ਸਿੰਘ ਰੰਗੀਲਾ, ਗੁਰਮੇਲ ਸਿੰਘ ਅਮਲੋਹ, ਰਮੇਸ਼ ਕੁਮਾਰ ਅਰੋੜਾ, ਜਥੇਦਾਰ ਮੱਖਣ ਸਿੰਘ, ਮੋਹਣ ਸਿੰਘ ਧਰਮਗੜ੍ਹ, ਰਾਜਿੰਦਰ ਸਿੰਘ ਹੈਪੀ, ਪਵਨ ਕੁਮਾਰ ਰਾਜੂ, ਗੁਰਮੇਲ ਸਿੰਘ ਅਮਲੋਹ, ਰੋਹਿਤ ਕੁਮਾਰ ਅਮਲੋਹ, ਸਿੰਦਰ ਸਿੰਘ ਪੇਸ਼ੀ, ਰਾਜੀਵ ਕੁਮਾਰ ਰਾਜੂ, ਏਕਨੂਰ ਸਿੰਘ, ਸੁਖਦੇਵ ਸਿੰਘ ਅਮਲੋਹ ਤੇ ਮਨਜੀਤ ਸਿੰਘ ਆਦਿ ਹਾਜ਼ਰ ਸਨ।

# ਮਾਰਕੀਟ ਕਮੇਟੀ ਦੇ ਚੇਅਰਮੈਨ ਢਿੱਲੋਂ ਨੇ ਸਾਉਣੀ ਦੇ ਸੀਜ਼ਨ ਸਬੰਧੀ ਆੜ੍ਹਤੀਆਂ ਨਾਲ ਕੀਤੀ ਮੀਟਿੰਗ



ਫ਼ਤਹਿਗੜ੍ਹ ਸਾਹਿਬ, 8 ਸਤੰਬਰ (ਸੂਦ): ਸਾਉਣੀ ਦੇ ਸੀਜ਼ਨ ਪ੍ਰਬੰਧਾਂ ਤੇ ਝੋਨੇ ਦੀ ਫ਼ਸਲ ਖਰੀਦ ਸਬੰਧੀ ਇਲਾਕੇ ਦੀਆਂ ਮੰਡੀਆਂ ਦੇ ਆੜ੍ਹਤੀਆਂ ਨਾਲ ਮਾਰਕੀਟ ਕਮੇਟੀ ਸਰਹਿੰਦ-ਫ਼ਤਹਿਗੜ੍ਹ ਸਾਹਿਬ ਦੇ ਚੇਅਰਮੈਨ ਗੁਰਵਿੰਦਰ ਸਿੰਘ ਢਿਲੋਂ ਨੇ ਮੀਟਿੰਗ ਕੀਤੀ।ਆੜ੍ਹਤੀਆਂ ਨੂੰ ਫੜਾਂ ਦੀ ਵੰਡ ਦੁਬਾਰਾ ਤੋਂ ਫਸਲ ਦੀ ਆਮਦ ਮੁਤਾਬਕ ਕਰਨ ਦੀ ਮੰਗ ਕੀਤੀ ਤੇ ਢਿਲੋਂ ਨੇ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਉੱਪਲ ਤੇ ਮੈਂਬਰਾਂ ਨੂੰ ਆਪਣੇ ਪੱਧਰ 'ਤੇ ਇਸ ਨੂੰ ਕਰਨ ਦਾ ਅਧਿਕਾਰ ਦਿੰਦੇ ਹੋਏ ਕਿਹਾ ਕਿ ਜੇਕਰ ਫ਼ਿਰ ਵੀ ਕੋਈ ਮੁਸ਼ਕਲ ਆਵੇ ਤਾਂ ਉਨ੍ਹਾਂ ਦੇ ਧਿਆਨ ਵਿਚ ਲਿਆਂਦੀ ਜਾਵੇ। ਢਿੱਲੋਂ ਨੇ ਕਿਹਾ ਕਿ ਸਾਰੇ ਆੜ੍ਹਤੀਆਂ ਦੀ ਜ਼ਿਮੇਵਾਰੀ ਹੈ ਕਿ ਕਿਸਾਨਾਂ ਨੂੰ ਝੋਨਾ ਸੁਕਾ ਕੇ ਸਾਫ਼ ਲਿਆਉਣ ਲਈ ਕਿਹਾ ਜਾਵੇ ਤਾਂ ਜੋ ਸਰਕਾਰ ਦੀਆਂ ਨੀਯਤ ਸ਼ਰਤਾਂ ਮੁਤਾਬਕ ਵੇਚਣ ਵਿਚ ਉਨ੍ਹਾਂ ਨੂੰ ਕੋਈ ਮੁਸ਼ਕਲ ਨਾ ਆਵੇ। ਆੜ੍ਹਤੀ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਉੱਪਲ ਨੇ ਯਕੀਨ ਦਿਵਾਇਆ ਕਿ ਉਹ ਕਿਸਾਨਾਂ ਨੂੰ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਝੋਨਾ ਮੰਡੀਆਂ ਵਿਚ ਲਿਆਉਣ ਲਈ ਕਹਿਣਗੇ। ਮਾਰਕੀਟ ਕਮੇਟੀ ਦੇ ਸਕੱਤਰ ਪ੍ਰਭਜੋਤ ਸਿੰਘ ਨੇ ਕਿਹਾ ਕਿ ਕਿਸਾਨਾਂ ਦੇ ਅਰਾਮ ਕਰਨ, ਮੰਡੀ ਵਿੱਚ ਪੀਣ ਵਾਲੇ ਸਾਫ਼ ਪਾਣੀ, ਸਾਫ ਸਫਾਈ ਆਦਿ ਦੇ ਪੂਰਨ ਪ੍ਰਬੰਧ ਹਨ। ਮੰਡੀਆਂ ਵਿਚ 16 ਸਤੰਬਰ ਤੋਂ ਝੋਨੇ ਦੀ ਆਮਦ ਸ਼ੁਰੂ ਹੋ ਰਹੀ ਹੈ, ਜਿਸ ਸਬੰਧੀ ਸਾਰੀਆਂ ਏਜੰਸੀਆਂ ਨਾਲ ਰਾਬਤਾ ਕਰ ਲਿਆ ਹੈ ਤੇ ਖਰੀਦ ਤੇ ਲਿਫਟਿੰਗ ਦੇ ਸਾਰੇ ਪ੍ਰਬੰਧ ਮੁਕੰਮਲ ਹਨ।

# ਪੰਥ ਰਤਨ ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿੰਘ ਜੀ ਦੀ ਸੋਚ ਤੇ ਵਿਚਾਰਧਾਰਾ ਨਾਲ ਜੁੜ ਕੇ ਚੱਲਣ ਦੀ ਲੋੜ: ਪੰਥਕ ਆਗੂ

ਫਤਹਿਗੜ੍ਹ ਸਾਹਿਬ, 8 ਸਤੰਬਰ (ਹਰਪ੍ਰੀਤ ਕੌਰ ਟਿਵਾਣਾ): ਸਿੱਖ ਕੌਮ ਦੇ ਮਹਾਨ ਵਿਦਵਾਨ ਪੰਥ ਰਤਨ ਸਿੰਘ ਸਭਾ ਲਹਿਰ ਦੇ ਮੋਢੀ ਤੇ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਗਿਆਨੀ ਦਿੱਤ ਸਿੰਘ ਜੀ ਦੀ 124ਵੀਂ ਸਾਲਾਨਾ ਬਰਸੀ ਖਾਲਸਾ ਬੁੰਗਾ ਨੇੜੇ ਰੇਲਵੇ ਫਾਟਕ ਸ਼੍ਰੀ ਫਤਿਹਗੜ੍ਹ ਸਾਹਿਬ ਵਿਖੇ ਗਿਆਨੀ ਦਿੱਤ ਸਿੰਘ ਪ੍ਰਤੀਨਿਧ ਖਾਲਸਾ ਦੀਵਾਨ ਪੰਜਾਬ ਵੱਲੋਂ ਮਨਾਈ ਗਈ ।ਇਸ ਮੌਕੇ 'ਤੇ ਕਰਵਾਏ ਗਏ ਧਾਰਮਿਕ ਸਮਾਗਮ ਦੌਰਾਨ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣ ਉਪਰੰਤ ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਵੱਲੋਂ ਗੁਰਬਾਣੀ ਦਾ ਇਲਾਹੀ ਕੀਰਤਨ ਤੇ ਜਸਪਾਲ ਸਿੰਘ ਤਾਨ ਦੇ ਢਾਡੀ ਜਥੇ ਵੱਲੋਂ ਗਿਆਨੀ ਦਿੱਤ ਸਿੰਘ ਜੀ ਦੇ ਜੀਵਨ ਬਾਰੇ ਵਾਰਾਂ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ 'ਤੇ ਪ੍ਰਬੰਧਕਾਂ ਵੱਲੋਂ ਆਈਆਂ ਪ੍ਰਮੁੱਖ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।ਇਸ ਮੌਕੇ 'ਤੇ ਸੰਸਥਾ ਵੱਲੋਂ ਤੇ ਕਮਿਊਨਿਟੀ ਸੈਂਟਰ ਬਣਾਉਣ ਲਈ ਮਤਾ ਪਾਇਆ ਗਿਆ, ਜਿਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਲਿਖ ਕੇ ਭੇਜਿਆ ਜਾਵੇਗਾ। ਇਸ ਮੌਕੇ 'ਤੇ ਸਾਬਕਾ ਸੰਸਦ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਵਤਾਰ ਸਿੰਘ ਰਿਆ, ਹਲਕਾ ਬੱਸੀ ਪਠਾਣਾ ਦੇ ਇੰਚਾਰਜ ਦਰਬਾਰਾ ਸਿੰਘ ਗੁਰੂ, ਜ਼ਿਲ੍ਹਾ ਅਕਾਲੀ ਦਲ ਦੇ ਪ੍ਰਧਾਨ ਸ਼ਰਨਜੀਤ ਸਿੰਘ ਚਨਾਰਥਲ,



ਮਾਰਕੀਟ ਕਮੇਟੀ ਬਸੀ ਪਠਾਣਾ ਦੇ ਸਾਬਕਾ ਚੇਅਰਮੈਨ ਲਖਬੀਰ ਸਿੰਘ ਥਾਬਲਾ ਨੇ ਕਿਹਾ ਕਿ ਸਿੰਘ ਸਭਾ ਲਹਿਰ ਵਿੱਚ ਜੋ ਗਿਆਨੀ ਦਿੱਤ ਸਿੰਘ ਵੱਲੋਂ ਰੋਲ ਅਦਾ ਕੀਤਾ ਗਿਆ, ਉਸ 'ਤੇ ਸਦੀਆਂ ਤੱਕ ਮਾਣ ਕੀਤਾ ਜਾਂਦਾ ਰਹੇਗਾ।ਇਸ ਮੌਕੇ ਗੁਰਨਾਮ ਸਿੰਘ ਬਿਜਲੀ ਪ੍ਰਧਾਨ ਟਰੱਸਟ, ਭਗਤ ਸਿੰਘ ਪੰਚਕੋਹਾ ਚੇਅਰਮੈਨ ਟਰੱਸਟ, ਜਸਪਾਲ ਸਿੰਘ ਤਾਨ ਪ੍ਰਧਾਨ ਸੰਸਥਾ, ਹਰਪਾਲ ਸਿੰਘ ਚਾਹਲ, ਸੁਰਜਨ ਸਿੰਘ ਰੋਪੜ ਮੀਤ ਪ੍ਰਧਾਨ, ਸਵਰਨ ਸਿੰਘ ਮੁਸਤਫਾਵਾਦ ਜਰਨਲ ਸਕੱਤਰ ਟਰੱਸਟ, ਅਵਤਾਰ ਸਿੰਘ ਲਟੌਰ, ਹਰਵੇਲ ਸਿੰਘ ਮਾਧੋਪੁਰ, ਅਮਰ ਸਿੰਘ ਤਲਾਣੀਆਂ, ਪ੍ਰੇਮ ਸਿੰਘ ਖਾਲਸਾ, ਸਾਬਕਾ ਚੇਅਰਮੈਨ ਮਨਦੀਪ ਸਿੰਘ ਤਰਖਾਣ ਮਾਜਰਾ, ਜੁਝਾਰ ਸਿੰਘ ਮਾਜਰੀ ਸੋਢੀਆਂ, ਜੈ ਸਿੰਘ ਬਾੜਾ ਵੱਲੋਂ ਸ਼ਮੂਲੀਅਤ ਕੀਤੀ ਗਈ।



## KOTAK MAHINDRA BANK LIMITED

**Regd office:** 27BKC, C 27, G Block, Bandra Kurla Complex, Bandra (E), Mumbai 400 051 **Corporate office:** Kotak Infiniti, Bldg No 21, Infinity Park, General AK Vaidya Marg, Malad (E), Mumbai 400 097 **www.kotak.com**

### AUCTION - NOTICE

That the below mentioned Borrower/s had availed gold loan facility against security of the gold ornaments/ items, as specified below. The Borrower/s defaulted in due repayment of the installments and outstanding dues and as a result of which the Bank was constrained to issue notices calling upon the Borrower/s to repay the outstanding amounts. However, the Borrower/s has failed to repay/clear his outstanding dues thereby compelling the Bank to auction the gold ornaments pledged in favour of the Bank.

The auction of the below mentioned gold ornaments would be held on/after at :-**Date: 20-SEP-2025 Time: 10.00 AM** Place: Respective Branch Premises//E-Auction

| Apppl | Apac/ Account No | Borrower Name | State | Location | Branch | Gross weight (In Gms) |
|---|---|---|---|---|---|---|
| GLN | 3909066 | KARANBIR SINGH | PUNJAB & CHANDIGARH | LUDHIANA | AEASTMNAGA | 82.50 |
| GLN | 3971150 | SUNITA KAUR | PUNJAB & CHANDIGARH | LUDHIANA | AEASTMNAGA | 10.60 |
| GLN | 3957367 | SAURABH GUPTA | PUNJAB & CHANDIGARH | CHANDIGARH | AMBALA | 52.28 |
| GLN | 3623882 | HARJINDER KAUR | PUNJAB & CHANDIGARH | LUDHIANA | AMRITSAR | 104.70 |
| GLN | 3692037 | NEHA CHHABRA | PUNJAB & CHANDIGARH | LUDHIANA | AMRITSAR | 433.10 |
| GLN | 3919522 | AJAY KUMAR | PUNJAB & CHANDIGARH | LUDHIANA | AMRITSAR | 49.40 |
| GLN | 3585181 | JAGROOP SINGH | PUNJAB & CHANDIGARH | LUDHIANA | AMRITSAR | 35.50 |
| GLN | 3876406 | MEENU DUA | PUNJAB & CHANDIGARH | LUDHIANA | AMRITSAR | 142.50 |
| GLN | 3876390 | MEENU DUA | PUNJAB & CHANDIGARH | LUDHIANA | AMRITSAR | 173.30 |
| GLN | 3894076 | SUKHWINDER KAUR | PUNJAB & CHANDIGARH | LUDHIANA | AMRITSAR | 231.60 |
| GLN | 3996743 | GURJANT SINGH | PUNJAB & CHANDIGARH | LUDHIANA | AMRITSAR | 29.60 |
| GLN | 3962814 | GURJANT SINGH | PUNJAB & CHANDIGARH | LUDHIANA | AMRITSAR | 43.20 |
| GLN | 3762907 | BALWINDER KUMAR | PUNJAB & CHANDIGARH | LUDHIANA | AMTHABAZAR | 20.50 |
| GLN | 3648434 | BALWINDER KUMAR | PUNJAB & CHANDIGARH | LUDHIANA | AMTHABAZAR | 34.80 |
| GLN | 3621100 | SARDUL SINGH | PUNJAB & CHANDIGARH | LUDHIANA | AMTHABAZAR | 19.70 |
| GLN | 3905453 | SUNITA KAUR | PUNJAB & CHANDIGARH | LUDHIANA | AMTHABAZAR | 4.00 |
| GLN | 3710471 | SARBINDER PAL SINGH | PUNJAB & CHANDIGARH | LUDHIANA | AMTPCHK | 14.50 |
| GLN | 3710452 | SARBINDER PAL SINGH | PUNJAB & CHANDIGARH | LUDHIANA | AMTPCHK | 10.20 |
| GLN | 3929790 | NAVJEET SINGH | PUNJAB & CHANDIGARH | LUDHIANA | AMTPCHK | 29.80 |
| GLN | 3929862 | NAVJEET SINGH | PUNJAB & CHANDIGARH | LUDHIANA | AMTPCHK | 61.30 |
| GLN | 3831212 | RAVI . | PUNJAB & CHANDIGARH | LUDHIANA | AMTPCHK | 27.20 |
| GLN | 3957628 | JASVIR KAUR | PUNJAB & CHANDIGARH | LUDHIANA | JALANDHAR | 40.70 |
| GLN | 3813368 | NEELAM DEVI | PUNJAB & CHANDIGARH | CHANDIGARH | JHAJJAR | 18.10 |
| GLN | 3709110 | NEELAM DEVI | PUNJAB & CHANDIGARH | CHANDIGARH | JHAJJAR | 18.10 |
| GLN | 3630299 | SATENDER KUMAR JAIN | PUNJAB & CHANDIGARH | CHANDIGARH | MTOWN | 80.30 |
| GLN | 3968134 | MUSTAFA . | PUNJAB & CHANDIGARH | CHANDIGARH | MTOWN | 20.00 |
| GLN | 3813913 | AMANDEEP KAUR | PUNJAB & CHANDIGARH | CHANDIGARH | PATIALA | 101.40 |
| GLN | 3818247 | AMANDEEP KAUR | PUNJAB & CHANDIGARH | CHANDIGARH | PATIALA | 99.80 |
| GLN | 3706812 | KULDEEP SINGH | PUNJAB & CHANDIGARH | CHANDIGARH | RAJPURA | 45.06 |
| GLN | 3371100 | SANDEEP KHULLAR | PUNJAB & CHANDIGARH | CHANDIGARH | RAJPURA | 160.81 |
| GLN | 3372191 | VANSHIKA KHULLAR | PUNJAB & CHANDIGARH | CHANDIGARH | RAJPURA | 107.54 |
| GLN | 3370561 | VANSHIKA KHULLAR | PUNJAB & CHANDIGARH | CHANDIGARH | RAJPURA | 155.71 |
| GLN | 3164019 | JAGIR SINGH | PUNJAB & CHANDIGARH | CHANDIGARH | RAJPURA | 55.59 |
| GLN | 3959880 | PARVEEN KUMAR | PUNJAB & CHANDIGARH | CHANDIGARH | RATIA | 92.66 |
| GLN | 3878392 | CHANDER MOHAN | PUNJAB & CHANDIGARH | CHANDIGARH | RATIA | 108.02 |
| GLN | 3968602 | ROHIT KUMAR | PUNJAB & CHANDIGARH | CHANDIGARH | RATIA | 202.39 |
| GLN | 3534693 | SATNAM SINGH | PUNJAB & CHANDIGARH | CHANDIGARH | RATIA | 30.54 |
| GLN | 3382735 | SATNAM SINGH | PUNJAB & CHANDIGARH | CHANDIGARH | SAMANA | 38.30 |
| GLN | 3508979 | BIKRAMJIT SINGH | PUNJAB & CHANDIGARH | CHANDIGARH | SAMANA | 107.20 |
| GLN | 3880760 | SANDEEP SINGH PANDHER | PUNJAB & CHANDIGARH | CHANDIGARH | SANGRUR | 136.31 |
| GLN | 3557707 | KULDEEP SINGH SANDHEY | PUNJAB & CHANDIGARH | CHANDIGARH | SANGRUR | 36.66 |

Bidders are requested to Submit a copy of their Photo – identity, signature and address proof along with their original for verification together with 2(Two) recent photographs **submit before 10:00 am** on the day of auction. The Bank reserves the right to change the venue/date/time of auction or cancel the auction without any notice to bidders.

The cost of the auction process will be debited to the customer account. Bank reserves the right to recover the balance amount from the customer if the bid amount is insufficient to meet the payoff amount of the account. For any further details regarding the terms and conditions of the auction, You are required to contact the below mentioned person/s.

Kotak Mahindra Bank Ltd.

Jaskaran Singh Email - jaskaran.singh@kotak.com Cont - +91-9888478036 / 7009634242



# ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਨੇ ਪਿੰਡ ਦੂਲੇ ਵਾਲਾ ਵਿਖੇ ਸਿੰਮ ਰਹੇ ਬੰਨ੍ਹ 'ਤੇ ਪਹੁੰਚ ਕੇ ਖਾਲੀ ਗੱਟੇ ਤੇ ਡੀਜ਼ਲ ਮੁਹੱਈਆ ਕਰਵਾਇਆ



ਫਿਰੋਜ਼ਪੁਰ, 8 ਸਤੰਬਰ (ਤਿਵਾੜੀ): ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ (ਮੋਹਾਲੀ) ਦੇ ਕਾਰਜਕਾਰੀ ਚੇਅਰਮੈਨ-ਕਮ-ਜੱਜ, ਪੰਜਾਬ ਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਸਦਕਾ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਅਨੁਰਾਧਾ, ਚੀਫ ਜੁਡੀਸ਼ੀਅਲ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਫਿਰੋਜ਼ਪੁਰ ਵੱਲੋਂ ਲਗਾਤਾਰ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਬੇੜੀ ਰਾਹੀਂ ਘਰ-ਘਰ ਵਿੱਚ ਜਾ ਕੇ ਰਾਹਤ ਸਮੱਗਰੀ ਤੇ ਦਵਾਈਆਂ ਪਹੁੰਚਾਈਆਂ ਜਾ ਰਹੀਆਂ ਹਨ । ਜੱਜ ਸਾਹਿਬ ਨੂੰ ਬੀਤੇ ਦਿਨ ਪਿੰਡ ਦੂਲੇ ਵਾਲਾ ਤੋਂ ਇੱਕ ਵੀਡੀਓ ਵੱਟਸਐੱਪ ਰਾਹੀਂ ਪ੍ਰਾਪਤ ਹੋਈ, ਜਿਸ ਵਿੱਚ ਪਿੰਡ ਵਾਲਿਆਂ ਵੱਲੋਂ ਬੰਨ੍ਹ ਦੇ ਰਿਸਣ ਬਾਰੇ ਸੂਚਨਾ ਦਿੱਤੀ ਗਈ।ਜੱਜ ਸਾਹਿਬ ਵੱਲੋਂ ਵੀਡੀਓ ਦੇਖ ਕੇ ਤੁਰੰਤ ਐਕਸ਼ਨ ਲੈਂਦੇ ਆਪਣੀ ਟੀਮ ਨੂੰ ਰਾਹਤ ਸਮੱਗਰੀ ਸਮੇਤ ਮੌਕੇ 'ਤੇ ਪਹੁੰਚਣ ਦੇ ਨਿਰਦੇਸ਼ ਦਿੱਤੇ ਤੇ ਆਪ ਖੁਦ ਵੀ ਮੌਕੇ 'ਤੇ ਪਹੁੰਚ ਗਏ।ਜੱਜ ਸਾਹਿਬ ਦੁਆਰਾ ਪੁੱਛਿਆ ਕਿ ਉਨ੍ਹਾਂ ਨੂੰ ਕਿਸ ਚੀਜ਼ ਦੀ ਜ਼ਰੂਰਤ ਹੈ ਤਾਂ ਪਿੰਡ ਵਾਲਿਆਂ ਨੇ ਖਾਲੀ ਤੋੜੇ (ਗੱਟੇ) ਡੀਜਲ ਦੀ ਮੰਗ ਕੀਤੀ।ਜੱਜ ਸਾਹਿਬ ਨੇ ਤੁਰੰਤ ਆਪਣੀ ਟੀਮ ਦੀ ਮਦਦ ਰਾਹੀਂ ਬੰਨ੍ਹ ਨੂੰ ਟੁੱਟਣ ਤੋਂ ਬਚਾਉਣ ਲਈ ਖਾਲੀ ਗੱਟੇ (ਤੋੜੇ) ਤੇ ਡੀਜਲ ਮੁਹੱਈਆ ਕਰਵਾਇਆ ਗਿਆ। ਜੱਜ ਸਾਹਿਬ ਨੇ ਪਿੰਡ ਵਾਲਿਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਹੋਰ ਕਿਸੇ ਵੀ ਚੀਜ਼ ਦੀ ਲੋੜ ਪੈਂਦੀ ਹੈ ਤਾਂ ਉਹ ਦਫਤਰ ਦੇ ਫੋਨ ਨੰ.01632-235034 ਤੇ ਟੋਲ ਫ੍ਰੀ ਨੰਬਰ 15100 'ਤੇ ਸੂਚਨਾ ਦੇ ਸਕਦਾ ਹੈ।

# ਨੇਤਰਹੀਣ ਮਾਤਾ ਲਗਾਈ ਬੈਠੀ ਹੈ ਮਦਦ ਦੀ ਆਸ



ਭੋਗਪੁਰ, 8 ਸਤੰਬਰ (ਅਮਰਜੀਤ ਸਿੰਘ ਸੈਣੀ ਜੰਡੀਰ): ਕਹਿਰ ਦੀ ਵਰਖਾ ਨੇ ਜਿੱਥੇ ਸੁਲਤਾਨਪੁਰ ਲੋਧੀ, ਗੁਰਦਾਸਪੁਰ, ਪਠਾਨਕੋਟ, ਡੇਰਾ ਬਾਬਾ ਨਾਨਕ ਵਾਲੇ ਪਾਸੇ ਲੋਕਾਂ ਨੂੰ ਮੁਸੀਬਤ ਵਿੱਚ ਪਾਇਆ, ਲੋਕ ਘਰਾਂ ਤੋਂ ਬੇਘਰ ਹੋ ਗਏ, ਬੱਚੇ, ਬਜ਼ੁਰਗ ਤੇ ਨੌਜਵਾਨਾਂ ਦੀਆਂ ਜ਼ਿੰਦਗੀਆਂ ਖਤਮ ਹੋ ਗਈਆਂ, ਬੇਜ਼ੁਬਾਨਾਂ ਨੂੰ ਵੀ ਜਾਨਾਂ ਗਵਾਣੀਆਂ ਪਈਆਂ ਅਤੇ ਮੁਸੀਬਤ ਦਾ ਸਾਹਮਣਾ ਕਰਨਾ ਪਿਆ, ਉੱਥੇ ਹੀ ਹੁਸ਼ਿਆਰਪੁਰ ਜਲੰਧਰ ਵਿੱਚ ਵੀ ਕਾਫੀ ਲੋਕਾਂ ਨੂੰ ਕਹਿਰ ਦੀ ਵਰਖਾ ਕਰਕੇ ਨੁਕਸਾਨ ਭੁਗਤਣੇ ਪਏ। ਸੂਚਨਾ ਅਨੁਸਾਰ ਕਾਲੇ ਬੱਕਰੇ ਰਹਿਣ ਵਾਲੀ ਬਜ਼ੁਰਗ ਮਾਤਾ ਜਿਸ ਨੂੰ ਅੱਖਾਂ ਤੋਂ ਦਿਖਾਈ ਵੀ ਨਹੀਂ ਦੇ ਰਿਹਾ, ਇਸ ਮਾਤਾ ਦੇ ਮਕਾਨ ਦੀ ਛੱਤ ਡਿੱਗਣ ਵਾਲੀ ਹੋ ਗਈ ਹੈ ਵਰਖਾ ਨਾਲ ਮਕਾਨ ਚੋਅ ਰਿਹਾ ਹੈ, ਦੇਖਿਆ ਜਾਵੇ ਤਾਂ 1988 ਵਿੱਚ ਹੜ੍ਹ ਆਉਣ ਨਾਲ ਇਸ ਇਲਾਕੇ ਵਿੱਚ ਕਾਫੀ ਪਾਣੀ ਪੈ ਗਿਆ ਸੀ ਤੇ ਲੋਕਾਂ ਦੇ ਨੁਕਸਾਨ ਵੀ ਕਾਫੀ ਹੋਏ ਸਨ, ਉਸ ਟਾਈਮ ਵੀ ਗਰੀਬ ਲੋਕਾਂ ਦਾ ਸਭ ਤੋਂ ਜ਼ਿਆਦਾ ਨੁਕਸਾਨ ਹੋਇਆ ਸੀ ਤੇ ਇਸ ਵਾਰ ਵੀ ਗਰੀਬ ਲੋਕਾਂ ਨੂੰ ਹੀ ਹੜ੍ਹਾਂ ਦੀ ਮੁਸੀਬਤ ਦਾ ਸਾਹਮਣਾ ਕਰਨਾ ਪਿਆ ਹੈ।ਮੌਕੇ ਦੀਆਂ ਸਰਕਾਰਾਂ ਸੈਂਟਰ ਜਾਂ ਪੰਜਾਬ ਸਰਕਾਰ ਚਾਹੇ ਤਾਂ ਹੜ੍ਹ ਪੀੜਤਾਂ ਦੀ ਮਦਦ ਝੱਟ ਕਰ ਸਕਦੀ ਹੈ, ਲੋਕ ਦੇਸ਼ ਵਿਦੇਸ਼ ਤੋਂ ਆਕੇ ਲੋਕਾਂ ਦੀ ਮਦਦ ਕਰ ਰਹੇ ਹਨ। ਪਿੰਡਾਂ ਦੇ ਲੋਕ ਟਰਾਲੀਆਂ ਮਿੱਟੀ ਦੀਆਂ ਲੈ ਕੇ ਜਾ ਰਹੇ ਹਨ, ਤਾਂ ਕਿ ਟੁੱਟੇ ਹੋਏ ਬੰਨ ਪੱਕੇ ਕੀਤੇ ਜਾਣ ਦੇਖਿਆ ਜਾਵੇ ਤਾਂ ਸਰਕਾਰਾਂ ਚਾਹੁਣ ਤਾਂ ਮਸ਼ੀਨਾਂ ਲਗਾ ਕੇ ਇੱਕ ਦਿਨ ਵਿੱਚ ਹੀ ਬੰਨ ਪੱਕੇ ਕਰ ਸਕਦੀਆਂ ਹਨ।

# ਵਿਧਾਇਕ ਭੁੱਲਰ ਨੇ ਮ੍ਰਿਤਕ ਗੁਰਮੀਤ ਸਿੰਘ ਦੇ ਪਰਿਵਾਰ ਨੂੰ ਸੌਂਪਿਆ 4 ਲੱਖ ਦਾ ਚੈੱਕ



ਫਿਰੋਜ਼ਪੁਰ, 8 ਸਤੰਬਰ (ਤਿਵਾੜੀ): ਜ਼ਿਲ੍ਹੇ ਦੇ ਪਿੰਡ ਟੱਲੀ ਗੁਲਾਮ ਦੇ ਰਹਿਣ ਵਾਲੇ ਗੁਰਮੀਤ ਸਿੰਘ ਦੀ ਪਾਣੀ ਵਿੱਚ ਡੁੱਬਣ ਕਾਰਨ ਮੌਤ ਹੋ ਗਈ ਸੀ। ਪਾਣੀ ਵਿੱਚ ਡੁੱਬਣ ਕਾਰਨ ਅਚਾਨਕ ਹੋਈ ਮੌਤ 'ਤੇ ਦੁੱਖ ਦਾ ਪ੍ਰਗਟਾਵਾ ਕਰਨ ਲਈ ਵਿਧਾਇਕ ਫਿਰੋਜ਼ਪੁਰ ਸ਼ਹਿਰੀ ਰਣਬੀਰ ਸਿੰਘ ਭੁੱਲਰ ਨੇ ਮ੍ਰਿਤਕ ਗੁਰਮੀਤ ਸਿੰਘ ਦੇ ਪਰਿਵਾਰ ਨਾਲ ਮਿਲ ਕੇ ਦੁੱਖ ਸਾਂਝਾ ਕੀਤਾ ਤੇ ਪੰਜਾਬ ਸਰਕਾਰ ਵੱਲੋਂ ਆਰਥਿਕ ਮਦਦ ਵਜੋਂ ਪਰਿਵਾਰ ਨੂੰ 4 ਲੱਖ ਰੁਪਏ ਦਾ ਚੈੱਕ ਭੇਟ ਕੀਤਾ। ਵਿਧਾਇਕ ਰਣਬੀਰ ਸਿੰਘ ਭੁੱਲਰ ਨੇ ਦੱਸਿਆ ਕਿ ਮੱਲਾਂਵਾਲਾ ਦੇ ਪਿੰਡ ਟੱਲੀ ਗੁਲਾਮ ਦੇ ਰਹਿਣ ਵਾਲੇ ਗੁਰਮੀਤ ਸਿੰਘ ਜੋ ਕਿ ਆਪਣੀ ਪਤਨੀ ਲਈ ਮੈਡੀਕਲ ਕੈਂਪ ਵਿੱਚੋਂ ਦਵਾਈ ਲੈਣ ਲਈ ਘਰੋਂ ਨਿਕਲੇ ਸਨ, ਪਰ ਸੜਕ ਉੱਤੇ ਪਾਣੀ ਦਾ ਬਹਾਵ ਤੇਜ਼ ਹੋਣ ਕਾਰਨ ਉਨ੍ਹਾਂ ਦਾ ਪੈਰ ਫਿਸਲ ਗਿਆ ਤੇ ਪਾਣੀ ਵਿੱਚ ਡੁੱਬ ਜਾਣ ਕਾਰਨ ਉਹਨਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਹਾਲਾਂਕਿ ਪਰਿਵਾਰ ਨੂੰ ਪਿਆ ਇਹ ਘਾਟਾ ਕਦੇ ਵੀ ਪੂਰਾ ਨਹੀਂ ਹੋ ਸਕਦਾ, ਪਰ ਪਰਿਵਾਰ ਦੀ ਆਰਥਿਕ ਮਦਦ ਲਈ ਉਨ੍ਹਾਂ ਨੂੰ 4 ਲੱਖ ਰੁਪਏ ਦਾ ਚੈੱਕ ਭੇਟ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਰਿਵਾਰ ਦੀ ਇਸ ਦੁੱਖ ਦੀ ਘੜੀ ਵਿੱਚ ਉਹ ਉਨ੍ਹਾਂ ਦੇ ਨਾਲ ਖੜ੍ਹੇ ਹਨ ਤੇ ਉਹ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਨ ਕਿ ਪਰਮਾਤਮਾ ਵਿਛੜੀ ਰੂਹ ਨੂੰ ਚਰਨਾਂ ਵਿੱਚ ਨਿਵਾਸ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।



## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਸੀਨੀਅਰ ਮੰਡਲ ਵਾਣਿਜਯ ਪ੍ਰਬੰਧਕ, ਉੱਤਰ ਰੇਲਵੇ, ਅੰਬਾਲਾ ਛਾਵਣੀ ਦੁਆਰਾ ਈ-ਨੀਲਾਮੀ ਕੀਤੀ ਜਾਵੇਗੀ (ਟੇਬਲ ਅਨੁਸਾਰ) । ਜਿਸਦਾ ਵੇਰਵਾ ਵੈੱਬਸਾਈਟ IREPS ਉਤੇ ਮੌਜੂਦ ਹੈ । ਈ-ਨੀਲਾਮੀ ਦੀ ਬਿਆਨਾ ਰਾਸ਼ੀ, ਬੋਲੀ ਦੀ 5% ਹੋਵੇਗੀ ਅਤੇ ਬੋਲੀ, ਘੱਟ ਤੋਂ ਘੱਟ ਬੋਲੀ ਮੁਲ 0.2% ਵਧਾ ਕੇ ਲਗਾਣੀ ਹੋਵੇਗੀ।

ਨੀਲਾਮੀ ਕੈਟਾਲਾਗ ਨੰ: UMB-Mix-24-2025 ਟੋਟ ਯੂਨਿਟ : ਸਲਾਨਾ ਲਾਇਸੈਂਸ ਫੀਸ ਸ਼ੁਰੂ ਹੋਣ ਦੀ ਮਿਤੀ ਤੇ ਸਮਾਂ : 19.09.2025 ਨੂੰ 12:00 ਵਜੇ

| ਲ.ਨੰ: | ਲਾਟ ਨੰ: ਅਤੇ ਵੇਰਵਾ | ਨੀਲਾਮੀ ਸਮਾਪਤ ਹੋਣ ਦੀ ਮਿਤੀ ਤੇ ਸਮਾਂ |
|---|---|---|
| 1 | Catg-UMB-MOT-GMU-12-23-1 ਖਾਨ ਪਾਨ - ਜਨਰਲ ਮਾਈਨਰ ਯੂਨਿਟ (GMU) (Size 10'x6') ਪਲੇਟਫਾਰਮ ਨੰ: ਮਲੋਟ ਰੇਲਵੇ ਸਟੇਸ਼ਨ ਉਤੇ | 19.09.2025 ਨੂੰ 12:30 ਵਜੇ |
| 2 | Catg-UMB-KLK-SMU-19-23-1 ਖਾਨ ਪਾਨ - ਸਮਾਲ ਮਾਈਨਰ ਯੂਨਿਟ (SMU) (Size 10'x6') [illegible] Circulating area ਕਾਲਕਾ ਰੇਲਵੇ ਸਟੇਸ਼ਨ | 19.09.2025 ਨੂੰ 12:40 ਵਜੇ |
| 3 | Catg-UMB-PTA-SMU-59-24-1 ਖਾਨ ਪਾਨ - ਸਮਾਲ ਮਾਈਨਰ ਯੂਨਿਟ (SMU) (Size 10'x6') [illegible] ਪਲੇਟਫਾਰਮ ਨੰ: 1 ਪਟਿਆਲਾ ਰੇਲਵੇ ਸਟੇਸ਼ਨ ਉਤੇ | 19.09.2025 ਨੂੰ 12:50 ਵਜੇ |
| 4 | Catg-UMB-KNN-SMU-166-25-1 ਖਾਨ ਪਾਨ - ਸਮਾਲ ਮਾਈਨਰ ਯੂਨਿਟ (SMU) [illegible] (Size 10'x6') [illegible] | 19.09.2025 ਨੂੰ 13:00 ਵਜੇ |
| 5 | Catg-UMB-BXC-SMU-167-25-1 ਖਾਨ ਪਾਨ - ਸਮਾਲ ਮਾਈਨਰ ਯੂਨਿਟ (SMU) (Size 10'x6') [illegible] ਪਲੇਟਫਾਰਮ ਨੰ: 1 ਬਰਵਾਲਾ ਰੇਲਵੇ ਸਟੇਸ਼ਨ ਉਤੇ | 19.09.2025 ਨੂੰ 13:10 ਵਜੇ |
| 6 | Catg-UMB-RPJ-SMU-164-25-1 ਖਾਨ ਪਾਨ - ਸਮਾਲ ਮਾਈਨਰ ਯੂਨਿਟ (SMU) ਦਿਵਯਾਂਗ [illegible] size of stall is 13"2x13" in circulating area ਰਾਜਪੁਰਾ ਰੇਲਵੇ ਸਟੇਸ਼ਨ ਉਤੇ | 19.09.2025 ਨੂੰ 13:20 ਵਜੇ |

ਈ-ਨੀਲਾਮੀ ਦੀ ਜ਼ਿਆਦਾ ਜਾਣਕਾਰੀ ਲਈ ਸਾਰੇ ਭਾਵੀ ਟੈਂਡਰਕਰਤਾ ਰੇਲਵੇ ਵੈੱਬਸਾਈਟ www.ireps.gov.in ਨੂੰ ਦੇਖੋ । 2717/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ





## ਪੰਜਾਬ ਨੈਸ਼ਨਲ ਬੈਂਕ pnb ...ਭਰੋਸੇ ਦਾ ਪ੍ਰਤੀਕ!

ਸ਼ਾਖਾ ਦਫ਼ਤਰ : ਭੁਪਿੰਦਰਾ ਰੋਡ, ਪਟਿਆਲਾ (059010)

### ਮੰਗ ਨੋਟਿਸ

**ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 (ਸਰਫੇਸੀਆ ਐਕਟ) ਦੇ ਨਿਯਮ 3 ਦੇ ਨਾਲ ਪੜ੍ਹਿਆ ਗਿਆ ਸੁਰੱਖਿਆ ਵਿਆਜ (ਲਾਗੂ) ਨਿਯਮ 2002 ਧਾਰਾ 13(2) ਦੇ ਅਧੀਨ ਮੰਗ ਸੂਚਨਾ**

ਤੁਹਾਨੂੰ ਸਾਰਿਆਂ ਨੂੰ, ਹੇਠਾਂ ਦੱਸੇ ਗਏ ਵਿਅਕਤੀਆਂ (ਕਰਜ਼ਦਾਰ/ਜ਼ਾਮਨ) ਨੂੰ, ਬੈਂਕ ਦੇ 'ਅਧਿਕਾਰਤ ਅਧਿਕਾਰੀ' ਦੁਆਰਾ ਸਰਫਾਇਸੀ ਐਕਟ-2002 ਦੀ ਧਾਰਾ 13(2) ਦੇ ਤਹਿਤ ਰਜਿਸਟਰਡ ਮੰਗ ਨੋਟਿਸ ਭੇਜੇ ਗਏ ਸਨ, ਜਿਸ ਵਿੱਚ ਤੁਹਾਨੂੰ ਸਾਰਿਆਂ ਨੂੰ ਨੋਟਿਸ ਦੀ ਮਿਤੀ ਦੇ ਅਨੁਸਾਰ ਖਾਤੇ ਦੇ ਵਿਰੁੱਧ ਦੱਸੀ ਗਈ ਮੰਗ ਨੋਟਿਸ ਦੀ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਗਿਆ ਸੀ, ਨੋਟਿਸ ਦੇ 60 (ਸੱਠ) ਦਿਨਾਂ ਦੇ ਅੰਦਰ ਭੁਗਤਾਨ ਹੋਣ ਤੱਕ। [illegible]

| ਕਰਜ਼ਦਾਰ (*)/ਜ਼ਾਮਨ (*) ਦਾ ਨਾਮ | ਸਕਿਊਰਿਟੀ ਦੇ ਵੇਰਵੇ (ਸਾਰੇ ਭਾਗ ਅਤੇ ਹਿੱਸੇ) | ਮੰਗ ਸੂਚਨਾ ਦੀ ਮਿਤੀ / ਐਨਪੀਏ ਦੀ ਮਿਤੀ | ਬਕਾਇਆ ਰਕਮ |
|---|---|---|---|
| [illegible] | [illegible] | 29.08.2025 / 30.07.2024 | 31.07.2025 [illegible] 12,54,193.93 [illegible] |

[illegible]

ਮਿਤੀ : 08.09.2025 ਸਥਾਨ : ਪਟਿਆਲਾ ਅਧਿਕਾਰਤ ਅਧਿਕਾਰੀ

# ਸਿਰਲੇਖਵਾਰ ਇਸ਼ਤਿਹਾਰ /Classified Advertisement

**District Consumer Disputes Redressal Commission Ludhiana New Court Complex, Room no. 7, Old Wing, Ferozepur Road, Ludhiana**
CNR No. DC/Ldh/2025/2411
Date: 8/9/2025
CC no. 24/41/Dt.19/01/2024
Fixed for 17/10/2025
M/s Bombay Metal Works (P) Ltd.
Versus
Ludhiana Press Controls
Notice to: 1. Ludhiana Press Controls, having its registered office at D 122B, Focal Point, Phase-5, Ludhiana-141010 2. Mr Hemant having its registered office at D 122-B, Focal Point, Phase-5, Ludhiana-141010 Whereas a complaint has been filed by the Complainant against you i.e. Ludhiana Press Controls having its registered office at D 122-B, Focal Point, Phase-5, Ludhiana-141010 (Opp.no.1) and Mr Hemant having its registered office at D 122-B, Focal Point, Phase-5, Ludhiana 141010 (opp.no.2) are directed to pay Rs.1,00,000/- and damages Rs.2,00,000/-. Whereby the notice to the opposite party can not be served in an ordinary manner and they have been ordered to be served through publication. They are being informed through this notice to appear in this Commission on 17/10/2025. Failing which exparte proceedings shall be taken against you.
The case will come up on 17/10/2025 at 10.30 a.m.
**Sd/-President District Consumer Disputes Redressal Forum, Ludhiana**

**(U/o 5 Rule 20 CPC)**
**In the Court of Ms. Palwinder Jit Kaur**
**Additional District and Sessions Judge, Hoshiarpur**
CNR No. PBHO01-007125-2025
Next Date : 23-09-2025
CA/407/2025
Sajjan Kumar
Versus
Bala Rani
Appeal Against The Judgment and Decree Dated 27.10.2010 Passed by Sh. Gurnam Singh Dhillon, PCS, Learned Additional Civil Judge Senior Division, Garhshankar in Civil Suit No. 103 of 1998. Claim in Appeal:- for setting Aside the Aforesaid Judgment and Decree and For Dismissing the suit of the Plaintiffs With costs Throughout.
Notice to: 2. Sh. Gagan Kumar, Son of Sh. Kewal Singh S/o Piara Singh 3. Sh. Anil Kumar Son 4. Smt. Sonia 5. Smt. Neenu Daughters 6. Smt Salochna Devi Widow of Sh. Kuldip Singh S/o Sh. Piara Singh 9. Sh. Avtar Singh S/o Sh. Piara Singh All R/o Village Dallewal, Tehsil Garhshankar, District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23-09-2025 at 10:00 A.M.
For details logon to https://highcourtchd.gov.in/?trs=district_notice&district=Hohsiarpur
Dated this day of 08-09-2025
**Sd/- Additional District and Sessions Judge, Hoshiarpur**

**(U/o 5 Rule 20 CPC)**
**In the Court of Ms. Palwinder Jit Kaur Additional District and Sessions Judge, Hoshiarpur**
CNR No. PBHO01-007124-2025
Next Date : 23-09-2025
CA/406/2025
Mool Raj
Versus
Kewal Singh
Appeal Against The Judgment And Decree Dated 27.10.2010 Passed In Civil Suit No.103 Of 20.05.1998 By Shri Gurnam Singh Dhillon, Pcs, Learned Additional Civil Judge (Sr Division), Garhshankar, Whereby The Suit Of The Plaintiffs/respondents No.1 And 2 Has Been Decreed With Costs.
Notice to: 5. Avtar Singh Son of Piara Singh R/o Village Dallewal, Tehsil Garhshankar, District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23-09-2025 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 08-09-2025
**Sd/- Additional District and Sessions Judge, Hoshiarpur**

**In the Court of Sh. Bikramdeep Singh**
**Judicial Magistrate - Ist Class-2, Patiala**
CNR No. PBPT03-009658-2021
Next Date : 26-09-2025
Lakha Singh Sandhu
Versus
Varun Ahuja
Detail of offence:- 138 NI Act
Notice to: Varun Ahuja S/o Suresh Ahuja C/o Amrit Raj Cold Drinks, Near B.N. Khalsa Senior Secondary School, Mall Road, Near Bus Stand, Patiala
In above titled case the accused could not be served. It is ordered that accused should appear in person or through counsel on 26-09-2025 at 10:00 A.M.
For details logon to https://highcourtchd.gov.in/?trs=district_notice&district=patiala
Dated this day of 03-09-2025
**Sd/- Judicial Magistrate - Ist Class-2, Patiala**

**Criminal Courts, Ludhiana**
**In the Court of Ms. Harmeet Kaur Puri**
**Judicial Magistrate - Ist Class Ludhiana**
CNR No. PBLD03-048761-2022
Peshi : 23-09-2025
**Publication Notice for Proclamation under Section 82 CR.PC**
Raj Kumar Yadav
Versus
Nirdosh Kumar
Petition u/s 138 of Negotiable instruments act, 1881 amended upto date
Notice to: Nirdosh Kumar S/o Parkash Chand, Ward No. 16, Mohalla Dyal Pur, Sirhind City, District Fatehgarh Sahib
Whereas it has been proved to the satisfaction of the Court that the accused above named cannot be served in the ordinary way of service. Hence, this Proclamation under section 82 CRPC is hereby issued against him/them and should appear personally or through their counsel on 23-09-2025 at 10:00 A.M. Take notice that in default of his /their appearance on the day before mentioned the above said case will be heard and determined in his/their absence.
Given under my hand and the seal of the Court, this 02-09-2025
**Sd/- Judicial Magistrate Ist Class, Ludhiana**

**(U/o 5 Rule 20 CPC)**
**In the Court of Sh. Harpreet Kaur Additional Principal Judge Family Court, Ludhiana**
CNR No. PBLD01-024498-2023
Next Date : 18-09-2025
Babli Kaur
Versus
Baltej Singh Tathgar
Notice to: Baltej Singh Tathgar Father:- Jagmohan Singh R/o Talwandi Patti, VPO Khai Nihal Singh Wala, Moga
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 18-09-2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 04-08-2025
**Sd/- Additional Principal Judge Family Court, Ludhiana**

**In The Court of Ms. Aashia Jindal Judicial Magistrate - Ist Class, Khanna**
CNR No. PBLDA1-001347-2024
Next Date :- 20-10-2025
Ludhiana Central Cooperative Bank Limited
Versus
Mamta Rani
Notice to: Mamta Rani:- W/o Munna Lal R/o 829 Ward No. 6 Mohalla Ram Nagar Khanna Tehsil Khanna Distt. Ludhiana
In above titled case the accused could not be served. It is ordered that accused should appear in person or through counsel on 20-10-2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 06-08-2025
**Sd/- Judicial Magistrate - Ist Class, Khanna**

**(U/o 5 Rule 20 CPC)**
**In the Court of Sh. Mandeep Singh**
**Additional Civil Judge Senior Division Samana, Samana**
CNR No. PBPTC0-000960-2021
Next Date:- 25-09-2025
Amar Nath
Versus
Kaka Goyal
Notice to: Kaka Goyal Father:- Leela Ram r/o indra puri Colony near old radha soami satsang ghar samana distt. patiala
In above titled case the defendant(S)/respondent(s) could not be served. It is ordered that defendant(S)/respondent(s) should appear in person or through counsel on 25.09.2025 at 10:00 A.M.
For details logon to https://highcourtchd.gov.in/?mod=district_notice&district=patiala
Dated this day of 28-07-2025
**Sd/- Additional Civil Judge Senior Division Samana, Samana**

**(U/o 5 Rule 20 CPC)**
**In the Court of Sh. Amit Bakshi**
**Civil Judge (Junior Division), Ludhiana**
CNR No. PBLD02-008852-2024
Next Date: 23.09.2025
Rattan Lal
Versus
Balraj Singh
Notice to: 2. Dilbag Singh S/o Sh. Jarnail Singh S/o Late Sh. Dharma Singh R/o Village Mangli Tanda Teh. and District Ludhiana 3. Roshan Kaur W/o S. Jasvir Singh S/o Sh. Jarnail Singh R/o Village Mangli Tanda Tehsil and District Ludhiana
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on 23.09.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 30-07-2025
**Sd/- Civil Judge (Junior Division), Ludhiana**

**(U/o 5 Rule 20 CPC)**
**In the Court of Ms. Gurjit Kaur Dhillon Civil Judge (Senior Division), Fatehgarh Sahib**
CNR No. PBFG02-000971-2025
Next Date: 24.09.2025
Jaswant Kaur
Versus
General Public
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 24.09.2025 at 10:00 A.M.
For details logon to https://highcourtchd.gov.in/?mod=district_notice&district=fatehgarh sahib
Dated, this day of 26-08-2025
**Sd/- Civil Judge (Senior Division), Fatehgarh Sahib**

**(U/o 5 Rule 20 CPC)**
**In the Court of Ms. Mamta Kakkar Additional Civil Judge (Senior Division), Fatehgarh Sahib**
CNR No. PBFG02-000378-2025
Next Date: 25.09.2025
Palwinder Kaur
Versus
General Public
Notice to: General Public:- Fatehgarh Sahib
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 25.09.2025 at 10:00 A.M.
For details logon to https://highcourtchd.gov.in/?trs=district_notice&district=fatehgarh sahib
Dated this day of 28-08-2025
**Sd/- Additional Civil Judge (Senior Division), Fatehgarh Sahib**

**(U/o 5 Rule 20 CPC)**
**In the Court of Ms. Balvinder Kaur Dhaliwal Additional Civil Judge (Senior Division), Jagraon**
CNR No. PBLDB0-000138-2025
Next Date: 19.09.2025
Manjit Singh
Versus
Balwinder Singh
Notice to: Balwinder Singh S/o Harnek Singh R/o Vill. Kanganwal, Tehsil Malerkotla, Distt. Sangrur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 19.09.2025 at 10:00 A.M.
For details logon to https://highcourtchd.gov.in/?mod=district_notice&district=ludhianacourt
Dated, this day of 11-08-2025
**Sd/- Additional Civil Judge (Senior Division), Jagraon**

**(U/o 5 Rule 20 CPC)**
**In the Court of Sh. Prabhjot Singh Sethi Civil Judge (Junior Division), Gurdaspur**
CNR No. PBGD02-000050-2025
Next Date: 23.09.2025
Gurwinder Kaur
Versus
Punjab State through the Collector
Notice to: 4. Umesh Pal S/o Tek Chnad R/o Mandi Gurdaspur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on 23.09.2025 at 10:00 A.M
For details logon to https://highcourtchd.gov.in/?mod=district_notice&district=Gurdaspur
Dated, this day of 01-09-2025
**Sd/- Civil Judge (Junior Division), Gurdaspur**

**Change of Name**
I Jaswinder Singh S/o Devi Dass VPO Patti Distt Hoshiarpur have changed my name from Jaswinder Singh to Jaswinder Singh Dhanota. Concerned Note.

I Jasbir Kaur W/o Jaswinder Singh Dhanota VPO Patti Distt Hoshiarpur have changed my name from Jasbir Kaur to Jasbir Kaur Dhanota. Concerned Note.

**ਬਾ-ਅਦਾਲਤ ਮਾਨਯੋਗ ਡਾ. ਸੰਜੀਵ ਕੁਮਾਰ, ਪੀ.ਸੀ.ਐਸ. ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਰੂਪਨਗਰ**
ਮਿਸਲ ਨੰ: 04/ ਵੱਛ ਉਲ ਰਹਿਨ ਰਜ਼ੂਆ ਮਿਤੀ 11.03.2025 ਪਿੰਡ ਇੰਦਰਪੁਰਾ ਤਹਿਸੀਲ ਵਾ ਜ਼ਿਲ੍ਹਾ ਰੂਪਨਗਰ ਪੇਸ਼ੀ ਤਾਰੀਖ਼: 01-09-2025
ਨੋਟਿਸ ਇਸ਼ਤਿਹਾਰ
1. ਜਸਵੰਤ ਸਿੰਘ ਪੁੱਤਰ ਨਗਾਹੀਆ ਪੁੱਤਰ ਚੂਹੜ ਸਿੰਘ 2. ਜਸਪਾਲ ਸਿੰਘ ਪੁੱਤਰ ਨਗਾਹੀਆ ਪੁੱਤਰ ਚੂਹੜ ਸਿੰਘ 3. ਅਜਮੇਰ ਕੌਰ ਪੁੱਤਰੀ ਨਗਾਹੀਆ ਪੁੱਤਰ ਚੂਹੜ ਸਿੰਘ 4. ਚੰਨਣ ਕੌਰ ਪੁੱਤਰੀ ਨਗਾਹੀਆ ਪੁੱਤਰ ਚੂਹੜ ਸਿੰਘ ਵਾਸੀਆਨ ਪਿੰਡ ਇੰਦਰਪੁਰਾ ਤਹਿ. ਵਾ ਜ਼ਿਲ੍ਹਾ ਰੂਪਨਗਰ
.....**ਦਰਖ਼ਾਸਤਕਰਤਾ**
ਲੱਖਿਆ ਰਾਮ ਪੁੱਤਰ ਸ੍ਰੀ ਰਾਮ ਪੁੱਤਰ ਜੈਮਲ ਰਾਹੀਂ ਵਾਰਸਾਨ :-ਅਮੀਤਾ, 2. ਬਲਰਾਮ, 3. ਮੋਨਿਕਾ, 4. ਬਲਦੇਵ, 5. ਵਿਵੇਕ, 6. ਬਲਰਾਜ ਪੁੱਤਰ ਨਿਰਮਲਾ ਵਾਸੀਆਨ ਪਿੰਡ ਘਨੌਲੀ ਤਹਿ. ਨਾਲਾਗੜ੍ਹ, ਜ਼ਿਲ੍ਹਾ ਸੋਲਨ (ਹਿ.ਪ੍ਰ), 7. ਕ੍ਰਿਸ਼ਨਾ ਪਤਨੀ ਸੁਰਿੰਦਰ ਖੰਨਾ, ਜੈਂਡ ਗਲੀ, ਦਰਸ਼ਨੀ ਗੇਟ ਪਟਿਆਲਾ, ਜ਼ਿਲ੍ਹਾ ਪਟਿਆਲਾ।
.....**ਉਤਰਦਾਰੀਆਂ**
ਨੋਟਿਸ ਬਨਾਮ ਉਕਤ ਉਤਰਦਾਰੀ
ਇਸ ਅਦਾਲਤ ਨੂੰ ਯਕੀਨ ਹੋ ਗਿਆ ਹੈ ਕਿ ਉਕਤ ਧਿਰਾਂ/ਉਤਰਵਾਦੀਆਂ ਨੂੰ ਸਧਾਰਨ ਤਰੀਕੇ ਨਾਲ ਸੰਮਨ ਤੇ ਤਾਮੀਲ ਨਹੀਂ ਹੋ ਸਕਦੀ। ਇਸ ਲਈ ਇਹ ਇਸ਼ਤਿਹਾਰ ਉਕਤ ਧਿਰਾਂ/ਉਤਰਵਾਦੀਆਂ ਵਿਰੁੱਧ ਜਾਰੀ ਕੀਤਾ ਜਾਂਦਾ ਹੈ ਕਿ ਉਹ ਤਾਰੀਖ ਪੇਸ਼ੀ ਮਿਤੀ 24.09.2025 ਨੂੰ ਵਕਤ ਸਵੇਰੇ 10.30 ਵਜੇ ਖ਼ੁਦ ਜਾਂ ਵਕੀਲ ਰਾਹੀਂ ਨਿਮਨਹਸਤਾਖਰ ਦੀ ਅਦਾਲਤ (ਦਫ਼ਤਰ ਉਪ ਮੰਡਲ ਮੈਜਿਸਟਰੇਟ, ਰੂਪਨਗਰ) ਵਿਖੇ ਪੇਸ਼ ਹੋਣ। ਹਾਜ਼ਰ ਨਾ ਆਉਣ ਦੀ ਸੂਰਤ ਵਿਚ ਇਕ ਤਰਫ਼ਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।
ਅੱਜ ਮਿਤੀ 01.09.2025 ਨੂੰ ਮੇਰੇ ਹਸਤਾਖਰਾਂ ਤੇ ਮੋਹਰ ਅਦਾਲਤ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।
**ਸਹੀ/- ਉਪ ਮੰਡਲ ਮੈਜਿਸਟਰੇਟ-ਕਮ-ਕੁਲੈਕਟਰ, ਰੂਪਨਗਰ**

## ਬੋਲੀਕਾਰਾਂ ਦੀ ਜ਼ਰੂਰਤ ਹੈ
1586 ਸਕੇਅਰ ਫੁੱਟ ਬਿਲਡਿੰਗ ਦੀ ਢਾਹ-ਢੁਆਈ ਲਈ ਬੋਲੀਕਾਰਾਂ ਦੀ ਜ਼ਰੂਰਤ ਹੈ। ਬੋਲੀ ਮਿਤੀ 15.09.2025 ਨੂੰ ਸਵੇਰੇ 9.00 ਵਜੇ ਸਰਕਾਰੀ ਹਾਈ ਸਕੂਲ, ਲਾਹੌਰੀ ਗੇਟ (ਪਟਿਆਲਾ) ਵਿਖੇ ਰੱਖੀ ਗਈ ਹੈ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।
ਸੰਪਰਕ- ਸ. ਪਰਗਟ ਸਿੰਘ (94178-56161)
ਸਹੀ/- ਮੁੱਖ ਅਧਿਆਪਕ, ਸਰਕਾਰੀ ਹਾਈ ਸਕੂਲ ਲਾਹੌਰੀ ਗੇਟ, ਪਟਿਆਲਾ

## ਬੋਲੀਕਾਰਾਂ ਦੀ ਜ਼ਰੂਰਤ ਹੈ
ਸਕੂਲ ਦੀ ਅਣਸੇਫ ਪੁਰਾਣੀ ਬਿਲਡਿੰਗ ਦੀ ਢਾਹ-ਢੁਆਈ ਲਈ ਬੋਲੀਕਾਰਾਂ ਦੀ ਜ਼ਰੂਰਤ ਹੈ। ਕੁੱਲ ਰਕਬਾ 3300 ਸਕੇਅਰ ਫੁੱਟ ਹੈ। ਬੋਲੀ ਮਿਤੀ 15.09.2025 ਨੂੰ ਸਵੇਰੇ 9.30 ਵਜੇ ਸ.ਸ.ਸ.ਸ. ਸਕੂਲ ਭੇੜਵਾਲ, ਪਟਿਆਲਾ ਵਿਖੇ ਰੱਖੀ ਗਈ ਹੈ। ਬਾਕੀ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ। ਸੰਪਰਕ ਨੰ. 9646010934
ਸਹੀ/- ਪ੍ਰਿੰਸੀਪਲ
ਸ.ਸ.ਸ.ਸ. ਭੇੜਵਾਲ ਪਟਿਆਲਾ।

## ਬੇਦਖਲੀ ਸੂਚਨਾ
ਮੈਂ, ਰਜਿੰਦਰ ਸਿੰਘ ਪੁੱਤਰ ਸ. ਸੁਰਜੀਤ ਸਿੰਘ ਵਾਸੀ ਪਿੰਡ ਪਿਥੋ, ਤਹਿਸੀਲ ਨਾਭਾ ਜ਼ਿਲ੍ਹਾ ਪਟਿਆਲਾ ਹਾਲ ਆਬਾਦ ਨੇੜੇ ਮਕਾਨ ਨੰ. 180-ਐਫ, ਰਣਜੀਤ ਨਗਰ ਸਿਊਣਾ ਚੌਕ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਸਿਮਰਨ ਸਿੰਘ ਅਤੇ ਮੇਰੀ ਨੂੰਹ ਜਪਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਆਪਣੇ ਲੜਕੇ ਅਤੇ ਮੇਰੀ ਨੂੰਹ ਨੂੰ ਆਪਣੀ ਕੁੱਲ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰੇ ਲੜਕੇ ਅਤੇ ਮੇਰੀ ਨੂੰਹ ਨਾਲ ਜੋ ਕੋਈ ਵੀ ਲੈਣ ਦੇਣ ਕਰੇਗਾ ਉਸਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ ਅਤੇ ਇਸ ਸਬੰਧੀ ਮੇਰੀ ਤੇ ਮੇਰੇ ਬਾਕੀ ਪਰਿਵਾਰਕ ਮੈਂਬਰਾਨ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਸੂਚਨਾ
ਮੈਂ, ਸੁਖਵਿੰਦਰ ਸਿੰਘ ਪੁੱਤਰ ਨਰੰਜਨ ਸਿੰਘ ਵਾਸੀ ਮਕਾਨ ਨੰਬਰ 352, ਗਲੀ ਨੰ: 1, ਗੋਕਲ ਨਗਰ, ਹੁਸ਼ਿਆਰਪੁਰ ਨੇ ਆਪਣੇ ਪੁੱਤਰ ਕਰਨਪ੍ਰੀਤ ਸਿੰਘ ਨੂੰ ਆਪਣੀ ਚੱਲ ਅਤੇ ਅੱਚਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ ਕਿਉਂਕਿ ਉਹ ਮੇਰੇ ਕਹਿਣੇ ਤੋਂ ਬਾਹਰ ਹੈ।ਉਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

**ਪਬਲਿਕ ਨੋਟਿਸ**
ਮੈਂ ਸ੍ਰੀਮਤੀ ਹਰਬੰਸ ਕੌਰ ਪਤਨੀ ਜਸਵੀਰ ਸਿੰਘ ਪੁੱਤਰ ਪ੍ਰੀਤਮ ਸਿੰਘ ਵਾਸੀ ਰਾਮਪੁਰਾ, ਤਹਿਸੀਲ ਫੂਲ, ਜ਼ਿਲ੍ਹਾ। ਬਠਿੰਡਾ। (ਆਧਾਰ ਨੰਬਰ 5665-7973-8196) ਕੁੱਲ ਜਾਇਦਾਦ ਰਿਹਾਇਸ਼ੀ ਘਰ ਮਾਪਣ ਵਾਲਾ (364.44 ਵਰਗ ਗਜ਼) 00K-12M. 00K-12M ਮਾਪਣ ਵਾਲੀ ਜਾਇਦਾਦ। ਭਾਵ 05K-12M ਦਾ 12/112 ਸ਼ੇਅਰ। ਖਾਤਾ ਖਤੌਨੀ ਨੰ. 1359/2287 ਨਵਾਂ ਨੰ. 1494/2368/1 ਖਸਰਾ ਨੰ. 39//9/1(4-8), 9/2 ਮਿਨ (1-4) ਜਮਾਂਬੰਦੀ 2015-16 ਅਨੁਸਾਰ ਹੁਣ 2020-21 ਰਾਮਪੁਰਾ, ਗਲੀ ਨੰ. 3, ਕਬਰਾਂ ਵਾਲੀ ਰੋਡ, ਮਹਿੰਦਰਾ ਟਰੈਕਟਰ ਸ਼ੋਅਰੂਮ ਦੇ ਪਿਛਲੇ ਪਾਸੇ ਦਾ ਖੇਤਰ, ਨਿਊ ਕਲਗੀਧਰ ਕਲੋਨੀ, ਰਾਮਪੁਰਾ ਫੂਲ, ਤਹਿਸੀਲ ਫੂਲ, ਜ਼ਿਲ੍ਹਾ. ਬਠਿੰਡਾ। ਵਿਚ ਐਮ.ਸੀ. ਸੀਮਾ ਰਾਮਪੁਰਾ ਫੂਲ। ਦੇਖੋ ਫਰਦ ਬਦਰ ਨੰ. 165. ਅੰਡਰ ਪੂਰਬ 82'-0" ਉਜਾਗਰ ਸਿੰਘ, ਪੱਛਮ 82'-0" ਉੱਤਰ: ਰਾਮੂ (ਡੇਅਰੀ ਫੋਰਮ), ਉੱਤਰ 40'-0" ਸਟਰੀਟ, ਦੱਖਣ 40'-0" ਕੇਵਲ ਸ਼ਰਮਾ ਦੁਆਰਾ ਰਜਿਸਟਰਡ ਸੇਲ ਡੀਡ ਨੰਬਰ 2022-23/73/1/2002 ਮਿਤੀ 15-09-2022 ਤੋਂ ਸ੍ਰੀ ਰਮਨ ਗਰਗ ਪੁੱਤਰ ਪਵਨ ਕੁਮਾਰ ਪੁੱਤਰ ਪ੍ਰਿਥੀ ਚੰਦ ਵਾਸੀ ਰਾਮਪੁਰਾ ਫੂਲ, ਜ਼ਿਲ੍ਹਾ ਬਠਿੰਡਾ ਅਤੇ ਰਾਜੇਸ਼ ਕੁਮਾਰ ਪੁੱਤਰ ਤਰਸੇਮ ਚੰਦ ਪੁੱਤਰ ਸਾਧੂ ਰਾਮ ਵਾਸੀ ਜਿਓਂਦ, ਜ਼ਿਲ੍ਹਾ ਬਠਿੰਡਾ ਅਤੇ ਪਰਮਜੀਤ ਸਿੰਘ ਪੁੱਤਰ ਉਜਾਗਰ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਭੁੱਚੋ, ਜ਼ਿਲ੍ਹਾ ਬਠਿੰਡਾ ਅਸਲ ਪੁਰਾਣਾ ਡੀਡ ਨੰ.739 ਮਿਤੀ 15-05-2007, 1813 ਮਿਤੀ 03-07-2007 & 5092 ਮਿਤੀ 23-02-2007 ਸਾਡੇ ਤੋਂ ਗੁੰਮ ਹੋ ਗਏ ਹਨ, ਜਿਸ ਵਿਰੁੱਧ ਅਸੀਂ ਔਨਲਾਈਨ DDR SR ਨੰ LRN ਨੰ. 626180/2025 ਅਰਜ਼ੀ ਦਿੱਤੀ ਹੈ। ਹੁਣ, ਅਸੀਂ ਆਪਣੀ ਇਸ ਜਾਇਦਾਦ ਵਿਰੁੱਧ ਪੰਜਾਬ ਐਂਡ ਸਿੰਧ ਬੈਂਕ ਸ਼ਾਖਾ ਰਾਮਪੁਰਾ ਫੂਲ, ਬਠਿੰਡਾ ਤੋਂ ਹਾਊਸਿੰਗ ਲੋਨ ਲੈਣ ਜਾ ਰਹੇ ਹਾਂ। ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੈ, ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਦਿਨੇਸ਼ ਕੁਮਾਰ ਗਰਗ, ਐਡਵੋਕੇਟ, ਚੈਂਬਰ ਨੰ. 1, ਸਿਵਲ ਕੋਰਟਸ, ਫੂਲ (M.No, 98030-84000 ਅਤੇ ਈਮੇਲ ਆਈਡੀ :- (advocatedishu@gmail.com) ਨੂੰ ਲਿਖਤੀ ਰੂਪ ਵਿਚ ਸੂਚਿਤ ਕਰ ਸਕਦਾ ਹੈ। ਜਾਂ ਉਪਰੋਕਤ ਨਾਮ ਵਾਲੇ ਬੈਂਕ ਨੂੰ ਸੰਪਰਕ ਕਰੋ। ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ/ਸਵੀਕਾਰ ਕੀਤਾ ਜਾਵੇਗਾ।

## ਜ਼ਰੂਰੀ ਸੂਚਨਾ
ਰੋਜ਼ਾਨਾ ਚੜ੍ਹਦੀਕਲਾ ਵਿਚ ਛਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੀ ਪੁਸ਼ਟੀ ਕਰ ਲੈਣ।

# ਹਿਮਾਂਸ਼ੂ ਅਗਰਵਾਲ ਨੇ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਾ ਆਰਜ਼ੀ ਚਾਰਜ ਸੰਭਾਲਦਿਆਂ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਨੂੰ ਹੋਰ ਤੇਜ਼ ਕਰਨ ਦੀਆਂ ਹਦਾਇਤਾਂ ਦਿੱਤੀਆਂ

ਗੁਰਦਾਸਪੁਰ, 8 ਸਤੰਬਰ (ਜਗੀਰ ਸਿੰਘ ਮੰਡ /ਐਮ ਐਮ ਨਾਹਰ) - ਸ੍ਰੀ ਹਿਮਾਂਸ਼ੂ ਅਗਰਵਾਲ, ਆਈ.ਏ.ਐੱਸ. ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਦਾ ਆਰਜ਼ੀ ਚਾਰਜ ਸੰਭਾਲਣ ਤੋਂ ਤੁਰੰਤ ਬਾਅਦ ਅੱਜ ਸਵੇਰੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਚੱਲ ਰਹੇ ਰਾਹਤ ਅਤੇ ਪੁਨਰਵਾਸ ਕਾਰਜਾਂ ਨੂੰ ਹੋਰ ਤੇਜ਼ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਸ੍ਰੀ ਦਲਵਿੰਦਰਜੀਤ ਸਿੰਘ ਦੇ ਛੁੱਟੀ ਜਾਣ ਕਾਰਨ ਪੰਜਾਬ ਸਰਕਾਰ ਵੱਲੋਂ ਜਲੰਧਰ ਦੇ ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਅਗਰਵਾਲ ਨੂੰ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ।ਅੱਜ ਸਵੇਰੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿੱਚ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਰਾਹਤ ਕਾਰਜ ਲਗਾਤਾਰ ਜਾਰੀ ਹਨ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀਆਂ ਟੀਮਾਂ ਹਰ ਪ੍ਰਭਾਵਿਤ ਪਿੰਡ ਦੇ ਘਰ-ਘਰ ਤੱਕ ਪਹੁੰਚ ਕਰ ਰਹੀਆਂ ਹਨ। ਉਨ੍ਹਾਂ ਅਧਿਕਾਰੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕੋਈ ਵੀ ਲੋੜਵੰਦ ਵਿਅਕਤੀ ਸਰਕਾਰੀ ਰਾਹਤ ਤੇ ਮਦਦ ਤੋਂ ਵਾਂਝਾ ਨਹੀਂ ਰਹਿਣਾ ਚਾਹੀਦਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਜਿਨ੍ਹਾਂ ਵਿਅਕਤੀਆਂ ਦੇ ਘਰਾਂ ਨੂੰ ਨੁਕਸਾਨ ਪਹੁੰਚਿਆ ਹੈ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਦੇਰੀ ਉਨ੍ਹਾਂ ਨੂੰ ਮੁਆਵਜ਼ਾ ਦੇਣਾ ਸ਼ੁਰੂ ਕੀਤਾ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਲੋਕ ਨਿਰਮਾਣ ਵਿਭਾਗ ਅਤੇ ਪੰਜਾਬ ਮੰਡੀ ਬੋਰਡ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਹੜ੍ਹਾਂ ਕਾਰਨ ਜ਼ਿਲ੍ਹੇ ਵਿੱਚ ਬੁਨਿਆਦੀ ਢਾਂਚੇ ਨੂੰ ਪਹੁੰਚੇ ਨੁਕਸਾਨ ਦੀ ਰਿਪੋਰਟ ਤਿਆਰ ਕਰਕੇ 48 ਘੰਟਿਆਂ ਦੇ ਅੰਦਰ-ਅੰਦਰ ਜਮ੍ਹਾਂ ਕਰਵਾਉਣ ਤਾਂ ਜੋ ਨੁਕਸਾਨੇ ਗਏ ਢਾਂਚੇ ਨੂੰ ਠੀਕ ਕਰਨ ਦੀ ਕਾਰਵਾਈ ਅਰੰਭੀ ਜਾ ਸਕੇ। ਉਨ੍ਹਾਂ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲਗਾਏ ਜਾ ਰਹੇ ਮੈਡੀਕਲ ਕੈਂਪਾਂ ਦੀ ਗਿਣਤੀ ਵਧਾਈ ਜਾਵੇ ਅਤੇ ਸਿਹਤ ਵਿਭਾਗ ਦੀਆਂ ਟੀਮਾਂ ਘਰ-ਘਰ ਜਾ ਕੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਣ ਲਈ ਜਾਗਰੂਕ ਕਰਨ। ਇਸ ਦੇ ਨਾਲ ਹੀ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਸਿਹਤ ਵਿਭਾਗ, ਸਥਾਨਿਕ ਸਰਕਾਰਾਂ ਅਤੇ ਪੰਚਾਇਤ ਵਿਭਾਗ ਦੀਆਂ ਟੀਮਾਂ ਵੱਲੋਂ ਲਗਾਤਾਰ ਫੌਗਿੰਗ ਕੀਤੀ ਜਾਵੇ ਤਾਂ ਜੋ ਹੜ੍ਹਾਂ ਦੇ ਪਾਣੀ ਕਾਰਨ ਮੱਛਰ-ਮੱਖੀਆਂ ਪੈਦਾ ਨਾ ਹੋ ਸਕਣ। ਉਨ੍ਹਾਂ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਉਹ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਸ਼ੂਆਂ ਦਾ ਇਲਾਜ ਕਰਨ ਦੇ ਨਾਲ ਪਸ਼ੂਆਂ ਦੇ ਚਾਰੇ ਦਾ ਵੀ ਪ੍ਰਬੰਧ ਕਰਨ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕੇ ਵਿੱਚ ਫ਼ਸਲਾਂ ਨੂੰ ਵੀ ਕਾਫ਼ੀ ਨੁਕਸਾਨ ਪਹੁੰਚਿਆ ਹੈ। ਉਨ੍ਹਾਂ ਕਿਹਾ ਕਿ ਅਜੇ ਵੀ ਕਈ ਪਿੰਡਾਂ ਵਿੱਚ ਫ਼ਸਲਾਂ ਪਾਣੀ ਵਿੱਚ ਡੁੱਬੀਆਂ ਹੋਈਆਂ ਹਨ। ਉਨ੍ਹਾਂ ਨੇ ਖੇਤੀਬਾੜੀ ਵਿਭਾਗ ਅਤੇ ਮਾਲ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਾਣੀ ਘਟਣ ਤੋਂ ਬਾਅਦ ਬਿਨ੍ਹਾਂ ਕਿਸੇ ਦੇਰੀ ਫ਼ਸਲਾਂ ਦੇ ਹੋਏ ਨੁਕਸਾਨ ਦੀ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਜੋ ਸਰਕਾਰ ਵੱਲੋਂ ਪ੍ਰਭਾਵਿਤ ਕਿਸਾਨਾਂ ਨੂੰ ਮੁਆਵਜ਼ਾ ਦਿਵਾਇਆ ਜਾ ਸਕੇ।


**ਜਨਤਕ ਸੂਚਨਾ**
**ਵੱਲੋਂ ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ**





ਵਿਸ਼ਾ-: ਵਪਾਰਕ ਟਿੰਬਰ ਸਾਈਟ ਨੰਬਰ 7, ਸੈਕਟਰ 26, ਚੰਡੀਗੜ੍ਹ (ਸੀ.ਪੀ. 1113) ਦੇ ਸੰਬੰਧ ਵਿੱਚ ਮਾਲਕੀ ਦਾ ਤਬਾਦਲਾ ਸਵਰਗੀ ਸ਼੍ਰੀ ਜੈ ਪ੍ਰਕਾਸ਼ ਦੀ ਅਣਵੰਡੀ ਮੌਤ ਦੇ ਆਧਾਰ 'ਤੇ 100% ਹਿੱਸੇ ਦੀ ਹੱਦ ਤੱਕ। ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ ਜੈ ਪ੍ਰਕਾਸ਼ ਵਪਾਰਕ ਲੱਕੜ ਸਾਈਟ ਨੰਬਰ 7, ਸੈਕਟਰ 26, ਚੰਡੀਗੜ੍ਹ ਦੇ 100% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ। ਦੀਪਕ ਮਹਿਲ, ਸੰਦੀਪ ਮਹਿਲ, ਰੋਹਿਤ ਮਹਿਲ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ. ਜੈ ਪ੍ਰਕਾਸ਼ ਦੀ ਮਿਆਦ 04/04/2010 ਨੂੰ ਖਤਮ ਹੋ ਗਈ ਸੀ ਅਤੇ ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- **(1) ਸੰਦੀਪ ਮਹਿਲ (ਪੁੱਤਰ) (2) ਦੀਪਕ ਮਹਿਲ (ਪੁੱਤਰ) (3) ਸੰਤੋਸ਼ ਮਹਿਲ (ਪਤਨੀ-ਮ੍ਰਿਤਕ) (4) ਰੋਹਿਤ ਮਹਿਲ (ਪੁੱਤਰ)।** ਹੁਣ, ਦੀਪਕ ਮਹਿਲ, ਸੰਦੀਪ ਮਹਿਲ, ਰੋਹਿਤ ਮਹਿਲ ਨੇ ਵਪਾਰਕ ਲੱਕੜ ਸਾਈਟ ਨੰਬਰ 7, ਸੈਕਟਰ 26, ਚੰਡੀਗੜ੍ਹ ਦੇ ਸੰਬੰਧ ਵਿੱਚ ਸਵਰਗੀ ਸ਼੍ਰੀ ਜੈ ਪ੍ਰਕਾਸ਼ ਦੁਆਰਾ ਆਪਣੇ ਹੱਕ ਵਿੱਚ 100% ਹਿੱਸੇ ਦੀ ਹੱਦ ਤੱਕ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ, ਜੋ ਕਿ ਗੈਰ-ਵਸਨੀ ਮੌਤ ਦੇ ਆਧਾਰ 'ਤੇ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ।**


**ਜਨਤਕ ਸੂਚਨਾ**
ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ-III, ਐਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ।



[illegible]

**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ-III, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ।**

**ਜਨਤਕ ਸੂਚਨਾ**
**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ-III, ਐਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ।**



ਵਿਸ਼ਾ:-ਸਵ. ਸ਼੍ਰੀ ਹਰਬੰਸ ਸਿੰਘ ਦੀ ਰਜਿਸਟਰਡ ਵਸੀਅਤ ਅਤੇ ਸ਼੍ਰੀਮਤੀ ਪਰਮਜੀਤ ਕੌਰ ਦੀ ਹੋਰ ਗੈਰ-ਵਸਨੀ ਮੌਤ ਦੇ ਆਧਾਰ 'ਤੇ ਐਸ.ਸੀ.ਓ. ਨੰਬਰ 37, ਸੈਕਟਰ 16-ਡੀ, ਚੰਡੀਗੜ੍ਹ ਦੇ 50% ਹਿੱਸੇ ਦੇ ਤਬਾਦਲੇ ਦੇ ਸੰਬੰਧ ਵਿੱਚ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ, ਐਸ.ਸੀ.ਓ. ਨੰਬਰ 37, ਸੈਕਟਰ 16-ਡੀ, ਚੰਡੀਗੜ੍ਹ ਦੇ 50% ਹਿੱਸੇ ਵਜੋਂ ਜਾਣੀ ਜਾਂਦੀ ਜਾਇਦਾਦ ਸ਼੍ਰੀਮਤੀ ਪਰਮਜੀਤ ਕੌਰ ਦੇ ਨਾਮ 'ਤੇ ਹੈ। ਸ਼੍ਰੀ ਹਰਪ੍ਰੀਤ ਸਿੰਘ ਦੁਆਰਾ ਇਹ ਰਿਪੋਰਟ ਕੀਤੀ ਗਈ ਹੈ ਕਿ ਸ਼੍ਰੀਮਤੀ ਪਰਮਜੀਤ ਕੌਰ ਦੀ ਮਿਆਦ 27.01.2025 ਨੂੰ ਖਤਮ ਹੋ ਗਈ ਸੀ, ਜੋ ਕਿ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਛੱਡ ਗਈ ਸੀ:- (1) ਸ਼੍ਰੀ ਹਰਪ੍ਰੀਤ ਸਿੰਘ (ਪੁੱਤਰ) (2) ਸ਼੍ਰੀਮਤੀ।ਉਪਜੀਤ ਕੌਰ (ਧੀ) (3) ਸ਼੍ਰੀ ਜਗਜੀਤ ਸਿੰਘ (ਪੁੱਤਰ ਮ੍ਰਿਤਕ) ਸ਼੍ਰੀ ਜਗਜੀਤ ਸਿੰਘ ਦੇ ਕਾਨੂੰਨੀ ਵਾਰਸ (1) ਇੰਦਰਜੀਤ ਕੌਰ (ਨੂੰਹ) (2) ਤਨਵੀਰ ਸਿੰਘ (ਪੋਤਾ) (3) ਮਨਪ੍ਰੀਤ ਕੌਰ (ਪੋਤੀ) (4) ਮਨਜੀਤ ਸਿੰਘ (ਪੁੱਤਰ ਮ੍ਰਿਤਕ) ਸ਼੍ਰੀ ਮਨਜੀਤ ਸਿੰਘ (1) ਬਲਜੀਤ ਸਿੰਘ (ਪੋਤਾ) (2) ਹਰਜੀਤ ਸਿੰਘ (ਪੋਤਾ) ਦੇ ਕਾਨੂੰਨੀ ਵਾਰਸ। ਇਸ ਤੋਂ ਇਲਾਵਾ, ਇਹ ਜਗ ?ਹਾ ਸਵਰਗੀ ਸ਼੍ਰੀ ਹਰਬੰਸ ਸਿੰਘ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਜੀਵਨ ਭਰ ਵਿਆਜ ਲਈ ਸ਼੍ਰੀਮਤੀ ਪਰਮਜੀਤ ਕੌਰ ਨੂੰ ਤਬਦੀਲ ਕਰ ਦਿੱਤੀ ਗਈ ਸੀ। ਹੁਣ, ਸ਼੍ਰੀਮਤੀ ਪਰਮਜੀਤ ਕੌਰ ਦੀ ਵੀ ਮਿਆਦ ਪੁੱਗ ਚੁੱਕੀ ਹੈ ਅਤੇ ਜਾਇਦਾਦ ਸ਼੍ਰੀ ਹਰਬੰਸ ਸਿੰਘ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਸ਼੍ਰੀ ਹਰਪ੍ਰੀਤ ਸਿੰਘ ਦੇ ਹੱਕ ਵਿੱਚ ਤਬਦੀਲ ਕੀਤੀ ਜਾਣੀ ਹੈ। ਹੁਣ, ਸ਼੍ਰੀ ਹਰਪ੍ਰੀਤ ਸਿੰਘ ਨੇ ਸਵਰਗੀ ਸ਼੍ਰੀ ਹਰਬੰਸ ਸਿੰਘ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਆਪਣੇ ਹੱਕ ਵਿੱਚ 50% ਹਿੱਸੇ ਦੀ ਹੱਦ ਤੱਕ ਜਾਇਦਾਦ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ ਅਤੇ ਸ਼੍ਰੀਮਤੀ ਪਰਮਜੀਤ ਕੌਰ ਦੀ ਅਣਵੰਡੀ ਮੌਤ। ਜਿਸਦੀ ਉਕਤ ਜਾਇਦਾਦ ਵਿੱਚ ਜੀਵਨ ਭਰ ਹਿੱਤ ਸੀ। ਜੇਕਰ ਕਿਸੇ ਕੋਲ ਉਪਰੋਕਤ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸਾਂ ਬਾਰੇ ਕੋਈ ਜਾਣਕਾਰੀ ਹੈ, ਤਾਂ ਉਸਨੂੰ ਤੁਰੰਤ ਅਸਟੇਟ ਅਫਸਰ, ਯੂਟੀ ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਦੇ ਤਬਾਦਲੇ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਕਾਰਜਕਾਰੀ ਮੈਜਿਸਟਰੇਟ/ਨੋਟਰੀ ਪਬਲਿਕ ਦੁਆਰਾ ਤਸਦੀਕ ਕੀਤੇ ਗਏ ਹਲਫ਼ਨਾਮੇ ਦੇ ਰੂਪ ਵਿੱਚ ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ ਪੇਸ਼ ਕਰ ਸਕਦੇ ਹਨ, ਜਿਸ ਵਿੱਚ ਇਹ ਮੰਨਿਆ ਜਾਵੇਗਾ ਕਿ ਉਨ੍ਹਾਂ ਦੇ ਇਤਰਾਜ਼ ਦੀ ਅਸਲੀਅਤ ਅਸਟੇਟ ਦਫ਼ਤਰ, ਸੈਕਟਰ 17, ਚੰਡੀਗੜ੍ਹ ਨੂੰ ਇਸ ਤਰ੍ਹਾਂ ਉਠਾਈ ਗਈ ਹੈ, ਨਹੀਂ ਤਾਂ ਉਪਰੋਕਤ ਜਾਇਦਾਦ ਦਾ ਤਬਾਦਲਾ ਉਸ ਅਨੁਸਾਰ ਬਦਲਿਆ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਸ੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ-III, ਅਸਟੇਟ ਅਫ਼ਸਰ, ਯੂਟੀ, ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ।**

**ਭਾਰਤੀ ਰੇਲ**
**ਪਟਿਆਲਾ ਲੋਕੋਮੋਟਿਵ ਵਰਕਸ**
(ਪੂਰਵ ਵਿਚ ਡੀਜ਼ਲ ਰੇਲਇੰਜਣ ਆਧੁਨਿਕੀਕਰਨ ਕਾਰਖ਼ਾਨਾ)
ਪਟਿਆਲਾ-147 003
ਫੋਨ : 0175-2396000, 2396001, ਫੈਕਸ : 0175-2306413, 2306370
**ਦੂਜਾ ਸ਼ੁਧੀਪੱਤਰ**
ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਹੇਠਾਂ ਲਿਖਤ ਟੈਂਡਰ ਨੂੰ ਪ੍ਰਸ਼ਾਸਨਿਕ ਆਧਾਰ 'ਤੇ ਹੇਠਾਂ ਲਿਖੇ ਅਨੁਸਾਰ ਸੋਧ ਕੀਤੀ ਗਈ ਹੈ।

| ਨਿਵਿਦਾ ਨੰਬਰ | ਨਿਵਿਦਾ ਖੋਹਲਣ ਦੀ ਮੌਜੂਦਾ ਮਿਤੀ | ਨਿਵਿਦਾ ਖੋਹਲਣ ਦੀ ਸੰਸ਼ੋਧਿਤ ਮਿਤੀ |
|---|---|---|
| ਸੀ.ਈ.ਪੀ.ਐਲ.ਡਬਲਯੂ/ਟੀ-15/ 2025-26/ਪਟਿ, ਮਿ. 30.07.2025 | 09.09.2025 at 15:15 hrs. | 30.09.2025 at 15:15 hrs. |
| (i) ਕਲੋਨੀ -II ਖੇਤਰ ਪੀਐਲਡਬਲਯੂ/ਪੀਟੀਏ ਵਿਚ ਐਸਟੀਪੀ ਪਲਾਂਟ ਦੇ ਜਰਜਰ ਪੁਰਾਣੇ ਪਾਈਪ, ਵਾਲਵ, ਆਈਈਈ-3 ਰੇਟਿੰਗ ਦੇ ਮੋਟਰ/ਪੰਪ ਪੁਰਾਣੇ ਡਿਫਿਊਜ਼ਰ ਸਿਸਟਮ ਅਤੇ ਧੁਨਾਤਮਕ ਘੇਰਿਆਂ (Acoustic Enclosures) ਦਾ ਨਵੀਨੀਕਰਨ ਅਤੇ ਅਪਗ੍ਰੇਡੇਸ਼ਨ। (ii) ਕਲੋਨੀ -II, ਪੀਐਲਡਬਲਯੂ/ਪਟਿਆਲਾ ਵਿਚ ਸੀਵੇਜ ਟ੍ਰੀਟਮੈਂਟ ਪਲਾਂਟ ਦਾ ਸੰਚਾਲਨ, ਮੁਰੰਮਤ ਅਤੇ ਰੱਖ-ਰਖਾਅ। (ਦੋ ਸਾਲਾਂ ਦੇ ਲਈ) | | |

ਬਾਕੀ ਸਾਰੇ ਨਿਯਮ ਅਤੇ ਸ਼ਰਤਾਂ ਉਹੀ ਰਹਿਣਗੀਆਂ। ਵਧੇਰੇ ਜਾਣਕਾਰੀ ਦੇ ਲਈ ਕਿਰਪਾ ਆਈਆਰਈਪੀਐਸ ਵੈਬਸਾਈਟ www.ireps.gov.in 'ਤੇ ਲਗਇਨ ਕਰੋ। ਨੰ. ਪੀ.ਐਲ.ਡਬਲਯੂ./ਡਬਲਯੂ.ਡਬਲਯੂ./ਡਬਲਯੂ.ਏ/ਸੀ.ਐਸ/979/Vol-III ਮਿਤੀ: 04.09.2025 2713/2025
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**ਯੂਨੀਅਨ ਬੈਂਕ ਆਫ ਇੰਡੀਆ** ਭਾਰਤ ਸਰਕਾਰ ਦਾ ਅਦਾਰਾ — Union Bank of India, A Government of India Undertaking
**ਅਸੈਟ ਰਿਕਵਰੀ ਸ਼ਾਖਾ**
ਕਾਲਰਾਜ਼ ਬਿਲਡਿੰਗ, ਪਹਿਲੀ ਮੰਜ਼ਿਲ, ਬੀ-15-295/ਬੀ ਅਤੇ ਬੀ-15-295/ਸੀ, ਨੇੜੇ ਓਸਵਾਲ ਸਟ੍ਰੀਟ,ਮਿਲਰਗੰਜ, ਜੀ.ਟੀ. ਰੋਡ, ਲੁਧਿਆਣਾ-141003, ਮੋਬ: ਨੰ. 83760-02606
**ਈ-ਨਿਲਾਮੀ ਵਿਕਰੀ ਸੂਚਨਾ**

**ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 15.10.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਦੇ ਵਿਚਾਲੇ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਬੋਲੀ ਰੱਖਣ ਤੋਂ ਪਹਿਲਾਂ ਨਿਲਾਮੀ ਦਾ ਸਮਾਂ ਖਤਮ ਹੋਣ ਤੋਂ ਪਹਿਲਾਂ ਸੰਪੱਤੀ ਆਈਡੀ ਸਮੇਤ ਜਮ੍ਹਾਂ ਕੀਤੀ ਜਾਵੇਗੀ ਅਤੇ ਲਿੰਕ/ਮੈਪ ਕੀਤੀ ਜਾਵੇਗੀ।**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ/ਸੰਕੇਤਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸੰਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 15.10 2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"ਅਧਾਰ** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸੰਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ , ਖਾਤਾ, ਕਰਜ਼ਦਾਰ/ਾਂ/ਜ਼ਾਮਨ/ਾਂ ਆਦਿ ਦੇ ਨਾਮ | ਬਕਾਇਆ ਰਕਮ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| 1. | 1. ਸਵਰਗੀ ਸ਼੍ਰੀਮਤੀ ਗੀਤਾ ਸ਼ਰਮਾ ਪਤਨੀ ਸ੍ਰੀ ਜੱਜ ਕੁਮਾਰ, ਆਪਣੇ ਕਾਨੂੰਨੀ ਵਾਰਸਾਂ ਰਾਹੀਂ - ਸ੍ਰੀ ਜੱਜ ਕੁਮਾਰ, ਪੁੱਤਰ ਬਰਕਤ ਰਾਮ (ਪਤੀ), ਸ੍ਰੀ ਗੌਰਵ (ਪੁੱਤਰ) ਅਤੇ ਹੋਰ ਅਣਪਛਾਤੇ ਕਾਨੂੰਨੀ ਵਾਰਸਾਂ, ਵਾਰਡ ਨੰ. 17, ਸ਼ਾਂਤੀ ਨਗਰ, ਫਿਰੋਜ਼ਪੁਰ - 152002, 2. ਸ੍ਰੀ ਜੱਜ ਕੁਮਾਰ ਪੁੱਤਰ ਬਰਕਤ ਰਾਮ (ਕਰਜ਼ਦਾਰ), ਵਾਰਡ ਨੰ: 1 7 ਫਿਰੋਜ਼ਪੁਰ 152002. 3. ਸ੍ਰੀ ਸੁਰਿੰਦਰ ਸਿੰਘ ਪੁੱਤਰ ਦਲੀਪ ਸਿੰਘ (ਜ਼ਾਮਨ), ਸ਼ਾਂਤੀ ਨਗਰ, ਵਾਰਡ ਨੰ. 14, ਫਿਰੋਜ਼ਪੁਰ - 152002 | Rs. 23,45,936.78 31.01.2024 ਦੇ ਅਨੁਸਾਰ ਜਮ੍ਹਾਂ 01.02.2024 ਤੋਂ ਪ੍ਰਭਾਵੀ ਵਿਆਜ | ਸ਼੍ਰੀਮਤੀ ਗੀਤਾ ਸ਼ਰਮਾ ਦੇ ਨਾਮ 'ਤੇ ਵਿਕਰੀ ਡੀਡ ਨੰਬਰ 3238 ਮਿਤੀ 27.02.2019 ਦੇ ਅਧੀਨ 1305 ਵਰਗ ਫੁੱਟ/4.79 ਮਰਲੇ ਦੀ ਰਿਹਾਇਸ਼ੀ ਜਾਇਦਾਦ 57 ਕਨਾਲ 14 ਮਰਲੇ ਜ਼ਮੀਨ ਦਾ 43/10386 ਹਿੱਸਾ ਹੈ ਜੋ ਕਿ ਖਤੌਣੀ ਨੰਬਰ 618, 619 ਖਤੌਣੀ ਨੰਬਰ 832, 833, ਰੈਕਟ ਨੰਬਰ 161, ਕਿਲਾ ਨੰਬਰ 23/1/1 (0-9), ਰੈਕਟ ਨੰਬਰ 178, ਕਿਲਾ ਨੰਬਰ 7(8-0), 13/2(3-16) 14(7-10) 15/1(4-7) 27(0-12) 6/2(5-0), ਰੈਕਟ ਨੰਬਰ 161 ਕਿਲਾ ਨੰਬਰ 24(8-0) 25(6-6) ਰੈਕਟ ਨੰਬਰ 178 ਕਿਲਾ ਨੰਬਰ 4(8-0) 5(5-14) ਵਿੱਚ ਸ਼ਾਮਲ ਹੈ, ਸਾਲ 2008-09 ਲਈ ਜਮਾਂਬੰਦੀ ਅਨੁਸਾਰ, ਸ਼ਾਂਤੀ ਨਗਰ ਦੇ ਖੇਤਰ ਵਿੱਚ ਸਥਿਤ, ਫਿਰੋਜ਼ਪੁਰ ਸ਼ਹਿਰ ਹੱਦਬੰਦੀ:- ਪੂਰਬ-ਦਰਬਾਰਾ ਸਿੰਘ ਬਹੀ 60', ਪੱਛਮੀ-ਦਰਬਾਰਾ ਸਿੰਘ ਬਹੀ 60', ਉੱਤਰੀ-ਗਲੀ 20 ਫੁੱਟ, ਦੱਖਣ-ਬਲਵੰਤ ਸਿੰਘ ਬਹੀ 21'9"। **ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ।** | Rs. 23,00,000/- / Rs. 2,30,000/- / Rs. 23,000/- |
| 2. | ਕਰਜ਼ਦਾਰ: ਸ਼੍ਰੀ ਮੁਕੇਸ਼ ਕੁਮਾਰ ਪੁੱਤਰ ਸ਼੍ਰੀ ਸਤ ਨਰਾਇਣ ਅਗਰਵਾਲ, ਪਤਾ: ਮਕਾਨ ਨੰ. 16/20, ਗਲੀ ਖਰਾਦੀਆਂ ਵਾਲੀ, ਫਿਰੋਜ਼ਪੁਰ ਸ਼ਹਿਰ, ਪੰਜਾਬ। ਸਹਿ-ਕਰਜ਼ਦਾਰ: ਸ਼੍ਰੀਮਤੀ ਪੂਨਮ ਰਾਣੀ ਪਤਨੀ ਸ਼੍ਰੀ ਮੁਕੇਸ਼ ਕੁਮਾਰ, ਪਤਾ ਮਕਾਨ ਨੰ: 16/20, ਗਲੀ ਖਰੜੀਆਂ, ਵਾਲੀ, ਫਿਰੋਜ਼ਪੁਰ ਸ਼ਹਿਰ, ਪੰਜਾਬ। | Rs. 32,75,070.92 31.12.2024 ਦੇ ਅਨੁਸਾਰ ਜਮ੍ਹਾਂ 01.01.2025 ਤੋਂ ਪ੍ਰਭਾਵੀ ਵਿਆਜ | ਰਿਹਾਇਸ਼ੀ ਜਾਇਦਾਦ/ਮਕਾਨ ਪਲਾਟ ਨੰਬਰ 5 ਦਾ ਈਐਮਜੀ 32 ਕਨਾਲ 2 ਮਰਲੇ ਜ਼ਮੀਨ ਵਿੱਚੋਂ 4.28 ਮਰਲੇ ਦਾ ਨਾਪ, ਯਾਨੀ ਕਿ 5 ਕਨਾਲ 12 ਮਰਲੇ ਜ਼ਮੀਨ 112/143, 7 ਕਨਾਲ 3 ਮਰਲੇ ਜ਼ਮੀਨ ਦਾ ਹਿੱਸਾ ਜਿਸ ਵਿੱਚ ਰੈਕਟ ਨੰਬਰ 84 ਕਿਲ੍ਹਾ ਨੰਬਰ 5 (7-3) ਸ਼ਾਮਲ, 15 ਕਨਾਲ ਜ਼ਮੀਨ, ਜੋ ਕਿ 27 ਕਨਾਲ 14 ਮਰਲੇ ਜ਼ਮੀਨ ਦਾ 300/554 ਹਿੱਸਾ, ਜਿਸ ਵਿੱਚ ਰੈਕਟ ਨੰਬਰ 84 ਕਿਲ੍ਹਾ ਨੰਬਰ 26/1 (27-14) ਸ਼ਾਮਲ, 3 ਕਨਾਲ 17 ਮਰਲੇ ਜ਼ਮੀਨ, ਜੋ ਕਿ 5 ਕਨਾਲ 6 ਮਰਲੇ ਜ਼ਮੀਨ ਦਾ 77/106 ਹਿੱਸਾ ਹੈ, ਜਿਸ ਵਿੱਚ ਰੈਕਟ ਨੰਬਰ 85 ਕਿਲ੍ਹਾ ਨੰਬਰ 1 (8-6) ਸ਼ਾਮਲ ਹੈ, 2 ਕਨਾਲ 13 ਮਰਲੇ ਜ਼ਮੀਨ, ਜੋ ਕਿ 7 ਕਨਾਲ 11 ਮਰਲੇ ਜ਼ਮੀਨ ਦਾ 53/151 ਹਿੱਸਾ ਹੈ, ਜਿਸ ਵਿੱਚ ਰੈਕਟ ਨੰਬਰ 67 ਕਿਲਾ ਨੰਬਰ 13/1(5-11) 13/2(2-0) ਸ਼ਾਮਲ ਹੈ, 5 ਕਨਾਲ ਜ਼ਮੀਨ, 9 ਕਨਾਲ 2 ਮਰਲੇ ਜ਼ਮੀਨ ਦਾ 100/182 ਹਿੱਸਾ, ਜਿਸ ਵਿੱਚ ਰੈਕਟ ਨੰਬਰ 67 ਕਿਲ੍ਹਾ ਨੰਬਰ 18/1(2-9) 18/2(6-13) ਸ਼ਾਮਲ ਹੈ।ਹੱਦਬੰਦੀ ਪੂਰਬ: ਪਲਾਟ ਨੰ. 4 ਬਹੀ 53'8", ਪੱਛਮ:- ਪਲਾਟ ਨੰ. 6 ਬਹੀ 54'7", ਉੱਤਰ:- ਬਣਿਆ ਹੋਇਆ ਘਰ, ਦੱਖਣ:- ਗਲੀ ਬਹੀ 21'6", ਨਾਨਕਪੁਰਾ ਦੇ ਨੇੜੇ ਦੇ ਖੇਤਰ ਵਿੱਚ ਸਥਿਤ, ਗੋਲਬਾਗ, ਫਿਰੋਜ਼ਪੁਰ ਸ਼ਹਿਰ। **ਕਬਜ਼ੇ ਦੀ ਕਿਸਮ: ਸੰਕੇਤਕ ਕਬਜ਼ਾ।** | Rs. 20,50,000/- / Rs. 2,05,000/- / Rs. 20,500/- |

**ਨਿਯਮ ਅਤੇ ਸ਼ਰਤਾਂ:** ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ 2002 ਵਿੱਚ ਨਿਰਧਾਰਤ ਨਿਯਮਾਂ ਅਤੇ ਸ਼ਰਤਾਂ ਅਤੇ ਹੇਠ ਲਿਖੀਆਂ ਹੋਰ ਸ਼ਰਤਾਂ ਦੇ ਅਧੀਨ ਹੋਵੇਗੀ: 1. ਉੱਪਰ ਦਿੱਤੇ ਅਨੁਸੂਚੀ ਵਿੱਚ ਦਰਸਾਏ ਗਏ ਸੁਰੱਖਿਅਤ ਸੰਪਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਜਾਣਕਾਰੀ ਅਨੁਸਾਰ ਦੱਸੇ ਗਏ ਹਨ, ਪਰ ਅਧਿਕਾਰਤ ਅਧਿਕਾਰੀ ਇਸ ਘੋਸ਼ਣਾ ਵਿੱਚ ਕਿਸੇ ਵੀ ਗਲਤੀ, ਗਲਤ ਬਿਆਨੀ ਲਈ ਜਵਾਬਦੇਹ ਨਹੀਂ ਹੋਵੇਗਾ।2. ਵਿਕਰੀ 15.10.2025 ਨੂੰ ਦੁਪਹਿਰ 12:00 ਵਜੇ ਤੋਂ ਸ਼ਾਮ 05:00 ਵਜੇ ਤੱਕ ਵੈੱਬਸਾਈਟ https://baanknet.com 'ਤੇ ਪ੍ਰਦਾਨ ਕੀਤੇ ਗਏ ਈ-ਆਕਸ਼ਨ ਪਲੇਟਫਾਰਮ ਰਾਹੀਂ ਹੇਠਾਂ ਹਸਤਾਖਰਿਤ ਦੁਆਰਾ ਕੀਤੀ ਜਾਵੇਗੀ।ਉਪਰੋਕਤ ਜਾਇਦਾਦਾਂ ਬਾਰੇ ਕਿਸੇ ਵੀ ਜਾਣਕਾਰੀ ਲਈ, ਕਿਰਪਾ ਕਰਕੇ ਸਬੰਧਤ ਬ੍ਰਾਂਚ ਮੈਨੇਜਰ ਨਾਲ ਸੰਪਰਕ ਕਰੋ।3. ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com, https://unionbankofindia.co.in ਵੇਖੋ।4 ਰਜਿਸਟਰੇਸ਼ਨ ਅਤੇ ਲੌਗਇਨ ਅਤੇ ਬੋਲੀ ਨਿਯਮਾਂ ਲਈ https://baanknet.com ਅਤੇ "ਲੌਗਇਨ ਅਤੇ ਰਜਿਸਟਰੇਸ਼ਨ ਲਈ ਖਰੀਦਦਾਰ ਗਾਈਡ" 'ਤੇ ਕਲਿੱਕ ਕਰੋ।5. ਬੈਂਕ, ਸੁਰੱਖਿਅਤ ਲੈਣਦਾਰ, ਬਿਨਾਂ ਕੋਈ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਸਵੀਕਾਰ / ਅਸਵੀਕਾਰ ਕਰਨ ਜਾਂ ਵਿਕਰੀ ਨੂੰ ਰੱਦ ਕਰਨ ਦਾ ਅਧਿਕਾਰ ਰੱਖਦਾ ਹੈ।ਇਸ ਨੂੰ ਉਪਰੋਕਤ ਕਰਜ਼ੇ ਦੇ ਕਰਜ਼ਦਾਰ/ਗਾਰੰਟਰ/ਰੱਖਿਅਕਾਂ ਨੂੰ ਉਪਰੋਕਤ ਮਿਤੀ ਨੂੰ ਈ-ਨਿਲਾਮੀ ਵਿਕਰੀ ਕਰਵਾਉਣ ਬਾਰੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 9 ਦੇ ਰੂਪ ਵਿੱਚ 30 ਦਿਨਾਂ ਦਾ ਨੋਟਿਸ ਵੀ ਮੰਨਿਆ ਜਾ ਸਕਦਾ ਹੈ।

**ਮਿਤੀ : 08.09.2025** **ਸਥਾਨ : ਲੁਧਿਆਣਾ** **ਅਧਿਕਾਰਤ ਅਧਿਕਾਰੀ,ਯੂਨੀਅਨ ਬੈਂਕ ਆਫ ਇੰਡੀਆ**

**ਕੇਨਰਾ ਬੈਂਕ** ਭਾਰਤ ਸਰਕਾਰ ਦਾ ਅਦਾਰਾ — **Canara Bank** (A Govt. of India Undertaking) — ਸਿੰਡਿਕੇਟ Syndicate
**ਈ-ਨਿਲਾਮੀ ਵਿਕਰੀ ਸੂਚਨਾ**
**ਏਆਰਐਮਬੀ, ਪਲਾਟ ਨੰ. 2 ਜ਼ਮੀਨੀ ਤਲ, ਨੇੜੇ ਹੋਟਲ ਡੀਵੈਂਚਰ ਨਮਸਤੇ ਚੌਕ ਕਰਨਾਲ,**
**ਅਧਿਕਾਰਤ ਅਧਿਕਾਰੀ :- ਸ੍ਰੀ ਰਣਜੀਤ ਕੁਮਾਰ, (M) 85728-16290, Mail ID: cb6290@canarabank.com**

**ਈ-ਨਿਲਾਮੀ ਵਿਕਰੀ ਸੂਚਨਾ**
**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6) ਅਤੇ 9 ਦੇ ਅਧੀਨ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਸੂਚਨਾ**

ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀਆਂ ਗਈਆਂ ਅਚੱਲ ਜਾਇਦਾਦਾਂ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀਆਂ ਗਈਆਂ ਹਨ/ਚਾਰਜ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਕਬਜ਼ਾ ਕੇਨਰਾ ਬੈਂਕ ਦੇ ਅਧਿਕਾਰਤ ਅਧਿਕਾਰੀ ਦੁਆਰਾ ਲਿਆ ਗਿਆ ਹੈ, ਨੂੰ ਸੇਵਾ ਪ੍ਰਦਾਤਾ ਮੈਸਰਜ਼ ਪੀਐਸਬੀ ਅਲਾਇੰਸ (Baanknet), (8291220220), ਈ-ਮੇਲ: support.BAANKNET@psballiance.com ਦੁਆਰਾ ਵੈੱਬਸਾਈਟ https://baanknet.com/ ਰਾਹੀਂ ਨਿਲਾਮੀ ਵਿੱਚ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਜੋ ਕੁਝ ਵੀ ਹੈ" 'ਤੇ ਵੇਚਿਆ ਜਾਵੇਗਾ।

**ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ 25.09.2025 ਨੂੰ ਸ਼ਾਮ 5.00 ਵਜੇ ਤੱਕ**
**ਈ-ਨਿਲਾਮੀ ਦੀ ਮਿਤੀ : 26.09.2025 ਨੂੰ (ਦੁਪਹਿਰ 12.30 ਵਜੇ ਤੋਂ ਬਾ. ਦੁ. 01.30 ਵਜੇ)**
(ਵਿਕਰੀ ਖਤਮ ਹੋਣ ਤੱਕ ਹਰੇਕ 5 ਮਿੰਟਾਂ ਦੀ ਮਿਆਦ ਦੇ ਅਸੀਮਿਤ ਵਾਧੇ ਸਮੇਤ)

| ਲ. ਨੰ. ਸ਼ਾਖਾ ਦਾ ਨਾਮ/ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ ਅਤੇ ਪਤਾ | ਸੰਪੱਤੀ/ਆਂ ਦਾ ਸੰਖੇਪ ਵੇਰਵਾ | ਨਿਰਧਾਰਤ ਮਿਤੀ ਨੂੰ ਕੁੱਲ ਦੇਣਦਾਰੀਆਂ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. 'ਚ) | ਖਾਤਾ ਨੰਬਰ ਦੇ ਵੇਰਵੇ / ਆਈਐਫਐਸਸੀ ਕੋਡ / ਕਬਜ਼ੇ ਦੀ ਕਿਸਮ |
|---|---|---|---|---|---|
| **1. ਮੈਸ. ਯੂਰੋ ਟ੍ਰੀ (ਕਰਜ਼ਦਾਰ) ਪਤਾ** ਦੂਜੀ ਮੰਜਿਲ, 203, ਯੂਨੀਸਿਟੀ ਬਿਜਨਸ ਪਾਰਕ, ਜ਼ੀਰਕਪੁਰ, ਐਸਏਐਸ ਨਗਰ, ਮੋਹਾਲੀ, ਪੰਜਾਬ 160102 **2. ਸ੍ਰੀ ਮੀਤਾਂਸ਼ੂ ਗਰਗ ਸਪੁੱਤਰ ਸ੍ਰੀ ਸੰਦੀਪ ਗਰਗ** (ਭਾਈਵਾਲ) ਵਾਸੀ ਮਕਾਨ ਨੰ. 176, ਹਿੱਲ ਵਿਊ ਕਲੋਨੀ ਢਕੋਲੀ, ਮੋਹਾਲੀ, ਪੰਜਾਬ-160104 **3. ਸ੍ਰੀ ਹਰਪ੍ਰੀਤ ਸਿੰਘ ਘੁੰਮਣ ਸਪੁੱਤਰ ਸ੍ਰੀ ਅਮਰਜੀਤ ਸਿੰਘ (ਹਿੱਸੇਦਾਰ)** ਮਕਾਨ ਨੰ. 8, ਜੀਐਫ, ਕਿਸ਼ਨਪੁਰਾ ਐਸਏਐਸ ਨਗਰ, ਮੋਹਾਲੀ, ਪੰਜਾਬ-140603 | ਸ੍ਰੀ ਮੀਤਾਂਸ਼ੂ ਗਰਗ ਸਪੁੱਤਰ ਸ੍ਰੀ ਸੰਦੀਪ ਗਰਗ ਦੇ ਨਾਮ 'ਤੇ ਯੂਨੀਸਿਟੀ ਬਿਜਨਸ ਪਾਰਕ, ਨੇੜੇ ਹੋਟਲ ਮਾਰਕ ਰੋਇਲ, ਕਾਲਕਾ ਹਾਈਵੇਅ, ਜ਼ੀਰਕਪੁਰ ਵਿਖੇ ਸਥਿਤ ਖੇਵਟ/ ਖਤੌਨੀ ਨੰ. 100/1/103, ਖਸਰਾ ਨੰ. 663/590/196 (2-9), 592/197 (1-3-10) ਕਿਤੇ 2 ਵਿਚ ਸ਼ਾਮਲ ਕੁੱਲ ਮਾਪ 3 ਬਿਘੇ 12 ਬਿਸਵਾਸੀ 10 ਬਿਸਵਾਨਸੀ ਯਾਨੀ 8/1450 ਹਿੱਸਾ ਯਾਨੀ 8 ਬਿਸਵਾਨਸੀ ਹੱਦਬਸਤ ਨੰ.48ਅਨੁਸਾਰ 1316 ਵਰਗ ਫੁੱਟ ਮਾਪ ਵਾਲਾ ਕਮਰਸ਼ੀਅਲ ਦਫਤਰ/ਯੂਨਿਟ ਨੰ. 203, ਦੂਜੀ ਮੰਜ਼ਿਲ, ਪਿੰਡ ਢਕੋਲੀ, ਯੂਨੀਸਿਟੀ ਬਿਜਨਸ ਪਾਰਕ, ਨੇੜੇ ਹੋਟਲ ਮਾਰਕ ਰੋਇਲ, ਕਾਲਕਾ ਹਾਈਵੇ, ਜ਼ਿਲ੍ਹਾ ਐਸ.ਏ.ਐਸ. ਨਗਰ ਤਹਿਸੀਲ ਜ਼ੀਰਕਪੁਰ, ਮੋਹਾਲੀ ਪੰਜਾਬ 160102 ਵਿਖੇ ਸਥਿਤ ਦੇ ਸਾਰੇ ਭਾਗ ਅਤੇ ਹਿੱਸੇ। | 17.03.2023 ਨੂੰ ਕੁੱਲ ਦੇਣਦਾਰੀਆਂ: ਰੁ. 49,25,301.24/- ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਖਰਚੇ (ਮਨਫੀ ਵਸੂਲੀ ਜੇਕਰ ਕੋਈ ਹੋਵੇ) | Rs. 42,71,000 | Rs. 4,27,100 | 209272434 / CNRB0006290 / **ਭੌਤਿਕ ਕਬਜ਼ਾ** |

**ਹੋਰ ਨਿਯਮ ਅਤੇ ਸ਼ਰਤਾਂ :-**
1) ਨਿਲਾਮੀ/ਬੋਲੀ ਸਿਰਫ਼ "ਔਨਲਾਈਨ ਇਲੈਕਟ੍ਰਾਨਿਕ ਬੋਲੀ" ਰਾਹੀਂ ਵੈੱਬਸਾਈਟ https://BAANKNET.com ਰਾਹੀਂ ਹੋਵੇਗੀ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਈ-ਨਿਲਾਮੀ ਵਿਕਰੀ ਕਾਰਵਾਈ ਵਿੱਚ ਹਿੱਸਾ ਲੈਣ ਤੋਂ ਪਹਿਲਾਂ ਵਿਸਤ੍ਰਿਤ ਸ਼ਰਤਾਂ ਲਈ ਵੈੱਬਸਾਈਟ ਨੂੰ ਦੇਖਣ।
2) ਜਾਇਦਾਦ ਦਾ ਨਿਰੀਖਣ 22.09.2025 ਨੂੰ ਅਧਿਕਾਰਤ ਅਧਿਕਾਰੀ ਨਾਲ ਪਹਿਲਾਂ ਮੁਲਾਕਾਤ ਨਾਲ ਕੀਤਾ ਜਾ ਸਕਦਾ ਹੈ।
3) ਜਾਇਦਾਦ ਸਾਰੇ ਮੌਜੂਦਾ ਅਤੇ ਹੋਰ ਬੋਝਾਂ ਨਾਲ ਵੇਚੀ ਜਾ ਰਹੀ ਹੈ, ਭਾਵੇਂ ਬੈਂਕ ਨੂੰ ਪਤਾ ਹੋਵੇ ਜਾਂ ਅਣਜਾਣ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰ ਕਿਸੇ ਵੀ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆ ਲਈ ਕਿਸੇ ਵੀ ਤਰ੍ਹਾਂ ਜ਼ਿੰਮੇਵਾਰ ਨਹੀਂ ਹੋਵੇਗਾ। ਖਰੀਦਦਾਰ ਨੂੰ ਆਪਣੀ ਸੰਤੁਸ਼ਟੀ ਲਈ ਜਾਇਦਾਦ ਨਾਲ ਸਬੰਧਤ ਸਾਰੇ ਪਹਿਲੂਆਂ 'ਤੇ ਉਚਿਤ ਮਿਹਨਤ ਕਰਨੀ ਚਾਹੀਦੀ ਹੈ। ਬੋਲੀਕਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਆਪਣੇ ਹਿੱਤ ਵਿੱਚ ਸੁਰੱਖਿਅਤ ਸੰਪਤੀਆਂ ਨਾਲ ਸਬੰਧਤ ਹੋਰ ਵੇਰਵਿਆਂ ਦੇ ਸਿਰਲੇਖ ਅਤੇ ਸ਼ੁੱਧਤਾ ਨਾਲ ਸੰਤੁਸ਼ਟ ਹੋਣ, ਜਿਸ ਵਿੱਚ ਸਵਾਲ ਵਿੱਚ ਅਚੱਲ ਸੁਰੱਖਿਅਤ ਸੰਪਤੀ ਦਾ ਆਕਾਰ/ਖੇਤਰ ਸ਼ਾਮਲ ਹੈ ਅਤੇ ਬੋਲੀ ਜਮ੍ਹਾ ਕਰਨ ਤੋਂ ਪਹਿਲਾਂ ਸਬੰਧਤ ਅਧਿਕਾਰੀਆਂ ਤੋਂ ਉਨ੍ਹਾਂ ਦੀ ਸੰਤੁਸ਼ਟੀ ਲਈ ਕਿਸੇ ਵੀ ਹੋਰ ਬਕਾਏ/ਦੇਣਦਾਰੀਆਂ/ਬੋਝ ਦਾ ਪਤਾ ਲਗਾਉਣ। ਖਰੀਦਦਾਰ ਬਾਅਦ ਵਿੱਚ ਇਸ ਸਬੰਧ ਵਿੱਚ ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਾਦਾਤਵਾਂ ਵਿਰੁੱਧ ਕੋਈ ਦਾਅਵਾ ਕਰਨ ਦਾ ਹੱਕਦਾਰ ਨਹੀਂ ਹੋਵੇਗਾ।
4) ਕਿਸੇ ਵੀ ਰਕਮ ਦੇ ਭੁਗਤਾਨ ਵਿੱਚ ਕਿਸੇ ਵੀ ਡਿਫਾਲਟ ਦੀ ਸਥਿਤੀ ਵਿੱਚ, ਜਾਂ ਜੇਕਰ ਖਰੀਦਦਾਰ/ਬੋਲੀਦਾਰ ਵੱਲੋਂ ਉਪਰੋਕਤ ਸਮਾਂ ਸੀਮਾ ਦੇ ਅੰਦਰ ਡਿਫਾਲਟ ਦੇ ਕਾਰਨਾਂ ਕਰਕੇ ਵਿਕਰੀ ਪੂਰੀ ਨਹੀਂ ਹੁੰਦੀ ਹੈ, ਤਾਂ ਬੈਂਕ ਉਦੋਂ ਤੱਕ ਖਰੀਦਦਾਰ/ਬੋਲੀਦਾਰ ਦੁਆਰਾ ਅਦਾ ਕੀਤੇ ਗਏ ਸਾਰੇ ਪੈਸੇ ਜ਼ਬਤ ਕਰਨ ਅਤੇ ਸੁਰੱਖਿਅਤ ਸੰਪਤੀ(ਆਂ) ਨੂੰ ਦੁਬਾਰਾ ਵਿਕਰੀ ਲਈ ਰੱਖਣ ਦਾ ਹੱਕਦਾਰ ਹੋਵੇਗਾ, ਆਪਣੇ ਪੂਰਨ ਵਿਵੇਕ ਨਾਲ। ਇਸ ਤੋਂ ਇਲਾਵਾ, ਅਜਿਹੀ ਮੁੜ ਵਿਕਰੀ ਦੇ ਕਾਰਨ ਬੈਂਕ ਦੁਆਰਾ ਕੀਤੇ ਗਏ ਸਾਰੇ ਖਰਚੇ, ਖਰਚੇ ਡਿਫਾਲਟ ਖਰੀਦਦਾਰ ਦੁਆਰਾ ਸਹਿਣ ਕੀਤੇ ਜਾਣਗੇ ਅਤੇ ਭੁਗਤਾਨ ਕੀਤੇ ਜਾਣਗੇ।
5) ਜਾਇਦਾਦ ਉਸ ਕੀਮਤ 'ਤੇ ਵੇਚੀ ਜਾਵੇਗੀ ਜੋ ਰਿਜ਼ਰਵ ਕੀਮਤ ਤੋਂ ਵੱਧ ਹੈ ਅਤੇ ਭਾਗ ਲੈਣ ਵਾਲੇ ਬੋਲੀਕਾਰ ਨਿਲਾਮੀ ਪ੍ਰਕਿਰਿਆ ਦੌਰਾਨ ਆਪਣੀ ਪੇਸ਼ਕਸ਼ ਨੂੰ ਹੋਰ ਬਿਹਤਰ ਬਣਾ ਸਕਦੇ ਹਨ।
6) ਰਿਜ਼ਰਵ ਕੀਮਤ ਦਾ 10% EMD ਰਕਮ ਸਿੱਧੇ ਤੌਰ 'ਤੇ M/s PSB ਅਲਾਇੰਸ ਪ੍ਰਾਈਵੇਟ ਲਿਮਟਿਡ (Baanknet) ਪੋਰਟਲ ਦੇ ਈ-ਵਾਲਿਟ ਵਿੱਚ ਜਮ੍ਹਾ ਕੀਤੀ ਜਾਣੀ ਹੈ ਜਾਂ ਉਸ ਵਿੱਚ ਚਲਾਨ ਤਿਆਰ ਕਰਕੇ 25.09.2025 ਨੂੰ ਜਾਂ ਇਸ ਤੋਂ ਪਹਿਲਾਂ ਸ਼ਾਮ 05:00 ਵਜੇ ਤੱਕ ਉਕਤ ਚਲਾਨ ਵਿੱਚ ਦੱਸੇ ਗਏ ਖਾਤੇ ਦੇ ਵੇਰਵਿਆਂ ਵਿੱਚ RTGS/NEFT ਰਾਹੀਂ EMD ਜਮ੍ਹਾ ਕਰਵਾਉਣਾ ਹੈ।
7) ਇੱਛੁਕ ਬੋਲੀਕਾਰਾਂ ਕੋਲ ਇੱਕ ਵੈਧ ਡਿਜੀਟਲ ਦਸਤਖਤ ਸਰਟੀਫਿਕੇਟ ਅਤੇ ਈ-ਮੇਲ ਪਤਾ ਹੋਣਾ ਚਾਹੀਦਾ ਹੈ। ਡਿਜੀਟਲ ਦਸਤਖਤ ਸੰਬੰਧੀ ਵੇਰਵਿਆਂ ਲਈ ਕਿਰਪਾ ਕਰਕੇ ਸੇਵਾ ਪ੍ਰਦਾਤਾ M/s PSB ਅਲਾਇੰਸ (Baanknet), ਹੈਲਪ ਡੈਸਕ ਨੰਬਰ (8291220220), ਈ-ਮੇਲ: support.baanknet@psballiance.com ਨਾਲ ਵੈੱਬਸਾਈਟ https://baanknet.com/ ਰਾਹੀਂ ਸੰਪਰਕ ਕਰੋ।
8) EMD ਰਕਮ ਦਾ ਭੁਗਤਾਨ ਕਰਨ ਤੋਂ ਬਾਅਦ, ਇੱਛੁਕ ਬੋਲੀਕਾਰਾਂ ਨੂੰ 25.09.2025 ਨੂੰ ਜਾਂ ਇਸ ਤੋਂ ਪਹਿਲਾਂ ਸ਼ਾਮ 05:00 ਵਜੇ ਤੱਕ ਹੇਠ ਲਿਖੇ ਦਸਤਾਵੇਜ਼ਾਂ/ਵੇਰਵਿਆਂ ਦੀ ਇੱਕ ਕਾਪੀ ਜਮ੍ਹਾਂ ਕਰਾਉਣੀ ਚਾਹੀਦੀ ਹੈ। ਕੈਨਰਾ ਬੈਂਕ, ਏਆਰਐਮ ਬ੍ਰਾਂਚ, ਪਲਾਟ ਨੰਬਰ-2, ਗਰਾਊਂਡ ਫਲੋਰ, ਹੋਟਲ ਡਿਵੈਂਚਰ ਦੇ ਨੇੜੇ, ਨਮਸਤੇ ਚੌਕ, ਕਰਨਾਲ ਨੂੰ ਹੱਥੀਂ ਜਾਂ ਈਮੇਲ ਰਾਹੀਂ।
i) ਈਐਮਡੀ ਰਕਮ ਲਈ ਡਿਮਾਂਡ ਡਰਾਫਟ/ਪੇਅ ਆਰਡਰ। ਜੇਕਰ RTGS/NEFT ਰਾਹੀਂ ਭੁਗਤਾਨ ਕੀਤਾ ਜਾਂਦਾ ਹੈ, ਤਾਂ ਯੂਟੀਆਰ ਨੰਬਰ ਦੇ ਨਾਲ ਇਸਦੀ ਰਸੀਦ ਰਸੀਦ।
ii) ਪੈਨ ਕਾਰਡ, ਆਈਡੀ ਪਰੂਫ਼ ਅਤੇ ਪਤੇ ਦੇ ਸਬੂਤ ਦੀਆਂ ਫੋਟੋਕਾਪੀਆਂ। ਹਾਲਾਂਕਿ, ਸਫਲ ਬੋਲੀਕਾਰ ਨੂੰ ਬੋਲੀ ਦੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਦੇ ਸਮੇਂ ਬੈਂਕ ਨੂੰ ਇਹ ਦਸਤਾਵੇਜ਼ ਅਸਲ ਵਿੱਚ ਪੇਸ਼ ਕਰਨੇ ਪੈਣਗੇ।
iii) ਬੋਲੀਕਾਰਾਂ ਦਾ ਨਾਮ। ਸੰਪਰਕ ਨੰਬਰ। ਪਤਾ, ਈ ਮੇਲ ਆਈਡੀ।
iv) ਈਐਮਡੀ ਦੀ ਔਨਲਾਈਨ ਰਿਫੰਡ ਲਈ ਬੋਲੀਕਾਰ ਦੇ ਖਾਤੇ ਦੇ ਵੇਰਵੇ।
9) ਇੱਛੁਕ ਬੋਲੀਕਾਰਾਂ ਨੂੰ ਆਪਣੇ ਨਾਮ https://baanknet.com/ 'ਤੇ ਰਜਿਸਟਰ ਕਰਨੇ ਚਾਹੀਦੇ ਹਨ ਅਤੇ ਆਪਣੀ ਯੂਜ਼ਰ ਆਈਡੀ ਅਤੇ ਪਾਸਵਰਡ ਮੁਫ਼ਤ ਪ੍ਰਾਪਤ ਕਰਨਾ ਚਾਹੀਦਾ ਹੈ। ਸੰਭਾਵੀ ਬੋਲੀਕਾਰ ਸੇਵਾ ਪ੍ਰਦਾਤਾ ਮੈਸਰਜ਼ ਪੀਐਸਬੀ ਅਲਾਇੰਸ (ਬਾਂਕਨੈੱਟ), ਹੈਲਪਡੈਸਕ ਨੰਬਰ - 8291220220 (ਈ-ਮੇਲ; ਸਹਾਇਤਾ. baanknet@psballiance.com) ਅਤੇ ਸ਼੍ਰੀ ਅਨੀਮੇਸ਼ ਜੈਨ, ਮੋਬਾਈਲ ਨੰਬਰ 7046612345 (ਈਮੇਲ animesh@procureBDG.com), ਤੋਂ https://baanknet.com/ ਵੈੱਬਸਾਈਟ ਰਾਹੀਂ ਈ-ਨਿਲਾਮੀ 'ਤੇ ਔਨਲਾਈਨ ਸਿਖਲਾਈ ਪ੍ਰਾਪਤ ਕਰ ਸਕਦੇ ਹਨ।
10) ਅਸਫਲ ਬੋਲੀਕਾਰ ਦੁਆਰਾ ਜਮ੍ਹਾ ਕੀਤੀ ਗਈ ਈਐਮਡੀ ਉਨ੍ਹਾਂ ਨੂੰ ਵਾਪਸ ਕੀਤੀ ਜਾਵੇਗੀ। ਈਐਮਡੀ 'ਤੇ ਕੋਈ ਵਿਆਜ ਨਹੀਂ ਹੋਵੇਗਾ।
11) ਨਿਲਾਮੀ ਉੱਪਰ ਦੱਸੇ ਅਨੁਸਾਰ ਰਿਜ਼ਰਵ ਕੀਮਤ @ਤੇ ਸ਼ੁਰੂ ਹੋਵੇਗੀ। ਬੋਲੀਕਾਰ ਆਪਣੀਆਂ ਪੇਸ਼ਕਸ਼ਾਂ ਨੂੰ 50,000/- ਰੁਪਏ ਦੇ ਗੁਣਜ ਵਿੱਚ ਸੁਧਾਰ ਕਰਨਗੇ। "ਔਨਲਾਈਨ" ਨਿਲਾਮੀ ਦੇ ਬੰਦ ਹੋਣ 'ਤੇ ਸਭ ਤੋਂ ਵੱਧ ਬੋਲੀ (ਰਿਜ਼ਰਵ ਕੀਮਤ ਤੋਂ ਉੱਪਰ) ਜਮ੍ਹਾਂ ਕਰਵਾਉਣ ਵਾਲੇ ਬੋਲੀਕਾਰ ਨੂੰ ਸਫਲ ਬੋਲੀਕਾਰ ਘੋਸ਼ਿਤ ਕੀਤਾ ਜਾਵੇਗਾ। ਸੁਰੱਖਿਅਤ ਲੈਣਦਾਰ ਦੁਆਰਾ ਇਸਦੀ ਪੁਸ਼ਟੀ ਦੇ ਅਧੀਨ, ਸਫਲ ਬੋਲੀਕਾਰ ਦੇ ਹੱਕ ਵਿੱਚ ਵਿਕਰੀ ਦੀ ਪੁਸ਼ਟੀ ਕੀਤੀ ਜਾਵੇਗੀ।
12) ਸਫਲ ਬੋਲੀਕਾਰ ਨੂੰ ਸਫਲ ਬੋਲੀਕਾਰ ਐਲਾਨਣ ਤੋਂ ਤੁਰੰਤ ਬਾਅਦ ਵਿਕਰੀ ਕੀਮਤ ਦਾ 25% (ਪਹਿਲਾਂ ਹੀ ਅਦਾ ਕੀਤੀ ਗਈ EMD ਸਮੇਤ) ਅਤੇ ਸੁਰੱਖਿਅਤ ਲੈਣਦਾਰ ਦੁਆਰਾ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਬਕਾਇਆ ਰਕਮ ਜਮ੍ਹਾਂ ਕਰਾਉਣੀ ਪਵੇਗੀ। ਇਹ ਰਕਮ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ, ARM ਸ਼ਾਖਾ ਦੇ ਹੱਕ ਵਿੱਚ ਡਿਮਾਂਡ ਡਰਾਫਟ ਰਾਹੀਂ ਜਮ੍ਹਾ ਕੀਤੀ ਜਾਵੇਗੀ ਜਾਂ RTGS/NEFT/ਫੰਡ ਟ੍ਰਾਂਸਫਰ ਰਾਹੀਂ ਕੈਨਰਾ ਬੈਂਕ, ARM ਸ਼ਾਖਾ, ਖਾਤਾ ਨੰਬਰ 209272434, IFSC ਕੋਡ: CNRB0006290 ਦੇ ਖਾਤੇ ਵਿੱਚ ਕ੍ਰੈਡਿਟ ਕੀਤੀ ਜਾਵੇਗੀ। ਜੇਕਰ ਸਫਲ ਬੋਲੀਕਾਰ ਵਿਕਰੀ ਕੀਮਤ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿੰਦਾ ਹੈ, ਤਾਂ ਉਸ ਦੁਆਰਾ ਕੀਤੀ ਗਈ ਜਮ੍ਹਾਂ ਰਕਮ ਅਧਿਕਾਰਤ ਅਧਿਕਾਰੀ ਦੁਆਰਾ ਬਿਨਾਂ ਕਿਸੇ ਨੋਟਿਸ ਦੇ ਜ਼ਬਤ ਕਰ ਲਈ ਜਾਵੇਗੀ ਅਤੇ ਜਾਇਦਾਦ ਨੂੰ ਤੁਰੰਤ ਦੁਬਾਰਾ ਵਿਕਰੀ ਲਈ ਰੱਖਿਆ ਜਾਵੇਗਾ।
13)ਸਫਲ ਬੋਲੀਕਾਰ ਨੂੰ ਵਿਕਰੀ ਦੀ ਆਮਦਨ 'ਤੇ 1% ਦੀ ਦਰ ਨਾਲ TDS ਕੱਟਣਾ ਪਵੇਗਾ 50.00 ਲੱਖ ਰੁਪਏ (ਪੰਜਾਹ ਲੱਖ ਰੁਪਏ) ਅਤੇ ਇਸ ਤੋਂ ਵੱਧ ਦੀ ਵਿਕਰੀ ਦੀ ਰਕਮ ਲਈ ਅਤੇ TDS ਸਰਟੀਫਿਕੇਟ ਦੀ ਅਸਲ ਰਸੀਦ ਬੈਂਕ ਨੂੰ ਜਮ੍ਹਾ ਕਰਨੀ ਪਵੇਗੀ।
14) ਟਰਾਂਸਪੋਰਟੇਸ਼ਨ, ਸਟੈਂਪ ਡਿਊਟੀ/GST/ਰਜਿਸਟ੍ਰੇਸ਼ਨ ਚਾਰਜ ਆਦਿ ਦੇ ਸਾਰੇ ਖਰਚੇ, ਜਿਵੇਂ ਕਿ ਲਾਗੂ ਹੁੰਦਾ ਹੈ, ਸਿਰਫ ਸਫਲ ਬੋਲੀਕਾਰ ਦੁਆਰਾ ਹੀ ਸਹਿਣ ਕੀਤੇ ਜਾਣਗੇ।
15) ਅਧਿਕਾਰਤ ਅਧਿਕਾਰੀ ਕੋਲ ਕੋਈ ਕਾਰਨ ਦੱਸੇ ਬਿਨਾਂ ਈ-ਨਿਲਾਮੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਮੁਲਤਵੀ/ਰੱਦ ਕਰਨ ਜਾਂ ਬਦਲਣ ਦਾ ਅਧਿਕਾਰ ਰਾਖਵਾਂ ਹੈ।
16) ਜੇਕਰ ਅਜਿਹੇ ਬੋਲੀਕਾਰ ਹਨ ਜਿਨ੍ਹਾਂ ਕੋਲ ਇੰਟਰਨੈੱਟ ਤੱਕ ਪਹੁੰਚ ਨਹੀਂ ਹੈ ਪਰ ਈ-ਨਿਲਾਮੀ ਵਿੱਚ ਹਿੱਸਾ ਲੈਣ ਵਿੱਚ ਦਿਲਚਸਪੀ ਰੱਖਦੇ ਹਨ, ਤਾਂ ਉਹ ਸਬੰਧਤ ਸਰਕਲ ਦਫ਼ਤਰ ਜਾਂ ਕੇਨਰਾ ਬੈਂਕ, ਏਆਰਐਮਬੀ, ਪਲਾਟ ਨੰਬਰ-2, ਗਰਾਊਂਡ ਫਲੋਰ, ਹੋਟਲ ਡਿਵੈਂਚਰ ਦੇ ਨੇੜੇ, ਨਮਸਤੇ ਚੌਕ, ਕਰਨਾਲ ਨਾਲ ਸੰਪਰਕ ਕਰ ਸਕਦੇ ਹਨ, ਜੋ ਇੱਕ ਸੁਵਿਧਾ ਕੇਂਦਰ ਵਜੋਂ, ਜ਼ਰੂਰੀ ਪ੍ਰਬੰਧ ਕਰਨਗੇ।
17) ਹੋਰ ਵੇਰਵਿਆਂ ਲਈ ਕਿਸੇ ਵੀ ਕੰਮਕਾਜੀ ਦਿਨ ਦਫ਼ਤਰੀ ਸਮੇਂ ਦੌਰਾਨ ਸ਼੍ਰੀ ਰਣਜੀਤ ਕੁਮਾਰ, ਮੁੱਖ ਪ੍ਰਬੰਧਕ ਕੇਨਰਾ ਬੈਂਕ ਸੰਪਤੀ ਰਿਕਵਰੀ ਪ੍ਰਬੰਧਨ ਸ਼ਾਖਾ (ਏਆਰਐਮਬੀ), ਕਰਨਾਲ, ਫੋਨ ਨੰਬਰ 0184-4041820, 85728-16290 ਨਾਲ ਸੰਪਰਕ ਕਰੋ। ਈ-ਮੇਲ ਆਈਡੀ: cb62900canarabank.com ਜਾਂ ਸੇਵਾ ਪ੍ਰਦਾਤਾ BAANKNET (M/s PSB Alliance Pvt. Ltd), (ਸੰਪਰਕ ਨੰਬਰ 7046612345/6354910172/8291220220/9892219848/8160205051, ਈਮੇਲ: support.BAANKNET@psballiance.com

**ਵਿਸ਼ੇਸ਼ ਹਦਾਇਤ/ਚੇਤਾਵਨੀ**
ਬੋਲੀਕਾਰਾਂ ਵੱਲੋਂ ਉਨ੍ਹਾਂ ਦੇ ਆਪਣੇ ਹਿੱਤ ਵਿਚ ਆਖਰੀ ਮਿੰਟਾਂ/ਸਕਿੰਟਾਂ ਵਿਚ ਬੋਲੀ ਦੇਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਨਾ ਤਾਂ ਕੇਨਰਾ ਬੈਂਕ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਅਜਿਹੇ ਮਾਮਲਿਆਂ ਵਿਚ ਬੋਲੀਕਾਰ ਜਾਂ ਵਿਕਰੀਕਾਰ ਦੇ ਵੱਲੋਂ ਕਿਸੇ ਤਰੁੱਟੀ/ਅਸਫਲਤਾ (ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਆਦਿ) ਦੇ ਲਈ ਜੁਆਬਦੇਹ ਹੋਣਗੇ।ਅਜਿਹੀ ਅਚਨਚੇਤ ਸਥਿਤੀ ਨੂੰ ਟਾਲਣ ਦੇ ਸੰਬੰਧ ਵਿਚ ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਕ-ਅੱਪ, ਬਿਜਲੀ ਸਪਲਾਈ ਅਤੇ ਜੋ ਵੀ ਅਜਿਹਾ ਲੋੜੀਂਦਾ ਹੋਵੇ ਵਰਗੇ ਲੋੜੀਂਦੇ ਪ੍ਰਬੰਧ/ਵਿਕਲਪ ਬਣਾ ਕੇ ਰੱਖਣ ਤਾਂ ਜੋ ਉਹ ਅਜਿਹੀ ਅਚਨਚੇਤੀ ਸਥਿਤੀ ਨਾਲ ਨਜਿੱਠਣ ਦੇ ਸਮਰਥ ਹੋਣ ਅਤੇ ਸਫਲਤਾਪੂਰਵਕ ਨਿਲਾਮੀ ਵਿਚ ਭਾਗ ਲੈ ਸਕਣ।

**ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ**
**ਮਿਤੀ : 09.09.2025** **ਸਥਾਨ : ਕਰਨਾਲ** **ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ**




# "ਭਗਵਾਨ" ਦੀ ਰੱਖਿਆ ਲਈ ਖੇਤੀ ਸਤਿਸੰਗ ਸਮੇਂ ਦੀ ਲੋੜ : ਅਵਤਾਰ ਸਿੰਘ ਖੇਤੀ ਮਾਹਰ

## ਅਜੋਕੇ ਖੇਤੀ ਸੰਕਟ ਸਮੇਂ ਇੱਕ ਖੇਤੀ ਮਾਹਰ ਨਾਲ ਮੁਲਾਕਾਤ

ਗੁਰਮੀਤ ਸਿੰਘ ਪਲਾਹੀ
ਕਮਲੇਸ਼ ਸੰਧੂ
ਹਰਜਿੰਦਰ ਨਿਆਣਾ

ਅਜੋਕੇ ਯੁਗ 'ਚ ਮਨੁੱਖੀ ਜੀਵਨ ਦੇ ਬਾਰੇ ਹੀ ਬਦਲਦੇ ਜਾ ਰਹੇ ਹਨ। ਸਧਾਰਨ ਮਨੁੱਖੀ ਜੀਵਨ ਜਟਿਲਤਾ ਭਰਪੂਰ ਹੁੰਦਾ ਜਾ ਰਿਹਾ ਹੈ। ਬਣਾਉਟੀ ਵਸਤਾਂ, ਤੇਜ਼ੀ ਨਾਲ ਵੱਧਦੀ ਤਕਨਾਲੋਜੀ, ਆਰਟੀਫਿਸ਼ੀਅਲ ਇੰਟੈਲੀਜੈਂਸ ਨੇ ਮਨੁੱਖੀ ਸੋਚ ਨੂੰ ਚਾਰੇ ਪਾਸਿਓਂ ਘੇਰਾ ਪਾਇਆ ਹੋਇਆ ਹੈ। ਮਨੁੱਖੀ ਜੀਵਨ ਚੰਗੇ ਸੁਖਾਵੇਂ ਜੀਵਨ ਤੋਂ ਗੰਭੀਰ ਬਿਮਾਰੀਆਂ, ਭੈੜੀ ਸੋਚ ਕਾਰਨ ਨਰਕ ਜਿਹਾ ਹੋਇਆ ਜਾਪਦਾ ਹੈ, ਕਿਉਂਕਿ "ਸ਼ੁੱਧ" ਸ਼ਬਦ ਉਸਦੇ ਜੀਵਨ 'ਚੋਂ ਗਾਇਬ ਹੋ ਰਿਹਾ ਹੈ। ਸ਼ੁੱਧ ਹਵਾ, ਸ਼ੁੱਧ ਪਾਣੀ, ਸ਼ੁੱਧ ਭੋਜਨ ਜੋ ਮਨੁੱਖੀ ਜੀਵਨ ਦਾ ਆਧਾਰ ਹੈ ; ਉਹ ਥਾਂ ਜ਼ਹਿਰਾਂ ਨੇ ਲੈ ਲਈ ਹੈ। ਪਾਣੀ ਗੰਧਲਾ, ਹਵਾ ਦੂਸ਼ਿਤ, ਭੋਜਨ ਮਿਲਾਵਟੀ ਮਿਲਣ ਕਾਰਨ ਮਨੁੱਖੀ ਸਰੀਰ ਜਰਜਰਾ ਹੋ ਰਿਹਾ ਹੈ ਅਤੇ " ਜੈਸਾ ਅੰਨ ਤੈਸਾ ਮਨ" ਦੇ ਕਥਨ ਅਨੁਸਾਰ ਦੂਸ਼ਿਤ ਅਤੇ ਮਿਲਾਵਟੀ ਖੁਰਾਕ ਖਾਣ ਨਾਲ ਮਨੁੱਖ ਦੀ ਸੋਚ ਵੀ ਗੰਧਲੀ ਤੇ ਭੈੜੀ ਹੁੰਦੀ ਜਾ ਰਹੀ ਹੈ। ਖੇਤੀ ਜੋ ਖੁਰਾਕ ਦਾ ਆਧਾਰ ਹੈ, ਘਾਟੇ ਵਾਲੀ ਹੋ ਗਈ ਹੈ। ਗੁਜ਼ਾਰਾ ਮਿਲ ਨਹੀਂ ਰਿਹਾ। ਭੋਜਨ ਮਿਲਾਵਟੀ ਅਤੇ ਜ਼ਹਿਰਾਂ ਨਾਲ ਭਰਿਆ ਪਿਆ ਹੈ। ਇਸ ਸਭ ਨੂੰ ਵਾਚਦਿਆਂ ਨਿੱਗਰ ਸੋਚ ਰੱਖਣ ਵਾਲੇ ਕੁਝ ਮਾਹਰ ਖ਼ਾਸ ਤੌਰ 'ਤੇ ਉਪਜਾਊ ਧਰਤੀ ਪੰਜਾਬ ਦੇ ਬਸ਼ਿੰਦਿਆਂ ਨੂੰ ਇੱਕ ਨਵੀਂ ਸੇਧ ਦੇਣ ਲਈ ਇੱਕ ਸਿਧਾਂਤਕ ਸੋਚ ਲੈ ਕੇ ਸਿਰਫ਼ ਗੱਲੀ ਬਾਤੀ ਨਹੀਂ, ਸਗੋਂ ਅਮਲੀ ਤੌਰ 'ਤੇ ਕੁਝ ਨਵਾਂ-ਨਿਆਰਾ ਕਰਨ ਲਈ ਯਤਨਸ਼ੀਲ ਹਨ। ਉਹਨਾਂ ਵਿੱਚੋਂ ਫਗਵਾੜਾ ਸ਼ਹਿਰ ਦੇ ਲਾਗਲੇ ਖੇਤਰ 'ਚ ਜੈਵਿਕ ਖੇਤੀ ਨੂੰ ਨਵੇਂ ਢੰਗ ਨਾਲ ਉਤਸ਼ਾਹ ਤੇ ਹੁਲਾਰਾ ਦੇਣ ਲਈ "ਸੰਪੂਰਨ ਖੇਤੀ, ਪੂਰਨ ਗੁਜ਼ਾਰਾ, ਪੌਸ਼ਟਿਕ ਆਹਾਰ, ਜ਼ਹਿਰ ਯੁਕਤ ਤੋਂ ਜ਼ਹਿਰ ਮੁਕਤ ਇੱਕ ਸਫ਼ਰ" ਦੀ ਪਵਿੱਤਰ ਤੇ ਲੋਕ ਹਿੱਤਕਾਰੀ ਸੋਚ ਲੈ ਕੇ ਕੰਮ ਕਰਨ ਵਾਲੇ ਖੇਤੀ ਮਾਹਰ ਅਵਤਾਰ ਸਿੰਘ ਜੋ "ਭਗਵਾਨ" ਦੇ ਅਰਥ ਭਾਵ ਭ+ਗ+ਵ+ਆ+ਨ

ਭ - ਭੂਮੀ ਭਾਵ ਮਿੱਟੀ
ਗ - ਗਗਨ ਭਾਵ ਆਕਾਸ਼
ਵ - ਵਾਯੂ ਭਾਵ ਹਵਾ
ਆ - ਆਗ ਭਾਵ ਅਗਨੀ
ਨ - ਨੀਰ ਭਾਵ ਪਾਣੀ, ਕਰਦੇ ਹਨ, ਨਾਲ ਗੱਲਬਾਤ ਕਰਨ ਦਾ ਮੌਕਾ ਮਿਲਿਆ। ਮੁਲਾਕਾਤ ਦੀ ਪਹਿਲੀ ਲੜੀ 'ਚ ਰਸਾਇਣਿਕ ਖੇਤੀ ਅਤੇ ਜੈਵਿਕ ਖੇਤੀ ਸੰਬੰਧੀ ਚਰਚਾ ਪਾਠਕਾਂ ਦੇ ਰੂਬਰੂ ਹੈ - ਗੁਰਮੀਤ ਸਿੰਘ ਪਲਾਹੀ

**ਸਵਾਲ :** ਪੰਜਾਬ ਵਿੱਚ ਖੇਤੀ ਨੂੰ ਅੱਜ ਕੱਲ ਘਾਟੇ ਦਾ ਸੌਦਾ ਮੰਨਿਆ ਜਾਂਦਾ ਹੈ, ਕੀ ਵਾਕਿਆ ਹੀ ਖੇਤੀ ਘਾਟੇ ਦਾ ਸੌਦਾ ਹੈ ਜੇ ਹੈ ਤਾਂ ਇਸ ਪਿੱਛੇ ਕਿਹੜੇ ਕਿਹੜੇ ਕਾਰਨ ਹਨ?

**ਜਵਾਬ:** ਅੱਜ ਤੋਂ ਲਗਭਗ ਕੋਈ 60-65 ਸਾਲ ਪਹਿਲਾਂ ਦਾ ਸਮਾਂ ਸੀ ਜਦੋਂ ਖੇਤੀ ਦੇ ਕੰਮ ਨੂੰ ਸਭ ਤੋਂ ਵਧੀਆ ਅਤੇ ਉੱਤਮ ਮੰਨਿਆ ਜਾਂਦਾ ਸੀ। ਦੂਜੇ ਨੰਬਰ ਤੇ ਵਾਪਾਰ ਨੂੰ ਮੰਨਿਆ ਜਾਂਦਾ ਸੀ ਅਤੇ ਸਰਕਾਰੀ ਨੌਕਰੀ ਨੂੰ ਸਭ ਤੋਂ ਹੇਠਾਂ ਭਾਵ ਤੀਜਾ ਸਥਾਨ ਦਿੱਤਾ ਜਾਂਦਾ ਸੀ। ਇਸੇ ਕਰ ਕੇ ਇਹ ਅਖਾਣ ਆਮ ਵਰਤਿਆ ਜਾਂਦਾ ਸੀ ਕਿ,"ਉੱਤਮ ਖੇਤੀ, ਮੱਧਮ ਵਪਾਰ, ਨਖਿੱਧ ਚਾਕਰੀ ਭੀਖ ਗਵਾਰ"। ਭਾਵ ਖੇਤੀ ਉਸ ਸਮੇਂ ਉੱਤਮ ਅਤੇ ਲਾਹੇਵੰਦ ਧੰਦਾ ਸੀ। ਜੇ ਅੱਜ ਹੁਣ ਅਸੀ ਇਹ ਮੰਨ ਰਹੇ ਹਾਂ ਕਿ ਖੇਤੀ ਘਾਟੇ ਦਾ ਸੌਦਾ ਹੈ ਤਾਂ ਇਹ ਧਾਰਨਾ ਗ਼ਲਤ ਹੈ, ਜ਼ਰੂਰ ਕਿਤੇ ਨਾ ਕਿਤੇ ਅਸੀ ਗ਼ਲਤ ਹਾਂ ਅਤੇ ਸਾਨੂੰ ਉਹ ਗ਼ਲਤੀ ਲੱਭਣ ਦੀ ਜ਼ਰੂਰਤ ਹੈ। ਜਿਸ ਵਕਤ ਅਸੀ ਉਸ ਗ਼ਲਤੀ ਨੂੰ ਲੱਭ ਲਿਆ, ਉਸ ਵਕਤ ਸਾਡੀ ਖੇਤੀ ਬਹੁਤ ਲਾਹੇਵੰਦ ਧੰਦਾ ਤਾਂ ਸਾਬਤ ਹੋਵੇਗੀ ਹੀ, ਸਾਡੇ ਕੁਦਰਤੀ ਸਾਧਨਾਂ ਦਾ ਵੀ ਬਹੁਤ ਬਚਾਅ ਹੋਵੇਗਾ।

**ਸਵਾਲ :** ਅੱਜ ਕੱਲ ਖੇਤੀ ਅਧਾਰਤ ਖਾਧ ਉਤਪਾਦਾਂ ਨੂੰ ਸਿਹਤ ਲਈ ਹਾਨੀਕਾਰਕ ਕਹਿ ਕੇ ਪ੍ਰਚਾਰਿਆ ਜਾ ਰਿਹਾ ਹੈ, ਇਸ ਗੱਲ 'ਚ ਕਿੰਨੀ ਕੁ ਸੱਚਾਈ ਹੈ ?

**ਜਵਾਬ :** ਜੀ, ਇਹ ਗੱਲ ਬਿਲਕੁਲ ਸੱਚ ਅਤੇ ਸਹੀ ਹੈ। ਇਹ ਸਹੀ ਹੈ ਕਿ ਇਸ ਵੇਲੇ ਸਾਨੂੰ ਖੁਰਾਕੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਭਾਵੇਂ ਸਾਡੇ ਕੋਲ ਖੁਰਾਕੀ ਪਦਾਰਥਾਂ ਦੇ ਅੰਬਾਰ ਲੱਗੇ ਪਏ ਹਨ, ਗੋਦਾਮ ਭਰੇ ਪਏ ਹਨ, ਪਰ ਤ੍ਰਾਸਦੀ ਇਹ ਹੈ ਕਿ ਇਹ ਸਾਰਾ ਖਾਣਾ ਖਾਣਯੋਗ ਹੀ ਨਹੀ ਹੈ, ਕਿਉਂਕਿ ਸਾਰੇ ਦਾ ਸਾਰਾ ਖਾਣਾ ਜ਼ਹਿਰ ਯੁਕਤ ਹੈ। ਅਸੀ ਬਹੁਤ ਸਾਰੇ ਰਸਾਇਣਾਂ ਦੀ ਵਰਤੋਂ ਕਰ ਕੇ ਜ਼ਹਿਰ ਦੀ ਭਰਪੂਰ ਕੁਦਰਤ ਵਿਰੋਧੀ ਢੰਗ ਵਰਤ ਕੇ ਖੁਰਾਕੀ ਵਸਤਾਂ ਪੈਦਾ ਕਰਦੇ ਹਾਂ, ਇਸ ਕਰਕੇ ਇਹ ਗੱਲ ਬਿਲਕੁਲ ਸੱਚ ਹੈ ਕਿ ਜਿੰਨਾ ਵੀ ਖਾਣਾ ਸਾਨੂੰ ਮਿਲ ਰਿਹਾ, ਉਹ ਸਾਰੇ ਦਾ ਸਾਰਾ ਖਾਣਯੋਗ ਨਹੀ ਹੈ। ਸਿਹਤ ਲਈ ਹਾਨੀਕਾਰਕ ਹੁੰਦਾ ਹੈ।

**ਸਵਾਲ :** ਹਰੀ ਕ੍ਰਾਂਤੀ ਦੇ ਆਉਣ ਤੇ ਧਰਤੀ ਨੂੰ ਅਣਉਪਜਾਊ ਅਤੇ ਕੱਲਰ ਬਣਾਉਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਇਸ ਬਾਰੇ ਤੁਹਾਡੇ ਕੀ ਵਿਚਾਰ ਹਨ?

**ਜਵਾਬ :** ਬਿਲਕੁਲ ਜੀ, ਮੈਂ ਇਸ ਗੱਲ ਨਾਲ ਸਹਿਮਤ ਹਾਂ ਕਿ ਹਰੀ ਕ੍ਰਾਂਤੀ ਨੇ ਜੀਵਨ ਨੂੰ ਖੋਰਾ ਲਾਇਆ ਹੈ। ਹਰੀ ਕ੍ਰਾਂਤੀ, ਗ੍ਰੀਨ ਰੇਵੋਲਿਊਸ਼ਨ ਅਸਲ ਵਿੱਚ " ਗ਼ਰੀਡ ਰੇਵੋਲਿਊਸ਼ਨ" ਕਹਿਣਾ ਚਾਹੀਦਾ ਹੈ, ਇਸ ਦਾ ਮੁੱਖ ਉਦੇਸ਼ ਪ੍ਰਤੀ ਏਕੜ ਵੱਧ ਤੋਂ ਵੱਧ ਝਾੜ ਲੈਣ ਦਾ ਲਾਲਚ ਸੀ। ਅਸੀ ਵੱਧ ਤੋਂ ਵੱਧ ਉਪਜ ਲੈਣ ਦੇ ਰਾਹ ਤੁਰ ਪਏ। ਇਸ ਲਈ ਖੇਤੀਬਾੜੀ ਯੂਨੀਵਰਸਿਟੀਆਂ, ਖੇਤੀ ਅਦਾਰਿਆਂ ਅਤੇ ਖੇਤੀ ਦੇ ਤਕਨੀਕੀ ਮਾਹਰਾਂ ਵੱਲੋਂ ਰਸਾਇਣਿਕ ਖਾਦਾਂ, ਨਦੀਨ ਨਾਸ਼ਕਾਂ, ਕੀਟਨਾਸ਼ਕਾਂ ਜਾਂ ਹੋਰ ਦਵਾਈਆਂ ਵਗੈਰਾ ਦੀ ਵਰਤੋਂ ਕਰਨ ਦੇ ਘਾਤਕ ਤਰੀਕੇ ਸੁਝਾਏ ਗਏ ਅਤੇ ਅਸੀ "ਈਕੋ ਸਿਸਟਮ" ਨੂੰ ਖ਼ਰਾਬ ਕਰ ਲਿਆ। ਧਰਤੀ ਹੇਠਲੇ ਪਾਣੀ ਦਾ ਪੱਧਰ ਕਾਫ਼ੀ ਹੇਠਾਂ ਚਲਾ ਗਿਆ ਅਤੇ ਪਾਣੀ ਪ੍ਰਦੂਸ਼ਿਤ ਹੋ ਗਿਆ। ਸਾਡੀ ਹਵਾ ਵੀ ਗੰਧਲੀ ਹੋ ਗਈ। ਇਸ ਕਾਰਨ ਸਾਡੀਆਂ ਉਪਜਾਂ ਵੀ ਦੂਸ਼ਿਤ ਹੋ ਕੇ ਜ਼ਹਿਰੀਲੀਆਂ ਹੋ ਗਈਆਂ, ਕਿਉਂਕਿ ਫ਼ਸਲ ਪੈਦਾ ਕਰਨ ਲਈ ਵਰਤੀਆਂ ਗਈਆਂ ਰਸਾਇਣਿਕ ਖਾਦਾਂ, ਰਸਾਇਣਿਕ ਦਵਾਈਆਂ, ਕੀਟਨਾਸ਼ਕ, ਨਦੀਨ ਨਾਸ਼ਕ ਰਸਾਇਣ ਸਾਡੀਆਂ ਉਪਜਾਂ ਵਿੱਚ ਆ ਜਾਂਦੇ ਹਨ। ਇਸ ਕਰਕੇ ਖਾਧ ਪਦਾਰਥਾਂ ਦੀ ਸਮੱਸਿਆ ਇਕੱਲੀ ਮਨੁੱਖ ਜਾਤੀ ਲਈ ਨਹੀ ਸਗੋਂ ਜੀਵਨ ਦੀ ਹੋਂਦ ਲਈ ਇੱਕ ਕਿਸਮ ਦਾ ਗੰਭੀਰ ਖ਼ਤਰਾ ਬਣ ਕੇ ਸਾਹਮਣੇ ਆਈ ਹੈ। ਕੁਦਰਤੀ ਖੇਤੀ ਢੰਗਾਂ ਨੂੰ ਅਪਣਾ ਕੇ ਅਸੀ ਕੁਦਰਤੀ ਸਿਸਟਮ ਨੂੰ ਬਚਾਅ ਸਕਦੇ ਹਾਂ। ਇਸ ਤਰ੍ਹਾਂ ਅਸੀ ਆਪਣੇ ਆਪ ਨੂੰ ਵੀ ਬਚਾ ਸਕਦੇ ਹਾਂ।

**ਸਵਾਲ :** ਕੀ ਹਰੀ ਕ੍ਰਾਂਤੀ ਨੇ ਪੰਜਾਬ ਦੇ ਅਰਥਚਾਰੇ ਨੂੰ ਹੁਲਾਰਾ ਦਿੱਤਾ?

**ਜਵਾਬ :** ਹਰੀ ਕ੍ਰਾਂਤੀ ਨੇ ਆਰਥਿਕ ਤੌਰ ਤੇ ਪੰਜਾਬ ਦੇ ਅਰਥਚਾਰੇ ਨੂੰ ਕੁਝ ਹੁਲਾਰਾ ਦਿੱਤਾ ਪਰ ਨਾਲ ਹੀ ਕਿਸਾਨੀ ਦੀਆਂ ਮੁਸ਼ਕਲਾਂ ਵਧਾਈਆਂ। ਜਦੋਂ ਅਸੀ ਖੇਤੀ ਦੇ ਖਰਚਿਆਂ ਦੀ ਗੱਲ ਕਰਦੇ ਹਾਂ ਤਾਂ ਉਹ ਮੁਕਾਬਲਤਨ ਬਹੁਤ ਹੀ ਜ਼ਿਆਦਾ ਹਨ। ਕਿਸਾਨ ਕਰਜ਼ੇ



ਖੇਤੀ ਦੇ ਖਰਚੇ ਬਹੁਤ ਜ਼ਿਆਦਾ ਵੱਧ ਗਏ। ਕਿਸਾਨ ਕਈ ਤਰ੍ਹਾਂ ਦੇ ਖਰਚਿਆਂ ਦੀਆਂ ਜ਼ੰਜੀਰਾਂ ਨਾਲ ਜਕੜਿਆ ਹੋਇਆ ਹੈ। ਕਿਸਾਨ ਖੇਤੀ ਲਈ ਉੱਤਮ ਬੀਜਾਂ, ਡੀਜ਼ਲ, ਰਸਾਇਣਾਂ, ਪੋਸ਼ਕ ਤੱਤਾਂ, ਰਸਾਇਣਿਕ ਖਾਦਾਂ, ਕੀੜੇਮਾਰ ਦਵਾਈਆਂ, ਨਦੀਨ ਨਾਸ਼ਕਾਂ ਤੋਂ ਇਲਾਵਾ ਲਈ ਤਰ੍ਹਾਂ ਦੀ ਮਹਿੰਗੀ ਮਸ਼ੀਨਰੀ ਜਿਵੇਂ ਟ੍ਰੈਕਟਰ, ਥਰੈਸ਼ਰ, ਕੰਬਾਈਨ ਆਦਿ ਦੀ ਵਰਤੋਂ ਕਰਦਾ ਹੈ ਕਹਿਣ ਦਾ ਭਾਵ ਹੈ ਕਿ ਕਿਸਾਨ ਇਹਨਾਂ ਖਰਚਿਆਂ ਕਾਰਨ ਕਰਜ਼ੇ ਦੇ ਵਿੱਚ ਜਕੜਿਆ ਜਾ ਰਿਹਾ ਅਤੇ ਇਸ ਕਰਜ਼ੇ ਦੇ ਵਿੱਚ ਪੂਰੀ ਤਰ੍ਹਾਂ ਡੁੱਬ ਗਿਆ ਹੈ। ਅਸੀ ਰੋਜ਼ ਅਖ਼ਬਾਰਾਂ ਦੀਆਂ ਸੁਰਖੀਆਂ ਦੇਖਦੇ ਹਾਂ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਇਹ ਵੀ ਇੱਕ ਸੱਚ ਹੈ ਕਿ ਹਰੀ ਕ੍ਰਾਂਤੀ ਲਈ ਜਿਸ ਕਿਸਾਨ ਨੇ ਜਿੰਨੇ ਜ਼ਿਆਦਾ ਆਧੁਨਿਕ ਸਾਧਨਾਂ - ਢੰਗਾਂ ਦੀ ਵਰਤੋ ਕੀਤੀ ਹੈ ,ਉਹ ਉਨਾ ਜ਼ਿਆਦਾ ਕਰਜ਼ਦਾਰ ਹੋ ਗਿਆ। ਕਾਰਪੋਰੇਟ ਸਿਸਟਮ ਵੱਲੋਂ ਸਾਡੇ ਉੱਤੇ ਥੋਪੇ ਗਏ ਖੇਤੀ ਵਿਕਾਸ ਦੇ ਇਸ ਮਾਡਲ ਨੇ ਧਰਤੀ, ਕੁਦਰਤ ਅਤੇ ਜੀਵਨ ਨੂੰ ਖੋਰਾ ਹੀ ਲਾਇਆ। ਜੀਵਨ, ਜੀਵਨ ਪੰਧ ਅਤੇ ਕੁਦਰਤ ਉੱਤੇ ਕੋਈ ਵਧੀਆ ਪ੍ਰਭਾਵ ਨਹੀ ਪਾਇਆ।

**ਸਵਾਲ:** ਸ. ਅਵਤਾਰ ਸਿੰਘ ਜੀ ਮੈਨੂੰ ਯਾਦ ਹੈ ਜਦੋਂ ਅਸੀ ਛੋਟੇ-ਛੋਟੇ ਹੁੰਦੇ ਸੀ ਉਦੋਂ ਕਿਸਾਨਾਂ ਕੋਲ ਭਾਵੇਂ ਥੋੜ੍ਹੇ ਜਿਹੇ ਪੈਸੇ ਹੋਇਆ ਕਰਦੇ ਸੀ ਪਰ ਉਹ ਬੜੇ ਖ਼ੁਸ਼ਹਾਲ ਅਤੇ ਖ਼ੁਸ਼ - ਖ਼ੁਸ਼ ਰਹਿੰਦੇ ਸਨ। ਪਰ ਹੁਣ ਕਿਸਾਨ ਦੀ ਖ਼ੁਸ਼ਹਾਲੀ ਕਿਉਂ ਗਾਇਬ ਹੋ ਗਈ ਹੈ ਅਤੇ ਕਿਸਾਨ ਕਰਜ਼ਾਈ ਕਿਉਂ ਹੋ ਰਿਹਾ ਹੈ?

**ਜਵਾਬ :** ਜੀ ਇਸ ਨੂੰ ਅਸਲ ਵਿੱਚ ਇੱਕ ਭਰਮ ਜਾਲ ਹੀ ਕਿਹਾ ਜਾ ਸਕਦਾ ਹੈ ਕਿਉਂਕਿ ਹਰੀ ਕ੍ਰਾਂਤੀ ਦੌਰਾਨ



ਵਿੱਚ ਸਾਲ ਦਰ ਸਾਲ ਵਾਧਾ ਹੁੰਦਾ ਜਾ ਰਿਹਾ ਹੈ। ਇਸ ਤਰ੍ਹਾਂ ਕਿਸਾਨ ਮਜ਼ਬੂਤ ਨਹੀਂ ਸਗੋਂ ਆਰਥਿਕ ਅਤੇ ਮਾਨਸਿਕ ਪੱਖੋਂ ਕਮਜ਼ੋਰ ਹੁੰਦਾ ਜਾ ਰਿਹਾ ਹੈ। ਕਿਸਾਨ ਦੇ ਦੁਆਲੇ ਲਪੇਟ ਹੋਈਆਂ ਕਰਜ਼ੇ ਦੀਆਂ ਜ਼ੰਜੀਰਾਂ ਨੂੰ ਕਾਰਪੋਰੇਟ ਸਿਸਟਮ ਵੱਲੋਂ ਸੁਝਾਏ ਗਏ ਖੇਤੀ ਢਾਂਚੇ ਨਾਲ ਕਦੇ ਵੀ ਨਹੀਂ ਤੋੜਿਆ ਜਾ ਸਕਦਾ ਹੈ।

**ਸਵਾਲ:** ਅੱਜ ਕੱਲ 99% ਕਿਸਾਨ ਘਾਟੇ ਦੀ ਖੇਤੀ ਕਰ ਰਹੇ ਹਨ, ਕਰਜ਼ੇ ਨਾਲ ਜੂਝ ਰਹੇ ਹਨ। ਕਿਸਾਨਾਂ ਵਿੱਚ ਆਤਮ ਹੱਤਿਆ ਦਾ ਰੁਝਾਨ ਬਹੁਤ ਵੱਧ ਗਿਆ ਹੈ। ਉਹਨਾਂ ਦਾ ਸਮਾਜਿਕ ਰੁਤਬਾ ਘਟਿਆ ਹੈ,ਉਹ ਆਰਥਿਕ ਮੰਦਹਾਲੀ ਦਾ ਸ਼ਿਕਾਰ ਹਨ, ਮਾਨਸਿਕ ਤਨਾਅ ਹੰਢਾ ਰਹੇ ਹਨ। ਤੁਹਾਡੇ ਅਨੁਸਾਰ ਕਿਸਾਨਾਂ ਨੂੰ ਇਸ ਤ੍ਰਾਸਦੀ ਵਿਚੋਂ ਕਿਵੇਂ ਬਾਹਰ ਕੱਢਿਆ ਜਾ ਸਕਦਾ ਹੈ?

**ਜਵਾਬ :** ਕਿਸਾਨਾਂ ਨੂੰ ਇਸ ਤ੍ਰਾਸਦੀ ਵਿਚੋਂ ਬਾਹਰ ਕੱਢਣ ਦਾ ਇੱਕੋ - ਢੰਗ ਹੈ - ਭਗਵਾਨ ਦੀ ਰੱਖਿਆ ਲਈ ਖੇਤੀ ਸਤਿਸੰਗ ਸੁਣਿਆ ਜਾਵੇ। ਭਗਵਾਨ ਭਾਵ ਭ+ਗ+ਵ+ਆ+ਨ , ਭੱਭਾ - ਭੂਮੀ ਭਾਵ ਮਿੱਟੀ,ਗੱਗਾ- ਗਗਨ ਭਾਵ ਆਕਾਸ਼,ਵਾਵਾ- ਵਾਯੂ ਭਾਵ ਹਵਾ, ਆ - ਆਗ ਭਾਵ ਅਗਨੀ, ਨੰਨਾ - ਨੀਰ ਭਾਵ ਪਾਣੀ ਦੀ ਰੱਖਿਆ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਖੇਤੀ ਮਾਡਲ ਨੂੰ ਅਮਲ ਵਿੱਚ ਲਿਆਂਦਾ ਜਾਵੇ। ਖੇਤੀ ਕਰਨ ਲਈ ਪੰਜ ਜੀਵਨਦਾਈ ਤੱਤਾਂ ਮਿੱਟੀ,ਹਵਾ,ਆਕਾਸ਼,ਅਗਨੀ ਅਤੇ ਪਾਣੀ ਦੀ ਸਹੀ ਢੰਗ ਨਾਲ ਵਰਤੋਂ ਦੀ ਜਾਂਚ ਸਿੱਖਣਾ ਹੀ ਖੇਤੀ ਸਤਿਸੰਗ ਦਾ ਉਦੇਸ਼ ਹੈ। ਅਸੀ ਇਸਨੂੰ ਕੁਦਰਤੀ ਖੇਤੀ ਜਾਂ ਜੈਵਿਕ ਖੇਤੀ ਦਾ ਨਾਂ ਦਿੰਦੇ ਹਾਂ। ਜੈਵਿਕ ਖੇਤੀ ਹੀ ਕਿਸਾਨਾਂ ਨੂੰ ਇਸ ਮਾਨਸਿਕ ਤ੍ਰਾਸਦੀ ਅਤੇ ਆਰਥਿਕ ਮੰਦਹਾਲੀ ਵਿੱਚੋਂ ਬਾਹਰ ਕੱਢਣ ਦਾ ਇੱਕੋ-ਇੱਕ ਹੱਲ ਹੈ।

**ਸਵਾਲ :** ਜੈਵਿਕ ਖੇਤੀ ਕੀ ਹੁੰਦੀ ਹੈ?

**ਜਵਾਬ :** ਜੈਵਿਕ ਖੇਤੀ ਮਾਹਰਾਂ ਦੁਆਰਾ ਸੁਝਾਇਆ ਗਿਆ ਖੇਤੀ ਕਰਨ ਦਾ ਉਹ ਢੰਗ ਹੈ ਜਿਹੜਾ ਕਿਸਾਨ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ, ਸਿਹਤਯਾਬ ਭੋਜਨ ਅਤੇ ਕਿਸਾਨਾਂ ਨੂੰ ਜੈਵਿਕ ਖੇਤੀ, ਕੁਦਰਤੀ ਸਿਸਟਮ ਅਨੁਸਾਰ ਖਾਦ ਤਿਆਰ ਕਰ ਕੇ ਜੀਵਨ ਦੇਣ ਵਾਲੀ, ਜ਼ਹਿਰ ਮੁਕਤ ਖੇਤੀ ਉਤਪਾਦਨ ਕਰਨ ਦੀ ਵਿਧੀ ਹੈ। ਬਿਨਾਂ ਕਿਸੇ ਬਣਾਉਟੀ ਰਸਾਇਣ ਦੀ ਵਰਤੋਂ ਕੀਤਿਆਂ ਪੰਜ ਤੱਤਾਂ ਹਵਾ,ਪਾਣੀ,ਮਿੱਟੀ,ਅਗਨੀ, ਅਕਾਸ਼ ਦੀ ਸਹੀ ਢੰਗ ਨਾਲ ਵਰਤੋਂ ਕਰ ਕੇ ਪੈਦਾ ਕੀਤੀ ਜਾਣ ਵਾਲੀ ਉਪਜ ਨੂੰ ਜੈਵਿਕ ਖੇਤੀ ਕਹਿ ਸਕਦੇ ਹਾਂ।

**ਸਵਾਲ :** ਕੀ ਜੈਵਿਕ ਖੇਤੀ ਨੂੰ ਗੁਰੂ ਨਾਨਕ ਦੇਵ ਜੀ ਦੁਆਰਾ ਅਪਣਾਏ ਗਏ ਖੇਤੀ ਮਾਡਲ ਦਾ ਹੀ ਆਧੁਨਿਕ ਨਾਂ ਕਿਹਾ ਜਾ ਸਕਦਾ ਹੈ?

**ਜਵਾਬ :** ਜੀ ਬਿਲਕੁਲ, ਮੈਂ ਇਸ ਗੱਲ ਨਾਲ ਸਹਿਮਤ ਹਾਂ। ਸਾਡੀ ਸੰਸਥਾ ਵੱਲੋਂ ਦਿੱਤਾ ਗਿਆ ਨਾਅਰਾ "ਗੁਰਬਾਣੀ ਸੇਧਤ ਖੇਤੀ ਦੀ ਗੱਲ, ਕਰ ਦੇਵੇਗੀ ਸਾਰੇ ਮਸਲੇ ਹੱਲ" ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਗੁਰਬਾਣੀ ਜੀਵਨ ਦੇ ਹਰ ਪੱਖ ਦਾ, ਸਹੀ ਢੰਗ ਦੇ ਨਾਲ ਜਵਾਬ ਦੇਣ ਦੇ ਸਮਰੱਥ ਹੈ ਅਤੇ ਤੁਸੀ ਵੀ ਉਸ ਵਿੱਚੋਂ ਗੱਲ ਲੈ ਕੇ ਇੱਕ ਗੱਲ ਤੋਰੀ ਹੈ । ਖੇਤੀ ਦਾ ਗੁਰੂ ਨਾਨਕ ਮਾਡਲ ਅੱਜ ਦੇ ਸਮੇਂ ਦਾ ਵੱਡਾ ਸੱਚ ਹੈ। ਗੁਰੂ ਨਾਨਕ ਸਾਹਿਬ ਦੀ ਸੋਚ ਨੂੰ ਸ਼ਤ-ਸ਼ਤ ਨਮਨ ਹੈ। ਗੁਰੂ ਨਾਨਕ ਦੇਵ ਜੀ ਵੱਲੋਂ ਦਿੱਤੇ ਸਿਧਾਂਤਾਂ ਉੱਪਰ ਚੱਲ ਕੇ ਅਸੀ ਆਪਣਾ ਜੀਵਨ ਸਫ਼ਲ ਕਰ ਸਕਦੇ ਹਾਂ। ਵਧੀਆ ਸਿਹਤਯਾਬ ਸਮਾਜ ਦਾ ਨਿਰਮਾਣ ਕਰ ਸਕਦੇ ਹਾਂ। ਗੁਰੂ ਨਾਨਕ ਸਾਹਿਬ ਨੇ ਆਪਣੇ ਜੀਵਨ ਦੇ ਆਖਰੀ ਸਾਢੇ ਸਤਾਰਾਂ ਸਾਲ ਇਸ ਖੇਤੀ ਦੇ ਕਿੱਤੇ ਵਿੱਚ ਗੁਜ਼ਾਰੇ। ਉਹਨਾਂ ਇਹ ਗੱਲ ਸਮਝਾਈ ਕਿ ਖੇਤੀ ਤੋਂ ਬਿਨਾਂ ਸਾਡਾ ਜੀਵਨ ਚੱਲ ਨਹੀ ਸਕਦਾ ਅਤੇ ਸਾਨੂੰ ਖੇਤੀ ਦੇ ਕਿੱਤੇ ਵਿੱਚ ਜ਼ਰੂਰ ਕਾਰਜਸ਼ੀਲ ਹੋਣਾ ਚਾਹੀਦਾ ਹੈ ਕਿਉਂਕਿ ਇਸ ਤੋਂ ਬਿਨਾਂ ਸਾਡਾ ਸਮਾਜ ਚੱਲ ਨਹੀ ਸਕਦਾ। ਜ਼ਰੂਰਤ ਹੈ ਕਿ ਅਸੀ ਗੁਰਬਾਣੀ ਤੋਂ ਸੇਧ ਲੈ ਕੇ ਕਾਸ਼ਤਕਾਰੀ ਨੂੰ ਗੁਰਬਾਣੀ ਦੇ ਸਿਧਾਂਤਾਂ ਅਨੁਸਾਰ ਢਾਲੀਏ।

**ਸਵਾਲ :** ਗੁਰੂ ਨਾਨਕ ਦੇਵ ਜੀ ਨੇ ਆਪਣੇ ਹੱਥੀ ਕਿਰਤ ਕਰਨ ,ਖੇਤੀ ਕਰਨ ਦੀ ਗੱਲ ਕੀਤੀ,ਉਹਨਾਂ ਖ਼ੁਦ ਹੱਥੀ ਕੁਦਰਤੀ ਖੇਤੀ ਜਿਸਨੂੰ ਆਪ ਜੈਵਿਕ ਖੇਤੀ ਕਹਿ ਰਹੇ ਹੋ, ਅਪਣਾਈ ,ਪਰ ਹੁਣ ਕਿਸਾਨ ਹੱਥੀ ਖੇਤੀ ਕਰਨ ਦੀ ਥਾਂ ਤੇ ਜ਼ਮੀਨ ਠੇਕੇ ਤੇ ਦੇਣ ਨੂੰ ਤਰਜੀਹ ਦੇ ਰਿਹਾ ਹੈ? ਆਪ ਅਨੁਸਾਰ ਖੇਤੀ ਲਾਹੇਵੰਦ ਧੰਦਾ ਨਾ ਰਹਿਣ ਪਿੱਛੇ ਕੀ ਇਹ ਕਾਰਨ ਜ਼ਿੰਮੇਵਾਰ ਹੋ ਸਕਦਾ ਹੈ?

**ਜਵਾਬ:** ਗੁਰੂ ਨਾਨਕ ਸਾਹਿਬ ਵੱਲੋਂ "ਨਾਮ ਜਪੋ,ਕਿਰਤ ਕਰੋ ,ਵੰਡ ਛਕੋ" ਦਾ ਬਹੁਤ ਹੀ ਕਲਿਆਣਕਾਰੀ ਸਿੱਖੀ ਸਿਧਾਂਤ ਦਿੱਤਾ ਗਿਆ ਹੈ। ਹਰ ਇੱਕ ਨੂੰ ਕਿਰਤ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।ਠੇਕੇ 'ਤੇ ਜ਼ਮੀਨ ਦੇ ਦੇਣਾ, ਆਪ ਕਾਸ਼ਤਕਾਰੀ ਨਾ ਕਰਨਾ,ਠੇਕਾ ਲੈ ਲੈਣਾ ਇਹ ਵੀ "ਗਰੀਡ ਰੈਵੋਲਿਊਸ਼ਨ" ਦੀ ਹੀ ਦੇਣ ਹੈ, ਜਿਹੜੀ ਵੱਧ ਤੋਂ ਵੱਧ ਉਤਪਾਦਨ ਲੈਣ ਲਈ ਨੈਤਿਕ ਅਤੇ ਅਨੈਤਿਕ ਹਰ ਤਰ੍ਹਾਂ ਦੇ ਤਰੀਕੇ ਵਰਤਣ ਨੂੰ ਉਤਸ਼ਾਹਿਤ ਕਰਦੀ ਹੈ। ਨਤੀਜੇ ਵਜੋਂ ਸਾਡਾ ਸਾਰਾ ਇੱਕੋ ਸਿਸਟਮ ਖਰਾਬ ਹੋ ਰਿਹਾ ਹੈ ਅਤੇ ਵਾਤਾਵਰਣ ਪ੍ਰਦੂਸ਼ਿਤ ਹੋ ਗਿਆ ਹੈ। ਇਸ ਪ੍ਰਦੂਸ਼ਿਤ ਵਾਤਾਵਰਨ ਵਿੱਚੋਂ ਜਿਹੜੀ ਉਪਜ ਪੈਦਾ ਹੋ ਰਹੀ ਹੈ ,ਉਹ ਜ਼ਹਿਰ ਯੁਕਤ ਪੈਦਾ ਹੋ ਰਹੀ ਹੈ। ਜਦੋਂ ਅਸੀ ਕੁਦਰਤ ਦੇ ਅਸੂਲਾਂ ਤੋਂ ਹਟ ਕੇ ਜੀਵਨ ਚਲਾਉਣ ਦੀ ਕੋਸ਼ਿਸ਼ ਕਰਾਂਗੇ ਤਾਂ ਉਹਦੇ ਵਿੱਚ ਸਾਨੂੰ ਬਹੁਤ ਵੱਡੀਆਂ ਜਿਹੜੀਆਂ ਸਮੱਸਿਆਵਾਂ ਦਰਪੇਸ਼ ਆਉਣਗੀਆਂ ਅਤੇ ਆ ਵੀ ਰਹੀਆਂ ਹਨ।

**ਸਵਾਲ:** ਰਸਾਇਣਿਕ ਖੇਤੀ ਅਤੇ ਜੈਵਿਕ ਖੇਤੀ ਦੀ ਸੰਖੇਪ ਵਿੱਚ ਆਪ ਤੁਲਨਾ ਕਿਵੇਂ ਕਰਦੇ ਹੋ?

**ਜਵਾਬ :** ਦਰਅਸਲ ਹੁਣ ਵੱਡੇ ਕਾਰਪੋਰੇਟ ਘਰਾਣੇ, ਵਪਾਰੀ ਵਰਗ ਇਹ ਚਾਹੁੰਦਾ ਹੈ ਕਿ ਉਹ ਰਸਾਇਣਿਕ ਖੇਤੀ ਉਪਜਾਂ ਦਾ ਬਦਲ ਜੈਵਿਕ ਖੇਤੀ ਉਤਪਾਦਾਂ ਵਜੋਂ ਪੇਸ਼ ਕਰੇ। ਪ੍ਰੰਤੂ ਕਿਸਾਨਾਂ ਨੂੰ ਇਸ ਤੋਂ ਵੀ ਅੱਗੇ ਦੀ ਸੋਚ ਅਪਣਾਉਣ ਦੀ ਜ਼ਰੂਰਤ ਹੈ, ਉਹ ਸੋਚ ਹੈ - ਖੇਤੀ ਦਾ ਕੁਦਰਤੀਕਰਨ। ਕੁਦਰਤ ਨੇ ਜਿਸ ਢੰਗ ਨਾਲ ਜੀਵਨ ਨੂੰ ਬਣਾਇਆ ਅਤੇ ਚਲਾਇਆ ਹੈ ਉਹਨਾਂ ਅਸੂਲਾਂ ਨੂੰ ਸਮਝ ਕੇ ਭਾਵ ਜੀਵਨਦਾਈ ਪੰਜ ਤੱਤਾਂ ਦਾ ਸਹੀ ਨਿਆਂਪੂਰਨ ਪ੍ਰਬੰਧਨ ਕਰ ਕੇ, ਕੁਦਰਤ ਦੇ ਵਿਕਸਤ ਕੀਤੇ ਸਿਸਟਮ ਨੂੰ ਸਮਝ ਕੇ, ਇਹਨਾਂ ਨੂੰ ਸਾਂਭਣ ਲਈ ਕਾਰਗ਼ਰ ਪ੍ਰਬੰਧ ਕਰਨ ਦੀ ਜ਼ਰੂਰਤ ਹੈ। ਇਸ ਤਰ੍ਹਾਂ ਕਰਨ ਨਾਲ ਕਿਸਾਨਾਂ ਦਾ ਖੇਤੀ ਉੱਪਰ ਹੋਣ ਵਾਲਾ ਖਰਚਾ ਘਟੇਗਾ, ਖੇਤੀ ਲਾਹੇਵੰਦ ਧੰਦਾ ਬਣ ਜਾਵੇਗੀ,ਸਾਡਾ ਭੋਜਨ ਵੀ ਜ਼ਹਿਰ ਮੁਕਤ ਹੋਵੇਗਾ, ਸਾਡਾ ਸਮਾਜ ਖ਼ੁਸ਼ਹਾਲ ਅਤੇ ਤੰਦਰੁਸਤ ਹੋਵੇਗਾ। ਖੇਤੀ ਵਿੱਚ ਰਸਾਇਣਾਂ ਦੀ ਵਰਤੋਂ ਬੰਦ ਕਰ ਦੇਣ ਨਾਲ ਕੋਈ ਨੁਕਸਾਨ ਨਹੀ ਹੋਵੇਗਾ। ਰਸਾਇਣਿਕ ਖੇਤੀ ਵਿੱਚੋਂ ਰਸਾਇਣ ਕੱਢਣ ਨਾਲ ਵੀ ਖੇਤੀ ਨੂੰ ਕੋਈ ਫ਼ਰਕ ਨਹੀ ਪੈਂਦਾ ਉਹ ਖੇਤੀ ਹੀ ਰਹਿੰਦੀ ਹੈ , ਜੰਗਲ ਇਸ ਦੀ ਸਪੱਸ਼ਟ ਉਦਾਹਰਨ ਹਨ। ਪਰ ਕੁਦਰਤੀ ਖੇਤੀ ਵਿੱਚੋਂ ਕੁਦਰਤ ਕੱਢ ਦੇਣ ਨਾਲ ਬਾਕੀ ਕੁਝ ਵੀ ਨਹੀ ਬਚਦਾ, ਰਸਾਇਣਿਕ ਖੇਤੀ ਵਿੱਚੋਂ ਵੀ ਕੁਦਰਤ ਨੂੰ ਬਾਹਰ ਨਹੀ ਕੱਢਿਆ ਜਾ ਸਕਦਾ। ਖੇਤੀ ਆਪਣੇ ਆਪ ਵਿੱਚ ਹੀ ਕੁਦਰਤੀ ਹੈ ਇਸ ਨੂੰ ਕੁਦਰਤੀ ਖੇਤੀ ਕਹਿਣਾ ਵੀ ਗ਼ੈਰ ਜ਼ਰੂਰੀ ਹੀ ਹੈ। ਖੇਤੀ ਦਾ ਕੁਦਰਤੀਕਰਨ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਇਸ ਲੋੜ ਨੂੰ ਸਮਝ ਕੇ ਹੀ ਅਸੀ ਖੇਤੀ ਕਿੱਤੇ ਨੂੰ ਪਵਿੱਤਰ, ਉੱਤਮ ਅਤੇ ਲਾਹੇਵੰਦ ਬਣਾ ਸਕਦੇ ਹਾਂ।

# ਪੰਜਾਬ ਹੜ੍ਹ ਦੀ ਲਪੇਟ 'ਚ ਆਈ ਵਾਹੀਯੋਗ ਜ਼ਮੀਨ ਕੀ ਹੁਣ ਉਪਜਾਊ ਰਹੇਗੀ ?

## ਕਿਹੜੀਆਂ ਫ਼ਸਲਾਂ ਦਾ ਹੋਵੇਗਾ ਨੁਕਸਾਨ, ਬਚਾਉਣ ਦਾ ਕੀ ਹੈ ਹੱਲ ?

ਹਰਮਨਦੀਪ ਸਿੰਘ

ਪੰਜਾਬ ਵਿੱਚ ਹੜ੍ਹਾਂ ਦੀ ਸਭ ਤੋ ਵੱਡੀ ਮਾਰ ਕਿਸਾਨਾਂ ਨੂੰ ਪਈ ਹੈ। ਪੰਜਾਬ ਸਰਕਾਰ ਦੇ ਪੰਜ ਸਤੰਬਰ ਤੱਕ ਦੇ ਅੰਕੜਿਆਂ ਮੁਤਾਬਕ 1.72 ਲੱਖ ਹੈਕਟੇਅਰ (4.25 ਲੱਖ ਏਕੜ) ਵਾਹੀਯੋਗ ਜ਼ਮੀਨ ਹੜ੍ਹਾਂ ਦੀ ਮਾਰ ਹੇਠ ਹੈ। ਖੜ੍ਹੀਆਂ ਫਸਲਾਂ ਜਾਂ ਵੱਢਣ ਕਿਨਾਰੇ ਪਈਆਂ ਫ਼ਸਲਾਂ ਪੂਰੀ ਤਰ੍ਹਾਂ ਡੁੱਬੀਆਂ ਹੋਈਆਂ ਹਨ। ਇਸ ਸੀਜ਼ਨ ਵਿੱਚ ਕਿਸਾਨਾਂ ਦਾ ਆਰਥਿਕ ਨੁਕਸਾਨ ਹੋਣਾ ਲਗਭਗ ਤੈਅ ਹੈ ਪਰ ਉਹ ਆਪਣੇ ਆਉਣ ਵਾਲੇ ਭਵਿੱਖ ਸਬੰਧੀ ਵੀ ਚਿੰਤਤ ਹਨ। ਹੁਣ ਉਨ੍ਹਾਂ ਨੂੰ ਕਈ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ। ਕਿਸਾਨਾਂ ਅੱਗੇ ਸਵਾਲ ਹੈ ਕਿ ਹੜ੍ਹਾਂ ਦੀ ਮਾਰ ਹੇਠ ਜ਼ਮੀਨ ਵਿੱਚ ਬੀਜੀ ਫ਼ਸਲ ਅਤੇ ਜ਼ਮੀਨ ਦੀ ਉਪਜਾਊ ਸ਼ਕਤੀ ਉੱਤੇ ਕੀ ਅਸਰ ਪਵੇਗਾ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਲਈ ਖੇਤੀਬਾੜੀ ਮਾਹਿਰਾਂ ਨਾਲ ਗੱਲਬਾਤ ਕੀਤੀ ਗਈ।

### ਹੜ੍ਹਾਂ ਦਾ ਕੀ ਅਸਰ ਹੋਵੇਗਾ?

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਿੱਟੀ ਵਿਗਿਆਨ ਵਿਭਾਗ ਦੇ ਸੀਨੀਅਰ ਮਿੱਟੀ ਰਸਾਇਣ ਵਿਗਿਆਨੀ ਡਾ. ਰਾਜੀਵ ਸਿੱਕਾ ਦਾ ਕਹਿਣਾ ਹੈ ਕਿ ਹੜ੍ਹਾਂ ਦੌਰਾਨ ਦਰਿਆਵਾਂ ਦਾ ਪਾਣੀ ਰੇਤਾ ਅਤੇ ਗਾਰ ਰੋੜ੍ਹਕੇ ਆਪਣੇ ਨਾਲ ਲੈ ਆਉਂਦਾ ਹੈ। ਉਹ ਦੱਸਦੇ ਹਨ, "ਹੜ੍ਹਾਂ ਦੀ ਮਾਰ ਹੇਠਾਂ ਆਈਆਂ ਜ਼ਮੀਨਾਂ ਵਿੱਚ ਇਹ ਰੇਤਾ ਅਤੇ ਗਾਰ ਇਕੱਠਾ ਹੋ ਜਾਂਦਾ ਹੈ ਅਤੇ ਜ਼ਮੀਨ ਉੱਤੇ ਇਸਦੀ ਪਰਤ ਜੰਮ ਜਾਂਦੀ ਹੈ। ਇਸ ਜੰਮੀ ਹੋਈ ਪਰਤ ਵਿੱਚ ਨਾ ਤਾਂ ਨਵੀ ਫ਼ਸਲ ਬੀਜੀ ਜਾ ਸਕਦੀ ਹੈ ਅਤੇ ਨਾ ਹੀ ਨਵੀ ਫ਼ਸਲ ਉੱਗ ਸਕਦੀ ਹੈ। ਇਸ ਤੋ ਇਲਾਵਾ ਹੜ੍ਹਾਂ ਦੌਰਾਨ ਜ਼ਮੀਨਾਂ ਵਿੱਚ ਖਾਰ ਅਤੇ ਟੋਏ ਪੈ ਜਾਂਦੇ ਹਨ। ਜ਼ਮੀਨ ਇੱਕ ਬਰਾਬਰ ਜਾਂ ਪੱਧਰ ਨਹੀ ਰਹਿੰਦੀ। ਇਸ ਤੋ ਇਲਾਵਾ ਕਈ ਵਾਰੀ ਹੜ੍ਹ ਆਪਣੇ ਨਾਲ ਜ਼ਮੀਨ ਰੋੜ੍ਹਕੇ ਵੀ ਲੈ ਜਾਂਦੇ ਹਨ ਜਾਂ ਜ਼ਮੀਨ ਖਿਸਕ ਜਾਂਦੀ ਹੈ।"

### ਉਪਜਾਊ ਸ਼ਕਤੀ ਉੱਤੇ ਕੀ ਅਸਰ ਪਵੇਗਾ?




ਡਾ. ਸਿੱਕਾ ਮੁਤਾਬਕ ਹੜ੍ਹਾਂ ਦੀ ਮਾਰ ਦਾ ਵਾਹੀਯੋਗ ਜ਼ਮੀਨ ਦੀ ਉਪਜਾਊ ਸ਼ਕਤੀ ਉੱਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਬਹੁਤ ਘੱਟ ਹੈ। ਡਾਕਟਰ ਸਿੱਕਾ ਕਹਿੰਦੇ ਹਨ ਕਿ ਭਾਵੇਂ ਜ਼ਮੀਨ ਦੀ ਉਪਜਾਊ ਸ਼ਕਤੀ ਉੱਤੇ ਕੋਈ ਮਾੜਾ ਅਸਰ ਨਹੀ ਪਵੇਗਾ ਪਰ ਕਿਸਾਨਾਂ ਅੱਗੇ ਗੰਭੀਰ ਚੁਣੌਤੀਆਂ ਹਨ। "ਜਿੰਨਾ ਚਿਰ ਜ਼ਮੀਨ ਵਿੱਚ ਰੇਤਾ ਅਤੇ ਗਾਰ ਜਮ੍ਹਾਂ ਹੈ, ਕਿਸਾਨ ਆਪਣੀ ਜ਼ਮੀਨ ਉੱਤੇ ਖੇਤੀ ਨਹੀ ਕਰ ਸਕਦੇ। ਕਿਸਾਨਾਂ ਨੂੰ ਇਸ ਰੇਤਾ ਅਤੇ ਗਾਰ ਦੀ ਪਰਤ ਨੂੰ ਖੇਤਾਂ ਵਿੱਚੋ ਹਟਾਉਣਾ ਪਵੇਗਾ ਅਤੇ ਆਪਣੀ ਜ਼ਮੀਨ ਨੂੰ ਪੱਧਰਾ ਕਰਨਾ ਪਵੇਗਾ। ਇਸ ਵਿੱਚ ਬਹੁਤ ਸਮਾਂ ਲੱਗ ਜਾਂਦਾ ਹੈ।" ਉਹ ਅੱਗੇ ਕਹਿੰਦੇ ਹਨ, "ਰੇਤਾ ਅਤੇ ਗਾਰ ਵਿੱਚ ਫ਼ਸਲਾਂ ਵਾਸਤੇ ਜ਼ਰੂਰੀ ਤੱਤ ਹੁੰਦੇ ਹਨ। ਇਸ ਲਈ ਜੇਕਰ ਥੋੜ੍ਹੀ ਬਹੁਤ ਗਾਰ ਜਾਂ ਰੇਤਾ ਜ਼ਮੀਨ ਵਿੱਚ ਰਲਦੀ ਹੈ ਤਾਂ ਇਸ ਨਾਲ ਜ਼ਮੀਨ ਦੀ ਸਿਹਤ ਬਿਹਤਰ ਹੀ ਹੋਵੇਗੀ ਪਰ ਜਦੋਂ ਰੇਤਾ ਅਤੇ ਗਾਰ ਦੀ ਪਰਤ ਜੰਮ ਜਾਂਦੀ ਹੈ ਤਾਂ ਜ਼ਮੀਨ ਵਿੱਚ ਹਵਾ ਦਾਖ਼ਲ ਨਹੀ ਹੁੰਦੀ, ਸਿੱਟੇ ਵਜੋਂ ਫ਼ਸਲ ਦਾ ਨੁਕਸਾਨ ਹੁੰਦਾ ਹੈ।"

### ਫਸਲਾਂ ਉੱਤੇ ਕੀ ਅਸਰ ਪਵੇਗਾ ?

ਡਾਕਟਰ ਸਿੱਕਾ ਨੇ ਦੱਸਿਆ ਕਿ ਜਿਹੜੀਆਂ ਫਸਲਾਂ ਸੱਤ ਦਿਨ ਤੋ ਵੱਧ ਸਮੇਂ ਤੱਕ ਪੂਰੀ ਤਰ੍ਹਾਂ ਪਾਣੀ ਵਿੱਚ ਡੁੱਬੀਆਂ ਰਹਿਣਗੀਆਂ, ਉਹ ਪੂਰੀ ਤਰ੍ਹਾਂ ਬਰਬਾਦ ਹੋ ਜਾਣਗੀਆਂ। "ਜਿਹੜੀਆਂ ਫਸਲਾਂ ਪੂਰੀ ਤਰ੍ਹਾਂ ਨਹੀ ਡੁੱਬੀਆਂ ਹੋਣਗੀਆਂ ਅਤੇ ਉਨ੍ਹਾਂ ਵਿੱਚ ਗਾਰ ਅਤੇ ਰੇਤਾ ਨਹੀ ਜਮ੍ਹਾਂ ਹੋਵੇਗਾ, ਉਹ ਬਚਾਈਆਂ ਜਾ ਸਕਦੀਆਂਹਨ। ਪਰ ਇਨ੍ਹਾਂ ਫ਼ਸਲਾਂ ਦਾ ਨੁਕਸਾਨ ਵੀ ਜ਼ਰੂਰ ਹੋਵੇਗਾ ਅਤੇ ਸਿੱਟੇ ਵਜੋ ਉਤਪਾਦਨ ਘਟੇਗਾ।"

### ਕਿਹੜੀਆਂ ਫ਼ਸਲਾਂ ਉੱਤੇ ਅਸਰ ਹੋਵੇਗਾ ?

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨਿਰਦੇਸ਼ਕ ਡਾ. ਅਜਮੇਰ ਸਿੰਘ ਢੱਟ ਨੇ ਦੱਸਿਆ ਕਿ ਹੜ੍ਹਾਂ ਨਾਲ ਝੋਨੇ, ਮੂੰਗੀ ਅਤੇ ਮੱਕੀ ਦੀ ਫ਼ਸਲ ਦਾ ਨੁਕਸਾਨ ਹੋਵੇਗਾ। ਗੰਨੇ ਦੀ ਫ਼ਸਲ ਦਾ ਘੱਟ ਨੁਕਸਾਨ ਹੋਵੇਗਾ। ਜੇਕਰ ਰੇਤਾ ਅਤੇ



ਗਾਰ ਖੇਤਾਂ ਵਿੱਚੋ ਨਾ ਹਟਾਈ ਗਈ ਤਾਂ ਕਣਕ ਦਾ ਨੁਕਸਾਨ ਵੀ ਹੋਵੇਗਾ।

### ਹੁਣ ਕੀ ਹੱਲ ਹੈ?

ਡਾ. ਸਿੱਕਾ ਕਹਿੰਦੇ ਹਨ, "ਜਦੋ ਪਾਣੀ ਘਟੇਗਾ ਤਾਂ ਜਿਹੜੀਆਂ ਫਸਲਾਂ ਪੂਰੀ ਤਰ੍ਹਾਂ ਨਹੀ ਡੁੱਬੀਆਂ ਅਤੇ ਜਿਨ੍ਹਾਂ ਵਿੱਚ ਰੇਤਾ ਅਤੇ ਗਾਰ ਜਮ੍ਹਾਂ ਨਹੀ ਹੋਈ। ਉਨ੍ਹਾਂ ਫ਼ਸਲਾਂ ਦਾ ਰੰਗ ਪੀਲਾ ਨਜ਼ਰ ਆਵੇਗਾ। ਇਨ੍ਹਾਂ ਫ਼ਸਲਾਂ ਵਿੱਚ ਨਾਈਟ੍ਰੋਜਨ ਦੀ ਕਮੀ ਆ ਜਾਵੇਗੀ। ਇਹ ਕਮੀ ਪੂਰੀ ਕਰਕੇ ਇਹ ਫਸਲਾਂ ਬਚਾਈਆਂ ਜਾ ਸਕਦੀਆਂ ਹਨ।" ਨਾਈਟ੍ਰੋਜਨ ਦੀ ਕਮੀ ਪੂਰੀ ਕਰਨ ਵਾਸਤੇ ਡਾ. ਸਿੱਕਾ ਨੇ ਕਿਸਾਨਾਂ ਨੂੰ ਯੂਰੀਆ ਦਾ ਘੋਲ ਬਣਾ ਕੇ ਸਪਰੇਅ ਕਰਨ ਦੀ ਸਿਫਾਰਸ਼ ਕੀਤੀ ਹੈ। "ਇਸ ਤੋ ਇਲਾਵਾ ਝੋਨੇ ਦੀ ਫ਼ਸਲ ਵਿੱਚ ਜ਼ਿੰਕ ਦੀ ਕਮੀ ਵੀ ਆ ਆਵੇਗੀ। ਇਸ ਕਮੀ ਨੂੰ ਪੂਰਾ ਕਰਨ ਵਾਸਤੇ ਕਿਸਾਨ ਜ਼ਿੰਕ ਸਲਫ਼ੇਟ ਦੀ ਸਪਰੇਅ ਕਰਨ।" ਡਾ. ਸਿੱਕਾ ਕਹਿੰਦੇ ਹਨ ਕਿ ਯੂਰੀਆ ਅਤੇ ਜ਼ਿੰਕ ਸਲਫ਼ੇਟ ਜ਼ਮੀਨ ਵਿੱਚ ਇਸ ਸਮੇਂ ਪਾਉਣ ਦਾ ਕੋਈ ਫ਼ਾਇਦਾ ਨਹੀ ਹੋਵੇਗਾ। ਇਸ ਲਈ ਕਿਸਾਨ ਸਿਰਫ਼ ਸਪਰੇਅ ਕਰਨ।

### ਜ਼ਮੀਨਾਂ ਉੱਤੇ ਹੜ੍ਹਾਂ ਦੀ ਮਾਰ ਕਦੋਂ ਤੱਕ ਰਹੇਗੀ?

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਨਿਰਦੇਸ਼ਕ ਡਾ. ਅਜਮੇਰ ਸਿੰਘ ਢੱਟ ਨੇ ਦੱਸਿਆ ਕਿ ਕਿਸਾਨਾਂ ਨੂੰ ਹੜ੍ਹਾਂ ਦੀ ਮਾਰ ਖੇਤੀ ਦੇ ਅਗਲੇ ਸੀਜ਼ਨ ਤੱਕ ਝੱਲਣੀ ਪਵੇਗੀ। "ਹੜ੍ਹਾਂ ਨਾਲ ਝੋਨੇ ਦੀ ਫ਼ਸਲ ਦਾ ਤਾਂ ਨੁਕਸਾਨ ਹੋ ਹੀ ਚੁੱਕਿਆ ਹੈ। ਹੁਣ ਕਣਕ ਦੀ ਫ਼ਸਲ ਉੱਤੇ ਵੀ ਹੜ੍ਹਾਂ ਦਾ ਅਸਰ ਪਵੇਗਾ। ਹੜ੍ਹਾਂ ਦੀ ਮਾਰ ਹੇਠਲੇ ਇਲਾਕਿਆਂ ਵਿੱਚ ਕਣਕ ਦੀ ਫ਼ਸਲ ਦੀ ਬਿਜਾਈ ਵਿੱਚ ਦੇਰੀ ਹੋ ਜਾਵੇਗੀ।" ਉਹ ਕਹਿੰਦੇ ਹਨ ਕਿ ਜੇਕਰ ਕਿਸਾਨਾਂ ਨੇ ਆਪਣੇ ਖੇਤਾਂ ਵਿੱਚੋ ਰੇਤਾ ਅਤੇ ਗਾਰ ਨਾ ਚੁੱਕੀ ਤਾਂ ਉਹ ਕਣਕ ਦੀ ਬਿਜਾਈ ਵੀ ਨਹੀ ਕਰ ਸਕਣਗੇ।

### ਹੋਰ ਕਿਹੜੇ ਬਦਲ ਮੌਜੂਦ ਹਨ?

ਡਾ. ਸਿੱਕਾ ਕਹਿੰਦੇ ਹਨ ਕਿ ਹੜ੍ਹਾਂ ਦੀ ਮਾਰ ਝੱਲਣ ਵਾਲੇ ਕਿਸਾਨਾਂ ਕੋਲ ਤਿੰਨ ਬਦਲ ਹੋਣਗੇ। ਜਾਂ ਤਾਂ ਉਹ ਰੇਤਾ ਅਤੇ ਗਾਰ ਨੂੰ ਹਟਾ ਦੇਣ ਜਾਂ ਰੇਤਾ ਅਤੇ ਗਾਰ ਨੂੰ ਉਲਟਾਂਵੇ ਹਲਾਂ ਨਾਲ ਜ਼ਮੀਨ ਵਿੱਚ ਮਿਕਸ ਕਰ ਦੇਣ। ਉਨ੍ਹਾਂ ਕਿਹਾ, "ਮੌਜੂਦਾ ਸਮੇ ਇਹ ਅਧਿਐਨ ਕਰ ਰਹੇ ਹਾਂ ਕਿ ਰੇਤਾ ਅਤੇ ਗਾਰ ਨੂੰ ਉਲਟਾਵੇ ਹਲਾਂ ਨਾਲ ਜ਼ਮੀਨ ਵਿੱਚ ਵਾਹੁਣ ਨਾਲ ਜ਼ਮੀਨ ਦੀ ਸਿਹਤ ਅਤੇ ਉਪਜਾਊ ਸ਼ਕਤੀ ਉੱਤੇ ਕੀ ਅਸਰ ਪਵੇਗਾ।" "ਤੀਜਾ ਬਦਲ ਜੈਵਿਕ ਅਤੇ ਹਰੀਆਂ ਖਾਦਾਂ ਹਨ। ਜਿਹੜੇ ਕਿਸਾਨ ਆਪਣੇ ਖੇਤਾਂ ਵਿੱਚ ਰੇਤਾ ਅਤੇ ਗਾਰ ਹਟਾਉਣ ਤੋ ਅਸਮਰੱਥ ਹਨ, ਉਨ੍ਹਾਂ ਨੂੰ ਹਰੀਆਂ ਅਤੇ ਜੈਵਿਕ ਖਾਦਾਂ ਦੀ ਵਰਤੋਂ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਹਰੀਆਂ ਅਤੇ ਜੈਵਿਕ ਖਾਦਾਂ ਦੀ ਵਰਤੋਂ ਨਾਲ ਜ਼ਮੀਨ ਦੀ ਸਿਹਤ ਬਿਹਤਰ ਹੋ ਸਕਦੀ ਹੈ।"

### ਮਾਹਰਾਂ ਨੂੰ ਕਿਹੜਾ ਡਰ

ਡਾ. ਸਿੱਕਾ ਮੁਤਾਬਕ ਹੜ੍ਹਾਂ ਅਤੇ ਮੀਂਹ ਦੇ ਪਾਣੀ ਨਾਲ ਜ਼ਮੀਨ ਉੱਤੇ ਨਕਾਰਾਤਮਕ ਪ੍ਰਭਾਵ ਨਹੀ ਪਵੇਗਾ। ਪਰ ਉਨ੍ਹਾਂ ਜ਼ਮੀਨ ਵਿੱਚ ਸਾਲਟ ਇਕੱਠੇ ਹੋਣ ਬਾਬਤ ਚਿੰਤਾ ਪ੍ਰਗਟ ਕੀਤੀ ਹੈ। "ਜੇਕਰ ਜ਼ਮੀਨ ਵਿੱਚ ਸਾਲਟ ਇਕੱਠੇ ਹੁੰਦੇ ਹਨ ਤਾਂ ਇਸਦਾ ਜ਼ਮੀਨ ਦੀ ਸਿਹਤ ਉੱਤੇ ਮਾੜਾ ਅਸਰ ਪੈ ਸਕਦਾ ਹੈ। ਪਰ ਆਮ ਤੌਰ ਉੱਤੇ ਇਸਦੇ ਆਸਾਰ ਬਹੁਤ ਘੱਟ ਹੁੰਦੇ ਹਨ। ਹੜ੍ਹਾਂ ਦਾ ਪਾਣੀ ਨਾਲ ਆਮ ਤੌਰ ਉੱਤੇ ਜ਼ਮੀਨ ਵਿੱਚ ਸਾਲਟ ਇਕੱਠੇ ਨਹੀ ਹੁੰਦੇ। ਕਈ ਵਾਰੀ ਸਾਲਟ ਕਿਸੇ ਜਗ੍ਹਾ ਤੋ ਰੁੜਕੇ ਆ ਜਾਂਦੇ ਹਨ। ਪਰ ਇਸਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ।"

### ਕਿੰਨੀਆਂ ਫ਼ਸਲਾਂ ਬਰਬਾਦ ਹੋਈਆਂ?

ਪੰਜਾਬ ਦੇ ਕੁਲ 23 ਜ਼ਿਲ੍ਹੇ ਹੀ ਹੜ੍ਹ ਦੀ ਮਾਰ ਹੇਠ ਆ ਚੁੱਕੇ ਹਨ। ਗੱਲਬਾਤ ਕਰਦਿਆਂ ਪੰਜਾਬ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਨੇ ਦੱਸਿਆ ਸੀ ਕਿ ਮੁੱਢਲੇ ਅੰਦਾਜ਼ੇ ਮੁਤਾਬਕ ਤਿੰਨ ਲੱਖ ਏਕੜ ਫ਼ਸਲਾਂ ਦਾ ਨੁਕਸਾਨ ਇਸ ਸਮੇ ਹੋਇਆ ਹੈ ਅਤੇ ਪਰ ਅਸਲ ਨੁਕਸਾਨ ਕਿੰਨਾ ਹੋਇਆ ਹੈ, ਇਹ ਸਪੈਸ਼ਲ ਗਿਰਦਾਵਰੀ ਤੋ ਬਾਅਦ ਹੀ ਪਤਾ ਲੱਗੇਗਾ। ਸਰਕਾਰ ਮੁਤਾਬਕ ਕੁਝ ਜ਼ਿਲ੍ਹੇ ਅਜਿਹੇ ਹਨ ਜਿੱਥੇ ਫ਼ਸਲਾਂ ਦਾ ਸਭ ਤੋ ਵੱਧ ਨੁਕਸਾਨ ਹੋਇਆ ਹੈ। ਇਸ ਵਿੱਚ ਅੰਮ੍ਰਿਤਸਰ 23,000 ਹੈਕਟੇਅਰ, ਕਪੂਰਥਲਾ 14,934 ਹੈਕਟੇਅਰ, ਤਰਨਤਾਰਨ 11,883 ਹੈਕਟੇਅਰ, ਮਾਨਸਾ 17,005 ਹੈਕਟੇਅਰ, ਫ਼ਿਰੋਜ਼ਪੁਰ 11,232 ਹੈਕਟੇਅਰ ਵਿੱਚ ਫ਼ਸਲਾਂ ਦਾ ਨੁਕਸਾਨ ਹੋਇਆ ਹੈ।



# ਜਲਵਾਯੂ ਪਰਿਵਰਤਨ ਦੇ ਪ੍ਰਭਾਵ ਘੱਟ ਕਰਨ ਲਈ ਸੁਝਾਅ

ਹਰਕੰਵਲਜੋਤ ਸਿੰਘ ਸੇਖੋਂ
ਹਰਪਾਲ ਸਿੰਘ ਰੰਧਾਵਾ
98881-64481

ਜਲਵਾਯੂ ਪਰਿਵਰਤਨ ਦਾ ਭਾਵ ਕਿਸੇ ਜਗ੍ਹਾ ਦੇ ਮੌਸਮੀ ਅੰਕੜਿਆਂ ਜਿਵੇਂ ਕਿ ਤਾਪਮਾਨ, ਨਮੀ, ਸੂਰਜੀ ਕਿਰਨਾਂ, ਹਵਾ ਅਤੇ ਬਾਰਿਸ਼ ਆਦਿ ਦੇ ਅੰਕੜਿਆਂ ਵਿੱਚ ਲੰਬੇ ਸਮੇਂ ਦੌਰਾਨ ਤਬਦੀਲੀ ਆਉਣਾ ਹੈ। ਜਲਵਾਯੂ ਪਰਿਵਰਤਨ ਲਈ ਖੇਤੀਬਾੜੀ ਵੀ ਜ਼ਿੰਮੇਂਵਾਰ ਹੈ। ਆਧੁਨਿਕ ਖੇਤੀ ਦੇ ਢੰਗ ਤਰੀਕੇ ਵੀ ਵਾਤਾਵਰਣ ਵਿੱਚ ਗਰੀਨ ਹਾਊਸ ਗੈਸਾਂ ਵਧਾਉਣ ਲਈ ਜ਼ਿੰਮੇਵਾਰ ਹਨ। ਪੰਜਾਬ ਵਿੱਚ ਜਲਵਾਯੂ ਵਿੱਚ ਪਰਿਵਰਤਨ ਦਾ ਅਸਰ ਮੁੱਖ ਰੂਪ ਵਿੱਚ ਮੌਨਸੂਨ ਰੁੱਤ ਵਿੱਚ ਘੱਟ ਰਹੀਆਂ ਬਾਰਿਸ਼ਾ ਦੇ ਰੂਪ ਵਿੱਚ ਹੋ ਰਿਹਾ ਹੈ ਜਿਹੜਾ ਕਿ ਧਰਤੀ ਹੇਠਲੇ ਪਾਣੀ ਦੀ ਕਿੱਲਤ ਦੇ ਰੂਪ ਵਿੱਚ ਸਾਹਮਣੇ ਆ ਸਕਦਾ ਹੈ। ਪੰਜਾਬ ਦੀ ਖੇਤੀ ਵਿਵਸਥਾ ਅਤੇ ਇਸਦੇ ਸਿੱਟੇ ਵਜੋਂ ਅਨਾਜ ਦੀ ਉਪਲੱਬਧਤਾ ਅਤੇ ਕਿਸਾਨਾਂ ਦਾ ਜੀਵਨ-ਨਿਰਬਾਹ ਵੀ ਜਲਵਾਯੂ ਪਰਿਵਰਤਨ/ਮੌਸਮੀ ਤਬਦੀਲੀਆਂ ਤੋਂ ਸਿੱਧੇ ਰੂਪ ਵਿੱਚ ਪ੍ਰਭਾਵਿਤ ਹੋ ਰਿਹਾ ਹੈ। **ਜਲਵਾਯੂ ਪਰਿਵਰਤਨ ਦੇ ਪ੍ਰਭਾਵ ਘੱਟ ਕਰਨ ਲਈ ਸੁਝਾਅ ਹੇਠ ਲਿਖੇ ਅਨੁਸਾਰ ਹਨ:**

- **ਲੇਜ਼ਰ ਲੈਵਲਰ ਵਰਤੋ (ਕੰਪਿਊਟਰ ਕਰਾਹਾ):** ਝੋਨੇ ਦੀ ਲਵਾਈ ਤੋਂ ਪਹਿਲਾਂ ਲੇਜ਼ਰ ਲੈਵਲਰ ਦੀ ਵਰਤੋਂ ਨਾਲ ਖੇਤ ਨੂੰ ਪੱਧਰਾ ਕਰੋ। ਲੇਜ਼ਰ ਲੈਵਲਰ ਨਾਲ ਪੱਧਰੇ ਕੀਤੇ ਖੇਤ ਵਿੱਚ 15-20 ਪ੍ਰਤੀਸ਼ਤ ਤੱਕ ਪਾਣੀ ਦੀ ਬੱਚਤ ਹੋ ਜਾਂਦੀ ਹੈ।
- **ਝੋਨੇ ਦੀਆਂ ਘੱਟ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਬੀਜੋ:** ਝੋਨੇ ਦੀ ਫ਼ਸਲ ਨੂੰ ਉਗਾਉਣ ਲਈ ਜ਼ਿਆਦਾ ਪਾਣੀ ਚਾਹੀਦਾ ਹੈ। ਘੱਟ ਸਮੇਂ ਵਿੱਚ ਪੱਕਣ ਵਾਲੀਆਂ ਝੋਨੇ ਦੀਆਂ ਪੀ.ਏ.ਯੂ ਵੱਲੋਂ ਸਿਫਾਰਿਸ਼ ਕੀਤੀਆਂ ਕਿਸਮਾਂ ਦੀ ਬਿਜਾਈ ਕਰਕੇ ਪਾਣੀ ਦੀ ਬੱਚਤ ਕੀਤੀ ਜਾ ਸਕਦੀ ਹੈ।
- **ਝੋਨੇ ਦੀ ਸਿੱਧੀ ਬਿਜਾਈ ਕਰੋ:** ਦਰਮਿਆਨੀਆਂ ਤੋ ਭਾਰੀਆਂ ਜ਼ਮੀਨਾਂ ਵਿੱਚ ਝੋਨੇ ਦੀ ਸਿੱਧੀ ਬਿਜਾਈ ਕੀਤੀ ਜਾ ਸਕਦੀ ਹੈ। ਇਸ ਵਿਧੀ ਨਾਲ ਤਕਰੀਬਨ 10 ਪ੍ਰਤੀਸ਼ਤ ਤੱਕ ਪਾਣੀ ਦੀ ਬੱਚਤ ਹੋ ਸਕਦੀ ਹੈ।
- **ਮੀਥੇਨ ਦਾ ਨਿਕਾਸ ਘੱਟ ਕਰੋ:** ਜਦੋਂ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਰੱਖਿਆ ਜਾਂਦਾ ਹੈ ਤਾਂ ਮੀਥੇਨ ਦਾ ਨਿਕਾਸ ਹੁੰਦਾ ਹੈ। ਇਸ ਲਈ ਝੋਨੇ ਵਿੱਚ ਲਗਾਤਾਰ ਪਾਣੀ ਖੜ੍ਹਾ ਨਾ ਰੱਖੋ ਅਤੇ ਜ਼ਰੂਰਤ ਅਨੁਸਾਰ ਪਾਣੀ ਲਗਾ ਕੇ ਮੀਥੇਨ ਦੀ ਨਿਕਾਸੀ ਨੂੰ ਘਟਾਇਆ ਜਾ ਸਕਦਾ ਹੈ।
- **ਖਾਦਾਂ ਦੀ ਸੁਚੱਜੀ ਵਰਤੋਂ ਕਰੋ:** ਖੇਤੀ ਮਾਹਿਰਾਂ ਦੀਆਂ ਸਿਫਾਰਿਸ਼ਾਂ ਅਨੁਸਾਰ ਖਾਦਾਂ ਦੀ ਵਰਤੋਂ ਕਰਕੇ ਵਾਤਾਵਰਣ ਵਿੱਚ ਗਰੀਨ ਹਾਊਸ ਗੈਸਾਂ ਦੇ ਬੇਲੋੜੇ ਨਿਕਾਸ ਨੂੰ ਘਟਾਇਆ ਜਾ ਸਕਦਾ ਹੈ।
- **ਤੁਪਕਾ ਜਾਂ ਫੁਹਾਰਿਆਂ ਨਾਲ ਸਿੰਚਾਈ ਕਰੋ:** ਜਿੱਥੇ ਸੰਭਵ ਹੋ ਸਕੇ ਉੱਥੇ ਫ਼ਸਲਾਂ ਦੀ ਵੱਟਾਂ ਤੇ ਬਿਜਾਈ ਅਤੇ ਡਰਿੱਪ ਜਾਂ ਫੁਹਾਰਿਆਂ ਨਾਲ ਸਿੰਚਾਈ ਕੀਤੀ ਜਾ ਸਕਦੀ ਹੈ। ਇਸ ਤਕਨੀਕ ਨਾਲ ਪਾਣੀ ਦੀ ਬੇਲੋੜੀ ਵਰਤੋਂ ਨੂੰ ਘਟਾਇਆ ਜਾ ਸਕਦਾ ਹੈ।
- **ਗਰੀਨ ਹਾਊਸ/ਨੈੱਟ ਹਾਊਸ ਵਿੱਚ ਸਬਜ਼ੀਆਂ ਦੀ ਪੈਦਾਵਾਰ ਕਰੋ:** ਵਧੇਰੇ ਜਾਂ ਘੱਟ ਤਾਪਮਾਨ ਤੋਂ ਬਚਾਅ ਕਰਨ ਲਈ ਸਬਜ਼ੀਆਂ ਨੂੰ ਪੋਲੀ/ਨੈੱਟ ਹਾਊਸ ਵਿੱਚ ਵੀ ਉਗਾਇਆ ਜਾ ਸਕਦਾ ਹੈ। ਨੈੱਟ ਹਾਊਸ ਵਿੱਚ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਵੀ ਫ਼ਸਲਾਂ ਦਾ ਬਚਾਅ ਰਹਿੰਦਾ ਹੈ।
- **ਸੂਰਜੀ ਊਰਜਾ ਦੀ ਵਧੇਰੇ ਵਰਤੋਂ ਕਰੋ:** ਸਾਡੇ ਦੇਸ਼ ਵਿੱਚ ਸੂਰਜੀ ਊਰਜਾ ਦੀ ਕੋਈ ਘਾਟ ਨਹੀ ਪਰ ਇਸਦੀ ਵਰਤੋਂ ਬਹੁਤ ਹੀ ਘੱਟ ਕੀਤੀ ਜਾਂਦੀ ਹੈ। ਖਾਣਾ ਬਣਾਉਣ ਲਈ ਸੋਲਰ ਕੁੱਕਰ ਵਰਤੋ। ਘਰੇਲੂ ਵਰਤੋਂ ਲਈ ਸੋਲਰ ਲਾਈਟਾਂ ਦੀ ਵਰਤੋਂ ਕਰੋ। ਛੋਟੇ ਪੱਧਰ ਤੇ ਖੇਤੀ ਲਈ ਸੋਲਰ ਪੰਪਾਂ ਦੀ ਵਰਤੋਂ ਕਰਕੇ ਕਾਰਬਨ ਡਾਈਆਕਸਾਈਡ ਦਾ ਨਿਕਾਸ ਘੱਟ ਕੀਤਾ ਜਾ ਸਕਦਾ ਹੈ।
- **ਮੌਸਮ ਦੀ ਅਗਾਊਂ ਜਾਣਕਾਰੀ ਅਨੁਸਾਰ ਖੇਤੀ ਵਿਉਂਤਬੰਦੀ ਕਰੋ:** ਮੌਸਮ ਦੀ ਅਗਾਊ ਜਾਣਕਾਰੀ ਹਾਸਲ ਕਰਨ ਲਈ ਕਿਸਾਨ ਜਲਵਾਯੂ ਪਰਿਵਰਤਨ ਅਤੇ ਖੇਤੀ ਮੌਸਮ ਵਿਭਾਗ, ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਨਾਲ ਰਾਬਤਾ ਕਾਇਮ ਕਰਕੇ ਇਹ ਜਾਣਕਾਰੀ ਮੁਫਤ ਹਾਸਲ ਕਰ ਸਕਦੇ ਹਨ। ਆਉਣ ਵਾਲੇ ਮੌਸਮ ਨੂੰ ਮੱਦੇ ਨਜ਼ਰ ਰੱਖ ਕੇ ਖੇਤੀ ਧੰਦਿਆਂ ਦੀ ਵਿਉਤਬੰਦੀ ਭਵਿੱਖਬਾਣੀ ਅਨੁਸਾਰ ਕਰੋ। ਇਸ ਤਰ੍ਹਾਂ ਸਮੇਂ ਦੇ ਹਾਣੀ ਬਣ ਕੇ ਖੇਤੀ ਕਰਨ ਨਾਲ ਅਸੀ ਆਪਣੇ ਵਾਤਾਵਰਣ ਅਤੇ ਕੁਦਰਤੀ ਸੋਮਿਆਂ ਨੂੰ ਬਚਾ ਸਕਦੇ ਹਾਂ ਅਤੇ ਖੇਤੀ ਧੰਦੇ ਨੂੰ ਵੀ ਲਾਹੇਵੰਦ ਬਣਾ ਸਕਦੇ ਹਾਂ।


ਪੰਜਾਬ ਨੈਸ਼ਨਲ ਬੈਂਕ
ਅਸੈਟ ਰਿਕਵਰੀ ਮਾਨੀਟਰਿੰਗ ਬ੍ਰਾਂਚ (ਏਆਰਐਮਬੀ)
ਪਲਾਟ ਨੰ. 10-ਬੀ, ਬੀ ਬਲਾਕ, ਜ਼ਿਲ੍ਹਾ ਸ਼ਾਪਿੰਗ ਕੰਪਲੈਕਸ, ਰਣਜੀਤ ਐਵੇਨਿਊ, ਅੰਮ੍ਰਿਤਸਰ

ਸੰਕੇਤਕ ਕਬਜ਼ਾ ਸੂਚਨਾ ( ਅਚੱਲ ਸੰਪੱਤੀ ਦੇ ਲਈ )

ਜਿਥੇ ਕਿ, ਨਿਮਨ ਹਸਤਾਖ਼ਰੀ ਨੇ ਪੰਜਾਬ ਨੈਸ਼ਨਲ ਬੈਂਕ ਦੇ ''ਅਧਿਕਾਰਤ ਅਧਿਕਾਰੀ'' ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਖਾਤੇ ਅਧੀਨ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਸੰਬੰਧਤ ਕਰਜ਼ਦਾਰਾਂ/ਜ਼ਾਮਨਾਂ ਨੂੰ ਸੱਦਾ ਦਿੰਦੇ ਹੋਏ ਖਾਤੇ ਅਧੀਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਕਰਜ਼ਦਾਰ/ਜ਼ਾਮਨ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰਾਂ/ਜ਼ਾਮਨਾਂ ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਦਰਸਾਈ ਮਿਤੀ ਨੂੰ ਦਰਸਾਈ ਨਿਯਮਾਂਵਲੀ ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ ਕਬਜ਼ਾ ਲੈ ਲਿਆ ਹੈ।
ਕਰਜ਼ਦਾਰਾਂ/ਜ਼ਾਮਨਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਰਕਮਾਂ, ਹੋਰ ਫੀਸਾਂ, ਲਾਗਤਾਂ, ਖਰਚਿਆਂ ਅਤੇ ਵਿਆਜ ਦੇ ਲਈ ਪੰਜਾਬ ਨੈਸ਼ਨਲ ਬੈਂਕ ਦੇ ਚਾਰਜ ਨਾਲ ਸਬੰਧਤ ਹੋਵੇਗੀ। ਕਰਜ਼ਦਾਰਾਂ ਦਾ ਧਿਆਨ ਸੁਰੱਖਿਅਤ ਅਸਾਸਿਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।

| ਐਨਪੀਏ ਖਾਤਾ/ਕਰਜ਼ਦਾਰਾਂ/ਜ਼ਾਮਨਾਂ/ ਸ਼ਾਖਾ ਦਾ ਨਾਮ | ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) (i) ਮੈਸ. ਪਾਠਕ ਐਂਡ ਸੰਨਜ਼ ਟਰੇਡਿੰਗ ਕੰ., ਮਕਾਨ ਨੰ. 289, ਨਵੀਂ ਅਨਾਜ ਮੰਡੀ, ਭਗਤਾਂਵਾਲਾ, ਅੰਮ੍ਰਿਤਸਰ 143001 (ii) ਸ਼੍ਰੀ ਅਨਮੋਲ ਪਾਠਕ ਪੁੱਤਰ ਸ਼੍ਰੀ ਰਾਮ ਲੁਭਾਇਆ ਪਾਠਕ, ਵਾਸੀ ਮਕਾਨ ਨੰ. 8ਸੀ, ਐਮਸੀਏ, ਮਾਤਾ ਕੌਲਾਂ ਮਾਰਗ, ਕਸ਼ਮੀਰ ਐਵੇਨਿਊ, ਅੰਮ੍ਰਿਤਸਰ-I, ਅੰਮ੍ਰਿਤਸਰ 143001 (ਭਾਈਵਾਲ ਅਤੇ ਜ਼ਾਮਨ) (iii) ਸ਼੍ਰੀਮਤੀ ਪੁਸ਼ਪਾ ਸ਼ਰਮਾ ਪਤਨੀ ਰਾਮ ਲੁਭਾਇਆ ਪਾਠਕ, ਵਾਸੀ ਮਕਾਨ ਨੰ. 8ਸੀ, ਐਮਸੀਏ, ਮਾਤਾ ਕੌਲਾਂ ਮਾਰਗ, ਕਸ਼ਮੀਰ ਐਵੇਨਿਊ, ਅੰਮ੍ਰਿਤਸਰ-I, ਅੰਮ੍ਰਿਤਸਰ 143001 (ਭਾਈਵਾਲ ਅਤੇ ਜ਼ਾਮਨ) | ਸ਼੍ਰੀਮਤੀ ਪੁਸ਼ਪਾ ਸ਼ਰਮਾ ਉਰਫ਼ ਸਰਿਤਾ ਪਾਠਕ ਪਤਨੀ ਸ਼੍ਰੀ ਰਾਮ ਲੁਭਾਇਆ ਪਾਠਕ ਦੇ ਹੱਕ ਵਿੱਚ ਰਜਿਸਟਰਡ ਰਿਹਾਇਸ਼ੀ ਜਾਇਦਾਦ ਨੰਬਰ 8, ਖਸਰਾ ਨੰਬਰ 3903/3259/2116 ਮਿਨ, 200 ਵਰਗ ਗਜ਼, ਵਾਕੀਆ ਰਕਬਾ ਅੰਮ੍ਰਿਤਸਰ ਸ਼ਹਿਰੀ ਸਰਕਲ ਨੰਬਰ 110, ਸਕੀਮ ਟਾਊਨ ਪਲੈਨਿੰਗ ਢਾਬ ਕੋਹਲਾ, ਨਗਰ ਨਿਗਮ ਦੀ ਅੰਦਰਲੀ ਹੱਦ ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਹੱਦਬਸਤ ਨੰਬਰ 387 ਮਿਤੀ 14-02-1992 ਦੇ ਸਾਰੇ ਭਾਗ ਅਤੇ ਹਿੱਸੇ। | 07-05-2025 | 05-09-2025 | ਰ. 20,26,591/- ਮਿਤੀ 30-04-2025 ਨੂੰ + ਮਿਤੀ 01-05-2025 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ |
| (2) (i) ਮੈਸ. ਪਾਠਕ ਟਰੇਡਿੰਗ ਕੰ., ਵਾਸੀ ਮਕਾਨ ਨੰ. 289, ਨਵੀਂ ਅਨਾਜ ਮੰਡੀ, ਭਗਤਾਂਵਾਲਾ, ਅੰਮ੍ਰਿਤਸਰ 143001 (ii) ਸ਼੍ਰੀ ਅਨਮੋਲ ਪਾਠਕ ਪੁੱਤਰ ਸ਼੍ਰੀ ਰਾਮ ਲੁਭਾਇਆ ਪਾਠਕ, ਮਕਾਨ ਨੰ. 8ਸੀ, ਐਮਸੀਏ, ਮਾਤਾ ਕੌਲਾਂ ਮਾਰਗ, ਕਸ਼ਮੀਰ ਐਵੇਨਿਊ, ਅੰਮ੍ਰਿਤਸਰ-I, ਅੰਮ੍ਰਿਤਸਰ (ਮਾਲਕ) (iii) ਸ਼੍ਰੀਮਤੀ ਪੁਸ਼ਪਾ ਸ਼ਰਮਾ ਪਤਨੀ ਰਾਮ ਲੁਭਾਇਆ ਪਾਠਕ, ਵਾਸੀ ਮਕਾਨ ਨੰ. 8ਸੀ, ਐਮਸੀਏ, ਮਾਤਾ ਕੌਲਾਂ ਮਾਰਗ, ਕਸ਼ਮੀਰ ਐਵੇਨਿਊ, ਅੰਮ੍ਰਿਤਸਰ-I 143001 (ਜ਼ਾਮਨ) | ਗੁਰਚਰਨ ਸਿੰਘ ਤੋਂ ਸ਼੍ਰੀ ਅਨਮੋਲ ਪਾਠਕ ਪੁੱਤਰ ਸ਼੍ਰੀ ਰਾਮ ਲੁਭਾਇਆ ਪਾਠਕ ਦੇ ਪੱਖ ਵਿੱਚ 03-11-2014 ਨੂੰ ਪੰਜੀਕ੍ਰਿਤ ਡੀਡ ਨੰ. 5512, ਬਹੀ ਨੰਬਰ 1, ਜਿਲਦ ਨੰ. 14129 ਦੇ ਅਧੀਨ ਪੰਜੀਕ੍ਰਿਤ ਵਿਕਰੀ ਡੀਡ ਮਿਤੀ 03-11-2014 ਦੇ ਅਨੁਸਾਰ ਨਵੀਂ ਅਨਾਜ ਮੰਡੀ, ਭਗਤਾਂ ਵਾਲਾ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਸਥਿਤ 91.66 ਵਰਗ ਗਜ਼ ਮਾਪ ਵਾਲੀ ਵਪਾਰਕ ਸੰਪੱਤੀ ਦੁਕਾਨ ਨੰ. 289 ਦੇ ਸਾਰੇ ਭਾਗ ਅਤੇ ਹਿੱਸੇ। | 06-05-2025 | 05-09-2025 | ਰ. 40,45,250.79 ਮਿਤੀ 30-04-2025 ਨੂੰ + ਮਿਤੀ 01-05-2025 ਤੋਂ ਵਿਆਜ, ਹੋਰ ਖਰਚੇ ਅਤੇ ਵਸੂਲੀ ਘੱਟਾ ਕੇ, ਜੇਕਰ ਕੋਈ ਹੋਵੇ |

ਮਿਤੀ : 05.09.2025 ਸਥਾਨ : ਅੰਮ੍ਰਿਤਸਰ ਸਹੀ/- ਅਧਿਕਾਰਤ ਅਧਿਕਾਰੀ

# ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਨੂੰ ਮਜ਼ਬੂਤ ਕਰਨ ਲਈ ਮਾਲਵਾ ਜੋਨ ਇੰਚਾਰਜ ਦੀ ਪਲੇਠੀ ਮੀਟਿੰਗ

ਮਾਲੇਰਕੋਟਲਾ, 9 ਸਤੰਬਰ (ਅੰਮ੍ਰਿਤਪਾਲ ਸਿੰਘ) ਆਮ ਆਦਮੀ ਪਾਰਟੀ ਦੀ ਮਹਿਲਾ ਵਿੰਗ ਦੀ ਇਕਾਈ ਨੂੰ ਮਜ਼ਬੂਤ ਕਰਨ ਅਤੇ ਜ਼ਮੀਨੀ ਪੱਧਰ @ਤੇ ਮਹਿਲਾਵਾਂ ਦੀ ਰਾਜਨੀਤਿਕ ਭਾਗੀਦਾਰੀ ਵਧਾਉਣ ਲਈ ਅੱਜ ਵਿਧਾਇਕ ਮਾਲੇਰਕੋਟਲਾ ਡਾ ਜਮੀਲ ਉਰ ਰਹਿਮਾਨ ਦੇ ਦਫ਼ਤਰ ਵਿਖੇ ਮਾਲਵਾ ਜ਼ੋਨ ਇੰਚਾਰਜ ਵੀਰਪਾਲ ਕੌਰ ਚਹਿਲ ਦੀ ਅਗਵਾਈ ਹੇਠ ਮਹੱਤਵਪੂਰਨ ਪਲੇਠੀ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਮਹਿਲਾ ਵਿੰਗ ਦੇ ਕਈ ਵਰਕਰਾਂ ਨੇ ਸ਼ਿਰਕਤ ਕੀਤੀ ਤੇ ਆਪਣੀਆਂ ਵਿਚਾਰਧਾਰਾਵਾਂ ਸਾਂਝੀਆਂ ਕੀਤੀਆਂ। ਜੋਨ ਇੰਚਾਰਜ ਵੀਰਪਾਲ ਕੌਰ ਚਹਿਲ ਨੇ ਸੰਬੋਧਨ ਕਰਦਿਆਂ ਕਿਹਾ ਕਿ ÷ਮਹਿਲਾਵਾਂ ਦੀ ਭੂਮਿਕਾ ਪਾਰਟੀ ਦੀ ਮਜ਼ਬੂਤੀ ਵਿੱਚ ਬੇਮਿਸਾਲ÷ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਸੂਬਾ ਪ੍ਰਧਾਨ ਮਹਿਲਾ ਵਿੰਗ ਡਾ ਅਮਨਦੀਪ ਕੌਰ ਦੀ ਅਗਵਾਈ ਵਿੱਚ ਮਹਿਲਾਵਾਂ ਵੱਲੋਂ ਦਿਨੋਂ-ਦਿਨ ਭਾਰੀ ਸਮਰਥਨ ਪ੍ਰਾਪਤ ਹੋ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਮਹਿਲਾਵਾਂ ਹਰੇਕ ਪੱਧਰ @ਤੇ ਆਮ ਆਦਮੀ ਪਾਰਟੀ ਦੀ ਰੀੜ ਦੀ ਹੱਡੀ ਬਣ ਰਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਮਹਿਲਾਵਾਂ ਦੀ ਭਲਾਈ ਅਤੇ ਸਸ਼ਕਤੀਕਰਨ ਲਈ ਕਈ ਵੱਡੇ ਫੈਸਲੇ ਕੀਤੇ ਹਨ, ਜਿਸ ਨਾਲ ਲੋਕਾਂ ਦਾ ਭਰੋਸਾ ਦਿਨੋਂ-ਦਿਨ ਮਜ਼ਬੂਤ ਹੋ ਰਿਹਾ ਹੈ। ਉਨ੍ਹਾਂ ਮੀਟਿੰਗ ਵਿੱਚ ਫ਼ੈਸਲਾ ਲਿਆ ਕਿ ਮਹਿਲਾ ਵਿੰਗ ਦੇ ਵਰਕਰ ਘਰ-ਘਰ ਜਾ ਕੇ ਪਾਰਟੀ ਦੀਆਂ ਲੋਕ-ਹਿਤੈਸ਼ੀ ਨੀਤੀਆਂ ਬਾਰੇ ਜਾਗਰੂਕਤਾ ਪੈਦਾ ਕਰਨਗੇ। ਵੀਰਪਾਲ ਕੌਰ ਚਹਿਲ ਨੇ ਕਿਹਾ ਕਿ ਪਿੰਡਾਂ ਅਤੇ ਸ਼ਹਿਰਾਂ ਵਿੱਚ ਮਹਿਲਾਵਾਂ ਨਾਲ ਨਿਯਮਿਤ ਸੰਪਰਕ ਬਣਾਉਣ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ। ਮਹਿਲਾ ਵਰਕਰਾਂ ਨੇ ਪਾਰਟੀ ਦੇ ਸੰਦੇਸ਼ ਨੂੰ ਵਿਆਪਕ ਤੌਰ @ਤੇ ਲੋਕਾਂ ਤੱਕ ਪਹੁੰਚਾਉਣ ਲਈ ਪ੍ਰੇਰਿ ?ਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਹੀ ਉਹ ਤਾਕਤ ਹਨ ਜੋ ਮਹਿਲਾਵਾਂ ਦੇ ਹੱਕਾਂ, ਸੁਰੱਖਿਆ ਅਤੇ ਸਸ਼ਕਤੀਕਰਨ ਲਈ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ।

---

**ਯੂਨੀਅਨ ਬੈਂਕ ਆਫ ਇੰਡੀਆ** ਭਾਰਤ ਸਰਕਾਰ ਦਾ ਅਦਾਰਾ | **Union Bank of India** A Goverment Of India Undertaking

## ਅਚੱਲ ਜਾਇਦਾਦਾਂ ਦੀ ਵਿਕਰੀ ਲਈ ਵਿਕਰੀ ਸੂਚਨਾ

ਖੇਤਰੀ ਦਫ਼ਤਰ: SCO 113-114, ਦੂਜੀ ਅਤੇ ਤੀਜੀ ਮੰਜ਼ਿਲ, ਅਰਬਨ ਅਸਟੇਟ, ਫੇਜ਼, ਜਲੰਧਰ

**ਈ-ਨਿਲਾਮੀ ਵਿਕਰੀ ਨੋਟਿਸ**

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 26.09.2025 ਨੂੰ ਦੁਪਹਿਰ 12:00 ਵਜੇ ਤੋਂ 05:00 ਵਜੇ ਤੱਕ (10 ਮਿੰਟ ਅਸੀਮਤ ਆਟੋ ਸਵੈ ਵਾਧਿਆਂ ਦੇ ਨਾਲ)**

**ਬੋਲੀ ਲਗਾਉਣ ਤੋਂ ਪਹਿਲਾਂ ਨਿਲਾਮੀ ਦੇ ਸਮੇਂ ਦੀ ਸਮਾਪਤੀ ਤੋਂ ਪਹਿਲਾਂ EMD ਜਮ੍ਹਾ ਕੀਤਾ ਜਾਵੇਗਾ ਅਤੇ ਪ੍ਰਾਪਰਟੀ ਆਈਡੀ ਨਾਲ ਲਿੰਕ/ਮੈਪ ਕੀਤਾ ਜਾਵੇਗਾ। ਕਿਸੇ ਵੀ ਤਕਨੀਕੀ ਖਰਾਬੀ ਤੋਂ ਬਚਣ ਲਈ EMD ਰਕਮ ਨੂੰ ਪਹਿਲਾਂ ਤੋਂ ਹੀ ਜਮ੍ਹਾ ਕਰਵਾਉਣ ਅਤੇ ਲਿੰਕ/ਨਕਸ਼ਾ ਬਣਾਉਣ ਦੀ ਸਲਾਹ ਦਿੱਤੀ ਜਾਂਦੀ ਹੈ।**

ਇਸ ਦੁਆਰਾ ਆਮ ਜਨਤਾ ਨੂੰ ਅਤੇ ਖਾਸ ਕਰਕੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਹੇਠਾਂ ਦੱਸੀ ਗਈ ਅਚੱਲ ਜਾਇਦਾਦ ਜੋ ਸੁਰੱਖਿਅਤ ਲੈਣਦਾਰ ਨੂੰ ਗਿਰਵੀ ਰੱਖੀ ਗਈ ਹੈ/ਚਾਰਜ ਕੀਤੀ ਗਈ ਹੈ, ਜਿਸਦਾ ਰਚਨਾਤਮਕ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ਼ ਇੰਡੀਆ ਦੇ ਅਧਿਕਾਰਤ ਅਧਿਕਾਰੀ (ਸੁਰੱਖਿਅਤ ਕਰਜ਼ਦਾਤਾ) ਦੁਆਰਾ ਲਿਆ ਗਿਆ ਹੈ, ਨੂੰ ਹੇਠਾਂ ਦੱਸੀ ਗਈ ਮਿਤੀ ਨੂੰ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਕੁਝ ਵੀ ਹੈ" 'ਤੇ ਵੇਚਿਆ ਜਾਵੇਗਾ, ਹੇਠਾਂ ਦੱਸੇ ਗਏ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਤੋਂ ਯੂਨੀਅਨ ਬੈਂਕ ਆਫ਼ ਇੰਡੀਆ ਨੂੰ ਦਿੱਤੇ ਗਏ ਬਕਾਏ ਦੀ ਵਸੂਲੀ ਲਈ। ਰਿਜ਼ਰਵ ਕੀਮਤ ਅਤੇ ਅਰਨੇਸਟ ਮਨੀ ਡਿਪਾਜ਼ਿਟ ਦਾ ਵੀ ਇੱਥੇ ਜ਼ਿਕਰ ਕੀਤਾ ਗਿਆ ਹੈ:

| ਲ. ਨੰ. | ਸ਼ਾਖਾ ਦਾ ਨਾਮ | ਖਾਤਾ ਕਰਜ਼ਦਾਰਾਂ/ਜ਼ਾਮਨਾਂ ਦਾ ਨਾਮ | ਸੁਰੱਖਿਅਤ ਸੰਪਤੀਆਂ ਦਾ ਵੇਰਵਾ | ਕਰਜ਼ਾ ਬਕਾਇਆ (ਮੰਗ ਨੋਟਿਸ ਰਕਮ | ਰਾਖਵੀਂ ਕੀਮਤ | ਜਮ੍ਹਾ ਕੀਤੀ ਜਾਣ ਵਾਲੀ EMD ਰਕਮ |
|---|---|---|---|---|---|---|
| 1. | ਹੁਸ਼ਿਆਰਪੁਰ (ਈਏਬੀ) | ਕਰਜ਼ਦਾਰ: ਭੁਪਿੰਦਰ ਗਾਂਧੀ ਪੁੱਤਰ ਸ੍ਰੀ ਗਾਂਧੀ ਰਾਮ ਮਕਾਨ ਨੰ. 188 ਵਾਰਡ ਨੰ 25 ਮੁਹੱਲਾ ਰੇਆਨ ਖਾਨ ਪੁਰੀ ਗੇਟ, ਹੁਸ਼ਿਆਰਪੁਰ, ਪੰਜਾਬ-146001, ਸ਼੍ਰੀਮਤੀ ਕਵਿਤਾ ਗਾਂਧੀ ਪਤਨੀ ਸ੍ਰੀ ਭੁਪਿੰਦਰ ਗਾਂਧੀ ਬੀ-7/188, ਰਈਆਂ ਮੁਹੱਲਾ ਖਾਨਪੁਰੀ ਗੇਟ, ਹੁਸ਼ਿਆਰਪੁਰ, ਪੰਜਾਬ-146001, ਜ਼ਾਮਨ: ਸ੍ਰੀ ਰਾਜ ਕੁਮਾਰ ਪੁੱਤਰ ਸ. ਹਰੀ ਰਾਮ ਮਕਾਨ ਨੰ. 180 ਖਾਨਪੁਰੀ ਗੇਟ, ਰਾਮ ਕਲੋਨੀ ਕੈਂਪ ਜ਼ਿਲ੍ਹਾ- ਹੁਸ਼ਿਆਰਪੁਰ, ਪੰਜਾਬ-146001 | ਬਾਲਮੀਕ ਮੁਹੱਲਾ ਖਾਨਪੁਰੀ ਗੇਟ, ਹੁਸ਼ਿਆਰਪੁਰ ਵਿਖੇ ਸਥਿਤ 1 ਮਰਲਾ 6 ਸਰਸਾਈ ਵਾਲੇ ਦੋ ਮੰਜ਼ਿਲਾ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ ਸ਼੍ਰੀਮਤੀ ਕਵਿਤਾ ਗਾਂਧੀ ਦਾ ਹੈ। ਇਹ ਇਸ ਤਰ੍ਹਾਂ ਹੈ ਅਤੇ ਇਸ ਦੀ ਹੱਦ ਹੈ: ਉੱਤਰ: ਰਸਤਾ (23'-10 1/2"), ਦੱਖਣ: ਗਾਂਧੀ ਰਾਮ (23'), ਪੂਰਬ: ਬਾਬੂ ਰਾਮ (15'), ਪੱਛਮ: ਰਸਤਾ (15')। **ਕਬਜ਼ੇ ਦੀ ਕਿਸਮ: ਭੌਤਿਕ ਕਬਜ਼ਾ** | Rs 3,88,544.24 (ਰੁ. ਤਿੰਨ ਲੱਖ ਅਠਾਸੀ ਹਜ਼ਾਰ ਪੰਜ ਸੌ ਚੁਤਾਲੀ ਅਤੇ ਚੌਵੀ ਪੈਸੇ ਕੇਵਲ) ਮੰਗ ਸੂਚਨਾ ਦੀ ਮਿਤੀ ਅਨੁਸਾਰ, ਨੋਟਿਸ ਦੀ ਮਿਤੀ ਤੋਂ ਬਿਨਾਂ ਵਸੂਲਿਆ ਵਿਆਜ ਅਤੇ ਉਸ 'ਤੇ ਲਾਗਤ, ਜੇਕਰ ਉਸ ਤੋਂ ਬਾਅਦ ਕੋਈ ਰਕਮ ਅਦਾ ਕੀਤੀ ਗਈ ਹੈ, ਘਟਾਓ। | Rs. 6,18,000/- | Rs. 61,800/- |

ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ https://baanknet.com ਅਤੇ www.unionbankofindia.co.in ਵਿੱਚ ਦਿੱਤੇ ਗਏ ਲਿੰਕ ਨੂੰ ਵੇਖੋ। ਰਜਿਸਟ ?ਰੇਸ਼ਨ ਅਤੇ ਲੌਗਇਨ ਅਤੇ ਬੋਲੀ ਨਿਯਮਾਂ ਲਈ https://baanknet.com ਦੇ ਹੋਮ ਪੇਜ ਵਿੱਚ ਦਿੱਤੇ ਗਏ ਖਰੀਦਦਾਰ ਮੈਨੂਅਲ ਲਿੰਕ 'ਤੇ ਜਾਓ।

ਸੰਪੱਤੀਆਂ ਦੇ ਵੇਰਵੇ ਲਈ ਇੱਛੁੱਕ ਬੋਲੀਕਾਰਾਂ ਨੂੰ ਕਿਊਆਰ ਕੋਡ ਸਕੈਨ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ।

**ਸਰਫਾਇਸੀ ਐਕਟ, 2002 ਦੇ ਤਹਿਤ ਕਾਨੂੰਨੀ 15 ਦਿਨਾਂ ਦੀ ਵਿਕਰੀ ਨੋਟਿਸ**

ਮਿਤੀ : 08.09.2025 | ਸਥਾਨ : ਜਲੰਧਰ | ਅਧਿਕਾਰਤ ਅਧਿਕਾਰੀ

---

# ਕਲਗੀਧਰ ਟਰੱਸਟ ਬੜੂ ਸਾਹਿਬ ਵੱਲੋਂ ਹੜ੍ਹ ਕਾਰਨ ਮਰੇ ਪਸ਼ੂਆਂ ਨੂੰ ਦਫਨਾਉਣ ਲਈ ਵਿਸ਼ੇਸ਼ ਉਪਰਾਲਾ

ਬੜੂ ਸਾਹਿਬ, 9 ਸਤੰਬਰ (ਅੰਮ੍ਰਿਤਪਾਲ ਸਿੰਘ) ਕਲਗੀਧਰ ਟਰੱਸਟ ਗੁਰਦਵਾਰਾ ਬੜੂ ਸਾਹਿਬ ਹਿਮਾਚਲ ਪ੍ਰਦੇਸ਼ ਵੱਲੋਂ ਹਰ ਵਾਰ ਦੀ ਤਰ੍ਹਾਂ ਕੁਦਰਤੀ ਆਫਤਾਂ ਨੂੰ ਨਜਿੱਠਣ ਲਈ ਅਕਾਲ ਸੇਵਾ ਟੀਮਾਂ ਨੂੰ ਭੇਜਣ ਦਾ 26 ਅਗਸਤ ਤੋਂ ਉੱਦਮ ਕੀਤਾ ਗਿਆ। ਕਲਗੀਧਰ ਟਰੱਸਟ ਬੜੂ ਸਾਹਿਬ ਦੇ ਉੱਪ-ਪ੍ਰਧਾਨ ਭਾਈ ਜਗਜੀਤ ਸਿੰਘ ਵੱਲੋਂ ਜਾਣਕਾਰੀ ਦਿੰਦਿਆਂ ਕਿਹਾ ਗਿਆ ਕਿ ਹੜ੍ਹਾਂ ਦੀ ਮਾਰ ਕਰਕੇ ਪਿੰਡਾਂ ਵਿੱਚ ਮਨੁੱਖਤਾ ਅਤੇ ਪਸ਼ੂਆਂ ਵਿੱਚ ਬਿਮਾਰੀਆਂ ਫੈਲ ਸਕਦੀਆਂ ਹਨ ਇਸੇ ਤਹਿਤ ਹੜ੍ਹ ਦੇ ਪਾਣੀਆਂ ਦਾ ਪੱਧਰ ਘਟਣ ਕਰਕੇ ਜੋ ਮਰੇ ਪਸ਼ੂਆਂ ਦੀ ਮੌਤ ਹੋ ਗਈ ਸੀ। ਉਹਨਾਂ ਨੂੰ ਦਫਨਾਉਣ ਦਾ ਕਾਰਜ ਅਕਾਲ ਸੇਵਾ ਟੀਮ ਕਰ ਰਹੀ ਹੈ। ਅਨੇਕਾਂ ਹੀ ਪਸ਼ੂਆਂ ਨੂੰ ਟੋਏ ਪੁੱਟ ਕੇ ਉਹਨਾਂ ਨੂੰ ਦਫਨਾਇਆ ਗਿਆ ਹੈ। ਇਸ ਤਰ੍ਹਾਂ ਕਰਨ ਨਾਲ ਬਿਮਾਰੀਆਂ ਘੱਟ ਫੈਲਣਗੀਆਂ। ਟਰੱਸਟ ਵੱਲੋਂ ਇਸ ਸੇਵਾ ਦੇ ਨਾਲ ਨਾਲ ਅੰਮ੍ਰਿਤਸਰ ਜ਼ਿਲੇ ਦੀ ਤਹਿਸੀਲ ਅਜਨਾਲਾ ਅਧੀਨ ਪੈਂਦੇ ਪਿੰਡ ਡਬਰ, ਹਰੜ ਕਲਾਂ, ਬਸਤੀ ਜਗੀਵਾਲ ਅਤੇ ਪਿੰਡ ਸਾਰਗਦੇਵ, ਗੁਰਦਾਸਪੁਰ ਜ਼ਿਲ੍ਹੇ ਦੀ ਤਹਿਸੀਲ ਡੇਰਾ ਬਾਬਾ ਨਾਨਕ ਫਰੀ ਮੈਡੀਕਲ ਕੈਂਪ ਜਗਤਜੀਤ ਇੰਡਸਟਰੀ ਚੀਮਾ ਦੇ ਸਹਿਯੋਗ ਨਾਲ ਲਗਾਇਆ ਗਿਆ। ਜਿਸ ਵਿੱਚ 8 ਡਾਕਟਰ ਅਤੇ 12 ਵੈਟਨਰੀ ਡਾਕਟਰ ਮੌਜੂਦ ਸਨ। ਇਸ ਮੌਕੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਵੱਖ ਵੱਖ ਪਿੰਡਾਂ ਵਿੱਚ ਆਉਣ ਵਾਲੇ ਦਿਨਾਂ ਵਿੱਚ ਮੈਡੀਕਲ ਕੈਂਪ ਇਸੇ ਤਰ੍ਹਾਂ ਹੀ ਲਗਾਏ ਜਾਣਗੇ। ਜਿਕਰਯੋਗ ਹੈ ਕਿ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨਤਾਰਨ, ਫਾਜ਼ਿਲਕਾ ਅਤੇ ਫਿਰੋਜਪੁਰ ਜ਼ਿਲ੍ਹੇ ਦੇ ਕਈ ਪਿੰਡਾਂ @ਚ ਟਰੱਸਟ ਵੱਲੋਂ ਹੜ੍ਹ ਪੀੜਤਾਂ ਦੇ ਰਾਹਤ ਕਾਰਜਾਂ ਲਈ ÷ਹੜ੍ਹ ਪੀੜਤ ਰਾਹਤ ਕੈਂਪ÷ ਬਣਾਏ ਗਏ ਹਨ, ਜੋ ਕਿ ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲ੍ਹੇ ਲਈ ਅਕਾਲ ਅਕੈਡਮੀ ਤਿੱਬੜ, ਦੀਨਾਨਗਰ, ਸੁਜਾਨਪੁਰ ਅਤੇ ਡੇਰਾ ਬਾਬਾ ਨਾਨਕ ਵਿਖੇ, ਅੰਮ੍ਰਿਤਸਰ ਜ਼ਿਲ੍ਹੇ ਲਈ ਅਕਾਲ ਅਕੈਡਮੀ ਵਡੈਂਆ ਅਤੇ ਅਕਾਲ ਅਕੈਡਮੀ ਦਦੇਹਰ ਸਾਹਿਬ ਵਿਖੇ ਅਤੇ ਫਾਜ਼ਿਲਕਾ ਜ਼ਿਲ੍ਹੇ ਵਿੱਚ ਅਕਾਲ ਅਕੈਡਮੀ ਬੇਹ ਕਲੰਦਰ ਵਿਖੇ ਕੈਂਪ ਬਣਾਇਆ ਗਿਆ। ਜਿਥੇ ਨੇੜੇ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਅਤੇ ਵਾਲੰਟੀਅਰਾਂ ਵਿੱਚ ਕਿਸ਼ਤੀ ਰਾਹੀਂ ਹੜ੍ਹ ਪੀੜਤਾਂ ਤੱਕ ਪਹੁੰਚ ਕੀਤੀ ਜਾ ਰਹੀ ਹੈ। ਇਹਨਾਂ ਕੈਂਪਾਂ ਤੋਂ ਹੜ੍ਹ ਪੀੜਤਾਂ ਨੂੰ ਘਰੋਂ-ਘਰੀ ਲੰਗਰ, ਦੁੱਧ, ਪਾਣੀ, ਰਾਹਤ ਕਿੱਟਾਂ, ਪਸ਼ੂਆਂ ਲਈ ਚਾਰਾ, ਫੀਡ ਆਦਿ ਲੈ ਕੇ ਬੇੜੀਆਂ ਰਾਹੀਂ ਵੰਡਿਆ ਜਾ ਰਿਹਾ ਹੈ। ਹੁਣ ਤੱਕ ਲਗਭਗ 153 ਪਿੰਡਾਂ ਵਿੱਚੋਂ 5500 ਤੋਂ ਵੱਧ ਵਿਅਕਤੀਆਂ ਨੂੰ ਰੈਸਕਿਊ ਕਰਕੇ ਸੁਰੱਖਿਅਤ ਜਗ੍ਹਾ ਤੇ ਪਹੁੰਚਾਇਆ ਗਿਆ। ਇਥੇ ਜਿਕਰਯੋਗ ਹੈ ਕਿ ਦੇਸ਼ ਵਿੱਚ ਜਦੋਂ ਵੀ ਕੁਦਰਤੀ ਆਫ਼ਤਾਂ ਆਉਦੀਆਂ ਹਨ ਤਾ ਟਰੱਸਟ ਦੀ ਅਕਾਲ ਸੇਵਾ ਟੀਮ ਵੱਲੋਂ ਨਿਧੜਕ ਹੋ ਕੇ ਹੜ੍ਹ ਪੀੜਤਾਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ।



---

ਖੇਡਾਂ ਅਤੇ ਯੁਵਕ ਮਾਮਲੇ ਮੰਤਰਾਲਾ
ਭਾਰਤ ਸਰਕਾਰ

## ਰਾਸ਼ਟਰੀ ਯੁਵਾ ਪੁਰਸਕਾਰ 2024

25 ਅਗਸਤ, 2025 ਨੂੰ ਪ੍ਰਕਾਸ਼ਿਤ ਇਸ਼ਤਿਹਾਰ ਦੇ ਹਵਾਲੇ ਨਾਲ, ਪੁਰਸਕਾਰ ਦੇ ਲਈ ਅਰਜ਼ੀਆਂ ਜਮ੍ਹਾਂ ਕਰਨ ਲਈ ਆਖਰੀ ਮਿਤੀ ਨੂੰ 30 ਸਤੰਬਰ, 2025 ਤੱਕ ਵਧਾ ਦਿੱਤਾ ਗਿਆ ਹੈ।
ਵੈਬਸਾਈਟ : **https://awards.gov.in/**
ਇਸ਼ਤਿਹਾਰ ਦੇ ਬਾਕੀ ਸਾਰੇ ਹੋਰ ਵੇਰਵੇ ਪਹਿਲਾਂ ਦੀ ਤਰ੍ਹਾਂ ਹੀ ਰਹਿਣਗੇ।
cbc47107/11/0010/2526

---

## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮ.

ਰਜਿ: ਦਫ਼ਤਰ - ਪੀ.ਐਸ.ਈ.ਬੀ. ਹੈੱਡ ਆਫਿਸ, ਦੀ ਮਾਲ ਪਟਿਆਲਾ - 147001
Corporate Identification Number : (CIN) : U40109PB2010SGC033813
GSTIN 03AAFCP5120QIZC
Mob.: 096461-22200, E-mail : xen-ent2-pta@pspcl.in

ਟੈਂਡਰ ਇਨਕੁਆਰੀ ਨੰ. 02/ENF/2025-26/PSPCL/PATIALA Dated : 08.09.2025

ਬਾਹਰਲੇ ਸੋਮਿਆਂ ਤੋਂ ਇੱਕ ਨੰਬਰ Diesel/Petrol/CNG vehicle Qualis/Tavera/Scorpio ਜਾਂ ਇਸ ਦੇ ਬਰਾਬਰ ਦੀ ਕੀਮਤ ਵਾਲੀ ਗੱਡੀ ਵਧੀਕ ਨਿਗਰਾਨ ਇੰਜੀਨੀਅਰ ਇਨਫੋਰਸਮੈਂਟ ਕਮ ਟੀ.ਏ. ਅਤੇ ਐਮ ਐਸ ਟੀ.ਐਸ.-2, ਪਟਿਆਲਾ ਦੇ ਦਫਤਰ ਲਈ ਇੱਕ ਸਾਲ (ਮਿਤੀ 15.11.2025 to 14.11.2026) ਵਾਸਤੇ ਕਿਰਾਏ ਤੇ ਲੈਣ ਸਬੰਧੀ।

| | |
|---|---|
| ਟੈਂਡਰ ਸ਼ੁਰੂ ਕਰਨ ਦੀ ਮਿਤੀ | :08.09.2025 |
| ਟੈਂਡਰ ਦਸਤਾਵੇਜ਼ ਵੇਚਣ ਦੀ ਆਖਰੀ ਮਿਤੀ | :29.09.2025 (upto 4:00 PM) |
| ਟੈਂਡਰ ਪ੍ਰਾਪਤ ਕਰਨ ਦੀ ਆਖਰੀ ਮਿਤੀ ਅਤੇ ਸਮਾਂ | :30.09.2025 04:00 PM |
| ਟੈਂਡਰ ਖੋਲ੍ਹਣ ਦੀ ਮਿਤੀ ਅਤੇ ਸਮਾਂ | :01.10.2025 10:00 AM |
| ਟੈਂਡਰ ਦਸਤਾਵੇਜ਼ ਦੀ ਕੀਮਤ | :Rs. 1180/- (ਸਮੇਤ ਜੀ.ਐਸ.ਟੀ.) |

ਇਸ ਟੈਂਡਰ ਸਬੰਧੀ ਡਿਟੇਲ PSPCL website (www.pspcl.in) ਡਾਊਨਲੋਡ ਕੀਤੀ ਜਾ ਸਕਦੀ ਹੈ। ਕਿਸੇ ਸੋਧ ਲਈ ਅਖਬਾਰ ਵਿੱਚ ਵੱਖਰਾ ਇਸ਼ਤਿਹਾਰ ਨਹੀਂ ਦਿੱਤਾ ਜਾਵੇਗਾ, ਇਸ ਲਈ ਚਾਹਵਾਨ ਕਿਸੇ ਵੀ ਅਪਡੇਟ ਲਈ ਵੈੱਬਸਾਈਟ ਰੈਗੂਲਰ ਚੈੱਕ ਕਰਦੇ ਰਹਿਣ।
C 620 / 25
Ro No. PR-Advt. No. 1079 / 12 / 2025-26 / 2941 / Dated CHD : 08.09.2025

---

**verka** Har Din Da, Har Dil Da

ਪੰਜਾਬ ਰਾਜ ਸਹਿਕਾਰੀ ਦੁੱਧ ਉਤਪਾਦਕ ਫੈਡਰੇਸ਼ਨ ਲਿਮ. ਐਸ.ਸੀ.ਓ. 153-155, ਸੈਕਟਰ 34-ਏ, ਚੰਡੀਗੜ੍ਹ-160022, ਈਪੀਏਬੀਐਕਸ ਨੰ. : 0172-5041812-66

ਟੈਂਡਰ ਮੰਗ ਸੂਚਨਾ | www.verka.coop

ਨਿਮਨਲਿਖਤ ਮਦਾਂ ਦੀ ਖਰੀਦ ਅਤੇ ਸਪਲਾਈ ਦੇ ਲਈ ਈ/ਮੋਹਰਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ -

| ਲੜੀ ਨੰ. | ਕੰਮ ਦਾ ਨਾਮ/ਵਸਤੂ | ਮਿਆਦ/ਅਸਥਾਈ ਮਾਤਰਾ |
|---|---|---|
| 1. | **ਵੇਰਕਾ ਚੰਡੀਗੜ੍ਹ ਡੇਅਰੀ ਲਈ** ਬੈਰੀਅਰ ਫਿਲਮ ਦੇ ਨਾਲ MAP ਟ੍ਰੇਆਂ ਲਈ ਥੋੜ੍ਹੇ ਸਮੇਂ ਲਈ ਦਸਤੀ ਟੈਂਡਰ। | ਮੈਪ ਟ੍ਰੇਅਜ਼ 200 ਗ੍ਰਾਮ-20,000 ਅਦਦ 400 ਗ੍ਰਾਮ-1,30,000 ਅਦਦ ਬੈਰੀਅਰ ਫਿਲਮ-500 ਕਿ.ਗ੍ਰਾ. |
| 2. | **ਵੇਰਕਾ ਪਟਿਆਲਾ ਡੇਅਰੀ ਲਈ** MCC ਸਮਾਣਾ (ਰੂਟ ਨੰ. 07 ਅਤੇ 13) ਵਿਖੇ ਸੁਸਾਇਟੀਆਂ/ਫਾਰਮਾਂ ਤੋਂ ਦੁੱਧ ਦੀ ਢੋਆ-ਢੁਆਈ ਲਈ ਵਾਹਨ ਟਾਟਾ 207, ਮਹਿੰਦਰਾ ਮੈਕਸੀ ਟਰੱਕ ਆਦਿ ਕਿਰਾਏ 'ਤੇ ਲੈਣਾ। | 02 ਅਦਦ |
| 3. | **ਵੇਰਕਾ ਫਿਰੋਜ਼ਪੁਰ ਡੇਅਰੀ ਲਈ** ੳ) ਫਿਰੋਜ਼ਪੁਰ ਮਿਲਕ ਸ਼ੈੱਡ ਖੇਤਰ ਵਿੱਚ ਪੈਕ ਕੀਤੇ ਦੁੱਧ ਅਤੇ ਤਾਜ਼ੇ ਦੁੱਧ ਉਤਪਾਦਾਂ ਦੀ ਸਪਲਾਈ ਲਈ ਇੰਸੂਲੇਟਡ ਵਾਹਨਾਂ ਦੀ ਕਿਰਾਏ 'ਤੇ ਲੈਣਾ। 3.8 ਮੀਟਰਕ ਟਨ ਤੋਂ 04 ਮੀਟਰਕ ਟਨ; 2.3 ਮੀਟਰਕ ਟਨ ਤੋਂ 2.5 ਮੀਟਰਕ ਟਨ; 1.5 ਮੀਟਰਕ ਟਨ। ਅ) ਇਸ਼ਤਿਹਾਰ ਸਮੱਗਰੀ ਦਾ ਰੇਟ ਕੰਟਰੈਕਟ ਫਲੈਕਸ ਬੈਨਰ, ਫਲੈਕਸ ਬੋਰਡ, ਫਲੈਕਸ ਬੋਰਡ ਦੋਵੇਂ ਪਾਸੇ, ਗਲੋ ਸਾਈਨ ਬੋਰਡ, ਗਲੋ ਸਾਈਨ ਦੋਵੇਂ ਪਾਸੇ, ਐਲੂਮੀਨੀਅਮ ਰੋਲ ਅੱਪ ਸਟੈਂਡੀ, ਕੰਧ/ਸ਼ਟਰ ਪੇਂਟਿੰਗ, ਵਾਹਨ ਪੇਂਟਿੰਗ, ਫਲੈਂਜ, ਡੈਂਗਲਰ, ਲੈਮੀਨੇਸ਼ਨ ਦੇ ਨਾਲ A3 ਸਟਿੱਕਰ, ਪੈਂਫਲੇਟ, ਈਕੋ ਸੌਲਵੈਂਟ ਵਿਨਾਇਲ ਪ੍ਰਿੰਟ, ਕੈਨੋਪੀ, ਸਨ ਬੋਰਡ, ਈਕੋ ਪ੍ਰਿੰਟ ਦੇ ਨਾਲ ਵਨ ਵੇ ਵਿਜ਼ਨ ਆਦਿ। | 01.11.2025 ਤੋਂ 31.10.2026 ਤੱਕ/ 02 ਵਾਹਨ; 03 ਵਾਹਨ; 03 ਵਾਹਨ; ਇਕ ਸਾਲ |

ਨੋਟ :
1. ਉਕਤ ਟੈਂਡਰ (ਐਨਆਈਟੀ) ਸਬੰਧੀ ਮੁਕੰਮਲ ਵੇਰਵਿਆਂ ਲਈ ਕਿਰਪਾ ਕਰਕੇ ਸਾਡੀ ਵੈਬਸਾਈਟ ਭਾਵ www.verka.coop ਅਤੇ ਈ-ਟੈਂਡਰਿੰਗ ਪੋਰਟਲ ਭਾਵ eproc.punjab.gov.in ਦੇਖੋ।
2. ਸੋਧ, ਜੇਕਰ ਕੋਈ ਹੈ, ਕੇਵਲ ਵੈਬਸਾਈਟ 'ਤੇ ਅਪਲੋਡ ਕੀਤੀ ਜਾਵੇਗੀ।

ਜਨਰਲ ਮੈਨੇਜਰ (ਖਰੀਦ)
RO.No. PR-Advt. No. : 1018/12/2025-26/2944/Dated CHD : 8.9.2025

---

**ਬੈਂਕ ਆਫ ਬੜੌਦਾ Bank of Baroda**
ਸ਼ਾਖਾ : ਮਾਲ ਰੋਡ, ਕੋਟਕਪੂਰਾ, ਪੰਜਾਬ-144601
ਮੋ. : 7087414723, ਈਮੇਲ : vjkapu@bankofbaroda.com

### ਸੰਕੇਤਕ ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਬੈਂਕ ਆਫ ਬੜੌਦਾ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (2) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਨਿਮਨਲਿਖਤ ਕਰਜ਼ਦਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀਆਂ ਨੂੰ **ਮੰਗ ਸੂਚਨਾ** ਜਾਰੀ ਕੀਤੀਆਂ ਸਨ।

ਕਰਜ਼ਦਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਹਰੇਕ ਖਾਤੇ ਅਧੀਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਕੋਈ ਵੀ ਸੌਦੇਬਾਜ਼ੀ ਉਨ੍ਹਾਂ ਦੇ ਨਾਵਾਂ ਅਧੀਨ ਦਰਸਾਈ ਰਕਮ ਅਤੇ ਵਿਆਜ ਦੇ ਲਈ **ਬੈਂਕ ਆਫ ਬੜੌਦਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।

***ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।***

| ਖਾਤਾ ਅਤੇ ਕਰਜ਼ਦਾਰ /ਗਿਰਵੀਕਾਰ ਦਾ ਨਾਮ | ਅਚੱਲ ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਸੰਕੇਤਕ ਕਬਜ਼ੇ ਦੀ ਮਿਤੀ | ਮੰਗ ਸੂਚਨਾ ਅਨੁਸਾਰ ਰਕਮ |
|---|---|---|---|---|
| ਕਰਜ਼ਦਾਰ:- ਮੈਸਰਜ਼ ਸੋਢੀ ਸਪਰਿੰਗ ਮਿਸਿਜ਼ ਇੰਡਸਟਰੀਜ਼, ਸ੍ਰੀਮਤੀ ਬਲਵਿੰਦਰ ਕੌਰ ਸੁਬਪਨੀ ਸ੍ਰੀ ਰਾਜਾ ਸਿੰਘ, ਕਾਰੋਬਾਰ ਦਾ ਸਥਾਨ: ਮਾਰਫਤ ਇੰਡਸਟਰੀਅਲ ਏਰੀਆ, ਨੇੜੇ ਐਸਐਸਕੇ ਇੰਡਸਟ੍ਰੀਜ਼, ਜ਼ਿਲ੍ਹਾ ਕਪੂਰਥਲਾ, ਪੰਜਾਬ 144601 ਅਤੇ ਨਿਵਾਸੀ ਮਕਾਨ ਨੰ 51, ਨੇੜੇ ਝੰਡਾ ਮੱਲੂ ਸਕੂਲ, ਪ੍ਰੀਤ ਨਗਰ, ਜ਼ਿਲ੍ਹਾ ਕਪੂਰਥਲਾ, ਪੰਜਾਬ-144601 | ਜ਼ਮੀਨ / ਜਾਇਦਾਦ ਦਾ ਬਰਾਬਰ ਗਿਰਵੀਨਾਮਾ 7 ਮਰਲੇ ਦਾ ਮਾਪਣਾ ਜੋ ਕਿ 8 ਕਨਾਲ -19 ਮਰਲੇ ਦੀ ਜ਼ਮੀਨ ਵਿੱਚੋਂ 7/179 ਹਿੱਸਾ ਹੈ ਜਿਸ ਵਿੱਚ ਖੇਵਟ ਖਾਤਾ ਨੰਬਰ 1281/1296, ਖਸਰਾ ਨੰਬਰ 8866/2334/0-9, 2335/2-13, 2336/2-15, 2337/3-2 ਸ਼ਾਮਲ ਹਨ ਜੋ ਕਿ ਮੋਹੱਲ ਪ੍ਰੀਤ ਨਗਰ, ਕਪੂਰਥਲਾ ਵਿਖੇ ਸ਼੍ਰੀ ਰਾਜਾ ਸਿੰਘ ਪੁੱਤਰ ਸ਼੍ਰੀ ਭਾਨ ਸਿੰਘ ਦੇ ਨਾਮ 'ਤੇ ਸਥਿਤ ਹੈ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ ਕੀਤੀ ਗਈ ਹੈ:- ਪੂਰਬ: 60 ਫੁੱਟ 6 ਇੰਚ / ਦੂਜੇ ਮਾਲਕ ਦਾ ਪਲਾਟ; ਪੱਛਮ: 60 ਫੁੱਟ। 6 ਇੰਚ / ਇੰਦਰਜੀਤ ਦਾ ਘਰ; ਉੱਤਰ: 20 ਫੁੱਟ 3 ਇੰਚ / ਦੂਜੇ ਮਾਲਕ ਦਾ ਪਲਾਟ; ਦੱਖਣ: 20 ਫੁੱਟ 3 ਇੰਚ / ਸੜਕ। | 17.05.2025 | 05.09.2025 | 04.05.2025 ਨੂੰ 1,71,646.99 ਰੁਪਏ ਪਲੱਸ ਇਕਰਾਰਨਾਮੇ ਦੀ ਦਰ 'ਤੇ ਲਾਗੂ ਨਾ ਕੀਤਾ ਗਿਆ ਵਿਆਜ ਪਲੱਸ ਲਾਗਤ, ਖਰਚੇ ਅਤੇ ਭੁਗਤਾਨ ਦੀ ਮਿਤੀ ਤੱਕ ਖਰਚੇ। |
| ਕਰਜ਼ਦਾਰ:- (1) ਸ਼੍ਰੀ ਬਲਕਾਰ ਸਿੰਘ ਪੁੱਤਰ ਸ਼. ਅਤਰ ਸਿੰਘ, ਮਕਾਨ ਨੰ: 445/16, ਮੁਹੱਲਾ ਮਹਿਤਾਬਗੜ੍ਹ, ਜ਼ਿਲ੍ਹਾ। ਕਪੂਰਥਲਾ, ਪੰਜਾਬ-146001 (2) ਸ਼੍ਰੀ ਹਰਿੰਦਰ ਸਿੰਘ ਪੁੱਤਰ ਸ਼੍ਰੀ ਬਲਕਾਰ ਸਿੰਘ, ਵਾਸੀ ਮਕਾਨ ਨੰਬਰ 272, ਮੁਹੱਲਾ ਮਹਿਤਾਬਗੜ੍ਹ, ਜਿਲਾ। ਕਪੂਰਥਲਾ, ਪੰਜਾਬ - 146001 ਅਤੇ (3) ਸ਼੍ਰੀਮਤੀ ਸੁਰਿੰਦਰ ਕੌਰ ਪਤਨੀ ਸ਼੍ਰੀ ਬਲਕਾਰ ਸਿੰਘ, ਵਾਸੀ ਮਕਾਨ ਨੰ. 272, ਮੁਹੱਲਾ ਮਹਿਤਾਬਗੜ੍ਹ, ਜ਼ਿਲ੍ਹਾ ਕਪੂਰਥਲਾ, ਪੰਜਾਬ - 146001। | ਜ਼ਮੀਨ / ਜਾਇਦਾਦ ਦਾ ਬਰਾਬਰ ਗਿਰਵੀਨਾਮਾ 5 ਮਰਲੇ ਦਾ ਮਾਪ, ਜੋ ਕਿ 6 ਕਨਾਲ -1 ਮਰਲੇ ਦੀ ਜ਼ਮੀਨ ਵਿੱਚੋਂ 5/121 ਹਿੱਸਾ ਹੈ ਜਿਸ ਵਿੱਚ ਖੇਵਟ ਖਾਤਾ ਨੰਬਰ 1851/2696/1, ਖਸਰਾ ਨੰਬਰ 2788/6-1 ਸ਼ਾਮਲ ਹੈ ਜੋ ਕਪੂਰਥਲਾ ਸ਼ਰਕੀ (ਆਬਾਦੀ ਮੁਹੱਲਾ ਮਹਿਤਾਬਗੜ੍ਹ) ਵਿਖੇ ਸਥਿਤ ਹੈ। ਸ਼੍ਰੀ ਬਲਕਾਰ ਸਿੰਘ ਪੁੱਤਰ ਸ਼੍ਰੀ ਅਤਰ ਸਿੰਘ ਦੇ ਨਾਮ 'ਤੇ ਹੈ ਅਤੇ ਹੇਠ ਲਿਖੇ ਅਨੁਸਾਰ ਸੀਮਾਬੱਧ ਹੈ:- ਪੂਰਬ: ਸੜਕ; ਪੱਛਮ: ਬਲਕਾਰ ਸਿੰਘ; ਉੱਤਰ: ਦਰਸ਼ਨ ਲਾਲ; ਦੱਖਣ: ਜਸਵੰਤ ਸਿੰਘ। | 30.05.2025 | 05.09.2025 | ਰੁਪਏ 30.05.2025 ਨੂੰ 4,65,384.72 ਰੁਪਏ ਅਤੇ ਇਕਰਾਰਨਾਮੇ ਦੀ ਦਰ 'ਤੇ ਲਾਗੂ ਨਾ ਕੀਤਾ ਗਿਆ ਵਿਆਜ ਅਤੇ ਭੁਗਤਾਨ ਦੀ ਮਿਤੀ ਤੱਕ ਲਾਗਤ, ਖਰਚੇ ਅਤੇ ਖਰਚੇ। |

ਮਿਤੀ : 08.09.2025 | ਸਥਾਨ : ਕਪੂਰਥਲਾ | ਅਧਿਕਾਰਤ ਅਧਿਕਾਰੀ

---

**SBI ਸਟੇਟ ਬੈਂਕ ਆਫ਼ ਇੰਡੀਆ**
ਹੋਮ ਲੋਨ ਸੈਂਟਰ, ਸ਼ੇਰਾਂਵਾਲਾ ਗੇਟ, ਦ ਮਾਲ, ਪਟਿਆਲਾ
Tel. No.: 0175-2395513

### ਈ-ਨਿਲਾਮੀ ਵਿਕਰੀ ਸੂਚਨਾ

**24.09.2025 ਨੂੰ ਵਾਹਨਾਂ ਦੀ ਵਿਕਰੀ ਲਈ ਈ-ਨਿਲਾਮੀ ਲਈ ਜਨਤਕ ਨੋਟਿਸ, 11:00 ਵਜੇ ਤੋਂ 13:00 ਵਜੇ ਤੱਕ**
**22.09.2025 ਨੂੰ ਜਾਂ ਇਸ ਤੋਂ ਪਹਿਲਾਂ EMD ਅਤੇ ਦਸਤਾਵੇਜ਼ ਜਮ੍ਹਾਂ ਕਰਨ ਦੀ ਆਖਰੀ ਮਿਤੀ ਅਤੇ ਸਮਾਂ 14:00 ਵਜੇ ਤੱਕ**
**ਮੈਸਰਜ਼ PSB ਅਲਾਇੰਸ ਲਿਮਟਿਡ ਨਾਲ ਰਜਿਸਟਰਡ ਆਪਣੀ ਈ-ਨਿਲਾਮੀ ਸਾਈਟ 'ਤੇ**
**PSB ਅਲਾਇੰਸ ਸਾਈਟ: https://baanknet.com RTGS/NEFT ਦੇ ਜ਼ਰੀਏ**

ਬੈਂਕ ਦੇ ਕਰਜ਼ਿਆਂ ਦੀ ਵਸੂਲੀ ਦੇ ਨਾਲ-ਨਾਲ ਲਾਗਤ ਅਤੇ ਹੋਰ ਖਰਚਿਆਂ ਲਈ, ਹੇਠਾਂ ਦਿੱਤੇ ਗਏ ਗਾਹਕਾਂ ਤੋਂ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਹੇਠਾਂ ਦੱਸੇ ਗਏ ਵਾਹਨ ਦੀ ਵਿਕਰੀ ਲਈ ਉੱਪਰ ਦਿੱਤੇ ਵੇਰਵੇ ਅਨੁਸਾਰ ਜਮ੍ਹਾਂ ਕਰਵਾਏ ਜਾਣ ਵਾਲੇ KYC ਦਸਤਾਵੇਜ਼ਾਂ ਦੇ ਨਾਲ-ਨਾਲ ਬੋਲੀ ਰਾਹੀਂ ਪੇਸ਼ਕਸ਼ਾਂ ਦਾ ਸੱਦਾ ਦਿੱਤਾ ਜਾਂਦਾ ਹੈ:-

| ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਬਕਾਇਆ ਰਕਮ ਕਬਜ਼ੇ ਦੀ ਮਿਤੀ | ਵਾਹਨ ਦਾ ਵੇਰਵਾ | ਰਾਖਵੀਂ ਕੀਮਤ / ਬਿਆਨਾ ਰਕਮ / ਬੋਲੀ ਵਾਧਾ ਰਕਮ | ਵਾਹਨ ਦੀ ਜਾਂਚ ਦੀ ਮਿਤੀ ਅਤੇ ਸਮਾਂ |
|---|---|---|---|---|
| ਸ੍ਰੀ ਭੁਪਿੰਦਰ ਸਿੰਘ ਸਪੁੱਤਰ ਸ੍ਰੀ ਮਲਕੀਤ ਸਿੰਘ #408, ਗਲੀ ਨੰ. 14, ਅਮਨ ਨਗਰ, ਪਟਿਆਲਾ | Rs.923577/- ਜਮ੍ਹਾਂ 06.08.2024 ਨੂੰ ਵਿਆਜ ਜਮ੍ਹਾਂ ਫੀਸਾਂ | ਹੁੰਡਾਈ ਵੈਨਯੂ 1.5 ਸੀਆਰਡੀਆਈ ਐਮਟੀ ਐਸਐਕਸ/ 2020, ਇੰਜਣ ਨੰ. D4FALM088272, ਚਾਸੀ ਨੰ.MALFC81DLLM143858, ਰਜਿਸਟ੍ਰੇਸ਼ਨ ਨੰ. ਪੀਬੀ11ਸੀਜੇ9596 (ਸੰਪੱਤੀ ਆਈਡੀ SBIN39847053451 | Rs.4,50,000/- + ਜੀਐਸਟੀ ਲਾਗੂ ਅਨੁਸਾਰ / Rs. 45,000 / Rs. 10,000 | 24.09.2025 11.00 Hrs. to 13.00 hrs. |

ਸੰਪਰਕ ਵਿਅਕਤੀ: ਮੈਸਰਜ਼ ਜੇ.ਕੇ. ਐਂਟਰਪ੍ਰਾਈਜ਼ਿਜ਼, ਮੋਬ. 82838-08025, ਵਾਹਨ ਦੀ ਜਾਂਚ ਦੀ ਮਿਤੀ ਅਤੇ ਸਮਾਂ: 22.09.2025 (11:00 ਵਜੇ ਤੋਂ 14:00 ਵਜੇ ਤੱਕ), ਸੰਪਰਕ ਵਿਅਕਤੀ ਦਾ ਨਾਮ: ਸ਼੍ਰੀਮਤੀ ਪਰਮਜੀਤ ਕੌਰ, ਮੁੱਖ ਪ੍ਰਬੰਧਕ, ਸੰਪਰਕ ਨੰਬਰ 98720-11933

**ਇਹ ਪ੍ਰਕਾਸ਼ਨ ਉਪਰੋਕਤ ਕਰਜ਼ਦਾਰਾਂ ਅਤੇ ਜ਼ਾਮਨਾਂ ਨੂੰ ਸੁਰੱਖਿਆ ਵਿਆਜ (ਲਾਗੂ ਕਰਨ) ਨਿਯਮਾਂ 2002 ਦੇ ਨਿਯਮ 6(2) ਅਤੇ 8(6) ਦੇ ਅਧੀਨ ਇੱਕ ਸੂਚਨਾ ਜਾਰੀ।**

ਨਿਯਮ ਅਤੇ ਸ਼ਰਤਾਂ: ਈ-ਨਿਲਾਮੀ ਬੈਂਕ ਦੇ ਪ੍ਰਵਾਨਿਤ ਸੇਵਾ ਪ੍ਰਦਾਤਾ ਮੈਸ. ਪੀਐਸਬੀ ਅਲਾਇੰਸ ਦੁਆਰਾ ਆਪਣੀ ਨਿਲਾਮੀ ਸਾਈਟ ਪੀਐਸਬੀ ਅਲਾਇੰਸ ਸਾਈਟ https://baanknet.com ਰਾਹੀਂ ਕੀਤੀ ਜਾਵੇਗੀ। ਈ-ਆਕਸ਼ਨ ਟੈਂਡਰ ਦਸਤਾਵੇਜ਼ ਜਿਸ ਵਿੱਚ ਔਨਲਾਈਨ ਈ-ਆਕਸ਼ਨ ਬੋਲੀ ਫਾਰਮ, ਘੋਸ਼ਣਾ ਪੱਤਰ ਦੇ ਜਨਰਲ ਨਿਯਮ ਅਤੇ ਸ਼ਰਤਾਂ ਸ਼ਾਮਲ ਹਨ, PSB ਅਲਾਇੰਸ ਸਾਈਟ https://baanknet.com 'ਤੇ ਉਪਲਬਧ ਹਨ। ਦਿਲਚਸਪੀ ਰੱਖਣ ਵਾਲੇ ਬੋਲੀਕਾਰ ਆਪਣਾ EMD ਵੈੱਬ ਪੋਰਟਲ PSB ਅਲਾਇੰਸ ਸਾਈਟ https://baanknet.com ਰਾਹੀਂ ਜਮ੍ਹਾ ਕਰਵਾਉਣਗੇ। (ਯੂਜ਼ਰ ਆਈਡੀ ਅਤੇ ਪਾਸਵਰਡ ਪੀਐਸਬੀ ਅਲਾਇੰਸ ਸਾਈਟ https://baanknet.com 'ਤੇ ਨਾਮ ਰਜਿਸਟਰ ਕਰਕੇ ਮੁਫਤ ਪ੍ਰਾਪਤ ਕੀਤਾ ਜਾ ਸਕਦਾ ਹੈ। ਰਜਿਸਟ੍ਰੇਸ਼ਨ/ ਲੌਗਇਨ ਆਈਡੀ ਅਤੇ ਪਾਸਵਰਡ ਬਣਾਉਣ ਵਿੱਚ ਲਗਭਗ 2-3 ਕੰਮਕਾਜੀ ਦਿਨ ਲੱਗ ਸਕਦੇ ਹਨ, ਇਸ ਲਈ, ਇਸ ਪ੍ਰਕਿਰਿਆ ਨੂੰ ਸਮੇਂ ਸਿਰ ਸ਼ੁਰੂ ਕੀਤਾ ਜਾ ਸਕਦਾ ਹੈ। ਈਐਮਡੀ NEFT ਰਾਹੀਂ ਬੋਲੀਕਾਰ ਦੇ ਆਪਣੇ ਵਾਲਿਟ ਨੂੰ ਜੋ ਕਿ ਮੈਸਰਜ਼ ਪੀਐਸਬੀ ਅਲਾਇੰਸ ਨਾਲ ਰਜਿਸਟਰਡ ਹੈ, ਨੂੰ ਇਸਦੀ ਨਿਲਾਮੀ ਸਾਈਟ @ਤੇ ਭੁਗਤਾਨਯੋਗ ਹੋਵੇਗਾ। ਕਿਰਪਾ ਕਰਕੇ ਧਿਆਨ ਦਿਓ ਕਿ ਈਐਮਡੀ ਨੂੰ 22.09.2025 ਤੱਕ ਮੈਸਰਜ਼ ਪੀਐਸਬੀ ਅਲਾਇੰਸ ਨਾਲ ਰਜਿਸਟਰਡ ਵਾਲਿਟ ਵਿੱਚ ਜਮ੍ਹਾ ਕਰਾਉਣਾ ਚਾਹੀਦਾ ਹੈ। ਸੁਰੱਖਿਅਤ ਲੈਣਦਾਰ ਨੂੰ ਕੋਈ ਵੀ ਬੋਝ, ਜਾਇਦਾਦ ਦਾ ਸਿਰਲੇਖ ਨਹੀਂ ਪਤਾ ਹੈ। ਹਾਲਾਂਕਿ, ਇੱਛੁਕ ਬੋਲੀਕਾਰਾਂ ਨੂੰ ਆਪਣੀ ਬੋਲੀ ਜਮ੍ਹਾ ਕਰਨ ਤੋਂ ਪਹਿਲਾਂ, ਜਾਇਦਾਦ ਨੂੰ ਪ੍ਰਭਾਵਿਤ ਕਰਨ ਵਾਲੇ ਦਾਅਵਿਆਂ/ਅਧਿਕਾਰਾਂ/ਬਕਾਇਆ/ਬਾਰੇ ਆਪਣੀ ਸੁਤੰਤਰ ਪੁੱਛਗਿੱਛ ਕਰਨੀ ਚਾਹੀਦੀ ਹੈ। ਈ-ਨਿਲਾਮੀ ਇਸ਼ਤਿਹਾਰ ਬੈਂਕ ਦੀ ਕਿਸੇ ਵੀ ਵਚਨਬੱਧਤਾ ਜਾਂ ਕਿਸੇ ਵੀ ਪ੍ਰਤੀਨਿਧਤਾ ਦਾ ਗਠਨ ਨਹੀਂ ਕਰਦਾ ਹੈ ਅਤੇ ਨਾ ਹੀ ਮੰਨਿਆ ਜਾਵੇਗਾ। ਜਾਇਦਾਦ ਸਾਰੇ ਮੌਜੂਦਾ ਅਤੇ ਭਵਿੱਖੀ ਬੋਝਾਂ ਨਾਲ ਵੇਚੀ ਜਾ ਰਹੀ ਹੈ ਭਾਵੇਂ ਬੈਂਕ ਨੂੰ ਪਤਾ ਹੋਵੇ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਲੈਣਦਾਰ ਕਿਸੇ ਵੀ ਤਰ੍ਹਾਂ ਗਲਤ ਛਪਾਈ ਗਲਤੀ ਜਾਂ ਕਿਸੇ ਤੀਜੀ ਧਿਰ ਦੇ ਦਾਅਵਿਆਂ/ਅਧਿਕਾਰਾਂ/ਬਕਾਇਆ ਲਈ ਜ਼ਿੰਮੇਵਾਰ ਨਹੀਂ ਹੋਵੇਗਾ। ਵਿਕਰੀ PSB ਗੱਠਜੋੜ ਸਾਈਟ https://baanknet.com ਦੇ ਅਧੀਨ ਨਿਰਧਾਰਤ ਨਿਯਮਾਂ/ਸ਼ਰਤਾਂ ਦੇ ਅਧੀਨ ਹੋਵੇਗੀ।

ਮਿਤੀ: 09.09.2025 | ਸਥਾਨ: ਪਟਿਆਲਾ | ਅਧਿਕਾਰਤ ਅਧਿਕਾਰੀ-ਭਾਰਤ ਦਾ ਸਟੇਟ ਬੈਂਕ

---

**ਬੈਂਕ ਆਫ਼ ਮਹਾਰਾਸ਼ਟਰਾ Bank of Maharashtra** भारत सरकार का उद्यम
ਜ਼ੋਨਲ ਦਫ਼ਤਰ ਲੁਧਿਆਣਾ, ਪਹਿਲੀ ਮੰਜ਼ਿਲ, ਜੈ ਕਰਤਾਰ ਭਵਨ, ਨੇੜੇ ਸਰਕਟ ਹਾਊਸ, ਫਿਰੋਜ਼ਪੁਰ ਰੋਡ, ਲੁਧਿਆਣਾ, ਪੰਜਾਬ, ਪਿੰਨ-141001, ਈਮੇਲ : recovery_ldh@mahabank.co.in
ਵਸੂਲੀ ਵਿਭਾਗ, ਜ਼ੋਨਲ ਦਫ਼ਤਰ, ਲੁਧਿਆਣਾ

### ਮੰਗ ਸੂਚਨਾ

**ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ**

ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨਲਿਖਤ ਕਰਜ਼ਦਾਰ (ਾਂ)/ਜ਼ਾਮਨਾਂ ਨੇ ਬੈਂਕ ਤੋਂ ਉਨ੍ਹਾਂ ਨੂੰ ਪ੍ਰਾਪਤ ਕਰਜ਼ ਸਹੂਲਤਾਂ ਦੇ ਮੂਲ ਅਤੇ ਵਿਆਜ ਦੇ ਪੁਨਰ ਭੁਗਤਾਨ ਵਿਚ ਕੁਤਾਹੀ ਕੀਤੀ ਹੈ ਅਤੇ ਦਰਸਾਈਆਂ ਸਹੂਲਤਾਂ ਮਿਤੀ 29.05.2023 ਗੈਰ ਕਾਰਗੁਜ਼ਾਰੀ ਵਾਲੀਆਂ ਸੰਪੱਤੀਆਂ ਬਣ ਚੁੱਕੀਆਂ ਹਨ। ਕਰਜ਼ਦਾਰ (ਾਂ)/ਜ਼ਾਮਨ (ਾਂ) ਨੂੰ ਉਨ੍ਹਾਂ ਦੇ ਆਖਰੀ ਜਾਣੂੰ ਪਤਿਆਂ 'ਤੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13(2) ਅਧੀਨ ਸੂਚਨਾ ਭੇਜੀ ਗਈ ਸੀ। ਹਾਲਾਂਕਿ ਕੁਝ ਮਾਮਲਿਆਂ ਵਿਚ ਸੂਚਨਾਵਾਂ ਅਣਸੌਂਪੀਆਂ ਹੀ ਪਰਤ ਆਈਆਂ ਅਤੇ ਹੋਰ ਮਾਮਲਿਆਂ ਵਿਚ ਪਹੁੰਚ ਰਸੀਦ ਪ੍ਰਾਪਤ ਨਹੀਂ ਕੀਤੀ ਗਈ, ਇਸ ਲਈ ਉਨ੍ਹਾਂ ਨੂੰ ਇਥੇ ਇਸ ਸਬੰਧੀ ਜਨਤਕ ਸੂਚਨਾ ਦੇ ਮਾਧਿਅਮ ਦੁਆਰਾ ਸੂਚਿਤ ਕੀਤਾ ਜਾਂਦਾ ਹੈ।

| ਸ਼ਾਖਾ, ਕਰਜ਼ਦਾਰ/ਸਹਿ-ਕਰਜ਼ਦਾਰ ਦਾ ਨਾਮ | ਸੁਰੱਖਿਆਤ ਅਸਾਸਿਆਂ ਦੇ ਵੇਰਵੇ | ਐਨਪੀਏ ਦੀ ਮਿਤੀ | ਮੰਗ ਸੂਚਨਾ ਦੀ ਮਿਤੀ | ਮੰਗ ਸੂਚਨਾ ਦੀ ਰਕਮ |
|---|---|---|---|---|
| **ਬੀ/ਓ : ਪਠਾਨਕੋਟ** ਕਰਜ਼ਦਾਰ: ਮੈਸਰਜ਼ ਗਨਿਕਾ ਐਂਟਰਪ੍ਰਾਈਜ਼ਿਜ਼ ਆਪਣੇ ਪ੍ਰੋਪ. ਸ਼੍ਰੀਮਤੀ ਸੁਨੀਤਾ ਦੇਵੀ ਪਤਨੀ ਸ਼੍ਰੀ ਸੋਹਨ ਲਾਲ, ਪਤਾ: ਮਕਾਨ ਨੰਬਰ 190, ਟਿੰਬਰ ਮਾਰਕੀਟ ਟਰੱਕ ਸਟੈਂਡ, ਸਕੀਮ ਆਫ ਇੰਪਰੂਵਮੈਂਟ ਟਰੱਸਟ, ਬੈਕਸਾਈਡ ਐਨਐਚਪੀਸੀ ਕੁਆਰਟਰ, ਸੈਲੀ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ -145001। ਜ਼ਾਮਨ: 1. ਸ਼੍ਰੀਮਤੀ ਸੁਨੀਤਾ ਦੇਵੀ ਪਤਨੀ ਸ਼੍ਰੀ ਸੋਹਨ ਲਾਲ, ਪਤਾ: ਮਕਾਨ ਨੰਬਰ 190, ਟਿੰਬਰ ਮਾਰਕੀਟ ਟਰੱਕ ਸਟੈਂਡ, ਸਕੀਮ ਆਫ ਇੰਪਰੂਵਮੈਂਟ ਟਰੱਸਟ, ਬੈਕਸਾਈਡ ਐਨਐਚਪੀਸੀ ਕੁਆਰਟਰ, ਸੈਲੀ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ-145001। 2. ਸ਼੍ਰੀ ਸੋਹਨ ਲਾਲ ਪੁੱਤਰ ਸ਼੍ਰੀ ਬਾਬੂ ਰਾਮ, ਪਤਾ: ਮਕਾਨ ਨੰਬਰ 190, ਟਿੰਬਰ ਮਾਰਕੀਟ ਟਰੱਕ ਸਟੈਂਡ, ਸਕੀਮ ਆਫ ਇੰਪਰੂਵਮੈਂਟ ਟਰੱਸਟ, ਬੈਕਸਾਈਡ ਐਨਐਚਪੀਸੀ ਕੁਆਰਟਰ, ਸੈਲੀ ਰੋਡ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ-145001। | ਮੁੱਢਲੀ ਸੁਰੱਖਿਆ - ਕੱਚੇ ਮਾਲ, ਅਰਧ-ਮੁਕੰਮਲ, ਮੁਕੰਮਲ ਵਸਤੂਆਂ, ਆਯਾਤ ਵਸਤੂਆਂ ਅਤੇ ਸਪੇਅਰ ਪਾਰਟਸ ਅਤੇ ਫਰਮ ਉਤਪਾਦਾਂ ਦੇ ਹੋਰ ਖਪਤਕਾਰਾਂ ਦੇ ਸਟਾਕਾਂ ਨੂੰ ਗੋਦਾਮ/ਫੈਕਟਰੀ ਅਹਾਤੇ ਵਿੱਚ ਜਾਂ ਬੁੱਕ ਕਰਜ਼ਿਆਂ ਦੀ ਅਸਾਈਨਮੈਂਟ ਅਤੇ ਹੋਰ ਚੀਜ਼ਾਂ ਦੇ ਨਾਲ ਆਵਾਜਾਈ ਵਿੱਚ ਰੱਖਣ ਵਾਲੇ ਸਟਾਕਾਂ ਦੇ ਗਿਰਵੀਨਾਮੇ ਦੁਆਰਾ ਵਿਸ਼ੇਸ਼ ਚਾਰਜ। ਸਾਮੂਹਿਕ ਸੁਰੱਖਿਆ: ਸਾਲ 2009-10 ਲਈ ਜਮ੍ਹਾਂਬੰਦੀ ਦੇ ਅਨੁਸਾਰ ਖਸਰਾ ਨੰਬਰ 24ਆਰ24/1 ਵਿੱਚ 7 ਮਰਲੇ ਦੇ ਪਲਾਟ 'ਤੇ ਬਣੀ ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ ਜਿਸਦਾ 7/102ਵਾਂ ਹਿੱਸਾ ਭਾਵ 7 ਮਰਲਾ, ਹੱਦਬਸਤ ਨੰਬਰ 240, ਪਿੰਡ ਮਲਿਕਪੁਰ, ਤਹਿਸੀਲ ਅਤੇ ਜ਼ਿਲ੍ਹਾ ਪਠਾਨਕੋਟ, ਪੰਜਾਬ ਦੀ ਮਾਲੀਆ ਜਾਇਦਾਦ 'ਤੇ ਸਥਿਤ ਸ਼੍ਰੀ ਸੋਹਨ ਲਾਲ ਪੁੱਤਰ ਸਵਰਗੀ ਬਾਬੂ ਰਾਮ ਦੀ ਮਲਕੀਅਤ ਹੈ। ਵਿਕਰੀ ਡੀਡ ਨੰਬਰ 1625 ਮਿਤੀ 15.06.2016, ਸਬ-ਰਜਿਸਟਰਾਰ, ਪਠਾਨਕੋਟ ਨਾਲ ਰਜਿਸਟਰਡ ਹੈ ਅਤੇ ਹੱਦਬੰਦੀ : ਪੂਰਬ: ਵਿਪਨ ਕੁਮਾਰ, ਪੱਛਮ: ਵਿਪਨ ਕੁਮਾਰ, ਉੱਤਰ: ਸੜਕ, ਦੱਖਣ: ਵਿਪਨ ਕੁਮਾਰ। ਸਰਸਾਈ ਆਈਡੀ: 200024753982 | 29.07.2025 | 06.08.2025 | Rs. 15,35,352/- (ਨਕਦ ਕ੍ਰੈਡਿਟ ਸੀਮਾ ਖਾਤਾ ਨੰਬਰ 60304874728) ਅਤੇ + ਰੁਪਏ 35,57,567/- (ਮਿਆਦੀ ਕਰਜ਼ਾ ਐਮਐਸਐਮਈ ਖਾਤਾ ਨੰਬਰ 60387087701) ਕੁੱਲ ਰੁਪਏ 50,92,919/- (ਪੰਜਾਹ ਲੱਖ ਬਿਆਨਵੇਂ ਹਜ਼ਾਰ ਨੌਂ ਸੌ ਉਨ੍ਹੀ ਰੁਪਏ) ਅਤੇ ਉਸ 'ਤੇ ਲਾਗੂ ਨਾ ਕੀਤਾ ਗਿਆ ਵਿਆਜ, ਖਰਚੇ ਅਤੇ ਹੋਰ ਖਰਚੇ 06.08.2025 ਤੋਂ। |

ਉਪਰੋਕਤ ਕਰਜ਼ਦਾਰ/ਸਹਿ-ਕਰਜ਼ਦਾਰ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰ ਦੇਣ, ਨਹੀਂ ਤਾਂ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਨੂੰ ਲਾਗੂ ਕਰਨ (ਸਰਫਾਇਸੀ) ਐਕਟ, 2002 ਦੇ ਉਪਬੰਧ ਅਨੁਸਾਰ ਅਗਲੇ ਕਦਮ ਚੁੱਕੇ ਜਾਣਗੇ। ਇਸ ਤੋਂ ਇਲਾਵਾ, ਕਰਜ਼ਦਾਰ/ਸਹਿ-ਕਰਜ਼ਦਾਰ ਨੂੰ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਵੀ ਤਰੀਕੇ ਨਾਲ, ਬਿਨਾਂ ਕਿਸੇ ਪੂਰਵ ਸਹਿਮਤੀ ਦੇ, ਨਜਿੱਠਣ ਤੋਂ ਰੋਕਿਆ ਜਾਂਦਾ ਹੈ। ਇਹ ਨੋਟਿਸ ਬੈਂਕ ਦੇ ਕਾਨੂੰਨ ਦੇ ਕਿਸੇ ਵੀ ਹੋਰ ਲਾਗੂ ਉਪਬੰਧਾਂ ਦੇ ਤਹਿਤ ਜ਼ਰੂਰੀ ਸਮਝੇ ਜਾਣ ਵਾਲੇ ਅਜਿਹੇ ਹੋਰ ਕਾਰਜਾਂ ਜਾਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰਨ ਦੇ ਅਧਿਕਾਰ ਦੇ ਪੱਖਪਾਤ ਤੋਂ ਬਿਨਾਂ ਹੈ।
**ਕਰਜ਼ਦਾਰ/ਸਹਿ-ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਸੁਰੱਖਿਅਤ ਸੰਪਤੀ ਨੂੰ ਛੁਡਾਉਣ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ।**

ਮਿਤੀ : 08.09.2025 | ਸਥਾਨ : ਲੁਧਿਆਣਾ | ਅਧਿਕਾਰਤ ਅਧਿਕਾਰੀ

---

**ਯੂਨੀਅਨ ਬੈਂਕ ਆਫ ਇੰਡੀਆ** ਭਾਰਤ ਸਰਕਾਰ ਦਾ ਅਦਾਰਾ | **Union Bank of India**

**ਖੇਤਰੀ ਦਫਤਰ : "ਐਸਸੀਓ 113-114, ਅਰਬਨ ਅਸਟੇਟ ਫੇਜ਼ II, ਜਲੰਧਰ**

### ਅਚੱਲ ਸੰਪੱਤੀ/ਅਸਾਸੇ ਦੀ ਵਿਕਰੀ ਲਈ ਵਿਕਰੀ ਸੂਚਨਾ

**ਨਿਲਾਮੀ ਦੀ ਮਿਤੀ ਅਤੇ ਸਮਾਂ 26.09.2025 ਨੂੰ ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਦੇ ਵਿਚਾਲੇ (10 ਮਿੰਟ ਦੇ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ ਅਤੇ ਸਮਾਂ ਈ-ਨਿਲਾਮੀ ਦੀ ਸ਼ੁਰੂਆਤ ਨੂੰ ਜਾਂ ਪਹਿਲਾਂ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ**, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ/ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ। ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ) ਅਤੇ ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 26.09.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ"ਅਧਾਰ** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ ਦਾ ਨਾਮ /ਸੰਪਰਕ ਨੰਬਰ ਅਤੇ ਕਰਜ਼ਦਾਰ/ਜ਼ਾਮਨ/ਗਿਰਵੀਕਾਰ | ਬਕਾਇਆ ਰਕਮ | ਸੰਪੱਤੀਆਂ ਦੇ ਵੇਰਵੇ ਅਤੇ ਮਾਲਕ | ਰਾਖਵੀਂ ਕੀਮਤ, / ਬਿਆਨਾ ਰਕਮ / ਬੋਲੀ ਵਾਧਾ ਰਕਮ |
|---|---|---|---|---|
| 1. | **ਕਪੂਰਥਲਾ** **ਕਰਜ਼ਦਾਰ: ਸ਼੍ਰੀ ਸੁਖਦੇਵ ਸਿੰਘ ਪੁੱਤਰ ਓਮ ਪ੍ਰਕਾਸ਼ ਓਮੀ**, ਪਿੰਡ ਬੂਹ, ਪੋ. ਫੱਤੂ ਢੀਂਗਾ, ਕਪੂਰਥਲਾ, ਪੰਜਾਬ- 144601 ਜਾਂ ਕਪੂਰਥਲਾ ਗਰਬੀ (ਫੈਕਟਰੀ ਏਰੀਆ), ਕਪੂਰਥਲਾ, ਪੰਜਾਬ-144601 **ਜ਼ਾਮਨ : ਸ਼੍ਰੀ ਅਰੁਣ ਕੁਮਾਰ ਪੁੱਤਰ ਰਣਜੀਤ ਸਿੰਘ**, ਪਿੰਡ- ਮਨਸੂਰਵਾਲ ਦੋਨਾ ਮਨਸੂਰਵਾਲ, ਕਪੂਰਥਲਾ, ਪੰਜਾਬ 144601 | Rs. 15,46,190.64 ਮੰਗ ਸੂਚਨਾ ਦੀ ਮਿਤੀ ਦੇ ਅਨੁਸਾਰ, ਸੂਚਨਾ ਦੀ ਮਿਤੀ ਤੋਂ ਬਿਨਾਂ ਵਸੂਲਿਆ ਵਿਆਜ ਅਤੇ ਉਸ 'ਤੇ ਲਾਗਤਾਂ, ਖਰਚੇ, ਜੇਕਰ ਕੋਈ ਹੈ। | ਸ਼੍ਰੀ ਸੁਖਦੇਵ ਸਿੰਘ ਪੁੱਤਰ ਓਮ ਪ੍ਰਕਾਸ਼ ਓਮੀ ਦੇ ਨਾਮ 'ਤੇ ਜਿਸਦਾ ਮਾਪ 5.50 ਮਰਲੇ ਹੈ, ਜੋ ਕਿ 48 ਕਨਾਲ 00 ਮਰਲੇ ਜ਼ਮੀਨ ਵਿੱਚੋਂ 11/1920 ਹਿੱਸਾ ਹੈ, ਖੇਵਟ ਖਾਤਾ ਨੰਬਰ 302/421, ਖਸਰਾ ਨੰਬਰ 6122/2847, ਨਰੋਤਮ ਵਿਹਾਰ ਵਿਖੇ ਸਥਿਤ ਹੈ ਜੋ ਕਿ ਜੀ.ਕੇ. ਐਨਕਲੇਵ ਦੇ ਨਾਲ ਲੱਗਦੇ ਸਤਸੰਗ ਭਵਨ ਚੌਕ, ਕਪੂਰਥਲਾ, ਪੰਜਾਬ 144601 ਵਿੱਚ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਉੱਤਰ-48 ਫੁੱਟ-6 ਇੰਚ, ਦੱਖਣ-48 ਫੁੱਟ-6 ਇੰਚ, ਪੂਰਬ-20 ਫੁੱਟ, ਪੱਛਮ-20 ਫੁੱਟ **ਕਬਜ਼ੇ ਦੀ ਕਿਸਮ: ਸੰਕੇਤਕ** | Rs. 11,70,000/- / Rs. 1,17,000/- / Rs. 10,000/- |
| 2. | **ਕਪੂਰਥਲਾ** ਕਰਜ਼ਦਾਰ: **a) ਸ਼੍ਰੀ ਹਰੀ ਨਰਾਇਣ ਮਹਿਤਾ ਪੁੱਤਰ ਲਕਸ਼ਮੀ ਮਹਿਤਾ**, ਅਜੀਤ ਨਗਰ, ਕਪੂਰਥਲਾ, ਪੰਜਾਬ 144601 **b) ਸ਼੍ਰੀਮਤੀ ਬਬੀਤਾ ਦੇਵੀ, ਹਰੀ ਨਰਾਇਣ ਮਹਿਤਾ**, ਅਜੀਤ ਨਗਰ, ਕਪੂਰਥਲਾ, ਪੰਜਾਬ-144601 ਜ਼ਾਮਨ : ਸ਼੍ਰੀ ਅਰਵਿੰਦ ਕੁਮਾਰ ਪੁੱਤਰ ਬਿਦੇਸ਼ਰੀ ਪਰਸ਼ਾਦ ਯਾਦਵ, ਨੇੜੇ ਜਥੇਰੇ ਵਾਲਾ ਗੁਰਦੁਆਰਾ, ਅਜੀਤ, ਨਗਰ, ਕਪੂਰਥਲਾ, ਪੰਜਾਬ-144601 | Rs. 15,55,288.45 ਮੰਗ ਸੂਚਨਾ ਦੀ ਮਿਤੀ ਦੇ ਅਨੁਸਾਰ, ਸੂਚਨਾ ਦੀ ਮਿਤੀ ਤੋਂ ਬਿਨਾਂ ਵਸੂਲਿਆ ਵਿਆਜ ਅਤੇ ਉਸ 'ਤੇ ਲਾਗਤਾਂ, ਖਰਚੇ, ਜੇਕਰ ਕੋਈ ਹੈ। | ਸ਼੍ਰੀਮਤੀ ਬਬੀਤਾ ਦੇਵੀ ਪਤਨੀ ਹਰੀ ਨਾਰਾਇਣ ਮਹਿਤਾ ਦੇ ਨਾਮ 'ਤੇ ਜਿਸਦਾ ਮਾਪ 4.50 ਮਰਲੇ ਹੈ, ਭਾਵ 2.75 ਮਰਲੇ ਜ਼ਮੀਨ, ਜੋ ਕਿ 11/1460 ਹਿੱਸਾ ਹੈ 18 ਕਨਾਲ-5 ਮਰਲੇ ਜ਼ਮੀਨ ਵਿੱਚੋਂ ਜਿਸ ਵਿੱਚ ਖੇਵਟ ਖਾਤਾ ਨੰ. 608/1005, ਖਸਰਾ ਨੰ. 5306/6-19,7046/5305/6-4, 7050/5307/2-0, 7060/5324/3-2, ਅਤੇ 1.75 ਮਰਲੇ ਦੀ ਜ਼ਮੀਨ, ਜੋ ਕਿ 7/1040 ਹੈ, 5 ਕਨਾਲ-13 ਮਰਲੇ ਦੀ ਜ਼ਮੀਨ ਵਿੱਚੋਂ ਹਿੱਸਾ, ਜਿਸ ਵਿੱਚ ਖੇਵਟ ਖਾਤਾ ਨੰਬਰ 608/998, ਖਸਰਾ ਨੰਬਰ 5318/1-9, 5322/0-15, 5323/3-2, 7063/5324/1-14, 8369/5319/6-0 ਸ਼ਾਮਲ ਹਨ, ਜੋ ਕਿ ਅਬਾਦੀ ਫੈਕਟਰੀ ਏਰੀਆ, ਕਪੂਰਥਲਾ, ਪੰਜਾਬ 144601 ਵਿਖੇ ਸਥਿਤ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ, ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ: ਉੱਤਰ - 36 ਫੁੱਟ, ਦੱਖਣ - 36 ਫੁੱਟ, ਪੂਰਬ - 23 ਫੁੱਟ, ਪੱਛਮ-23 ਫੁੱਟ, **ਕਬਜ਼ੇ ਦੀ ਕਿਸਮ: ਭੌਤਿਕ** | Rs. 5,80,000/- / Rs. 58,000/- / Rs. 10,000/- |

**ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸਬੰਧਤ ਹੋਵੇਗੀ** : 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 26.09.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸਬੰਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸਬੰਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com, https://www.unionbankofindia.co.in** ਦਾ ਹਵਾਲਾ ਲਓ। 4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** ਵਿਚ **https://baanknet.com** ਦੇਖੋ। 5. ਬੈਂਕ, ਸੁਰੱਖਿਅਤ ਕਰਜ਼ਦਾਤਾ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਵਿਕਰੀ ਨੂੰ ਬਰਖਾਸਤ ਕਰਨ ਦਾ ਹੱਕ ਰਾਖਵਾਂ ਹੈ।

**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸਬੰਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ ਅਤੇ ਗਿਰਵੀਕਾਰ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਮਿਤੀ : 09.09.2025 | ਸਥਾਨ : ਜਲੰਧਰ | ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ

---

# ਪੰਜਾਬ ਸਰਕਾਰ — ਟੈਂਡਰ ਸੂਚਨਾ

| ਲੜੀ ਨੰ. | ਵਿਭਾਗ ਦਾ ਨਾਮ | ਕੰਮ ਦਾ ਨਾਮ/ਸੂਚਨਾ/ਟੈਂਡਰ | ਖੁੱਲ੍ਹਣ ਦੀ ਮਿਤੀ ਬੰਦ ਹੋਣ ਦੀ ਮਿਤੀ | ਰਕਮ/ ਈਐਮਡੀ (ਅਨੁਮਾਨਤ) ਲੱਖਾਂ ਵਿੱਚ | ਨੋਡਲ ਅਫ਼ਸਰ/ਸੰਪਰਕ ਵੇਰਵੇ/ਈਮੇਲ |
|---|---|---|---|---|---|
| 1. | ਕਾਰਜਕਾਰੀ ਇੰਜੀਨੀਅਰ, ਸੂਬਾਈ ਡਿਵੀਜ਼ਨ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਐਸ.ਏ.ਐਸ. ਨਗਰ | ਨਗਰ ਨਿਗਮ ਸ੍ਰੀ ਚਮਕੌਰ ਸਾਹਿਬ ਜ਼ਿਲ੍ਹਾ ਰੂਪਨਗਰ ਵਿੱਚ ਵੱਖ-ਵੱਖ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ। | 05/09/2025 29/09/2025 | 20.20 ਲੱਖ | 8054703344 ee.pd.moh.pwd@punjab.gov.in |
| 2. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰਬਰ 1, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਕਪੂਰਥਲਾ | 2025-26 ਲਈ ਪੂੰਜੀ ਨਿਵੇਸ਼ ਲਈ ਰਾਜ ਨੂੰ ਵਿਸ਼ੇਸ਼ ਸਹਾਇਤਾ ਸਕੀਮ ਅਧੀਨ ਨਗਰ ਨਿਗਮ ਭੁਲੱਥ ਵਿੱਚ ਵੱਖ-ਵੱਖ ਪੇਂਡੂ ਲਿੰਕ ਸੜਕਾਂ ਦਾ ਆਧੁਨਿਕੀਕਰਨ | 08/09/2025 22/09/2025 | 15.94 ਲੱਖ | 9988668668 ec.cd1.kpt.pwd@punjab.gov.in |
| 3. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਲੋਕ ਨਿਰਮਾਣ ਵਿਭਾਗ ਭ ਅਤੇ ਮ ਸ਼ਾਖਾ, ਫਾਜ਼ਿਲਕਾ | ਪਿੰਡ ਦਾਨੇਵਾਲਾ ਸਤਕੋਸੀ, ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਵਿਖੇ ਪੋਰਟਾ ਕੈਬਿਨ ਆਮ ਆਦਮੀ ਕਲੀਨਿਕ/ਆਯੁਸ਼ਮਾਨ ਅਰੋਗਿਆ ਕੇਂਦਰ ਦਾ ਨਿਰਮਾਣ। | 05/09/2025 19/09/2025 | 75.00 ਹਜ਼ਾਰ | 1638292974 eecdfzlpwdpb@gmail.com |
| 4. | ਕਮਿਸ਼ਨਰ ਆਬਕਾਰੀ ਅਤੇ ਕਰ, ਪਟਿਆਲਾ | ਆਬਕਾਰੀ ਅਤੇ ਕਾਰ ਭਵਨ, ਸੈਕਟਰ-69, ਮੋਹਾਲੀ (ਕੈਂਪ ਦਫ਼ਤਰ) ਲਈ ਇੱਕ ਵਾਹਨ ਕਿਰਾਏ 'ਤੇ ਲੈਣ ਲਈ ਟੈਂਡਰਿੰਗ ਇਕਰਾਰਨਾਮੇ ਸੰਬੰਧੀ | 11/09/2025 29/09/2025 | 15.00 ਹਜ਼ਾਰ | 9646710073 acsttaxlegacy@gmail.com |
| 5. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਠਾਨਕੋਟ | ਸਾਲ 2022-23, 2023-24 ਅਤੇ 2024-25 ਲਈ ਨਗਰ ਨਿਗਮ ਭੋਆ, ਨਗਰ ਨਿਗਮ ਨਰੋਟ ਜੈਮਲ ਸਿੰਘ ਵਿੱਚ ਵੱਖ-ਵੱਖ L/R ਲਈ S/R ਨੂੰ ਦੁਬਾਰਾ ਸੱਦਾ ਦਿਓ ਜਿਸ ਵਿੱਚ ਜ਼ਿਲ੍ਹਾ ਵਿੱਚ 5 ਸਾਲਾਂ ਦੀ ਦੇਖਭਾਲ ਸ਼ਾਮਲ ਹੈ। ਪਠਾਨਕੋਟ ਗਰੁੱਪ ਨੰਬਰ 6, 8 ਅਤੇ 9 | 06/09/2025 19/09/2025 | 11.04 ਲੱਖ | 9855076068 eecdpthkpwdpb@gmail.com |
| 6. | ਕਾਰਜਕਾਰੀ ਇੰਜੀਨੀਅਰ, ਐਸ.ਪੀ.ਕੇ. ਡੈਮ ਡਿਵੀਜ਼ਨ, ਸ਼ਾਹਪੁਰਕੰਡੀ ਟਾਊਨਸ਼ਿਪ | ਸ਼ਾਹਪੁਰਕੰਡੀ ਡੈਮ ਵਿਖੇ ਟਿਲਟ ਮਾਨੀਟਰਿੰਗ ਸਿਸਟਮ ਦੀ ਸਥਾਪਨਾ ਦਾ ਕੰਮ | 10/09/2025 01/10/2025 | 2.20 ਲੱਖ | 9530551337 eedam.dwr.spk@punjab.gov.in |
| 7. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ ਨੰਬਰ 2, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਕਪੂਰਥਲਾ | ਆਈ.ਟੀ.ਆਈ. ਸੁਖਚੈਨ ਨਗਰ, ਫਗਵਾੜਾ ਜ਼ਿਲ੍ਹਾ ਕਪੂਰਥਲਾ ਲਈ ਸੀਮਾ ਦੀਵਾਰ ਦਾ ਨਿਰਮਾਣ। | 10/09/2025 24/09/2025 | 0.23 ਲੱਖ | 9781404284 eecd2kptpwdpb@gmail.com |
| 8. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਲੋਕ ਨਿਰਮਾਣ ਵਿਭਾਗ (ਸੀ ਐਂਡ ਐਮ) ਡਿਵੀਜ਼ਨ, ਅੰਮ੍ਰਿਤਸਰ | ਜ਼ਿਲ੍ਹਾ ਅੰਮ੍ਰਿਤਸਰ ਵਿਖੇ 23 ਨੰਬਰ ਪੰਚਾਇਤ ਘਰ ਅਤੇ 2 ਨੰਬਰ ਐਚ.ਡਬਲਯੂ.ਸੀ. ਦਾ ਨਿਰਮਾਣ। | 09/09/2025 17/09/2025 | 11.55 ਲੱਖ | 9914124342 xenpanchaytirajamritsar@yahoo.in |
| 9. | ਕਾਰਜਕਾਰੀ ਇੰਜੀਨੀਅਰ, ਨਿਰਮਾਣ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਪਟਿਆਲਾ | ਰਾਜਾਂ ਨੂੰ ਪੂੰਜੀ ਨਿਵੇਸ਼ ਲਈ ਵਿਸ਼ੇਸ਼ ਸਹਾਇਤਾ 2025-26 ਯੋਜਨਾ ਦੇ ਤਹਿਤ ਪੇਂਡੂ ਲਿੰਕ ਸੜਕਾਂ ਦਾ ਆਧੁਨਿਕੀਕਰਨ, ਜਿਸ ਵਿੱਚ ਜ਼ਿਲ੍ਹਾ ਪਟਿਆਲਾ ਵਿੱਚ ਐਮ.ਸੀ. ਘਨੌਰ ਅਤੇ ਪਾਤੜਾਂ ਵਿੱਚ 5 ਸਾਲਾਂ ਦੀ ਰੁਟੀਨ ਰੱਖ-ਰਖਾਅ ਸ਼ਾਮਲ ਹੈ। | 09/09/2025 30/09/2025 | 22.59 ਲੱਖ | 9878360786 eecdptapwdpb@gmail.com |
| 10. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ, ਫਾਜ਼ਿਲਕਾ | ਮਜ਼ਬੂਤੀਕਰਨ ਡਬਲਯੂ.ਐਸ.ਐਸ. ਮੋਹਰ ਜਮਸ਼ੇਰ (ਐਮ.ਐਚ.-ਪੀ.ਸੀ.) ਅਤੇ ਡਬਲਯੂ.ਐਸ.ਐਸ. ਰੋੜਾਂ ਵਾਲੀ ਉਰਫ ਤਾਰੀ ਵਾਲਾ ਬਲਾਕ ਫਾਜ਼ਿਲਕਾ / ਜਲਾਲਾਬਾਦ ਜ਼ਿਲ੍ਹਾ ਫਾਜ਼ਿਲਕਾ ਵਿਖੇ ਟੀ.ਡਬਲਯੂ. ਦੀ ਸਥਾਪਨਾ (ਪੀ.ਆਈ.ਡੀ.ਬੀ./4215 ਅਧੀਨ) | 09/09/2025 19/09/2025 | 1.38 ਲੱਖ | 8699349036 eewss.divfazilkapb@yahoo.com |
| 11. | ਕਾਰਜਕਾਰੀ ਇੰਜੀਨੀਅਰ, ਫਾਜ਼ਿਲਕਾ ਨਹਿਰ ਅਤੇ ਭੂਮੀਗਤ ਜਲ ਵਿਭਾਗ, ਫਿਰੋਜ਼ਪੁਰ | ਜਲਾਲਾਬਾਦ ਨਹਿਰ ਸਬ ਡਿਵੀਜ਼ਨ, ਅਮੀਰਖਾਸ ਦੀ ਮੌਜੂਦਾ ਦਫਤਰੀ ਇਮਾਰਤ ਲਈ ਫਲੋਰਿੰਗ ਵਰਕ ਅਤੇ ਪੇਵਰ ਬਲਾਕ ਲਈ ਅਨੁਮਾਨ। | 09/09/2025 19/09/2025 | 12.57 ਹਜ਼ਾਰ | 8054919100 xencastern.fvn@gmail.com |
| 12. | ਸੀਨੀਅਰ ਮੈਡੀਕਲ ਅਫਸਰ, ਸਿਵਲ ਹਸਪਤਾਲ, ਕੋਟਕਪੂਰਾ (ਫਰੀਦਕੋਟ) | ਐਸ.ਡੀ.ਐਚ. ਕੋਟਕਪੂਰਾ ਲਈ ਸਾਈਕਲ ਸਟੈਂਡ ਪਾਰਕਿੰਗ ਟੈਂਡਰ | 09/09/2025 15/09/2025 | 1.61 ਲੱਖ | 7973983259 civilhkkp@gmail.com |
| 13. | ਕਾਰਜਕਾਰੀ ਇੰਜੀਨੀਅਰ, ਬਰਨਾਲਾ ਕਨਾਲ ਅਤੇ ਗਰਾਊਂਡ ਵਾਟਰ ਡਿਵੀਜ਼ਨ, ਡਬਲਿਊਆਰਡੀ, ਬਰਨਾਲਾ | ਵੱਖ-ਵੱਖ 7 ਅਦਦ ਕੰਮ | 04/09/2025 25/09/2025 | 38.00 ਲੱਖ | 8872240486 xen.ib.bnl2@gmail.com |
| 14. | ਕਾਰਜਕਾਰੀ ਇੰਜੀਨੀਅਰ, ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੰ.1, ਤਰਨ ਤਾਰਨ | ਮੌਜੂਦਾ WS ਸਕੀਮ ਨਾਰਲਾ, ਬਲਾਕ ਭਿੱਖੀਵਿੰਡ ਜ਼ਿਲ੍ਹਾ ਤਰਨਤਾਰਨ ਵਿੱਚ 88 ਕੁਨੈਕਸ਼ਨ ਪ੍ਰਦਾਨ ਕਰਨਾ। JJM/Nabard-XXVI ਅਧੀਨ 33.97 ਲੱਖ ਰੁਪਏ | 09/09/2025 24/09/2025 | 0.68 ਲੱਖ | 9501099773 eewss_tt@yahoo.in |
| 15. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਨੰ.1, ਲੋਕ ਨਿਰਮਾਣ ਵਿਭਾਗ (B&R) ਸ਼ਾਖਾ, SAS ਨਗਰ (ਮੁਹਾਲੀ) | 1. ਚਨਾਲੋਂ ਜ਼ਿਲ੍ਹਾ ਮੋਹਾਲੀ ਵਿਖੇ ਨਵੇਂ ਏਏਸੀ/ਏਏਕੇ ਦੀ ਸਥਾਪਨਾ (ਤੀਜੀ ਵਾਰ ਕਾਲ ਕੀਤੀ ਜਾ ਰਹੀ ਹੈ) 2. ਮੁੱਲਾਂਪੁਰ ਗਰੀਬਦਾਸ, ਜ਼ਿਲ੍ਹਾ ਮੋਹਾਲੀ ਵਿਖੇ ਸੇਵਾ ਕੇਂਦਰ ਦੀ ਸਥਾਪਨਾ (ਦੂਜੀ ਵਾਰ ਕਾਲ ਕੀਤੀ ਜਾ ਰਹੀ ਹੈ) | 08/09/2025 15/09/2025 | 1.29 ਲੱਖ | 9876647324 Pwdc1mohali@gmail.com |
| 16. | ਕਾਰਜਕਾਰੀ ਇੰਜੀਨੀਅਰ, ਉਸਾਰੀ ਵਿਭਾਗ ਪੀਡਬਲਿਊਡੀ (ਭ ਅਤੇ ਮ) ਸ਼ਾਖਾ, ਸਰਹਿੰਦ | MC ਸਰਹਿੰਦ ਵਿੱਚ ਮਲਕੋ ਮਾਜਰਾ ਤੋਂ ਸਿੱਧੂਪੁਰ ਅਤੇ ਸਾਨੀਪੁਰ ਤੋਂ ਸਿੱਧੂਪੁਰ ਤੱਕ ਲਿੰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ | 09/09/2025 16/09/2025 | 0.78 ਲੱਖ | 9814506842 eecdsirhindpwdpb@gmail.com |
| 17. | ਕਾਰਜਕਾਰੀ ਇੰਜੀਨੀਅਰ, ਪੰਚਾਇਤੀ ਰਾਜ ਲੋਕ ਨਿਰਮਾਣ ਵਿਭਾਗ, ਫਿਰੋਜ਼ਪੁਰ | ਫਿਰੋਜ਼ਸ਼ਾਹ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਵਲੂਰ ਬਲਾਕ ਵਿਖੇ HWC ਦੀ ਉਸਾਰੀ | 08/09/2025 23/09/2025 | 67.96 ਹਜ਼ਾਰ | 9888292002 xen_pr@yahoo.com |
| 18. | ਜ਼ਿਲ੍ਹਾ ਖੇਡ ਅਧਿਕਾਰੀ, ਫਰੀਦਕੋਟ | 1. ਸਕੂਲ ਵਿੰਗ ਦੇ ਖਿਡਾਰੀਆਂ (ਡੇ-ਸਕਾਲਰ) ਲਈ ਖੁਰਾਕ/ਰਿਫਰੈਸ਼ਮੈਂਟ ਪ੍ਰਦਾਨ ਕਰਨਾ | 05/09/2025 19/09/2025 | 1.39 ਲੱਖ | 9878862031 dsofdk@gmail.com |
| 19. | ਕਾਰਜਕਾਰੀ ਇੰਜੀਨੀਅਰ, ਸੂਬਾਈ ਵਿਭਾਗ, ਲੋਕ ਨਿਰਮਾਣ ਵਿਭਾਗ (ਭ ਅਤੇ ਮ) ਸ਼ਾਖਾ, ਸੰਗਰੂਰ | ਧੂਰੀ, ਜ਼ਿਲ੍ਹਾ ਸੰਗਰੂਰ ਵਿਖੇ ਤਹਿਸੀਲ ਕੰਪਲੈਕਸ ਦੀ ਮੁਰੰਮਤ ਅਤੇ ਨਵੀਨੀਕਰਨ ਅਤੇ [illegible] ਢੱਡਰੀਆਂ ਬਲਾਕ ਅਤੇ ਜ਼ਿਲ੍ਹਾ ਸੰਗਰੂਰ ਦੀ ਨਵੀਂ ਉਸਾਰੀ | 08/09/2025 29/09/2025 | 29.54 ਲੱਖ | 9888079005 xenprovincialsangrur@yahoo.com |
| 20 | ਕਾਰਜਕਾਰੀ ਇੰਜੀਨੀਅਰ, ਬਿਜਲੀ ਵਿਭਾਗ, ਲੋਕ ਨਿਰਮਾਣ ਵਿਭਾਗ((ਭ ਅਤੇ ਮ) ਸ਼ਾਖਾ, ਜਲੰਧਰ ਛਾਉਣੀ | ਸੁਲਤਾਨਪੁਰ ਲੋਧੀ ਸੜਕ ਤੋਂ ਤਲਵੰਡੀ ਚੌਧਰੀਆਂ ਸੜਕ ਤੱਕ ਸੁਲਤਾਨਪੁਰ ਵਿਖੇ ਸੜਕ ਲਾਈਟਾਂ ਦੀ ਤਬਦੀਲੀ ਅਤੇ ਨਵੀਨੀਕਰਨ ਲੋਧੀ, ਜ਼ਿਲ੍ਹਾ ਕਪੂਰਥਲਾ। (ਸੋਧਿਆ) | 05/09/2025 19/09/2025 | 72.72 ਹਜ਼ਾਰ | 9878401315 electdivnjal55@gmail.com |

ਹੋਰ ਜਾਣਕਾਰੀ ਅਤੇ ਸੋਧ ਅਤੇ ਵਾਧਾ, ਜੇਕਰ ਕੋਈ ਹੈ, ਦੇ ਲਈ ਕਿਰਪਾ ਕਰਕੇ ਦੇਖੋ : https://eproc.punjab.gov.in/, eproc.punjab.gov.in,www.taxation.punjab.gov.in, www.pbrdp.gov.in, www.eproc.punjab.gov.in,health.punjab.gov.in
RO No. PR-Advt. No.: 1001/12/2025-26/2947/Dated CHD: 8/9/2025

RO No. PR-Advt. No.: 1001/12/2025-26/2947/Dated CHD: 8/9/2025

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਚੜ੍ਹਦੀਕਲਾ ਗਰੁੱਪ ਦੇ ਬਾਨੀ ਸੱਚਖੰਡ ਵਾਸੀ ਗਿਆਨੀ ਹਰਨਾਮ ਸਿੰਘ ਜੀ ਦੀ ਬਰਸੀ ਮੌਕੇ ਕੀਰਤਨ ਦਰਬਾਰ ਕਰਵਾਇਆ





ਚੜ੍ਹਦੀਕਲਾ ਗਰੁੱਪ ਦੇ ਬਾਨੀ ਸੱਚਖੰਡ ਵਾਸੀ ਗਿਆਨੀ ਹਰਨਾਮ ਸਿੰਘ ਜੀ ਦੀ ਬਰਸੀ ਮੌਕੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਵਿਸ਼ਾਲ ਕੀਰਤਨ ਦਰਬਾਰ ਆਯੋਜਿਤ ਕੀਤਾ ਗਿਆ। ਇਸ ਮੌਕੇ ਕੀਰਤਨੀ ਜਥਿਆਂ ਵੱਲੋਂ ਸੰਗਤਾਂ ਨੂੰ ਰਸਭਿੰਨੇ ਕੀਰਤਨ ਰਾਹੀਂ ਨਿਹਾਲ ਕੀਤਾ ਗਿਆ। ਇਸ ਮੌਕੇ ਸਰਦਾਰਨੀ ਜਸਵਿੰਦਰ ਕੌਰ ਦਰਦੀ, ਡਾ. ਇੰਦਰਪ੍ਰੀਤ ਕੌਰ ਨੇ ਕੀਰਤਨ ਦਰਬਾਰ ਵਿੱਚ ਹਾਜ਼ਰੀ ਲਗਵਾਈ ਅਤੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ।

## ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਪਲੇਨਫੀਲਡ ਇੰਡੀਆਨਾ ਵਿਖੇ ਕੀਰਤਨ ਦਰਬਾਰ ਕਰਵਾਇਆ



ਨਿਊਯਾਰਕ, 8 ਸਤੰਬਰ, (ਚ.ਨ.ਸ) : ਗੁਰਦੁਆਰਾ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਪਲੇਨਫੀਲਡ ਇੰਡੀਆਨਾ ਵਿਖੇ ਕੀਰਤਨ ਦਰਬਾਰ ਕਰਵਾਇਆ ਗਿਆ ਜਿਸ ਰਾਗੀ ਜਥਿਆਂ ਭਾਈ ਯਾਦਵਿੰਦਰ ਸਿੰਘ ਜੀ, ਬਾਬਾ ਮੁਖਤਿਆਰ ਸਿੰਘ ਜੀ ਮੁਖੀ, ਭਾਈ ਗਗਨ ਦੀਪ ਸਿੰਘ ਜੀ,ਭਾਈ ਜਾਪ ਸਿੰਘ, ਭਾਈ ਆਦਿ ਸਿੰਘ, ਭਾਈ ਅਭੈ ਸਿੰਘ, ਭਾਈ ਹੀਰਾ ਸਿੰਘ,ਭਾਈ ਗੁਰਲਾਲ ਸਿੰਘ ਅਤੇ ਭਾਈ ਹਰਕੀਰਤ ਸਿੰਘ ਬੱਚਿਆਂ ਨੇ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ. ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕੀਤੀਆਂ। ਸ਼੍ਰੋਮਣੀ ਸੇਵਾ ਰਤਨ ਸ਼੍ਰੋਮਣੀ ਪੰਥ ਰਤਨ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ 14 ਵੇਂ ਮੁੱਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖਤ ਚਲਦਾ ਵਹੀਰ (ਚੱਕਰਵਰਤੀ) ਪੰਜਾਬ ਭਾਰਤ (ਵਿਸ਼ਵ) ਵੱਲੋਂ ਥਾਪੇ ਗਏ ਅਮਰੀਕਾ ਦੇ ਜਥੇਦਾਰ ਬਾਬਾ ਜਸਵਿੰਦਰ ਸਿੰਘ ਖ਼ਾਲਸਾ ਵੱਲੋਂ ਸਾਰੀਆਂ ਸਿੱਖ ਸੰਗਤਾਂ ਨੂੰ ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਤਾ ਗੱਦੀ ਦਿਵਸ ਦੀਆਂ ਵਧਾਈਆਂ ਦਿੱਤੀਆਂ ਅਤੇ ਅੰਮ੍ਰਿਤ ਛੱਕੋ, ਸਿੰਘ ਸਜੋ ਅਤੇ ਬਾਣੀ ਬਾਣੇ ਦੇ ਧਾਰਨੀ ਹੋਣ ਦਾ ਸੁਨੇਹਾ ਦਿੱਤਾ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ ਅਤੇ ਭਾਈ ਗੁਰਪਰਤਾਪ ਸਿੰਘ ਖ਼ਾਲਸਾ ਵੱਲੋਂ ਗਤਕੇ ਦੀ ਸਿਖਲਾਈ ਦਿੱਤੀ ਗਈ।

## ਪਹਿਲੀ ਵਾਰ ਖ਼ਾਲਸਾਈ ਰੰਗ ਵਿੱਚ ਰੰਗਿਆ ਲਾਤੀਨਾ ਜ਼ਿਲ੍ਹੇ ਦਾ ਚਿਸਤੇਰਨਾ ਸ਼ਹਿਰ

### *ਗੁਰਦੁਆਰਾ ਸਿੰਘ ਸਭਾ ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਜਾਇਆ ਅਲੌਕਿਕ ਵਿਸ਼ਾਲ ਨਗਰ ਕੀਰਤਨ*

ਰੋਮ ਇਟਲੀ, 8 ਸਤੰਬਰ (ਗੁਰਸ਼ਰਨ ਸਿੰਘ ਸੋਨੀ) ਦੁਨੀਆਂ ਦੇ ਜਿਸ ਕੋਨੇ ਵਿੱਚ ਨਾਨਕ ਨਾਮ ਲੇਵਾ ਸੰਗਤਾਂ ਵਸਦੀਆਂ ਹਨ ਉਥੇ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਹਰ ਸਾਲ ਵਿਸ਼ਾਲ ਨਗਰ ਤੇ ਗੁਰਮਿਤ ਸਮਾਗਮ ਕਰਵਾਏ ਜਾਂਦੇ ਹਨ। ਇਸੇ ਲੜੀ ਤਹਿਤ ਵਿਦੇਸ਼ੀ ਧਰਤੀ ਯੂਰਪ ਦੇ ਦੇਸ਼ ਇਟਲੀ ਵਿੱਚ ਲਾਸੀਓ ਸੂਬੇ ਵਿੱਚ ਸਿੱਖੀ ਦੇ ਪ੍ਰਚਾਰ ਲਈ ਦਿਨ-ਰਾਤ ਸੇਵਾ ਵਿੱਚ ਜੁੜੇ ਗੁਰਦੁਆਰਾ ਸਾਹਿਬ ਸਿੰਘ ਸਭਾ ਚਿਸਤੇਰਨਾ ਦੀ ਲਾਤੀਨਾ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪਹਿਲੀ ਵਾਰ ਪਹਿਲਾ ਅਲੌਕਿਕ ਵਿਸ਼ਾਲ ਨਗਰ ਕੀਤਰਨ ਧੰਨ ਧੰਨ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਤੇ ਪੰਜ ਪਿਆਰਿਆਂ ਤੇ ਪੰਜ ਨਿਸ਼ਾਨੀ ਸਿੰਘਾ ਦੀ ਅਗਵਾਈ ਹੇਠ ਸ਼ਹਿਰ ਵਿੱਚ ਨਗਰ ਕੀਰਤਨ ਸਜਾਇਆ ਗਿਆ। ਪਹਿਲੀ ਵਾਰ ਖਾਲਸਾਈ ਰੰਗ ਵਿੱਚ ਰੰਗੇ ਗਏ ਚਿਸਤੇਰਨਾ ਸ਼ਹਿਰ ਦੇ ਲੋਕਾ ਵੱਲੋਂ ਜਿੱਥੇ ਇਸ ਨਗਰ ਕੀਰਤਨ ਨੂੰ ਦੇਖਣ ਮਗਰੋਂ ਖੁਸ਼ੀ ਪ੍ਰਗਟ ਕੀਤੀ ਉੱਥੇ ਹੀ ਇਲਾਕੇ ਭਰ ਦੀਆਂ ਧਾਰਮਿਕ ਸੰਸਥਾਵਾਂ ਦੇ ਪ੍ਰਬੰਧਕਾਂ ਤੇ ਦੂਰੋਂ ਦਰਾਡੇ ਤੋ ਸੰਗਤਾਂ ਨੇ ਸ਼ਮੂਲੀਅਤ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਪਾਸੋ ਖੁਸ਼ੀਆਂ ਪ੍ਰਾਪਤ ਕੀਤੀਆਂ। ਦੂਜੇ ਪਾਸੇ ਨਗਰ ਦੀ ਆਰੰਭਤਾ ਤੋ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਇਲਾਹੀ ਬਾਣੀ ਦੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਭੋਗ ਪਾਏ ਗਏ ਉਪਰੰਤ ਦੁਪਹਿਰ ਰੇਲਵੇ ਸਟੇਸ਼ਨ ਦੇ ਨਜਦੀਕ ਜਿੱਥੇ ਬੁੱਧਵਾਰ ਨੂੰ ਮਾਰਕੀਟ ਲਗਦੀ ਹੈ ਉਸ ਜਗ੍ਹਾ ਤੋ ਵਿਸ਼ਾਲ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ ਤੇ ਸ਼ਹਿਰ ਦੀਆਂ ਵੱਖ-ਵੱਖ ਗਲੀਆਂ ਵਿੱਚ ਤੋ ਹੁੰਦਾ ਹੋਇਆ ਵਾਪਸ ਆਰੰਭਤਾ ਵਾਲੀ ਜਗ੍ਹਾ 'ਤੇ ਪਹੁੰਚ ਕੀਤੀ ਗਈ ਤੇ ਇਸ ਮੌਕੇ ਖੁੱਲੇ ਪੰਡਾਲ ਸਜਾਏ ਗਏ। ਜਿਸ ਵਿੱਚ ਭਾਈ ਸੱਤਪਾਲ ਸਿੰਘ ਗਰਚਾ ਦੇ ਢਾਡੀ ਜਥੇ ਤੇ ਭਾਈ ਵਿਕਰਮਜੀਤ ਸਿੰਘ ਦੇ ਕੀਰਤਨੀ ਜਥੇ ਸਮੇਤ ਬੱਚਿਆਂ ਦੇ ਕੀਰਤਨ ਜਥੇ ਵਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਿਮਾ ਦਾ ਇਤਿਹਾਸ ਸੰਗਤਾਂ ਨੂੰ ਸਰਵਣ ਕਰਵਾਇਆ ਗਿਆ। ਇਸ ਮੌਕੇ 96 ਕਰੌੜੀ ਗੱਤਕਾ ਅਕੈਡਮੀ ਪੁਨਤੀਨੀਆ ਦੇ ਨੰਨੇ ਮੁੰਨੇ ਸਿੰਘਾਂ ਨੇ ਭਾਈ ਹਰਜੋਤ ਸਿੰਘ ਖਾਲਸਾ ਦੀ ਅਗਵਾਈ ਹੇਠ ਸਿੱਖ ਮਾਰਸ਼ਲ ਆਰਟ ਦੇ ਹੈਰਤਅੰਗੇਜ਼ ਕਰਤੱਬ ਵੀ ਦਿਖਾਏ। ਇਸ ਮੌਕੇ ਸੰਗਤਾਂ ਲਈ ਵੱਖ-ਵੱਖ ਪ੍ਰਕਾਰ ਦੇ ਪੰਗਤ ਵਿੱਚ ਲੰਗਰ ਵਰਤਾਏ ਗਏ ਤੇ ਵੱਖ-ਵੱਖ ਸੇਵਾਦਾਰਾਂ ਵੱਲੋਂ ਕਈ ਪ੍ਰਕਾਰ ਦੇ ਲੰਗਰਾਂ ਦੇ ਸਟਾਲ ਵੀ ਲਗਾਏ ਗਏ ਸਨ। ਸਮਾਗਮ ਦੀ ਸਮਾਪਤੀ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਇਸ ਨਗਰ ਕੀਰਤਨ ਨੂੰ ਸਫ਼ਲ ਬਣਾਉਣ ਲਈ ਸੰਗਤਾਂ ਦਾ ਧੰਨਵਾਦ ਕੀਤਾ ਤੇ ਜੀ ਆਇਆਂ ਆਖਿਆ ਗਿਆ ਤੇ ਉਪਰੰਤ ਇਟਾਲੀਅਨ ਪ੍ਰਸ਼ਾਸ਼ਨ ਸਮੇਤ ਵੱਖ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਤੇ ਸੇਵਾਦਾਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾ ਭੇਟ ਕਰਕੇ ਤੇ ਸਨਮਾਨ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ। ਜਿਕਰਯੋਗ ਹੈ ਤਿ ਇਸ ਨਗਰ ਵਿੱਚ ਪ੍ਰਬੰਧਕਾਂ ਤੇ ਸੇਵਾਦਾਰਾਂ ਵਲੋ ਕੀਤੇ ਵਿੱਚ ਪ੍ਰਬੰਧਾਂ ਦੀ ਪ੍ਰਸ਼ਾਸਨ ਸਮੇਤ ਸ਼ਹਿਰ ਦੇ ਮੇਅਰ ਵਲੋ ਵੀ ਤਰੀਫ਼ ਕੀਤੀ ਗਈ ਤੇ ਇਸ ਨਗਰ ਕੀਰਤਨ ਵਿੱਚ ਹਾਜ਼ਰੀ ਭਰ ਕੇ ਸੰਗਤਾਂ ਨੂੰ ਸੰਬੋਧਨ ਕਰਕੇ ਵਧਾਈ ਦਿੱਤੀ ਗਈ।



## ਗੁਲਾਬ ਚੰਦ ਕਟਾਰੀਆ ਨੇ ਹੜ੍ਹ ਰਾਹਤ ਕਾਰਜਾਂ ਲਈ ਤਿੰਨ ਬਚਾਅ ਕਿਸ਼ਤੀਆਂ ਨੂੰ ਹਰੀ ਝੰਡੀ ਦਿਖਾਈ



ਚੰਡੀਗੜ੍ਹ, 8 ਸਤੰਬਰ, (ਚ.ਨ.ਸ) : ਇੰਡੀਅਨ ਰੈੱਡ ਕਰਾਸ ਸੋਸਾਇਟੀ, ਪੰਜਾਬ ਸ਼ਾਖਾ ਨੇ ਅੱਜ ਭਾਰਤ ਦੇ ਭਰੋਸੇਮੰਦ ਔਨਲਾਈਨ ਦਾਨ ਪਲੇਟਫਾਰਮ, ਡੋਨੇਟਕਾਰਟ ਦੁਆਰਾ ਤਿੰਨ ਬਚਾਅ ਕਿਸ਼ਤੀਆਂ ਦੇ ਦਾਨ ਨਾਲ ਆਪਣੇ ਆਫ਼ਤ ਰਾਹਤ ਸਰੋਤਾਂ ਵਿੱਚ ਇੱਕ ਕੀਮਤੀ ਵਾਧਾ ਪ੍ਰਾਪਤ ਕੀਤਾ। ਇਹ ਕਿਸ਼ਤੀਆਂ ਕਲਾਉਡ ਫੰਡਿੰਗ ਦੁਆਰਾ ਪ੍ਰਾਪਤ ਕੀਤੀਆਂ ਗਈਆਂ ਸਨ, ਜੋ ਲੋੜ ਦੇ ਸਮੇਂ ਸਮਾਜ ਦੀ ਸਮੂਹਿਕ ਤਾਕਤ ਅਤੇ ਹਮਦਰਦੀ ਨੂੰ ਦਰਸਾਉਂਦੀਆਂ ਹਨ। ਇੱਕ 8-ਸੀਟਰ ਅਤੇ ਦੋ 4-ਸੀਟਰ - ਨੂੰ ਪੰਜਾਬ ਵਿੱਚ ਹੜ੍ਹ ਰਾਹਤ ਕਾਰਜਾਂ ਨੂੰ ਮਜ਼ਬੂਤ ਕਰਨ ਲਈ ਮੁੰਬਈ ਤੋਂ ਚੰਡੀਗੜ੍ਹ ਵਿਸ਼ੇਸ਼ ਤੌਰ 'ਤੇ ਹਵਾਈ ਜਹਾਜ਼ ਰਾਹੀਂ ਭੇਜਿਆ ਗਿਆ ਸੀ। ਸ਼੍ਰੀ ਗੁਲਾਬ ਚੰਦ ਕਟਾਰੀਆ, ਮਾਣਯੋਗ ਰਾਜਪਾਲ ਅਤੇ ਪ੍ਰਧਾਨ, ਸਟੇਟ ਰੈੱਡ ਕਰਾਸ, ਨੇ ਕਿਸ਼ਤੀਆਂ ਨੂੰ ਹਰੀ ਝੰਡੀ ਦਿਖਾਈ ਇਸ ਮੌਕੇ ਬੋਲਦਿਆਂ, ਰਾਜਪਾਲ ਨੇ ਜ਼ੋਰ ਦੇ ਕੇ ਕਿਹਾ ਕਿ ਇੰਡੀਅਨ ਰੈੱਡ ਕਰਾਸ ਸੋਸਾਇਟੀ ਹਮੇਸ਼ਾ ਰਾਹਤ ਅਤੇ ਮੁੜ ਵਸੇਬੇ ਦੇ ਯਤਨਾਂ ਵਿੱਚ ਸਭ ਤੋਂ ਅੱਗੇ ਰਹੀ ਹੈ, ਅਤੇ ਇਨ੍ਹਾਂ ਬਚਾਅ ਕਿਸ਼ਤੀਆਂ ਦੇ ਜੋੜ ਨਾਲ ਐਮਰਜੈਂਸੀ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦੇਣ ਦੀ ਇਸਦੀ ਸਮਰੱਥਾ ਵਿੱਚ ਕਾਫ਼ੀ ਵਾਧਾ ਹੋਵੇਗਾ।

## ਰਾਸ਼ਟਰਪਤੀ ਨੇ ਈ.ਈ.ਪੀ.ਸੀ. ਇੰਡੀਆ ਦੇ ਪਲੈਟੀਨਮ ਜੁਬਲੀ ਸਮਾਰੋਹਾਂ ਵਿੱਚ ਸ਼ਿਰਕਤ ਕੀਤੀ



ਨਵੀਂ ਦਿੱਲੀ, 8 ਸਤੰਬਰ, (ਚ.ਨ.ਸ) : ਰਾਸ਼ਟਰਪਤੀ ਸ਼੍ਰੀਮਤੀ ਦ੍ਰੋਪਦੀ ਮੁਰਮੂ ਨੇ ਅੱਜ ਨਵੀਂ ਦਿੱਲੀ ਵਿੱਚ ਇੰਜੀਨੀਅਰਿੰਗ ਐਕਸਪੋਰਟ ਪ੍ਰਮੋਸ਼ਨ ਕੌਂਸਲ (ਈ ਈ ਪੀ ਸੀ ਇੰਡੀਆ ਦੇ ਪਲੈਟੀਨਮ ਜੁਬਲੀ ਸਮਾਰੋਹਾਂ ਵਿੱਚ ਸ਼ਿਰਕਤ ਕੀਤੀ।ਰਾਸ਼ਟਰਪਤੀ ਨੇ ਇਸ ਮੌਕੇ ਕਿਹਾ ਕਿ ਪ੍ਰਾਚੀਨ ਸਮੇਂ ਵਿੱਚ, ਭਾਰਤ ਅਧਿਆਤਮਿਕਤਾ ਅਤੇ ਵਪਾਰ ਦੋਵਾਂ ਵਿੱਚ ਦੁਨੀਆ ਦੀ ਅਗਵਾਈ ਕਰਦਾ ਸੀ। ਇਹ ਸਾਰੇ ਨਾਗਰਿਕਾਂ ਦਾ ਸੰਕਲਪ ਹੋਣਾ ਚਾਹੀਦਾ ਹੈ ਕਿ ਭਾਰਤ ਨੂੰ ਇੱਕ ਵਾਰ ਫਿਰ ਗਿਆਨ ਅਤੇ ਵਪਾਰ ਦਾ ਮੋਹਰੀ ਕੇਂਦਰ ਬਣਾਇਆ ਜਾਵੇ। ਆਰਥਿਕ ਖੇਤਰ ਵਿੱਚ ਇੱਕ ਮਹੱਤਵਪੂਰਨ ਹਿੱਸੇਦਾਰ ਹੋਣ ਦੇ ਨਾਤੇ, ਈ ਈ ਪੀ ਸੀ ਨੂੰ ਇਹ ਪ੍ਰਣ ਦ੍ਰਿੜਤਾ ਨਾਲ ਲੈਣਾ ਚਾਹੀਦਾ ਹੈ।ਰਾਸ਼ਟਰਪਤੀ ਨੇ ਖੁਸ਼ੀ ਪ੍ਰਗਟ ਕੀਤੀ ਕਿ ਪਿਛਲੇ 10 ਸਾਲਾਂ ਵਿੱਚ, ਭਾਰਤ ਦਾ ਇੰਜੀਨੀਅਰਿੰਗ ਨਿਰਯਾਤ £70 ਬਿਲੀਅਨ ਤੋਂ ਵੱਧ ਕੇ £115 ਬਿਲੀਅਨ ਤੋਂ ਵੱਧ ਹੋ ਗਿਆ ਹੈ।ਰਾਸ਼ਟਰਪਤੀ ਨੇ ਕਿਹਾ ਕਿ ਈ ਈ ਪੀ ਸੀ ਅੰਤਰਰਾਸ਼ਟਰੀ ਬਾਜ਼ਾਰ ਅਤੇ ਭਾਰਤੀ ਉਤਪਾਦਕਾਂ ਵਿਚਕਾਰ ਇੱਕ ਪੁਲ ਦਾ ਕੰਮ ਕਰਦਾ ਹੈ। ਉਨ੍ਹਾਂ ਨੇ ਈ ਈ ਪੀ ਸੀਨੂੰ ਗਲੋਬਲ ਵੈਲਯੂ ਚੇਨ ਵਿੱਚ ਭਾਰਤ ਅਤੇ ਭਾਰਤੀ ਉੱਦਮੀਆਂ ਦੀ ਭੂਮਿਕਾ ਨੂੰ ਲਗਾਤਾਰ ਵਧਾਉਣ ਦੀ ਅਪੀਲ ਕੀਤੀ।ਭਾਰਤ ਦੇ ਇੰਜੀਨੀਅਰਿੰਗ ਨਿਰਯਾਤ ਵਿੱਚ ਪਿਛਲੇ ਸੱਤ ਦਹਾਕਿਆਂ ਵਿੱਚ ਇੱਕ ਸ਼ਾਨਦਾਰ ਤਬਦੀਲੀ ਆਈ ਹੈ।ਉਨ੍ਹਾਂ ਨੇ ਈ ਈ ਪੀ ਸੀ ਦੇ ਸਾਰੇ ਹਿੱਸੇਦਾਰਾਂ ਨੂੰ ਅਪੀਲ ਕੀਤੀ ਕਿ ਉਹ ਸਾਡੇ ਦੇਸ਼ ਵਿੱਚ ਉਪਲਬਧ ਪ੍ਰਤਿਭਾ ਅਤੇ ਊਰਜਾ ਲਈ ਇੱਕ ਸਮਰੱਥ ਈਕੋ-ਸਿਸਟਮ ਪ੍ਰਦਾਨ ਕਰਕੇ ਭਾਰਤ ਨੂੰ ਇੱਕ ਮੋਹਰੀ ਨਵੀਨਤਾ ਅਰਥਵਿਵਸਥਾ ਬਣਾਉਣ ਦਾ ਵਾਅਦਾ ਕਰਨ।

## ਸਰਬਤ ਦਾ ਭਲਾ ਚੈਰੀਟੇਬਲ ਟਰਸਟ ਵੱਲੋਂ ਹੜ੍ਹ ਪੀੜਤਾਂ ਲਈ ਲਗਾਤਾਰ ਮਦਦ ਜਾਰੀ



ਪਟਿਆਲਾ, 8 ਸਤੰਬਰ (ਅਮਰਜੀਤ ਸਿੰਘ) : ਸਰਬਤ ਦਾ ਭਲਾ ਚੈਰੀਟੇਬਲ ਟਰਸਟ ਵੱਲੋਂ ਹੜ੍ਹ ਪੀੜਤਾਂ ਲਈ ਸਹਾਇਤਾ ਦਾ ਸਿਲਸਿਲਾ ਬਿਨਾਂ ਰੁਕੇ ਜਾਰੀ ਹੈ। ਅੱਜ ਪਟਿਆਲਾ ਵਿਖੇ ਟਰਸਟ ਦੇ ਮੁੱਖ ਦਫ਼ਤਰ ਤੋਂ ਵੱਖ-ਵੱਖ ਪ੍ਰਭਾਵਿਤ ਇਲਾਕਿਆਂ ਲਈ ਰਾਹਤ ਸਮੱਗਰੀ ਅਤੇ ਫੋਗਿੰਗ ਮਸ਼ੀਨਾਂ ਰਵਾਨਾ ਕੀਤੀਆਂ ਗਈਆਂ। ਟਰਸਟ ਦੇ ਮੈਨੇਜਿੰਗ ਟਰਸਟੀ ਡਾ. ਐਸ.ਪੀ. ਸਿੰਘ ਉਬਰਾਏ ਨੇ ਦੱਸਿਆ ਕਿ ਹੜ੍ਹ ਦੀ ਸ਼ੁਰੂਆਤ ਤੋਂ ਹੀ ਟਰਸਟ ਵੱਲੋਂ ਰਾਹਤ ਕੰਮ ਤੇਜ਼ੀ ਨਾਲ ਕੀਤੇ ਜਾ ਰਹੇ ਹਨ। ਸ਼ੁਰੂ ਵਿੱਚ ਪ੍ਰਭਾਵਿਤ ਲੋਕਾਂ ਨੂੰ ਰਾਸ਼ਨ ਕਿੱਟਾਂ ਮੁਹੱਈਆ ਕਰਵਾਈਆਂ ਗਈਆਂ, ਇਸ ਦੇ ਨਾਲ ਟਰਸਟ ਨੇ ਪਾਣੀ ਦੀਆਂ ਬੋਤਲਾਂ, ਮੱਛਰਦਾਨੀਆਂ ਪਸ਼ੂਆਂ ਲਈ ਹਰਾ ਚਾਰਾ, ਸੈਨਟਰੀ ਪੈਡ ਅਤੇ ਤਰਪਾਲਾਂ ਦਾ ਪ੍ਰਬੰਧ ਸ਼ੁਰੂ ਕੀਤਾ। ਡਾ. ਉਬਰਾਏ ਨੇ ਕਿਹਾ ਕਿ ਪਸ਼ੂਆਂ ਦਾ ਚਾਰਾ ਸਭ ਤੋਂ ਜ਼ਰੂਰੀ ਹੈ, ਇਸ ਲਈ ਲਗਾਤਾਰ ਹਰੇ ਚਾਰੇ ਅਤੇ ਤਰਪਾਲਾਂ ਦੀ ਸਪਲਾਈ ਕੀਤੀ ਜਾ ਰਹੀ ਹੈ। ਦੂਜੇ ਪੜਾਅ ਵਿੱਚ, ਲੋਕਾਂ ਦੀ ਸਿਹਤ ਸੁਰੱਖਿਆ ਲਈ ਦਵਾਈਆਂ ਦੀਆਂ ਕਿੱਟਾਂ ਅਤੇ ਮੱਛਰਾਂ ਤੋਂ ਬਚਾਅ ਲਈ ਲਗਭਗ ਦੋ ਦਰਜਨ ਫੋਗਿੰਗ ਮਸ਼ੀਨਾਂ ਦੀ ਸਪਲਾਈ ਸ਼ੁਰੂ ਹੋ ਚੁੱਕੀ ਹੈ। ਇਹ ਮਸ਼ੀਨਾਂ ਜਲਦੀ ਹੀ ਪ੍ਰਭਾਵਿਤ ਖੇਤਰਾਂ ਵਿੱਚ ਭੇਜ ਦਿੱਤੀਆਂ ਜਾਣਗੀਆਂ।ਟਰਸਟ ਦੇ ਵਲੰਟੀਅਰ ਨਾ ਸਿਰਫ਼ ਹੜ੍ਹ ਪ੍ਰਭਾਵਿਤ ਜ਼ਿਲਿਆਂ ਵਿੱਚ ਸੇਵਾ ਕਰ ਰਹੇ ਹਨ, ਸਗੋਂ ਜਿਨ੍ਹਾਂ ਜ਼ਿਲਿਆਂ ਵਿੱਚ ਹੜ੍ਹ ਨਹੀਂ ਆਇਆ ਉੱਥੋਂ ਵੀ ਸੇਵਾਦਾਰ ਪ੍ਰਭਾਵਿਤ ਖੇਤਰਾਂ ਵਿੱਚ ਜਾ ਕੇ ਸਹਾਇਤਾ ਕਰ ਰਹੇ ਹਨ। ਡਾ. ਉਬਰਾਏ ਖ਼ੁਦ ਵੀ ਵੱਖ-ਵੱਖ ਪੀੜਤ ਪਿੰਡਾਂ ਦਾ ਦੌਰਾ ਕਰ ਚੁੱਕੇ ਹਨ ਅਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਪੁਨਰ-ਨਿਰਮਾਣ ਲਈ ਵੱਡੇ ਪੱਧਰ 'ਤੇ ਕੰਮ ਕਰਨ ਦੀ ਲੋੜ ਹੈ।ਉਨ੍ਹਾਂ ਨੇ ਕਿਹਾ, ਸਰਕਾਰਾਂ ਆਪਣੇ ਪੱਧਰ ਤੇ ਕੰਮ ਕਰ ਰਹੀਆਂ ਹਨ, ਪਰ ਸਮਾਜ ਸੇਵੀ ਸੰਸਥਾਵਾਂ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਟਰਸਟ ਵੱਲੋਂ ਉਹਨਾਂ ਘਰਾਂ ਦੀ ਮਦਦ ਕੀਤੀ ਜਾਵੇਗੀ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ—ਚਾਹੇ ਉਹਨਾਂ ਨੂੰ ਮੁਰੰਮਤ ਦੀ ਲੋੜ ਹੋਵੇ ਜਾਂ ਨਵੇਂ ਨਿਰਮਾਣ ਦੀ।ਡਾ. ਉਬਰਾਏ ਨੇ ਇਹ ਵੀ ਸਪੱਸ਼ਟ ਕੀਤਾ ਕਿ ਜਰੂਰਤਮੰਦ ਪਰਿਵਾਰਾਂ ਨੂੰ ਕਾਰੋਬਾਰ ਸਾਮਾਨ ਜਾਂ ਹੋਰ ਲੋੜੀਂਦੀਆਂ ਵਸਤੂਆਂ ਵੀ ਮੁਹੱਈਆ ਕਰਵਾਈਆਂ ਜਾਣਗੀਆਂ। ਰਾਹਤ ਸਮੱਗਰੀ ਰਵਾਨਾ ਕਰਨ ਦੇ ਸਮੇਂ ਟਰਸਟ ਦੇ ਪ੍ਰਧਾਨ ਜੱਸਾ ਸਿੰਘ ਸੰਧੂ, ਜਨਰਲ ਸਕੱਤਰ ਗਗਨਦੀਪ ਸਿੰਘ ਆਹੂਜਾ, ਸਿਹਤ ਸੇਵਾਵਾਂ ਦੇ ਡਾਇਰੈਕਟਰ ਡਾ. ਡੀ.ਐਸ. ਗਿੱਲ, ਸੁਰਿੰਦਰ ਸਿੰਘ ਸਮੇਤ ਹੋਰ ਮੈਂਬਰ ਮੌਜੂਦ ਸਨ।

## ਪ੍ਰਣਵੀ ਨੇ ਸਾਂਝੇ ਤੌਰ 'ਤੇ 50ਵਾਂ ਸਥਾਨ ਹਾਸਲ ਕੀਤਾ

ਨਵੀਂ ਦਿੱਲੀ, 8 ਸਤੰਬਰ, (ਚ.ਨ.ਸ) : ਭਾਰਤੀ ਗੋਲਫਰ ਪ੍ਰਣਵੀ ਉਰਸ ਨੇ ਇੱਥੇ ਹਿਊਸਟਨ ਚੈਂਪੀਅਨਸ਼ਿਪ ਵਿੱਚ ਚੌਥੇ ਦੌਰ ਵਿੱਚ ਦੋ-ਓਵਰ ਕਾਰਡ ਖੇਡਣ ਤੋਂ ਬਾਅਦ ਸਾਂਝੇ ਤੌਰ ਤੇ 50ਵਾਂ ਸਥਾਨ ਪ੍ਰਾਪਤ ਕੀਤਾ। ਪ੍ਰਣਵੀ ਲਈ ਇਹ ਹਫ਼ਤਾ ਉਤਰਾਅ-ਚੜ੍ਹਾਅ ਵਾਲਾ ਰਿਹਾ, ਜਿਸਨੇ ਆਪਣੇ ਘਰੇਲੂ ਦੌਰੇ ਤੇ ਕਈ ਵਾਰ ਜਿੱਤ ਪ੍ਰਾਪਤ ਕੀਤੀ ਹੈ, ਜਿਸ ਵਿੱਚ ਉਸਨੇ 72-69-74 ਦੇ ਕਾਰਡ ਖੇਡੇ। ਮੁਕਾਬਲੇ ਵਿੱਚ ਹਿੱਸਾ ਲੈਣ ਵਾਲੀਆਂ ਹੋਰ ਦੋ ਭਾਰਤੀ ਖਿਡਾਰਨਾਂ, ਅਵਨੀ ਪ੍ਰਸ਼ਾਂਤ ਅਤੇ ਤਵੇਸਾ ਮਲਿਕ, ਕੱਟ ਤੋਂ ਖੁੰਝ ਗਈਆਂ। ਪ੍ਰਣਵੀ ਨੇ ਆਖਰੀ ਦੌਰ ਵਿੱਚ ਇੱਕ ਬਰਡੀ ਦੇ ਵਿਰੁੱਧ ਤਿੰਨ ਬੋਗੀ (ਦੂਜੇ, ਚੌਥੇ ਅਤੇ 13ਵੇਂ ਹੋਲ ਤੇ) ਕੀਤੀਆਂ। ਸਪੇਨ ਦੀ ਨੂਰੀਆ ਇਟੂਰੀਓਸ ਨੇ ਅੰਤਿਮ ਦੌਰ ਵਿੱਚ ਚਾਰ-ਅੰਡਰ 68 ਦੇ ਸਕੋਰ ਨਾਲ ਲੇਡੀਜ਼ ਯੂਰਪੀਅਨ ਟੂਰ ਤੇ ਆਪਣਾ ਪੰਜਵਾਂ ਖਿਤਾਬ ਜਿੱਤਿਆ। ਉਸਨੇ ਦੋ ਸਟ੍ਰੋਕ ਨਾਲ ਜਿੱਤ ਪ੍ਰਾਪਤ ਕੀਤੀ।

## ਜਨਮ ਦਿਨ ਮੁਬਾਰਕ



ਹਨਿਨਿਯਾਜੋਤ




ਹਰਪਰਵਾਨ ਸਿੰਘ



ਗਿਆਨਵੀ ਸ਼ਰਮਾ

## ਕਾਰਲੋਸ ਅਲਕਰਾਜ਼ ਬਣਿਆ ਯੂ.ਐਸ. ਓਪਨ ਚੈਂਪੀਅਨ



ਨਿਊਯਾਰਕ, 8 ਸਤੰਬਰ, (ਚ.ਨ.ਸ) : ਸਪੈਨਿਸ਼ ਖਿਡਾਰੀ ਕਾਰਲੋਸ ਅਲਕਰਾਜ਼ ਨੇ ਇਟਲੀ ਦੇ ਜੈਨਿਕ ਸਿਨਰ ਨੂੰ ਹਰਾ ਕੇ ਯੂਐੱਸ ਓਪਨ ਦਾ ਪੁਰਸ਼ ਸਿੰਗਲਜ਼ ਦਾ ਖਿਤਾਬ ਜਿੱਤ ਲਿਆ ਹੈ। ਦਰਜਾਬੰਦੀ ਵਿਚ ਦੂਜੇ ਨੰਬਰ ਦੇ ਖਿਡਾਰੀ ਅਲਕਰਾਜ਼ ਨੇ ਨੰਬਰ ਵਨ ਸੀਡ 'ਤੇ ਮੌਜੂਦਾ ਚੈਂਪੀਅਨ ਸਿੰਨਰ ਨੂੰ 6-2, 3-6, 6-1, 6-4 ਨਾਲ ਹਰਾਇਆ। ਅਲਕਰਾਜ਼ ਦਾ ਇਹ 6ਵਾਂ ਗਰੈਂਡ ਸਲੈਮ ਖਿਤਾਬ ਹੈ। ਅਲਕਾਰਾਜ਼ ਨੇ ਸਿੰਨਰ ਖਿਲਾਫ਼ ਸ਼ਾਨਦਾਰ ਖੇਡ ਦਿਖਾਉਂਦਿਆਂ ਉਸ ਕੋਲੋਂ ਏਟੀਪੀ ਰੈਂਕਿੰਗ ਵਿੱਚ ਸਿਖਰਲਾ ਸਥਾਨ ਖੋਹ ਲਿਆ ਅਤੇ ਟੈਨਿਸ ਪ੍ਰਸ਼ੰਸਕਾਂ ਨੂੰ ਇਸ ਗੱਲ ਲਈ ਉਤਸੁਕ ਕਰ ਦਿੱਤਾ ਕਿ ਉਨ੍ਹਾਂ ਦਾ ਅਗਲਾ ਮੁਕਾਬਲਾ ਕਦੋਂ ਹੋਵੇਗਾ। ਉਹ ਖੇਡ ਦੇ ਇਤਿਹਾਸ ਵਿੱਚ ਪਹਿਲੇ ਦੋ ਪੁਰਸ਼ ਹਨ ਜਿਨ੍ਹਾਂ ਇੱਕ ਹੀ ਸੀਜ਼ਨ ਵਿਚ ਲਗਾਤਾਰ ਤਿੰਨ ਗਰੈਂਡ ਸਲੈਮ ਫਾਈਨਲ ਵਿੱਚ ਇੱਕ ਦੂਜੇ ਦਾ ਸਾਹਮਣਾ ਕੀਤਾ ਹੈ।

## ਆਰ.ਏ.ਐਮ.ਪੀ. ਪ੍ਰੋਗਰਾਮ ਤਹਿਤ ਕੁਆਲਿਟੀ ਕੌਂਸਲ ਕਿਊ.ਸੀ.ਆਈ. ਅਤੇ ਰਾਸ਼ਟਰੀ ਉਤਪਾਦਕਤਾ ਪ੍ਰੀਸ਼ਦ ਐਨ.ਪੀ.ਸੀ. ਨਾਲ ਸਮਝੌਤਿਆਂ 'ਤੇ ਦਸਤਖਤ



ਚੰਡੀਗੜ੍ਹ, 8 ਸਤੰਬਰ, (ਚ.ਨ.ਸ) : ਚੰਡੀਗੜ੍ਹ ਪ੍ਰਸ਼ਾਸਨ ਨੇ ਅੱਜ ਭਾਰਤ ਸਰਕਾਰ ਦੇ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ ਮੰਤਰਾਲੇ ਦੇ ਪ੍ਰਦਰਸ਼ਨ ਨੂੰ ਵਧਾਉਣ ਅਤੇ ਤੇਜ਼ ਕਰਨ ਵਾਲੇ ਪ੍ਰੋਗਰਾਮ ਤਹਿਤ ਗੁਣਵੱਤਾ ਕੌਂਸਲ ਅਤੇ ਰਾਸ਼ਟਰੀ ਉਤਪਾਦਕਤਾ ਪ੍ਰੀਸ਼ਦ ਨਾਲ ਦੋ ਮਹੱਤਵਪੂਰਨ ਸਮਝੌਤਿਆਂ 'ਤੇ ਦਸਤਖਤ ਕੀਤੇ।ਸਮਝੌਤਾ ਸਹੀਬੱਧ ਸਮਾਰੋਹ ਯੂਟੀ ਸਕੱਤਰੇਤ, ਸੈਕਟਰ 9-ਡੀ, ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਗਿਆ। ਇਸ ਮੌਕੇ ਸ਼੍ਰੀ ਰਾਜੀਵ ਵਰਮਾ, , ਮੁੱਖ ਸਕੱਤਰ, ਚੰਡੀਗੜ੍ਹ ਪ੍ਰਸ਼ਾਸਨ ਅਤੇ ਸ਼੍ਰੀਮਤੀ ਨੀਰਜਾ ਸ਼ੇਖਰ, , ਡਾਇਰੈਕਟਰ ਜਨਰਲ, ਰਾਸ਼ਟਰੀ ਉਤਪਾਦਕਤਾ ਪ੍ਰੀਸ਼ਦ ਮੌਜੂਦ ਸਨ। ਇਹ ਸਮਾਗਮ ਮੁਕਾਬਲੇਬਾਜ਼ੀ ਨੂੰ ਮਜ਼ਬੂਤ ਕਰਨ ਅਤੇ ਸਥਾਨਕ ਉਦਯੋਗ ਨੂੰ ਗੁਣਵੱਤਾ ਅਤੇ ਉਤਪਾਦਕਤਾ ਵਿੱਚ ਵਿਸ਼ਵਵਿਆਪੀ ਸਭ ਤੋਂ ਵਧੀਆ ਅਭਿਆਸਾਂ ਨੂੰ ਅਪਣਾਉਣ ਲਈ ਪ੍ਰੇਰਿਤ ਕਰਨ ਵੱਲ ਇੱਕ ਮਹੱਤਵਪੂਰਨ ਕਦਮ ਸਾਬਤ ਹੋਇਆ।ਇਸ ਸਮਝੌਤੇ ਤੇ ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਉਦਯੋਗ ਸਕੱਤਰ ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐਸ ਨੇ ਹਸਤਾਖਰ ਕੀਤੇ, ਜਦੋਂ ਕਿ ਐਨਪੀਸੀ ਵੱਲੋਂ ਖੇਤਰੀ ਨਿਰਦੇਸ਼ਕ ਸ਼੍ਰੀ ਅਸ਼ੋਕ ਕੁਮਾਰ ਅਤੇ ਕਿਊਸੀਆਈ ਵੱਲੋਂ ਸ਼੍ਰੀ ਰਾਮਾਨੰਦ ਸ਼ੁਕਲਾ, ਸੀਨੀਅਰ ਡਾਇਰੈਕਟਰ ਅਤੇ ਮੁਖੀ, ਜ਼ੈੱਡ ਡਿਵੀਜ਼ਨ, ਸ਼੍ਰੀਮਤੀ ਗਰਿਮਾ ਪਰਿਹਾਰ, ਸਟੇਟ ਪ੍ਰੋਗਰਾਮ ਕੋਆਰਡੀਨੇਟਰ, ਆਰਏਐਮਪੀ ਐਨਪੀਐਮਯੂ, ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ ਮੰਤਰਾਲੇ, ਭਾਰਤ ਸਰਕਾਰ ਵੀ ਇਸ ਮੌਕੇ ਮੌਜੂਦ ਸਨ।



# ਮਾਝਾ-ਦੁਆਬਾ

ਆਸ ਪਾਸ



## ਸ਼ਹੀਦੀ ਨਗਰ ਕੀਰਤਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਮਾਡਲ ਟਾਊਨ) ਬਰੇਲੀ ਤੋਂ ਕਾਸ਼ੀਪੁਰ ਲਈ ਰਵਾਨਾ

ਅੰਮ੍ਰਿਤਸਰ, 8 ਸਤੰਬਰ (ਗੁਰਦਿਆਲ ਸਿੰਘ): ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ



ਜੀ ਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਧੋਬੜੀ ਸਾਹਿਬ ਆਸਾਮ ਤੋਂ ਆਰੰਭ ਹੋਇਆ ਸ਼ਹੀਦੀ ਨਗਰ ਕੀਰਤਨ ਅੱਜ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਮਾਡਲ ਟਾਊਨ) ਬਰੇਲੀ ਤੋਂ ਆਪਣੇ ਅਗਲੇ ਪੜਾਅ ਗੁਰਦੁਆਰਾ ਨਨਕਾਣਾ ਸਾਹਿਬ ਕਾਸ਼ੀਪੁਰ ਲਈ ਰਵਾਨਾ ਹੋਇਆ।

ਨਗਰ ਕੀਰਤਨ ਦੀ ਰਵਾਨਗੀ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨਾਂ ਵਿਚ ਪੰਥ ਪ੍ਰਸਿੱਧ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਨੇ ਸੰਗਤਾਂ ਨਾਲ ਗੁਰਬਾਣੀ ਗੁਰ-ਇਤਿਹਾਸ ਬਾਰੇ ਵਿਚਾਰਾਂ ਦੀ ਸਾਂਝ ਪਾਈ। ਨਗਰ ਕੀਰਤਨ ਦੀ ਆਰੰਭਤਾ ਤੋਂ ਪਹਿਲਾਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬਰੇਲੀ ਦੇ ਪ੍ਰਬੰਧਕਾਂ ਵੱਲੋਂ ਪੰਜ ਪਿਆਰੇ ਸਾਹਿਬਾਨ, ਨਿਸ਼ਾਨਚੀ ਸਿੰਘਾਂ ਅਤੇ ਹਾਜਰ ਪ੍ਰਮੁੱਖ ਸ਼ਖ਼ਸੀਅਤਾਂ ਨੂੰ ਸਿਰੋਪਾਓ ਦਿੱਤੇ ਗਏ।ਇਹ ਨਗਰ ਕੀਰਤਨ ਗੁਰਦੁਆਰਾ ਸ੍ਰੀ ਸਿੰਘ ਸਭਾ (ਮਾਡਲ ਟਾਊਨ) ਬਰੇਲੀ ਤੋਂ ਆਰੰਭ ਹੋ ਕੇ ਬਹੇੜੀ, ਨਾਨਕਪੁਰੀ ਟਾਂਡਾ, ਕਿੱਛਾ, ਰੁਦਰਪੁਰ, ਦੋਰਾਹਾ (ਬਾਜਪੁਰ) ਤੋਂ ਹੁੰਦਾ ਹੋਇਆ ਗੁਰਦੁਆਰਾ ਨਨਕਾਣਾ ਸਾਹਿਬ ਕਾਸ਼ੀਪੁਰ ਉਤਰਾਖੰਡ ਵਿਖੇ ਪੁੱਜਾ। 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਇਸ ਨਗਰ ਕੀਰਤਨ ਦਾ ਵੱਖ-ਵੱਖ ਸਥਾਨਾਂ 'ਤੇ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਉਤਸ਼ਾਹ ਨਾਲ ਸਵਾਗਤ ਕੀਤਾ। ਦੱਸਣਯੋਗ ਹੈ ਕਿ ਇਹ ਸ਼ਹੀਦੀ ਨਗਰ ਕੀਰਤਨ ਅੱਜ ਰਾਤ ਗੁਰਦੁਆਰਾ ਨਨਕਾਣਾ ਸਾਹਿਬ ਕਾਸ਼ੀਪੁਰ ਵਿਖੇ ਰੁਕੇਗਾ, ਜਿਥੋਂ 9 ਸਤੰਬਰ ਨੂੰ ਅਗਲੇ ਪੜਾਅ ਗੜ੍ਹ ਮੁਕਤੇਸ਼ਵਰ ਲਈ ਰਵਾਨਾ ਹੋਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਅਮਰਜੀਤ ਸਿੰਘ ਭਲਾਈਪੁਰ, ਅਮਰਜੀਤ ਸਿੰਘ ਬੰਡਾਲਾ, ਮੀਤ ਸਕੱਤਰ ਗੁਰਨਾਮ ਸਿੰਘ, ਇੰਚਾਰਜ ਜਗਜੀਤ ਸਿੰਘ, ਸਿਮਰਨਜੀਤ ਸਿੰਘ ਕੰਗ, ਚੀਫ ਗੁਰਦੁਆਰਾ ਇੰਸਪੈਕਟਰ ਜਗਦੀਸ਼ ਸਿੰਘ ਬੁੱਟਰ, ਇੰਚਾਰਜ ਸਿੱਖ ਮਿਸ਼ਨ ਉੱਤਰਾਖੰਡ ਭਾਈ ਸੁਖਵਿੰਦਰ ਸਿੰਘ, ਮੀਤ ਮੈਨੇਜਰ ਰਵਿੰਦਰਜੀਤ ਸਿੰਘ, ਹੈੱਡ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਐਮ.ਪੀ. ਸਿੰਘ, ਮਨਜੀਤ ਸਿੰਘ ਨਾਗਪਾਲ, ਹਰਮਨ ਸਿੰਘ, ਮਾਲਕ ਸਿੰਘ ਕਾਲਰਾ, ਪਰਮਜੀਤ ਸਿੰਘ ਓਬਰਾਏ, ਜਥੇਦਾਰ ਸੁਰਜੀਤ ਸਿੰਘ ਬਘੌਰਾ ਸਮੇਤ ਸੰਗਤਾਂ ਹਾਜ਼ਰ ਸਨ।

## ਚੀਫ਼ ਖ਼ਾਲਸਾ ਦੀਵਾਨ ਨੇ ਭਾਰਤੀ ਹਾਕੀ ਟੀਮ ਨੂੰ ਏਸ਼ੀਆ ਕੱਪ ਜਿੱਤਣ 'ਤੇ ਦਿੱਤੀ ਵਧਾਈ



ਅੰਮ੍ਰਿਤਸਰ, 8 ਸਤੰਬਰ (ਬਬਲੂ ਮਹਾਜਨ): ਚੀਫ਼ ਖ਼ਾਲਸਾ ਦੀਵਾਨ ਮੁੱਖ ਦਫ਼ਤਰ ਵਿਖੇ ਹੋਈ ਮੀਟਿੰਗ ਦੌਰਾਨ ਦੀਵਾਨ ਅਹੁਦੇਦਾਰਾਂ ਤੇ ਮੈਂਬਰ ਸਾਹਿਬਾਨ ਨੇ ਭਾਰਤੀ ਹਾਕੀ ਟੀਮ ਨੂੰ ਏਸ਼ੀਆ ਚੈਂਪੀਅਨ ਬਣ ਕੇ ਦੇਸ਼ ਦਾ ਨਾਮ ਰੋਸ਼ਨ ਕਰਨ ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਵਧਾਈ ਦਿੱਤੀ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ ਨੇ ਪੰਜਾਬੀ ਖਿਡਾਰੀਆਂ ਦੇ ਯੋਗਦਾਨ ਨੂੰ ਉਜਾਗਰ ਕਰਦਿਆਂ ਕਿਹਾ ਕਿ ਇਹ ਜਿੱਤ ਪੂਰੇ ਦੇਸ਼ ਖਾਸ ਕਰ ਹਾਕੀ ਦਾ ਗੜ੍ਹ ਮੰਨੇ ਜਾਂਦੇ ਪੰਜਾਬ ਲਈ ਬਹੁਤ ਮਾਣ ਅਤੇ ਗੌਰਵ ਦੀ ਗੱਲ ਹੈ। ਉਨ੍ਹਾਂ ਨੇ ਕਿਹਾ ਕਿ ਹਾਕੀ ਸਿਰਫ ਖੇਡ ਨਹੀਂ ਪੰਜਾਬੀ ਸਭਿਆਚਾਰ ਦਾ ਅਟੁੱਟ ਹਿੱਸਾ ਵੀ ਹੈ। ਭਾਰਤੀ ਹਾਕੀ ਦੇ ਇਤਿਹਾਸਕ ਸੁਨਹਿਰੀ ਪੰਨਿਆਂ ਵਿਚ ਪੰਜਾਬੀ ਖਿਡਾਰੀਆਂ ਦਾ ਯੋਗਦਾਨ ਮਹੱਤਵਪੂਰਨ ਹੈ ਤੇ ਹਮੇਸ਼ਾ ਤੋਂ ਹੀ ਪੰਜਾਬੀਆਂ ਨੇ ਆਪਣੀ ਖੇਡ ਕਲਾ, ਦਲੇਰੀ ਤੇ ਜਜ਼ਬੇ ਨਾਲ ਟੀਮ ਨੂੰ ਮਜ਼ਬੂਤ ਕੀਤਾ ਹੈ। ਦੀਵਾਨ ਪ੍ਰਬੰਧਕਾਂ ਨੇ ਭਾਰਤੀ ਹਾਕੀ ਟੀਮ ਨੂੰ ਆਉਣ ਵਾਲੇ ਵਰਲਡ ਕੱਪ ਲਈ ਵੀ ਸ਼ੁਭ ਕਾਮਨਾਵਾਂ ਦਿੱਤੀਆਂ ਤੇ ਆਸ ਕੀਤੀ ਕਿ ਭਾਰਤੀ ਹਾਕੀ ਟੀਮ ਏਸ਼ੀਆਈ ਪੱਧਰ ਦੀ ਤਰ੍ਹਾਂ ਵਿਸ਼ਵ ਪੱਧਰ ਤੇ ਵੀ ਵਰਲਡ ਕੱਪ ਜਿੱਤ ਕੇ ਆਪਣੇ ਦੇਸ਼ ਤੇ ਪੰਜਾਬ ਦਾ ਨਾਮ ਰੋਸ਼ਨ ਕਰਕੇ ਇਤਿਹਾਸ ਰਚੇਗੀ।

ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਐਡੀ. ਆਨਰੇਰੀ ਸਕੱਤਰ/ਮੁੱਖ ਦਫ਼ਤਰ ਮੈਂਬਰ ਇੰਚਾਰਜ ਹਰਵਿੰਦਰ ਪਾਲ ਸਿੰਘ ਚੁੱਘ, ਤਰਲੋਚਨ ਸਿੰਘ, ਸਰਜੋਤ ਸਿੰਘ ਸਾਹਨੀ, ਤਜਿੰਦਰ ਸਿੰਘ ਖਾਲਸਾ ਆਦਿ ਹਾਜ਼ਰ ਸਨ।

## ਹੜ੍ਹ ਪ੍ਰਭਾਵਿਤ ਲੋਕਾਂ ਨੂੰ ਮੁਆਵਜ਼ਾ ਦੇਣ ਲਈ ਪ੍ਰਕਿਰਿਆ 'ਚ ਤੇਜ਼ੀ ਲਿਆਂਦੀ ਜਾਵੇ : ਡੀ.ਸੀ.

ਅੰਮ੍ਰਿਤਸਰ/ਜੰਡਿਆਲਾ ਗੁਰੂ 8 ਸਤੰਬਰ (ਰਾਮ ਸ਼ਰਨਜੀਤ ਸਿੰਘ): ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਪਾਣੀ ਦਾ ਪੱਧਰ ਕਾਫੀ ਘੱਟ ਗਿਆ ਹੈ ਅਤੇ ਹੜ੍ਹਾਂ ਦੌਰਾਨ ਪ੍ਰਭਾਵਿਤ ਹੋਏ ਲੋਕਾਂ ਨੂੰ ਮੁਆਵਜਾ ਦੇਣ ਦੀ ਪ੍ਰਕਿਰਿਆ ਵਿੱਚ ਤੇਜੀ ਲਿਆਂਦੀ ਜਾਵੇ ਤਾਂ ਜੋ ਉਨ੍ਹਾਂ ਦੀ ਬਾਂਹ ਫੜੀ ਜਾ ਸਕੇ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਡੀ.ਸੀ. ਸਾਕਸ਼ੀ ਸਾਹਨੀ ਨੇ ਅਜਨਾਲਾ ਵਿਖੇ ਅਧਿਕਾਰੀਆਂ ਨਾਲ ਮੀਟਿੰਗ ਕਰਦਿਆਂ ਕਿਹਾ ਕਿ ਅਧਿਕਾਰੀ ਤੇ ਕਰਮਚਾਰੀ ਹਰ ਪੀੜਤ ਪਰਿਵਾਰਾਂ ਦੇ ਘਰ ਘਰ ਤੱਕ ਪਹੁੰਚਣ ਤੇ ਉਨ੍ਹਾਂ ਨੂੰ ਰਾਹਤ ਸਮਗਰੀ ਦੇਣੀ ਯਕੀਨੀ ਬਣਾਈ ਜਾ ਸਕੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਕਿਹਾ ਕਿ ਜਿੰਨਾ ਲੋਕਾਂ ਦੇ ਘਰ ਤੇ ਕਾਰੋਬਾਰ ਹੜ੍ਹਾਂ ਦੌਰਾਨ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਉਹਨਾਂ ਦਾ ਵਿਸ਼ੇਸ਼ ਡਾਟਾ ਇਕੱਠਾ ਕੀਤਾ ਜਾਵੇ ਤਾਂ ਜੋ ਉਹਨਾਂ ਦੇ ਮੁੜ ਵਸੇਬੇ ਦੀ ਕਾਰਵਾਈ ਸ਼ੁਰੂ ਹੋ ਸਕੇ। ਡੀ.ਸੀ. ਨੇ ਅਧਿਕਾਰੀਆਂ ਨੂੰ ਕਿਹਾ ਕਿ ਇਸ ਉਨ੍ਹਾਂ ਦੀ ਭੂਮਿਕਾ ਇਕ ਸਿਪਾਹੀ ਵਾਂਗ ਹੋਣੀ ਚਾਹੀਦੀ ਹੈ ਜੋ ਹੜ੍ਹਾਂ ਦੌਰਾਨ ਪ੍ਰਭਾਵਿਤ ਹੋਏ ਲੋਕਾਂ ਦੀ ਢੁਕਵੀ ਮਦਦ ਕਰ ਸਕਣ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਲੋਕਾਂ ਦੀ ਮਦਦ ਹਰ ਢੁਕਵਾਂ ਉਪਰਾਲਾ ਕੀਤਾ ਜਾਵੇ ਤੇ ਗਿਰਦਾਵਰੀ ਦੇ ਕੰਮ ਵਿੱਚ ਹੋਰ ਤੇਜੀ ਲਿਆਂਦੀ ਜਾਵੇ ਤਾਂ ਜੋ ਸਮੇਂ ਸਿਰ ਕਾਰਵਾਈ ਕਰਕੇ ਮੁਆਵਜਾ ਦਿੱਤਾ ਜਾ ਸਕੇ।



ਡੀ.ਸੀ. ਨੇ ਦੱਸਿਆ ਕਿ ਹੜ੍ਹਾਂ ਦੌਰਾਨ 7 ਮਨੁੱਖੀ ਜਾਨਾਂ ਚਲੀਆਂ ਗਈਆਂ ਹਨ ਅਤੇ 54 ਪਸ਼ੂ ਪਾਣੀ ਦੀ ਭੇਟ ਚੜ੍ਹ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੜ੍ਹਾਂ ਦੌਰਾਨ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਮੁਆਵਜਾ ਰਾਸ਼ੀ ਦੇਣੀ ਸ਼ੁਰੂ ਕਰ ਦਿੱਤੀ ਗਈ ਹੈ। ਡਿਪਟੀ ਕਮਿਸ਼ਨਰ ਨੇ ਸਿਹਤ ਵਿਭਾਗ ਦੇ ਅਧਿਕਾਰੀਆਂ ਨੂੰ ਕਿਹਾ ਕਿ ਪਾਣੀ ਦਾ ਪੱਧਰ ਘਟਣ ਨਾਲ ਹੁਣ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਖਦਸ਼ਾ ਹੈ। ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ ਰਾਹੀਂ ਘਰ ਘਰ 'ਚ ਮੱਛਰ ਮਾਰਨ ਵਾਲੀਆਂ ਦਵਾਈਆਂ, ਸੈਨਟਰੀ ਨੈਪਕਿਨ ਦੀ ਵੰਡ ਵੀ ਯਕੀਨੀ ਬਣਾਈ ਜਾਵੇ। ਸਾਹਨੀ ਨੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਮਰ ਚੁੱਕੇ ਪਸ਼ੂਆਂ ਦਾ ਸਹੀ ਡਿਸਪੋਜਲ ਕੀਤਾ ਜਾਵੇ ਤਾਂ ਜੋ ਬਿਮਾਰੀਆਂ ਦਾ ਖਤਰਾ ਨਾ ਰਹੇ ਤੇ ਨਾਲ ਹੀ ਪੋਲਟਰੀ ਫਾਰਮ ਵਾਲਿਆਂ ਨਾਲ ਵੀ ਸੰਪਰਕ ਸਥਾਪਤ ਕਰਕੇ ਮਰ ਚੁੱਕੇ ਪੰਛੀਆਂ ਦਾ ਵੀ ਸਹੀ ਤਰ੍ਹਾਂ ਡਿਸਪੋਜਲ ਕੀਤਾ ਜਾਵੇ।

ਇਸ ਮੀਟਿੰਗ 'ਚ ਵਧੀਕ ਡਿਪਟੀ ਕਮਿਸ਼ਨਰ ਰੋਹਿਤ ਗੁਪਤਾ, ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਅਮਨਦੀਪ ਕੌਰ, ਐਸ.ਡੀ.ਐਮ. ਅਜਨਾਲਾ ਰਵਿੰਦਰ ਸਿੰਘ, ਸਹਾਇਕ ਕਮਿਸ਼ਨਰ ਖੁਸ਼ਬੀਰ ਸਿੰਘ, ਸਹਾਇਕ ਸਿਵਲ ਸਰਜਨ ਡਾ. ਰਜਿੰਦਰਪਾਲ ਕੌਰ, ਸਕੱਤਰ ਰੈਡ ਕਰਾਸ ਸੈਮਸਨ ਮਸੀਹ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

## ਸ਼੍ਰੋਮਣੀ ਕਮੇਟੀ ਨੇ ਹੜ੍ਹ ਪ੍ਰਭਾਵਿਤ ਇਲਾਕੇ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ ਰਵਾਨਾ ਕੀਤੀਆਂ ਸਪਰੇਅ ਮਸ਼ੀਨਾਂ

ਅੰਮ੍ਰਿਤਸਰ, 8 ਸਤੰਬਰ (ਗੁਰਦਿਆਲ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਵਿਚ ਬਿਮਾਰੀਆਂ ਫੈਲਣ ਦੇ ਖਦਸ਼ੇ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਵੱਲੋਂ ਸਪਰੇਅ ਮਸ਼ੀਨਾਂ ਰਾਹੀਂ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ। ਉਨ੍ਹਾਂ ਕਿਹਾ



ਲੋਕਾਂ ਨੂੰ ਬਿਮਾਰੀਆਂ ਤੋਂ ਬਚਾਉਣ ਲਈ 10 ਸਪਰੇਅ ਮਸ਼ੀਨਾਂ ਵੱਖ-ਵੱਖ ਇਲਾਕਿਆਂ ਲਈ ਭੇਜੀਆਂ ਗਈਆਂ। ਇਸ ਸਬੰਧੀ ਗੱਲ ਕਰਦਿਆਂ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਜਿਥੇ ਹੜ੍ਹ ਪ੍ਰਭਾਵਿਤ ਇਲਾਕਿਆਂ ਅੰਦਰ ਰਾਹਤ ਕਾਰਜ ਲਗਾਤਾਰ ਚੱਲ ਰਹੇ ਹਨ, ਉਥੇ ਹੀ ਹੜ੍ਹਾਂ ਦੀ ਮਾਰ ਹੇਠ ਆਏ ਪਿੰਡਾਂ ਕਿ ਇਸ ਮਕਸਦ ਲਈ ਮਾਨਯੋਗ ਪ੍ਰਧਾਨ ਸਾਹਿਬ ਦੀਆਂ ਹਦਾਇਤਾਂ 'ਤੇ ਅੱਜ 10 ਸਪਰੇਅ ਮਸ਼ੀਨਾਂ ਸ਼੍ਰੋਮਣੀ ਕਮੇਟੀ ਦਫ਼ਤਰ ਤੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਭੇਜੀਆਂ ਗਈਆਂ ਹਨ ਤੇ ਅਗਲੇ ਦਿਨਾਂ ਵਿਚ ਹੋਰ ਮਸ਼ੀਨਾਂ ਵੀ ਭੇਜੀਆਂ ਜਾਣਗੀਆਂ। ਇਹ ਮਸ਼ੀਨਾਂ ਜਰੀਏ ਹਰ ਪਿੰਡ ਤੱਕ ਪਹੁੰਚ ਕਰਕੇ ਦਵਾਈ ਦਾ ਛਿੜਕਾਅ ਕੀਤਾ ਜਾਵੇਗਾ, ਤਾਂ ਜੋ ਮੱਛਰ ਤੇ ਹੋਰ ਜ਼ਹਿਰੀਲੇ ਕੀੜਿਆਂ ਤੋਂ ਬਚਾਅ ਹੋ ਸਕੇ। ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਇਨ੍ਹਾਂ ਸਪਰੇਅ ਮਸ਼ੀਨਾਂ ਦੀ ਸੇਵਾ ਜਲੰਧਰ ਦੀਆਂ ਸੰਗਤਾਂ ਵੱਲੋਂ ਕੀਤੀ ਗਈ ਹੈ, ਜਿਨ੍ਹਾਂ ਵਿਚ ਸਤਪਾਲ ਸਿੰਘ ਮੁਲਤਾਨੀ ਰਿਚੀ ਟਰੈਵਲ, ਅਮਰਬੀਰ ਸਿੰਘ ਮੌਂਟੀ, ਗੁਰਦੀਪ ਸਿੰਘ ਰਾਵੀ, ਇੰਦਰਪ੍ਰੀਤ ਸਿੰਘ ਕਾਲੜਾ ਅਤੇ ਬੀਬੀ ਬਰਿੰਦਰ ਕੌਰ ਹੋਠੀ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਲਈ ਜਿਥੇ ਸ਼੍ਰੋਮਣੀ ਕਮੇਟੀ ਵੱਡੀਆਂ ਸੇਵਾਵਾਂ ਕਰ ਰਹੀ ਹੈ, ਉਥੇ ਹੀ ਸੰਗਤਾਂ ਵੱਲੋਂ ਵੱਡਾ ਸਹਿਯੋਗ ਦਿੱਤਾ ਜਾ ਰਿਹਾ ਹੈ। ਉਨ੍ਹਾਂ ਰਾਹਤ ਕਾਰਜ ਵਿਚ ਸੇਵਾਵਾਂ ਵਿਚ ਸਹਿਯੋਗ ਕਰਨ ਵਾਲੀਆਂ ਸੰਗਤਾਂ ਦਾ ਧੰਨਵਾਦ ਵੀ ਕੀਤਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਤੋਂ ਇਲਾਵਾ ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਰਣਜੀਤ ਸਿੰਘ ਕਾਹਲੋਂ, ਓਐਸਡੀ ਸਤਬੀਰ ਸਿੰਘ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਪ੍ਰੀਤਪਾਲ ਸਿੰਘ, ਜਨਰਲ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਕੁਲਦੀਪ ਸਿੰਘ ਰੋਡੇ, ਹਰਭਜਨ ਸਿੰਘ ਵਕਤਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਤਲਵਿੰਦਰ ਸਿੰਘ ਬੁੱਟਰ, ਗੁਰਜੀਤ ਸਿੰਘ ਨੀਲਾ ਨਰੋਆ, ਜਗਦੀਪ ਸਿੰਘ ਬਿਰਦੀ, ਰਣਜੀਤ ਸਿੰਘ ਜਲੰਧਰ ਸਮੇਤ ਹੋਰ ਮੌਜੂਦ ਸਨ।

## ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੇ ਸਕੂਲ ਖੋਲ੍ਹੇ ਜਾਣ 'ਤੇ ਸਫ਼ਾਈ ਪ੍ਰਬੰਧਾਂ ਦਾ ਲਿਆ ਜਾਇਜ਼ਾ

ਅਜਨਾਲਾ, 8 ਸਤੰਬਰ (ਸੁਖਦੇਵ ਸਿੰਘ ਖ਼ਾਲਸਾ): ਬੀਤੇ ਕੁਝ ਦਿਨਾਂ ਤੋਂ



ਹੜ੍ਹਾਂ ਦੀ ਮਾਰ ਝੱਲ ਰਹੇ ਅੰਮ੍ਰਿਤਸਰ ਦੇ ਸਰਹੱਦੀ ਖੇਤਰਾਂ ਵਿੱਚ ਹੜ ਦੇ ਪਾਣੀ ਦਾ ਪੱਧਰ ਘਟਣ ਕਾਰਨ ਪਿਛਲੇ ਕੁਝ ਦਿਨਾਂ ਤੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਬੰਦ ਸਕੂਲਾਂ ਨੂੰ ਮੁੜ ਖੋਲੇ ਜਾਣ ਦੇ ਸਿੱਖਿਆ ਵਿਭਾਗ ਪੰਜਾਬ ਵਲੋਂ ਕੀਤੇ ਐਲਾਨ ਦੇ ਪਹਿਲੇ ਦਿਨ ਸਕੂਲਾਂ ਅੰਦਰ ਸਾਫ ਸਫਾਈ ਅਤੇ ਸੈਨੇਟਾਈਜ ਕਰਨ ਦੀ ਪ੍ਰਕਿਰਿਆ ਦਾ ਡਿਪਟੀ ਕਮਿਸ਼ਨਰ ਸਾਕਸ਼ੀ ਸ਼ਾਹਨੀ ਦੇ ਅਦੇਸ਼ਾਂ ਉਪਰ ਰਜੇਸ਼ ਕੁਮਾਰ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ), ਕੰਵਲਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ), ਰਜੇਸ਼ ਖੰਨਾ ਡਿਪਟੀ ਡੀ.ਈ.ਓ., ਪਰਮਿੰਦਰ ਸਿੰਘ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਸ੍ਰੀ ਰਾਜਨ ਡੀ.ਆਰ.ਸੀ. ਅੰਮ੍ਰਿਤਸਰ ਤੇ ਆਧਾਰਿਤ ਟੀਮਾਂ ਵਲੋਂ ਵੱਖ ਵੱਖ ਸਕੂਲਾਂ ਦਾ ਜਾਇਜ਼ਾ ਲਿਆ ਗਿਆ। ਇਸ ਸੰਬੰਧੀ ਰਜੇਸ਼ ਕੁਮਾਰ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਅੰਮ੍ਰਿਤਸਰ ਤੇ ਰਜੇਸ਼ ਖੰਨਾ ਡਿਪਟੀ ਡੀ.ਈ.ਓ. ਦੀ ਅਗਵਾਈ ਹੇਠ ਸਿੱਖਿਆ ਅਧਿਕਾਰੀਆਂ ਦੀ ਟੀਮ ਵਲੋਂ ਸਰਕਾਰੀ ਹਾਈ ਸਕੂਲ ਭਲਾ ਪਿੰਡ, ਕਾਮਰੇਡ ਅੱਛਰ ਸਿੰਘ ਛੀਨਾ ਯਾਦਗਾਰੀ ਸੀਨੀਅਰ ਸੈਕੰਡਰੀ ਸਕੂਲ ਕੁਕੜਾਂਵਾਲਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਵਿੱਚ ਸਕੂਲ ਕੰਪਲੈਕਸ ਦੀ ਚੱਲ ਰਹੀ ਸਾਫ ਸਫਾਈ ਤੇ ਸੈਨੇਟਾਈਜਿੰਗ ਦਾ ਜਾਇਜਾ ਲਿਆ। ਇਸੇ ਤਰਾਂ ਕੰਵਲਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ), ਪਰਮਿੰਦਰ ਸਿੰਘ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਤੇ ਆਧਾਰਿਤ ਟੀਮ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਦੁਧਰਾਏ, ਦਾਲਮ, ਮਹਿਲਾਂਵਾਲਾ, ਸਹਿੰਸਰਾ ਕਲਾਂ, ਘੁਕੇਵਾਲੀ, ਉੱਚਾ ਕਿਲ੍ਹਾ ਤੇ ਕੁਕੜਾਂਵਾਲਾ ਵਿਖੇ ਦਸਤਕ ਦਿੰਦਿਆਂ ਸਕੂਲ ਵਿਖੇ ਚਲ ਰਹੇ ਸਕੂਲ ਕੰਪਲੈਕਸ ਦੀ ਸਫਾਈ ਤੇ ਸੈਨੇਟਾਈਜ ਕੰਮਾਂ ਤੇ ਤਸੱਲੀ ਦਾ ਪ੍ਰਗਟਾਵਾ ਕਰਦਿਆਂ ਸਕੂਲ ਅਧਿਆਪਕਾਂ ਨੂੰ ਵਿਦਿਆਰਥੀਆਂ ਦੀ ਸੁਰੱਖਿਆ ਪ੍ਰਤੀ ਜਾਗਰੂਕ ਕੀਤਾ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੇ ਸਪੱਸ਼ਟ ਕੀਤਾ ਕਿ ਭਾਵੇਂ ਕਿ ਸਿੱਖਿਆ ਵਿਭਾਗ ਪੰਜਾਬ ਵਲੋਂ ਸੂਬੇ ਦੇ ਸਾਰੇ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ ਤੇ ਨਿੱਜੀ ਸਕੂਲ ਆਮ ਵਾਂਗ ਖੋਲਣ ਦੇ ਅਦੇਸ਼ ਜਾਰੀ ਕੀਤੇ ਗਏ ਹਨ ਪਰ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਰਾਵੀ ਦਰਿਆ ਵਿੱਚ ਪਾਣੀ ਦੇ ਪੱਧਰ ਘਟਣ ਦੇ ਬਾਵਜੂਦ ਬਹੁਤ ਸਾਰੇ ਪਿੰਡਾਂ ਵਿੱਚ ਅਜੇ ਵੀ ਹੜ੍ਹਾਂ ਦਾ ਪਾਣੀ ਮੌਜੂਦ ਹੈ ਜਿਸ ਲਈ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵਲੋਂ ਜ਼ਿਲ੍ਹੇ ਦੇ ਬਲਾਕ ਅਜਨਾਲਾ-1 ਤੇ 2, ਚੋਗਾਵਾਂ-1 ਤੇ 2 ਦੇ ਸਮੂਹ ਸਕੂਲ ਅਗਲੇ ਹੁਕਮਾਂ ਤੱਕ ਬੰਦ ਰਹਿਣਗੇ ਜਦਕਿ ਜ਼ਿਲ੍ਹੇ ਦੇ ਬਾਕੀ ਸਕੂਲ ਮੁਖੀ ਸਕੂਲਾਂ ਦੀ ਸਾਫ ਸਫਾਈ ਪ੍ਰਕਿਰਿਆ ਪੂਰੀ ਕਰਦੇ ਹੋਏ ਵਿਭਾਗੀ ਅਦੇਸ਼ਾਂ ਅਨੁਸਾਰ ਆਮ ਵਾਂਗ ਸਕੂਲ ਖੋਲਣਗੇ।

## ਦਿੱਲੀ ਗੁਰਦੁਆਰਾ ਕਮੇਟੀ ਨੇ ਪਿੰਡ ਦਿਆਲ ਭੱਟੀ 'ਚ ਲਗਾਇਆ ਮੁਫ਼ਤ ਡਾਕਟਰੀ ਜਾਂਚ ਕੈਂਪ

ਨਵੀਂ ਦਿੱਲੀ/ਅਜਨਾਲਾ, 8 ਸਤੰਬਰ (ਅੰਮ੍ਰਿਤਪਾਲ ਸਿੰਘ/ਸੁਖਦੇਵ ਸਿੰਘ ਖ਼ਾਲਸਾ): ਦਿੱਲੀ ਸਿੱਖ ਗੁਰਦੁਆਰਾ



ਪ੍ਰਬੰਧਕ ਕਮੇਟੀ ਵੱਲੋਂ ਅਜਨਾਲਾ ਦੇ ਪਿੰਡ ਦਿਆਲ ਭੱਟੀ ਵਿਚ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿਚ ਐਸ ਕੇ ਐਸ ਹਸਪਤਾਲ ਦੇ ਸਹਿਯੋਗ ਨਾਲ ਡਾਕਟਰਾਂ ਨੇ ਮਰੀਜ਼ਾਂ ਦਾ ਮੁਫ਼ਤ ਚੈਕਅਪ ਕੀਤਾ ਤੇ ਦਵਾਈਆਂ ਪ੍ਰਦਾਨ ਕੀਤੀਆਂ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਕਮੇਟੀ ਵੱਲੋਂ ਦੋ ਥਾਵਾਂ 'ਤੇ ਮੁਫ਼ਤ ਮੈਡੀਕਲ ਕੈਂਪ ਲਗਾਏ ਗਏ ਸਨ ਤੇ ਇਹ ਦਿਆਲ ਭੱਟੀ ਤੀਜਾ ਪਿੰਡ ਹੈ ਜਿਥੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ ਹੈ। ਇਸ ਉਪਰੰਤ ਪਿੰਡ ਗੁਲਾਬ, ਗੱਗੋਮਾਲ ਆਦਿ ਪਿੰਡਾਂ ਵਿਚ ਮੁਫਤ ਮੈਡੀਕਲ ਕੈਂਪ ਲਗਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਇਹਨਾਂ ਕੈਂਪਾਂ ਵਿਚ ਮੁਫਤ ਚੈਕਅਪ ਤੇ ਮੁਫਤ ਦਵਾਈਆਂ ਦੇਣ ਤੋਂ ਇਲਾਵਾ ਖੂਨ, ਪਿਸ਼ਾਬ ਨਾਲ ਸਬੰਧਤ ਬਿਮਾਰੀਆਂ ਦੇ ਟੈਸਟ ਵੀ ਮੁਫਤ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਇਲਾਕਾ ਪੂਰਨ ਤੌਰ 'ਤੇ ਬਿਮਾਰੀਆਂ ਮੁਕਤ ਨਹੀਂ ਹੋ ਜਾਂਦਾ, ਕਮੇਟੀ ਦੀਆਂ ਮੈਡੀਕਲ ਟੀਮਾਂ ਇਹਨਾਂ ਇਲਾਕਿਆਂ ਵਿਚ ਸੇਵਾਵਾਂ ਦਿੰਦੀਆਂ ਰਹਿਣਗੀਆਂ। ਇਸ ਮੌਕੇ ਤੇ ਜਗਦੀਪ ਸਿੰਘ ਕਾਹਲੋਂ ਦੇ ਨਾਲ ਦਿੱਲੀ ਕਮੇਟੀ ਮੈਂਬਰ ਭੁਪਿੰਦਰ ਸਿੰਘ ਗਿਣਨੀ, ਰਾਜਿੰਦਰ ਸਿੰਘ ਖਿਆਲਾ ਅਤੇ ਪੰਜਾਬ ਵਿੱਚ ਧਰਮ ਪ੍ਰਚਾਰ ਚੈਅਰਮੈਨ ਮਨਜੀਤ ਸਿੰਘ ਭੋਮਾ ਮੌਜੂਦ ਰਹੇ।

## ਖ਼ਾਲਸਾ ਕਾਲਜ ਨਰਸਿੰਗ ਨੇ ਹੜ੍ਹ ਪੀੜਤਾਂ ਲਈ ਲਗਾਇਆ ਡਾਕਟਰੀ ਜਾਂਚ ਕੈਂਪ

ਅੰਮ੍ਰਿਤਸਰ, 8 ਸਤੰਬਰ (ਬਬਲੂ ਮਹਾਜਨ): ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ ਹੜ੍ਹ ਪੀੜਤ ਇਲਾਕੇ ਵਿਖੇ ਮੈਡੀਕਲ ਕੈਂਪ ਲਗਾ ਕੇ ਲੋਕਾਂ ਦਾ ਚੈੱਕਅੱਪ ਕੀਤਾ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸਮੂਹ ਨਰਸਿੰਗ ਸਟਾਫ਼ ਨੇ ਇਕ ਦਿਨ ਦੀ ਤਨਖਾਹ ਹੜ੍ਹ ਪੀੜਤਾਂ ਦੇ ਲੇਖੇ ਲਗਾਉਂਦਿਆਂ ਰਾਹਤ ਪਹੁੰਚਾਉਣ ਦੇ ਮਕਸਦ ਤਹਿਤ 200 ਦੇ ਕਰੀਬ ਮਰੀਜ਼ਾਂ ਦਾ ਓ.ਪੀ.ਡੀ. 'ਚ ਇਲਾਜ ਕੀਤਾ ਗਿਆ।

ਇਸ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਾਲਜ ਦੇ ਸਟਾਫ਼ ਵੱਲੋਂ ਆਪਣੀ ਇਕ ਦਿਨ ਦੀ ਤਨਖਾਹ ਹੜ੍ਹ ਵਰਗੀ ਕੁਦਰਤੀ ਆਫ਼ਤ ਨਾਲ ਜੂਝ ਰਹੇ ਲੋਕਾਂ ਦੇ ਲੇਖੇ ਲਗਾਉਂਦੇ ਹੋਏ ਪਿੰਡ ਸ਼ੇਰਪੁਰ, ਅਜਨਾਲਾ ਵਿਖੇ ਜਾ ਕੇ ਮੈਡੀਕਲ ਕੈਂਪ ਲਗਾਇਆ ਗਿਆ, ਜਿਸ 'ਚ 200 ਦੇ ਕਰੀਬ ਮਰੀਜ਼ਾਂ ਦਾ ਇਲਾਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਕੈਂਪ ਦੌਰਾਨ ਲੋੜ ਮੁਤਾਬਕ ਦਵਾਈਆਂ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਉਕਤ ਕੈਂਪ ਦੌਰਾਨ ਬੀ. ਪੀ., ਸ਼ੂਗਰ ਅਤੇ ਬੁਖਾਰ ਆਦਿ ਦੀ ਜਾਂਚ ਕੀਤੀ ਗਈ। ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਕਿਹਾ ਕਿ ਉਕਤ ਕੈਂਪ ਦੌਰਾਨ ਮੁਫ਼ਤ ਦਵਾਈਆ ਤੇ ਹੋਰ ਜਰੂਰੀ ਸਮਾਨ 'ਚ ਮੱਛਰ ਦਾਨੀਆਂ, ਡਾਇਪਰ, ਹੈਡ ਵਾਸ਼, ਸੁੱਕਾ ਰਸਤ ਆਦਿ ਸਮਾਨ ਤਕਸੀਮ ਕੀਤਾ ਗਿਆ।

## ਪ੍ਰਧਾਨ ਮੰਤਰੀ ਪੰਜਾਬ ਫੇਰੀ ਦੌਰਾਨ ਹੜ੍ਹ ਪੀੜ੍ਹਤਾਂ ਲਈ 20 ਹਜ਼ਾਰ ਕਰੋੜ ਦੇ ਪੈਕੇਜ ਸਣੇ ਸੂਬੇ ਦੇ 60 ਹਜ਼ਾਰ ਕਰੋੜ ਵੀ ਜਾਰੀ ਕਰਨ : ਧਾਲੀਵਾਲ

ਅਜਨਾਲਾ, 8 ਸਤੰਬਰ (ਸੁਖਦੇਵ ਸਿੰਘ ਖ਼ਾਲਸਾ): ਹਲਕਾ ਅਜਨਾਲਾ ਤੋਂ ਵਿਧਾਇਕ ਅਤੇ ਸਾਬਕਾ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਹਲਕੇ 'ਚ ਹੜ੍ਹਾਂ ਦੀ ਮਾਰ ਨਾਲ ਬੁਰੀ ਤਰਾਂ ਝੰਬੇ ਰਮਦਾਸ ਖੇਤਰ 'ਚ ਹੜ੍ਹ ਪੀੜਤਾਂ ਦੀ ਸਹਾਇਤਾ ਕਰਨ ਤੇ ਸਰਕਾਰੀ ਅਮਲੇ ਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ ਤੇ ਭਲਕੇ 9 ਸਤੰਬਰ ਨੂੰ ਪੰਜਾਬ ਦੇ ਹੜ੍ਹਾਂ ਤੋਂ ਹੋਈ ਬਰਬਾਦੀ ਦੇ ਹਲਾਤਾਂ ਨੂੰ ਹਵਾਈ ਸਰਵੇਖਣ ਦੌਰਾਨ ਪਠਾਨਕੋਟ ਵਿਖੇ ਅਧਿਕਾਰੀਆਂ ਕੋਲੋਂ ਜਾਇਜ਼ਾ ਰਿਪੋਰਟਾਂ ਲੈਣ ਲਈ ਦਿੱਲੀ ਤੋਂ ਪੁੱਜ ਰਹੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਧਾਲੀਵਾਲ ਨੇ ਆਪਣੇ ਸ਼ੋਸ਼ਲ ਮੀਡੀਆ 'ਤੇ ਸ਼ੋਸ਼ਲ ਤੇ ਮੋਦੀ ਨੂੰ ਮੁਖਾਤਿਬ ਹੁੰਦਿਆਂ ਅਤੇ ਪੀਐਮਓ ਦੇ ਸੋਸ਼ਲ ਮੀਡੀਆ ਹੈਂਡਲ ਤੇ ਆਪਣੇ ਵੀਡੀਓ ਸੰਦੇਸ਼ ਨੂੰ ਟੈਗ ਕੀਤਾ। ਜਿਸ 'ਚ ਧਾਲੀਵਾਲ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਅਪੀਲ ਕੀਤੀ ਕਿ ਭਲਕੇ 9 ਸਤੰਬਰ ਦਿਨ ਮੰਗਲਵਾਰ ਨੂੰ ਪੰਜਾਬ ਲਈ ਰਵਾਨਾ ਹੋਣ ਤੋਂ ਪਹਿਲਾਂ ਪਿਛਲੇ 20-22 ਦਿਨਾਂ ਤੋਂ ਭਿਆਨਕ ਹੜ੍ਹਾਂ ਦੀ ਤਰਾਸਦੀ ਨੂੰ ਹੰਢਾ ਰਹੇ ਪੰਜਾਬ ਦੇ ਕੌਮਾਂਤਰੀ ਭਾਰਤ 'ਪਾਕਿ ਸਰਹੱਦੀ ਖਿੱਤੇ ਅਜਨਾਲਾ 'ਚ ਕਦੇ ਹਿੱਕ ਡਾਹ ਕੇ ਗੁਆਂਢੀ ਦੁਸ਼ਮਨ ਮੁਲਕ ਦੀਆਂ ਭਾਰਤ ਵਿਰੋਧੀ ਸਾਜਿਸ਼ਾਂ ਤੇ ਜੰਗਾਂ 'ਚ ਮੁਕਾਬਲੇ ਲਈ ਭਾਰਤੀ ਸੈਨਾ ਤੇ ਸੀਮਾ ਸੁਰੱਖਿਆ ਬਲਾਂ ਦੇ ਅੰਗ ਸੰਗ ਦਿਨੇ ਰਾਤ ਸਹਿਯੋਗੀ ਭੂਮਿਕਾ ਨਿਭਾਉਂਦੇ ਆ ਰਹੇ ਅਤੇ ਹੁਣ ਰਾਵੀ ਦਰਿਆ ਦੇ ਅੱਥਰੇ



ਹੜ੍ਹਾਂ ਅੱਗੇ ਹਿੱਕ ਡਾਹ ਕੇ ਆਪਣੇ ਪਿੰਡਾਂ 'ਚ ਡਟੇ ਇਸ ਸਰਹੱਦੀ ਖੇਤਰ ਦੇ ਲੋਕਾਂ ਲਈ ਹੋਈ ਬਣ ਕੇ ਵਾਪਰੇ ਅਣਕਿਆਸੇ ਤਬਾਹੀ ਦੇ ਮੰਜ਼ਰ ਤੋਂ ਮੁਕਤੀ ਦਿਵਾਉਣ ਲਈ ਪ੍ਰਭਾਵਿਤ ਪੀੜਤਾਂ ਲਈ ਵਿਸ਼ੇਸ਼ ਸਰਹੱਦੀ ਖਿੱਤੇ ਦਾ 20 ਹਜਾਰ ਕਰੋੜ ਰੁਪਏ ਦਾ ਪੈਕੇਜ ਜਾਰੀ ਕਰਨ ਤੋਂ ਇਲਾਵਾ ਪੰਜਾਬ ਸਰਕਾਰ ਦੇ ਕੇਂਦਰ ਸਰਕਾਰ ਵੱਲ ਖੜੀ ਬਕਾਇਆ ਰਾਸ਼ੀ 50 ਹਜਾਰ ਕਰੋੜ ਰੁਪਏ ਜੀ.ਐਸ.ਟੀ. ਮੁਆਵਜਾ, 8 ਹਜਾਰ ਕਰੋੜ ਰੁਪਏ ਪੰਜਾਬ ਪੇਂਡੂ ਵਿਕਾਸ ਫੰਡ ਅਤੇ 850 ਕਰੋੜ ਰੁਪਏ ਦੇ ਬਿਨ੍ਹਾਂ ਕਿਸੇ ਠੋਸ ਕਾਰਣ ਪ੍ਰਧਾਨ ਮੰਤਰੀ ਸੜਕ ਯੋਜਨਾ ਦੀ ਰੱਦ ਕੀਤੀ ਗਈ ਰਾਸ਼ੀ ਦਾ ਕੁੱਲ ਪੈਕੇਜ ਜੋ 60 ਹਜਾਰ ਕਰੋੜ ਰੁਪਏ ਤੋਂ ਵਧੇਰੇ ਬਣਦਾ ਹੈ, ਨੂੰ ਜਾਰੀ ਕਰਨ ਦਾ ਐਲਾਨ ਕੀਤਾ ਜਾਵੇ। ਵਿਧਾਇਕ ਤੇ ਸਾਬਕਾ ਮੰਤਰੀ ਧਾਲੀਵਾਲ ਨੇ ਆਪਣੇ ਸੰਦੇਸ਼ 'ਚ ਕਿਹਾ ਕਿ ਸਰਹੱਦੀ ਪੰਜਾਬ ਖਿੱਤੇ ਨੇ ਹਮੇਸ਼ਾ ਗੁਆਂਢੀ ਮੁਲਕਾਂ ਦੀਆਂ ਜੰਗਾਂ 'ਚ ਦੁਸ਼ਮਨਾਂ ਦੇ ਦੰਦ ਖੱਟੇ ਕਰਨ, ਅਜਾਦੀ ਸੰਗਰਾਮ 'ਚ ਸਭ ਤੋਂ ਮਹੱਤਵਪੂਰਨ ਤੇ ਗਿਣਤੀ ਪੱਖੋਂ ਵੀ 80 ਫੀਸਦੀ ਤੋਂ ਵੱਧ ਕੁਰਬਾਨੀਆਂ ਦੇਣ ਤੇ ਅੰਨ ਭੰਡਾਰ 'ਚ ਵੀ ਦੇਸ਼ ਨੂੰ ਪੈਰਾਂ ਸਿਰ ਖੜਾ ਕਰਨ 'ਚ ਮੋਹਰੀ ਭੂਮਿਕਾ 'ਚ ਰਿਹਾ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਆਪਣੀ ਪੰਜਾਬ ਫੇਰੀ ਦੌਰਾਨ ਹੜ੍ਹ ਪੀੜਤਾਂ ਨੂੰ ਸਹਾਇਤਾ ਦੇਣ ਤੋਂ ਖਾਲੀ ਹੱਥ ਵਾਪਸ ਨਾ ਜਾਣ ਸਗੋਂ ਆਉਣ ਤੋਂ ਪਹਿਲਾਂ ਹੀ 2000 ਕਰੋੜ ਰੁਪਏ ਅਜਨਾਲਾ ਸਰਹੱਦੀ ਖਿੱਤੇ ਲਈ ਵਿਸ਼ੇਸ਼ ਪੈਕੇਜ, 20 ਹਜਾਰ ਕਰੋੜ ਰੁਪਏ ਪੰਜਾਬ ਹੜ੍ਹ ਪੀੜਤਾਂ ਲਈ ਸਮੁੱਚਾ ਪੈਕੇਜ ਅਤੇ 60 ਹਜਾਰ ਕਰੋੜ ਰੁਪਏ ਪੰਜਾਬ ਦੀ ਬਕਾਇਆ ਰਾਸ਼ੀ ਜਾਰੀ ਕਰਨ ਦਾ ਐਲਾਨ ਕਰਨ ਜਾਂ ਫਿਰ ਪੰਜਾਬ 'ਚ ਰੁਕਣ ਮੌਕੇ ਹੀ ਉਕਤ ਰਾਹਤ ਪੈਕੇਜ ਜਾਰੀ ਕਰਨ ਦਾ ਫੈਸਲਾ ਸੁਣਾਇਆ ਜਾਵੇ। ਇਸ ਮੌਕੇ ਤੇ ਸੀਨੀਅਰ ਆਗੂ ਖੁਸ਼ਪਾਲ ਸਿੰਘ ਧਾਲੀਵਾਲ, ਮਾਰਕਿਟ ਕਮੇਟੀ ਅਜਨਾਲਾ ਦੇ ਚੇਅਰਮੈਨ ਬਲਦੇਵ ਸਿੰਘ ਬੱਬੂ ਚੇਤਨਪੁਰਾ, ਆਦਿ ਆਗੂਆਂ ਤੋਂ ਇਲਾਵਾ ਸਰਕਾਰੀ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ।

### ਪੱਤਰਕਾਰ ਨੂੰ ਗਾਲਾਂ ਕੱਢਣ ਤੇ ਧਮਕੀਆਂ ਦੇਣ ਮਗਰੋਂ ਪੁਲਿਸ ਵੱਲੋਂ ਕਾਰਵਾਈ ਨਾ ਕਰਨ 'ਤੇ ਪੱਤਰਕਾਰ ਥਾਣਾ ਝੰਡੇਰ ਅੱਗੇ ਧਰਨਾ ਦੇਣ ਲਈ ਮਜਬੂਰ

ਅਜਨਾਲਾ/ਚੇਤਨਪੁਰਾ, 8 ਸਤੰਬਰ (ਪੱਤਰ ਪ੍ਰੇਰਕ): ਅਜਨਾਲਾ ਪੱਤਰਕਾਰ ਯੂਨੀਅਨ ਦੀ ਇਕ ਜ਼ਰੂਰੀ ਮੀਟਿੰਗ ਹੋਈ। ਜਿਸ ਵਿਚ ਵਿਚਾਰ ਚਰਚਾ ਕੀਤੀ ਗਈ ਕਿ 15 ਦਿਨ ਪਹਿਲਾਂ ਅਜਨਾਲਾ/ਚੇਤਨਪੁਰਾ ਸਟੇਸ਼ਨ ਤੋਂ ਚੜ੍ਹਦੀ ਕਲਾ ਦੇ ਪੱਤਰਕਾਰ ਦੇ ਨਾਲ ਇਕ ਖ਼ਬਰ ਵਿਚ ਨਾਮ ਨਾ ਪਾਉਣ ਤੇ ਚੇਤਨਪੁਰਾ ਤੋਂ ਇਕ ਵਿਅਕਤੀ ਵਲੋਂ ਫੋਨ ਕਰਕੇ ਗਲੀ-ਗਲੋਚ ਅਤੇ ਜਾਨੋਂ ਮਾਰਨ ਦੀਆ ਧਮਕੀਆਂ ਦਿਤੀਆਂ ਗਈਆਂ| ਇਸ ਸਬੰਧੀ ਸਬੰਧਤ ਥਾਣਾ ਝੰਡੇਰ ਵਿਖੇ 23 ਅਗਸਤ ਨੂੰ ਲਿਖਤੀ ਦਰਖਾਸਤ ਦਿੱਤੀ ਗਈ ਸੀ ਕਾਫੀ ਦਿਨ ਬੀਤ ਜਾਣ ਤੇ ਪੁਲਿਸ ਪ੍ਰਸ਼ਾਸਨ ਨੇਉਕਤ ਵਿਅਕਤੀ ਖ਼ਿਲਾਫ ਕੋਈ ਬਣਦੀ ਕਾਰਵਾਈ ਨਹੀਂ ਕੀਤੀ ਗਈ। ਪੁਲਿਸ ਦੀ ਢਿੱਲੀ ਕਾਰਗੁਜਾਰੀ ਦੇ ਰੋਸ ਫੈਸਲਾ ਕੀਤਾ ਗਿਆ ਕਿ ਜੇਕਰ ਪੁਲਿਸ ਦੋਸ਼ੀ ਖਿਲਾਫ ਤੁਰੰਤ ਕਾਰਵਾਈ ਨਹੀਂ ਕਰਦੀ ਤਾਂ ਜਲਦੀ ਹੀ ਥਾਣਾ ਝੰਡੇਰ ਅੱਗੇ ਸਮੂਹ ਪੱਤਰਕਾਰ ਭਾਈਚਾਰਾ ਧਰਨਾ ਦੇਣ ਲਈ ਮਜਬੂਰ ਹੋਵੇਗਾ ਅਸੀਂ ਪੁਲਿਸ ਪ੍ਰਸ਼ਾਸਨ ਦੇ ਉੱਚ ਅਧਿਕਾਰੀਆਂ ਤੋਂ ਮੰਗ ਕਰਦੇ ਹਾਂ ਕਿ ਉਕਤ ਦੋਸ਼ੀ ਖ਼ਿਲਾਫ ਤੁਰੰਤ ਬਣਦੀ ਕਾਰਵਾਈ ਕੀਤੀ ਜਾਵੇ |

## ਖ਼ਾਲਸਾ ਯੂਨੀ. ਦੇ ਉਪ ਕੁਲਪਤੀ ਵੱਲੋਂ ਲਿਟਰੇਰੀ ਕ੍ਰਿਟੀਕ ਦਾ ਪਹਿਲਾ ਅੰਕ ਲੋਕ ਅਰਪਿਤ



ਅੰਮ੍ਰਿਤਸਰ, 8 ਸਤੰਬਰ (ਬਬਲੂ ਮਹਾਜਨ): ਖ਼ਾਲਸਾ ਕਾਲਜ ਇੰਗਲਿਸ਼ ਵਿਭਾਗ ਵੱਲੋਂ ਪ੍ਰਕਾਸ਼ਿਤ ਆਪਣੇ ਕਾਲਜ ਜਰਨਲ, ਲਿਟਰੇਰੀ ਕ੍ਰਿਟੀਕ ਦੇ ਪਹਿਲੇ ਅੰਕ ਦੀ ਘੁੰਡ ਚੁਕਾਈ ਖ਼ਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਦੁਆਰਾ ਕੀਤੀ ਗਈ। ਇਸ ਸਮਾਰੋਹ ਦੀ ਪ੍ਰਧਾਨਗੀ ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਵੱਲੋਂ ਕੀਤੀ ਗਈ। ਇਸ ਮੌਕੇ ਡਾ. ਮਹਿਲ ਸਿੰਘ ਨੇ ਕਿਹਾ ਕਿ ਸਾਹਿਤਕ ਆਲੋਚਨਾ ਦਾ ਉਦਘਾਟਨੀ ਅੰਕ ਵਿਦਵਤਾਪੂਰਨ ਪ੍ਰਗਟਾਵੇ ਦੇ ਇਕ ਨਵੇਂ ਯੁੱਗ ਦੀ ਸ਼ੁਰੂਆਤ ਕਰਦਾ ਹੈ, ਜੋ ਕਿ ਕਾਲਜ ਅਤੇ ਵਿਸ਼ਾਲ ਵਿਦਵਾਨ ਭਾਈਚਾਰੇ ਦੇ ਅੰਦਰ ਖੋਜ ਅਤੇ ਅਕਾਦਮਿਕ ਉੱਤਮਤਾ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹੋਏ ਸਬੰਧਿਤ ਪ੍ਰਸੰਗਿਕ ਮੁੱਦਿਆਂ ਨੂੰ ਸੰਬੋਧਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਉਕਤ ਲਿਟਰੇਰੀ ਕ੍ਰਿਟੀਕ ਨੂੰ ਮਾਣ ਨਾਲ ਲੋਕ ਅਰਪਿਤ ਕੀਤਾ ਗਿਆ, ਜੋ ਕਿ ਇਸ ਦੇ ਅਕਾਦਮਿਕ ਅਤੇ ਸਾਹਿਤਕ ਸਫ਼ਰ 'ਚ ਇਕ ਮਹੱਤਵਪੂਰਨ ਮੀਲ ਪੱਥਰ ਹੈ।

ਇਸ ਮੌਕੇ ਡਾ. ਰੰਧਾਵਾ ਨੇ ਉਕਤ ਵਿਭਾਗ ਦੇ ਫੈਕਲਟੀ ਨੂੰ ਲਿਟਰੇਰੀ ਕ੍ਰਿਟੀਕ ਦੇ ਉਦਘਾਟਨੀ ਅੰਕ ਨੂੰ ਪ੍ਰਕਾਸ਼ਿਤ ਸਬੰਧੀ ਕੀਤੇ ਯਤਨਾਂ ਲਈ ਵਧਾਈ ਦਿੱਤੀ। ਉਨ੍ਹਾਂ ਜਰਨਲ ਦੀ ਇਕ ਪਲੇਟਫਾਰਮ ਵਜੋਂ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਨਾ ਸਿਰਫ਼ ਅਕਾਦਮਿਕ ਜਗਿਆਸਾ ਅਤੇ ਆਲੋਚਨਾਤਮਕ ਸੋਚ ਨੂੰ ਪਾਲਦਾ ਹੈ, ਬਲਕਿ ਖੋਜ ਅਤੇ ਸਾਹਿਤਕ ਉੱਤਮਤਾ ਦੇ ਇਕ ਉਭਰਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ ਕਾਲਜ ਦੀ ਵਚਨਬੱਧਤਾ ਨੂੰ ਵੀ ਦਰਸਾਉਂਦਾ ਹੈ। ਇਸ ਮੌਕੇ ਵਿਭਾਗ ਮੁੱਖੀ ਅਤੇ ਐਡੀਟਰ ਸੁਪਨਿੰਦਰਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਜਰਨਲ ਲਿਟਰੇਰੀ ਕ੍ਰਿਟੀਕ ਅਕਾਦਮਿਕ ਖੋਜ ਅਤੇ ਸਮਾਜਿਕ ਸਰੋਕਾਰਾਂ ਵਾਲੇ ਲੇਖਾਂ ਨੂੰ ਪ੍ਰਕਾਸ਼ਿਤ ਕਰਨ ਲਈ ਸਮਰਪਿਤ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲੇ ਅੰਕ 'ਚ ਵਿਸ਼ਿਆਂ ਦੀ ਵਿਭਿੰਨ ਸ਼੍ਰੇਣੀ ਸ਼ਾਮਿਲ ਹੈ, ਜਿਸ ਨਾਲ ਇਹ ਵਿਦਵਾਨਾਂ, ਖੋਜਾਰਥੀਆਂ ਤੇ ਵਿਦਿਆਰਥੀਆਂ ਲਈ ਕੀਮਤੀ ਸਰੋਤ ਬਣ ਜਾਂਦੀ ਹੈ। ਇਸ ਮੌਕੇ ਡਾ. ਤਮਿੰਦਰ ਸਿੰਘ ਭਾਟੀਆ, ਡਾ. ਜਸਵਿੰਦਰ ਸਿੰਘ, ਡਾ. ਦਲਜੀਤ ਸਿੰਘ, ਡਾ. ਸਵਰਾਜ ਕੌਰ, ਪ੍ਰੋ. ਜਸਪ੍ਰੀਤ ਕੌਰ, ਡਾ. ਹਰਵਿੰਦਰ ਕੌਰ ਆਦਿ ਤੋਂ ਇਲਾਵਾ ਹੋਰ ਵਿਭਾਗਾਂ ਦਾ ਸਟਾਫ਼ ਵੀ ਹਾਜ਼ਰ ਸੀ।

## ਹੜ੍ਹ ਪ੍ਰਭਾਵਿਤ ਖੇਤਰਾਂ 'ਚ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ : ਜਸਵੀਰ ਸਿੰਘ ਗੜ੍ਹੀ

ਫ਼ਤਿਹਗੜ੍ਹ ਚੂੜੀਆਂ/ਬਟਾਲਾ, 8 ਸਤੰਬਰ (ਰਾਜਨ ਸ਼ਰਮਾ): ਪੰਜਾਬ



ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਲੋਕਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਚੇਅਰਮੈਨ ਗੜ੍ਹੀ ਫ਼ਤਿਹਗੜ੍ਹ ਚੂੜੀਆਂ ਦੇ ਇਕ ਨਿੱਜੀ ਹਸਪਤਾਲ ਵਿਖੇ ਪਹੁੰਚੇ ਸਨ, ਜਿੱਥੇ ਉਨ੍ਹਾਂ ਨੇ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਐਸ.ਸੀ ਭਾਈਚਾਰੇ ਦੇ ਲੋਕਾਂ ਨਾਲ ਮੁਲਾਕਾਤ ਕੀਤੀ, ਜਿਸਦੇ ਮਗਰੋਂ ਉਹ ਡੇਰਾ ਬਾਬਾ ਨਾਨਕ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਲਈ ਰਾਹਤ ਸਮੱਗਰੀ ਜਿਸ ਵਿੱਚ ਰਾਸ਼ਨ, ਸੁੱਕੀ ਰਸਦ ਅਤੇ ਦਵਾਈਆਂ ਆਦਿ ਸਨ, ਰਵਾਨਾ ਹੋ ਗਏ। ਉਨ੍ਹਾਂ ਨਾਲ ਤਪ ਅਸਥਾਨ ਖੁਰਾਲਗੜ੍ਹ ਸਾਹਿਬ ਤੋਂ ਮੁੱਖ ਸੇਵਾਦਾਰ ਬਾਬਾ ਕੇਵਲ ਸਿੰਘ ਚਾਕਰ (ਡਾ.), ਭਾਈ ਦਵਿੰਦਰ ਸਿੰਘ ਖਾਲਸਾ, ਸੰਤ ਸਿਪਾਹੀ ਸੁਸਾਇਟੀ ਲੁਧਿਆਣਾ, ਤਹਿਸੀਲਦਾਰ ਲਛਮਣ ਸਿੰਘ, ਸੁਖਵਿੰਦਰ ਸਿੰਘ ਜ਼ਿਲ੍ਹਾ ਭਲਾਈ ਅਫ਼ਸਰ, ਐਸ.ਐਚ.ਓ ਪ੍ਰਭਜੋਤ ਸਿੰਘ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਲੱਗਭਗ 8 ਜ਼ਿਲ੍ਹਿਆਂ ਦੇ ਵੱਖ-ਵੱਖ ਪਿੰਡ ਹੜ੍ਹਾਂ ਦੀ ਮਾਰ ਹੇਠਾਂ ਆਏ ਹਨ, ਜਿਸ ਵਿੱਚ ਲੋਕਾਂ ਦਾ ਬਹੁਤ ਵੱਡਾ ਨੁਕਸਾਨ ਹੋਇਆ ਹੈ। ਉਨ੍ਹਾਂ ਕਿਹਾ ਕਿ ਅੱਜ ਸਮੁੱਚੇ ਪੰਜਾਬੀ ਆਪਣੇ ਪੰਜਾਬ ਦੇ ਪੀੜ੍ਹਤ ਲੋਕਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਦੁੱਖ ਦਰਦ ਵੰਡਾਉਣ ਅਤੇ ਉਨ੍ਹਾਂ ਦੀ ਪੀੜਾ ਜਾਨਣ ਲਈ ਉਹ ਵੱਖ-ਵੱਖ ਪਿੰਡਾਂ ਵਿੱਚ ਸੰਤਾਂ-ਮਹਾਂਪੁਰਖਾਂ ਦੀ ਅਗਵਾਈ ਵਿੱਚ ਰਾਹਤ ਸਮੱਗਰੀ ਲੈ ਕੇ ਜਾ ਰਹੇ ਹਨ। ਚੇਅਰਮੈਨ ਗੜ੍ਹੀ ਨੇ ਕਿਹਾ ਕਿ ਅੱਜ ਹਰ ਪੰਜਾਬੀ ਫਿਕਰਮੰਦ ਹੈ ਕਿ ਉਹ ਸੇਵਾ ਕਰਨ ਤੋਂ ਪਿੱਛੇ ਨਹੀਂ ਹੱਟ ਰਹੇ, ਜਿਸ ਤਹਿਤ ਉਹ ਵੀ ਸੇਵਾ ਲਈ ਇਥੇ ਪਹੁੰਚੇ ਹਨ। ਉਨ੍ਹਾਂ ਕਿਹਾ ਕਿ ਉਹ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ, ਸੁਸਾਇਟੀਆਂ ਤੇ ਪੰਜਾਬੀ ਗਾਇਕਾਂ ਦੀ ਸ਼ਲਾਘਾ ਕਰਦੇ ਹਨ, ਜੋ ਇਸ ਸਮੇਂ ਪੰਜਾਬੀਆਂ ਦੇ ਦਰਦ ਨੂੰ ਵੰਡਾ ਰਹੇ ਹਨ।

ਇਸ ਮੌਕੇ ਹਰਵਿੰਦਰ ਸਿੰਘ ਰੰਧਾਵਾ, ਸੁਖਦੀਪ ਸਿੰਘ, ਹਰਦੇਵ ਸਿੰਘ, ਜਸਬੀਰ ਸਿੰਘ ਤਰਨਾ ਦਲ, ਗੁਰਮੀਤ ਸਿੰਘ ਢੰਡ, ਜਸਪਾਲ ਸਿੰਘ ਢੰਡ, ਅੰਗ੍ਰੇਜ਼ ਸਿੰਘ, ਬਿਕਰਮਜੀਤ ਸਿੰਘ ਰੰਧਾਵਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ, ਸਾਹਿਬ ਸਿੰਘ ਸਰਪੰਚ, ਹਰਦੇਵ ਸਿੰਘ ਖ਼ਾਲਸਾ, ਜਤਿੰਦਰ ਸਿੰਘ, ਰਛਪਾਲ ਸਿੰਘ ਮਾਹਲਾ ਆਦਿ ਹਾਜ਼ਰ ਸਨ।

## ਹੜ੍ਹਾਂ ਦੀ ਸਥਿਤੀ ਕਾਰਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਲਈ ਦਾਖ਼ਲਾ ਸ਼ਡਿਊਲ 'ਚ ਸੋਧ

ਅੰਮ੍ਰਿਤਸਰ, 8 ਸਤੰਬਰ (ਗੁਰਦਿਆਲ ਸਿੰਘ): ਪੰਜਾਬ ਵਿਚ ਮੌਜੂਦਾ ਹੜ੍ਹਾਂ ਦੀ ਸਥਿਤੀ ਕਾਰਨ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸੈਸ਼ਨ ਦਸੰਬਰ 2025 ਅੰਡਰ ਗਰੈਜੂਏਟ ਕਲਾਸਾਂ ਸਮੈਸਟਰ ਪਹਿਲਾ, ਤੀਜਾ, ਪੰਜਵਾਂ, ਸੱਤਵਾਂ, ਨੌਵਾਂ ਅਤੇ ਪੋਸਟ ਗਰੈਜੂਏਟ ਸਮੈਸਟਰ ਪਹਿਲਾ, ਤੀਜਾ ਦੇ ਪੂਰੇ ਵਿਸ਼ੇ/ਰੀ-ਅਪੀਅਰ/ਸਪੈਸ਼ਲ ਚਾਂਸ/ਇੰਪਰੂਵਮੈਂਟ/ਵਾਧੂ ਵਿਸ਼ਾ (ਲਾਅ ਟੀ.ਵਾਈ.ਸੀ./ਐਫ.ਵਾਈ. ਆਈ.ਸੀ. ਸਮੈਸਟਰ ਪਹਿਲਾਂ ਬੀ.ਐਡ. ਸਮੈਸਟਰ ਪਹਿਲਾ ਨੂੰ ਛੱਡ ਕੇ) ਦੇ ਪ੍ਰੀਖਿਆ ਫਾਰਮ ਆਨਲਾਈਨ ਪੋਰਟਲ 'ਤੇ ਭਰਨ ਤੇ ਫੀਸਾਂ ਆਨਲਾਈਨ/ਕੈਸ਼/ਡਰਾਫਟ ਰਾਹੀਂ ਭਰਨ ਦਾ ਸੋਧਿਆ ਸ਼ਡਿਊਲ ਯੂਨੀਵਰਸਿਟੀ ਵੱਲੋਂ ਜਾਰੀ ਕਰ ਦਿੱਤਾ ਗਿਆ ਹੈ। ਪ੍ਰੋਫੈਸਰ ਇੰਚਾਰਜ ਪ੍ਰੀਖਿਆਵਾਂ ਪ੍ਰੋ. ਸ਼ਾਲਿਨੀ ਬਹਿਲ ਨੇ ਦੱਸਿਆ ਕਿ ਪ੍ਰਾਈਵੇਟ ਵਿਦਿਆਰਥੀਆਂ ਲਈ ਫੀਸ ਸਲਿਪ ਪ੍ਰਿੰਟ ਕਰਨ/ਆਨਲਾਈਨ ਫੀਸ ਭਰਨ; ਰੈਗੂਲਰ ਵਿਦਿਆਰਥੀਆਂ ਦੇ ਕਾਲਜਾਂ ਵੱਲੋਂ ਪੋਰਟਲ ਉਤੇ ਵਿਸ਼ਾ ਚੋਣ ਕਰਨ ਅਤੇ ਚਲਾਣ ਪ੍ਰਿੰਟ ਕਰਨ ਤੇ ਸਲਾਨਾ ਪ੍ਰੀਖਿਆਵਾਂ ਲਈ ਫਾਰਮ ਭਰਨ ਦੀ ਆਖਰੀ ਮਿਤੀ 25 ਸਤੰਬਰ ਬਿਨਾ ਲੇਟ ਫੀਸ ਤੋਂ ਹੈ। ਉਨ੍ਹਾਂ ਦੱਸਿਆ ਕਿ ਢਾਈ ਸੌ ਲੇਟ ਫੀਸ ਨਾਲ 29 ਸਤੰਬਰ; ਪੰਜ ਸੌ ਲੇਟ ਫੀਸ ਨਾਲ 3 ਅਕਤੂਬਰ ; ਇਕ ਹਜ਼ਾਰ ਲੇਟ ਫੀਸ ਨਾਲ 7 ਅਕਤੂਬਰ ਤੇ ਦੋ ਹਜ਼ਾਰ ਲੇਟ ਫੀਸ ਨਾਲ 10 ਅਕਤੂਬਰ ਹੈ।

ਉਨ੍ਹਾਂ ਦੱਸਿਆ ਕਿ ਪ੍ਰਾਈਵੇਟ ਪ੍ਰੀਖਿਆਰਥੀਆਂ ਵੱਲੋਂ ਬੈਂਕ ਵਿਚ ਫੀਸ ਜਮ੍ਹਾਂ ਕਰਵਾਉਣ, ਰੈਗੂਲਰ ਵਿਦਿਆਰਥੀਆਂ ਦੀ ਕਾਲਜਾਂ ਵੱਲੋਂ ਡਰਾਫਟ ਰਾਹੀਂ ਯੂਨੀਵਰਸਿਟੀ ਕੈਸ਼ ਕਾਊਂਟਰ ਜਾਂ ਬੈਂਕ 'ਚ ਫੀਸ ਜਮ੍ਹਾਂ ਕਰਵਾਉਣ ਤੇ ਸਲਾਨਾ ਪ੍ਰੀਖਿਆ ਲਈ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ 30 ਸਤੰਬਰ ਬਿਨਾ ਲੇਟ ਫੀਸ ਤੋਂ ਹੈ। ਉਨ੍ਹਾਂ ਦੱਸਿਆ ਕਿ ਢਾਈ ਸੌ ਲੇਟ ਫੀਸ ਨਾਲ 4 ਅਕਤੂਬਰ; ਪੰਜ ਸੌ ਲੇਟ ਫੀਸ ਨਾਲ 8 ਅਕਤੂਬਰ; ਇਕ ਹਜ਼ਾਰ ਲੇਟ ਫੀਸ ਨਾਲ 10 ਅਕਤੂਬਰ ਅਤੇ ਦੋ ਹਜ਼ਾਰ ਲੇਟ ਫੀਸ ਨਾਲ 13 ਅਕਤੂਬਰ ਹੈ। ਉਨ੍ਹਾਂ ਦੱਸਿਆ ਕਿ ਇਕ ਹਜ਼ਾਰ ਰੁਪਏ ਪ੍ਰਤੀ ਦਿਨ (ਵੱਧ ਤੋਂ ਵੱਧ ਤੀਹ ਹਜ਼ਾਰ) ਨਾਲ ਪ੍ਰੀਖਿਆ ਸ਼ੁਰੂ ਹੋਣ ਤੋਂ ਦਸ ਦਿਨ ਪਹਿਲਾਂ ਕਰਵਾਏ ਜਾ ਸਕਦੇ ਹਨ।

## ਦਿੱਲੀ ਗੁਰਦੁਆਰਾ ਕਮੇਟੀ ਨੇ ਧੁੱਸੀ ਬੰਨ੍ਹ ਨੂੰ ਪੂਰਨ ਲਈ ਲੱਗੀ ਸੰਗਤ ਵਾਸਤੇ ਲਗਾਇਆ ਲੰਗਰ

ਨਵੀਂ ਦਿੱਲੀ/ਅੰਮ੍ਰਿਤਸਰ, 8 ਸਤੰਬਰ (ਅੰਮ੍ਰਿਤਪਾਲ ਸਿੰਘ/ਬਬਲੂ ਮਹਾਜਨ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਘੋਨੇਵਾਲ 'ਚ ਰਾਵੀ ਦਰਿਆ ਦੇ ਧੁੱਸੀ ਬੰਨ 'ਚ ਪਏ ਪਾੜ ਨੂੰ ਪੂਰਨ ਵਿਚ ਲੱਗੀ ਸੰਗਤ ਵਾਸਤੇ ਗੁਰੂ ਕਾ ਲੰਗਰ ਲਗਾਇਆ ਹੈ ਤੇ ਜਦੋਂ ਤੱਕ ਇਹ ਪਾੜ ਨਹੀਂ ਪੂਰਿਆ ਜਾਂਦਾ ਅਤੇ ਇਲਾਕੇ ਵਿਚ ਕਾਰ ਸੇਵਾ ਗੁਰੂ ਕਾ ਬਾਗ ਦੇ ਬਾਬਾ ਸਤਨਾਮ ਸਿੰਘ ਤੇ ਸਾਥੀਆਂ ਵੱਲੋਂ ਇਹ ਸੇਵਾ ਜਾਰੀ ਰਹੇਗੀ, ਉਨਾ ਚਿਰ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਗੁਰੂ ਕੇ ਲੰਗਰ ਤੇ ਹੋਰ ਸੇਵਾਵਾਂ ਨਿਰੰਤਰ ਚਲਦੀਆਂ ਰਹਿਣਗੀਆਂ। ਇਸ ਬਾਰੇ ਜਾਣਕਾਰੀ ਦਿੰਦਿਆਂ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਘੋਨੇਵਾਲ ਵਿਚ ਤਕਰੀਬਨ 500 ਮੀਟਰ ਲੰਬਾ ਤੇ 40 ਫੁੱਟ ਡੂੰਘਾ ਪਾੜ ਰਾਵੀ ਦਰਿਆ ਦੇ ਧੁੱਸੀ ਬੰਨ ਵਿਚ ਪੈ ਗਿਆ ਸੀ ਜਿਸ ਨਾਲ ਅਜਨਾਲਾ ਅਤੇ ਇਸਦੇ ਆਲੇ ਦੁਆਲੇ ਦੇ ਇਲਾਕੇ ਵਿਚ 10 ਕਿਲੋਮੀਟਰ ਤੱਕ ਹੜ੍ਹਾਂ ਦੀ ਮਾਰ ਪਈ ਹੈ। ਉਹਨਾਂ ਦੱਸਿਆ ਕਿ ਇਸ ਪਾੜ ਕਾਰਨ ਹੀ ਇਹ ਸਾਰਾ ਇਲਾਕਾ ਪਾਣੀ ਦੀ ਮਾਰ ਹੇਠ ਆਇਆ



ਜਿਸ ਨਾਲ ਨਾ ਸਿਰਫ ਫਸਲਾਂ ਡੁੱਬੀਆਂ ਬਲਕਿ ਘਰਾਂ ਦੇ ਘਰ ਤਬਾਹ ਹੋ ਗਏ ਹਨ।

ਉਨ੍ਹਾਂ ਦੱਸਿਆ ਕਿ ਹੁਣ ਬਾਬਾ ਸਤਨਾਮ ਸਿੰਘ ਜੀ ਦੇ ਮਾਰਗ ਦਰਸ਼ਨ ਹੇਠ ਸਿਰਫ ਪੰਜਾਬ ਹੀ ਨਹੀਂ ਬਲਕਿ ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼ ਤੇ ਦਿੱਲੀ ਤੱਕ ਦੀ ਸੰਗਤ ਅਤੇ ਸਥਾਨਕ ਪ੍ਰਸ਼ਾਸਨ ਰਲ ਕੇ ਇਸ ਪਾੜ ਨੂੰ ਪੂਰਨ ਦੀ ਸੇਵਾ ਵਿਚ ਲੱਗੀ ਹੋਈ ਹੈ ਤੇ ਆਸ ਹੈ ਕਿ ਅਗਲੇ ਕੁਝ ਦਿਨਾਂ ਵਿਚ ਇਹ ਪਾੜ ਸਫਲਤਾ ਨਾਲ ਪੂਰ ਲਿਆ ਜਾਵੇਗਾ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਸੰਗਤਾਂ ਰਲ ਮਿਲ ਕੇ ਇਹ ਕਾਰਜ ਛੇਤੀ ਤੋਂ ਛੇਤੀ ਸੰਪੂਰਨ ਕਰ ਲੈਣਗੀਆਂ ਤੇ ਇਸ ਨਾਲ ਇਲਾਕੇ ਵਿਚ ਪਈ ਮਾਰ ਨੂੰ ਠੱਲ੍ਹ ਪਵੇਗੀ ਅਤੇ ਪਟੜੀ ਤੋਂ ਉੱਤਰੀ ਜ਼ਿੰਦਗੀ ਮੁੜ ਲੀਹ 'ਤੇ ਪਾਉਣ ਦਾ ਰਾਹ ਬਣੇਗਾ। ਉਹਨਾਂ ਮੁੜ ਦੁਹਰਾਇਆ ਕਿ ਜਦੋਂ ਤੱਕ ਪੰਜਾਬ ਵਿਚ ਹਾਲਾਤ ਆਮ ਵਰਗੇ ਨਹੀਂ ਹੋ ਜਾਂਦੇ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਥੇ ਸੰਗਤਾਂ ਵਾਸਤੇ ਸੇਵਾ ਜਾਰੀ ਰਹੇਗੀ ਜਿਸ ਵਿਚ ਲੰਗਰਾਂ ਤੋਂ ਇਲਾਵਾ ਵੱਖ-ਵੱਖ ਸਮਾਨ ਤੇ ਮੈਡੀਕਲ ਸੇਵਾਵਾਂ ਵੀ ਸ਼ਾਮਲ ਹਨ।

# ਬਠਿੰਡਾ 'ਚ ਅਣਖ ਖਾਤਰ ਕਤਲ: ਪਿਓ ਨੇ ਧੀ ਤੇ ਦੋਹਤੀ ਨੂੰ ਮੌਤ ਦੇ ਘਾਟ ਉਤਾਰਿਆ

ਬਠਿੰਡਾ, 8 ਸਤੰਬਰ (ਦੀਪਕ ਸ਼ਰਮਾ):ਬਠਿੰਡਾ ਦੇ ਪਿੰਡ ਵਿਰਕ ਕਲਾਂ ਵਿੱਚ ਸੋਮਵਾਰ ਨੂੰ ਵਾਪਰੀ ਦਰਦਨਾਕ ਵਾਰਦਾਤ ਨੇ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਪੈਦਾ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਨੇ ਪਿੰਡ ਦੇ ਹੀ ਮੁੰਡੇ ਨਾਲ ਪ੍ਰੇਮ ਵਿਆਹ ਕਰਾਉਣ ਵਾਲੀ ਆਪਣੀ ਲੜਕੀ ਅਤੇ ਦੋਹਤੀ ਦਾ ਤੇਜ਼ਧਾਰ ਹਥਿਆਰ ਦਾ ਵਾਰ ਕਰਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਵਾਰਦਾਤ ਦੀ ਸੂਚਨਾ ਮਿਲਦੇ ਹੀ ਪੁਲਿਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ ਮ੍ਰਿਤਕ ਲੜਕੀ ਦੀ ਲਾਸ਼ ਨੂੰ ਕਜ਼ੇ ਵਿੱਚ ਲੈ ਕੇ ਸਰਕਾਰੀ ਹਸਪਤਾਲ ਦੇ ਮੁਰਦਾ ਘਰ ਵਿੱਚ ਪਹੁੰਚਾਇਆ, ਜਦ ਕਿ ਮ੍ਰਿਤਕਾ ਦੀ ਲੜਕੀ ਜਖਮੀ ਸੀ। ਉਸ ਦੀ ਮੌਤ ਹਸਪਤਾਲ ਵਿੱਚ ਇਲਾਜ ਦੌਰਾਨ ਹੋਈ।ਦਰਅਸਲ ਪੰਜ ਸਾਲ ਪਹਿਲਾਂ ਹੋਏ ਪ੍ਰੇਮ ਵਿਆਹ ਨੇ ਇਸ ਕਤਲ ਕਾਂਡ ਦੀ ਰੂਪ ਰੇਖਾ ਉਸ ਸਮੇਂ ਹੀ ਤਿਆਰ ਕਰ ਦਿੱਤੀ ਗਈ ਸੀ। ਬਸ ਕਾਤਲ ਮੌਕੇ ਦੀ ਤਲਾਸ਼ ਵਿੱਚ ਸਨ।

ਇਸ ਪ੍ਰੇਮ ਵਿਆਹ ਨੂੰ ਆਪਣੀ ਇੱਜ਼ਤ ਦਾ ਸਵਾਲ ਸਮਝਦੇ ਹੋਏ ਇੱਕ ਪਿਓ ਨੇ ਆਪਣੇ ਪੁੱਤਰ ਨਾਲ ਮਿਲ ਕੇ ਆਪਣੀ 30 ਸਾਲਾ ਧੀ ਅਤੇ ਉਸ ਦੀ 2 ਸਾਲ ਦੀ ਮਾਸੂਮ ਲੜਕੀ ਨੂੰ ਤੇਜ਼ਧਾਰ ਹਥਿਆਰ ਨਾਲ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ। ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਮਾਂ-ਧੀ ਬਠਿੰਡਾ ਤੋਂ ਦਵਾਈ ਲੈਣ ਲਈ ਬੱਸ ਦੀ ਉਡੀਕ ਕਰ ਰਹੀਆਂ ਸਨ।ਇਸ ਸਬੰਧੀ ਮ੍ਰਿਤਕਾ ਦੇ ਪਤੀ ਰਵੀ ਸ਼ਰਮਾ ਨੇ ਦੱਸਿਆ ਕਿ ਕਰੀਬ ਪੰਜ ਸਾਲ ਪਹਿਲਾਂ ਉਸਨੇ ਪਿੰਡ ਦੇ ਹੀ ਨੰਬਰਦਾਰ ਰਾਜਵੀਰ ਸਿੰਘ ਦੀ ਧੀ ਜਸਮਨਦੀਪ ਕੌਰ ਨਾਲ ਪ੍ਰੇਮ ਵਿਆਹ ਕੀਤਾ ਸੀ। ਜਸਮਨਦੀਪ ਦੇ ਪਰਿਵਾਰ ਨੂੰ ਇਹ ਵਿਆਹ ਮਨਜ਼ੂਰ ਨਹੀਂ ਸੀ, ਜਿਸ ਕਾਰਨ ਉਨ੍ਹਾਂ ਨੂੰ ਪੰਜਾਬ ਹਰਿਆਣਾ ਹਾਈਕੋਰਟ ਤੋਂ



ਪ੍ਰੋਟੈਕਸ਼ਨ ਲੈਣੀ ਪਈ ਸੀ। ਵਿਆਹ ਤੋਂ ਬਾਅਦ ਜਸਮਨਦੀਪ ਆਪਣੇ ਪਤੀ ਅਤੇ ਸਹੁਰੇ ਪਰਿਵਾਰ ਨਾਲ ਰਹਿ ਰਹੀ ਸੀ ਅਤੇ ਤਿੰਨ ਸਾਲ ਬਾਅਦ ਉਨ੍ਹਾਂ ਦੇ ਘਰ ਧੀ ਏਕਮਦੀਪ ਕੌਰ ਨੇ ਜਨਮ ਲਿਆ। ਰਵੀ ਮੁਤਾਬਕ ਉਹ ਆਪਣੇ ਸਹੁਰੇ ਪਰਿਵਾਰ ਨਾਲ ਕੋਈ ਗੱਲਬਾਤ ਨਹੀਂ ਕਰਦਾ ਸੀ, ਪਰ ਉਸ ਦਾ ਸਹੁਰਾ ਰਾਜਵੀਰ ਸਿੰਘ ਅਤੇ ਸਾਲਾ ਪਰਮਪਾਲ ਸਿੰਘ ਇਸ ਪ੍ਰੇਮ ਵਿਆਹ ਦੀ ਰੰਜਿਸ਼ ਆਪਣੇ ਦਿਲ ਵਿੱਚ ਪਾਲੀ ਬੈਠੇ ਸਨ। ਉਹ ਸਮੇਂ ਦੀ ਉਡੀਕ ਕਰ ਰਹੇ ਸਨ ਕਿ ਕਦੋਂ ਉਹ ਆਪਣਾ ਗੁੱਸਾ ਕੱਢਣਗੇ।ਸੋਮਵਾਰ ਨੂੰ ਜਸਮਨਦੀਪ ਆਪਣੀ 2 ਸਾਲ ਦੀ ਧੀ ਏਕਮਦੀਪ ਨਾਲ ਬਠਿੰਡਾ ਸ਼ਹਿਰ ਤੋਂ ਦਵਾਈ ਲੈਣ ਜਾ ਰਹੀ ਸੀ। ਉਹ ਪਿੰਡ ਦੇ ਬੱਸ ਅੱਡੇ ਤੇ ਬੱਸ ਦੀ ਉਡੀਕ ਕਰ ਰਹੀ ਸੀ। ਅਚਾਨਕ ਉਸਦਾ ਪਿਓ ਰਾਜਵੀਰ ਸਿੰਘ ਅਤੇ ਭਰਾ ਪਰਮਪਾਲ ਸਿੰਘ ਬੱਸ ਅੱਡੇ ਤੇ ਪਹੁੰਚ ਗਏ। ਵਿਆਹ ਤੋਂ ਬਾਅਦ ਪਹਿਲੀ ਵਾਰ ਪਿਓ-ਧੀ ਦਾ ਆਹਮਣਾ-ਸਾਹਮਣਾ ਹੋਇਆ ਤਾਂ ਗੁੱਸੇ ਵਿੱਚ ਆਏ ਪਿਓ ਨੇ ਆਪਣੇ ਪੁੱਤਰ ਨਾਲ ਮਿਲ ਕੇ ਜਸਮਨਦੀਪ ਨਾਲ ਬਹਿਸ ਕਰਨੀ ਸ਼ੁਰੂ ਕਰ ਦਿੱਤੀ। ਬਹਿਸ ਦੌਰਾਨ ਉਨ੍ਹਾਂ ਨੇ ਇੱਕ ਤੇਜ਼ਧਾਰ ਹਥਿਆਰ ਨਾਲ ਜਸਮਨਦੀਪ ਦੇ ਸਿਰ ਤੇ ਕਈ ਵਾਰ ਕੀਤੇ। ਇਸ ਹਮਲੇ ਵਿੱਚ ਮਾਸੂਮ ਏਕਮਦੀਪ ਕੌਰ ਵੀ ਬੁਰੀ ਤਰ੍ਹਾਂ ਜ਼ਖਮੀ ਹੋ ਗਈ।ਆਸ-ਪਾਸ ਦੇ ਲੋਕਾਂ ਨੇ ਤੁਰੰਤ ਮਾਂ-ਧੀ ਨੂੰ ਨਜ਼ਦੀਕੀ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਜਸਮਨਦੀਪ ਕੌਰ ਨੂੰ ਮ੍ਰਿਤਕ ਐਲਾਨ ਦਿੱਤਾ। ਗੰਭੀਰ ਹਾਲਤ ਵਿੱਚ ਏਕਮਦੀਪ ਕੌਰ ਨੂੰ ਬਠਿੰਡਾ ਦੇ ਸਿਵਲ ਹਸਪਤਾਲ ਰੈਫਰ ਕਰ ਦਿੱਤਾ ਗਿਆ, ਪਰ ਉੱਥੇ ਪਹੁੰਚਣ ਤੇ ਡਾਕਟਰਾਂ ਨੇ ਉਸਨੂੰ ਵੀ ਮ੍ਰਿਤਕ ਐਲਾਨ ਦਿੱਤਾ। ਦੋਨਾਂ ਮਾਂ-ਧੀ ਦੀਆਂ ਲਾਸ਼ਾਂ ਨੂੰ ਸਹਾਰਾ ਜਨਸੇਵਾ ਦੀ ਮਦਦ ਨਾਲ ਪੋਸਟਮਾਰਟਮ ਲਈ ਬਠਿੰਡਾ ਦੇ ਸਿਵਲ ਹਸਪਤਾਲ ਦੀ ਮੋਰਚਰੀ ਵਿੱਚ ਰੱਖਵਾਇਆ ਗਿਆ ਹੈ।ਇਸ ਘਿਨੌਣੀ ਵਾਰਦਾਤ ਤੋਂ ਬਾਅਦ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ। ਸੂਚਨਾ ਮਿਲਣ ਤੇ ਡੀਐੱਸਪੀ ਦਿਹਾਤੀ ਹਰਜੀਤ ਸਿੰਘ ਮਾਨ, ਥਾਣਾ ਸਦਰ ਬਠਿੰਡਾ ਅਤੇ ਪੁਲਿਸ ਚੌਕੀ ਬੱਲੂਆਣਾ ਦੀ ਟੀਮ ਮੌਕੇ ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ 'ਤੇ ਕਥਿਤ ਦੋਸ਼ੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਅਤੇ ਉਨ੍ਹਾਂ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਸ਼ੁਰੂ ਕਰ ਦਿੱਤੀ ਗਈ ਹੈ। ਡੀਐੱਸਪੀ ਦਿਹਾਤੀ ਹਰਜੀਤ ਸਿੰਘ ਮਾਨ ਨੇ ਭਰੋਸਾ ਦਿਵਾਇਆ ਕਿ ਜਲਦੀ ਹੀ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ।

# ਸੰਦੀਪ ਸਿੰਘ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਯੂਥ ਵਿੰਗ ਦਿਹਾਤੀ ਕਾਲੇਕੇ ਦਾ ਪ੍ਰਧਾਨ ਨਿਯੁਕਤ



ਬਰਨਾਲਾ, 8 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਜ਼ਿਲਾ ਪ੍ਰਧਾਨ ਜਥੇਦਾਰ ਦਰਸ਼ਨ ਸਿੰਘ ਮੰਡੇਰ ਅਤੇ ਕਿਸਾਨ ਵਿੰਗ ਪੰਜਾਬ ਦੇ ਪ੍ਰਧਾਨ ਹਰਿੰਦਰ ਸਿੰਘ ਪੱਪੂ ਵੱਲੋਂ ਸੰਦੀਪ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਥ ਵਿੰਗ ਦਿਹਾਤੀ ਕਾਲੇਕੇ ਦਾ ਪ੍ਰਧਾਨ ਨਿਯੁਕਤ ਕੀਤਾ ਹੈ। ਇਹ ਜਾਣਕਾਰੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੁਲਾਜ਼ਮ ਵਿੰਗ ਜ਼ਿਲ੍ਹਾ ਪ੍ਰਧਾਨ ਅਵਤਾਰ ਸਿੰਘ ਲੀਲਾ ਨੇ ਦਿੱਤੀ ਅਤੇ ਦੱਸਿਆ ਸੰਦੀਪ ਸਿੰਘ ਨੇ ਪਾਰਟੀ ਦੇ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨ ਦਾ ਵਾਅਦਾ ਕੀਤਾ ਅਤੇ ਕਿਹਾ ਪਿੰਡਾਂ ਦੇ ਨੌਜਵਾਨਾਂ ਨੂੰ ਮਿਲ ਕੇ ਇਕਾਈਆਂ ਬਣਾ ਕੇ ਪਾਰਟੀ ਦੀਆਂ ਨੀਤੀਆਂ ਤੋਂ ਜਾਣੂ ਕਰਵਾਇਆ ਜਾਵੇਗਾ। ਉਸ ਉਪਰੰਤ ਪਿੰਡ ਕਾਲੇਕੇ ਦੇ ਨਿੱਧੜਕ ਟਕਸਾਲੀ ਆਗੂ ਜਥੇਦਾਰ ਜਸਵਿੰਦਰ ਸਿੰਘ ਦੀ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਏ ਹਰਿੰਦਰ ਸਿੰਘ ਪੱਪੂ ਨੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਪਾਰਟੀ ਪ੍ਰਤੀ ਅਤੇ ਕੌਮੀ ਸੰਘਰਸ਼ਾਂ ਵਿੱਚ ਪਾਏ ਯੋਗਦਾਨ ਤੋਂ ਜਾਣੂ ਕਰਵਾਇਆ ਅਤੇ ਜ਼ਿਲ੍ਹਾ ਪ੍ਰਧਾਨ ਦਰਸ਼ਨ ਸਿੰਘ ਮੰਡੇਰ ਨੇ ਆਇਆਂ ਸੰਗਤਾਂ ਦਾ ਧੰਨਵਾਦ ਕੀਤਾ ਅਤੇ ਪਾਰਟੀ ਵਰਕਰ ਸੁਖਪਾਲ ਸਿੰਘ ਸਰਪੰਚ, ਹਰਿੰਦਰ ਸਿੰਘ ਧਨੌਲਾ,ਨੰਦ ਸਿੰਘ ਕਾਹਨੇਕੇ , ਅਜੈਬ ਸਿੰਘ ਮਾਨ,ਕਾਲਾ ਸਿੰਘ ਮੇਟ,ਹਨੀ ਸਿੰਘ ਮਨਦੀਪ ਸਿੰਘ, ਸੰਦੀਪ ਸਿੰਘ,ਕੋਮਲਦੀਪ ਸਿੰਘ ਨੇ ਹਾਜ਼ਰੀ ਭਰੀ ਅਤੇ ਜਥੇਦਾਰ ਜਸਵਿੰਦਰ ਸਿੰਘ ਦੋਨੋ ਪੁੱਤਰਾਂ ਨੂੰ ਸਿਰੋਪਾ ਅਤੇ ਦਸਤਾਰ ਦੇ ਕੇ ਸਨਮਾਨਿਤ ਕੀਤਾ ਗਿਆ।

# ਭਾਰਤੀਯ ਅੰਬੇਡਕਰ ਮਿਸ਼ਨ, ਭਾਰਤ ਭਗਵਾਨ ਵਾਲਮੀਕਿ ਪ੍ਰਗਟ ਦਿਵਸ 'ਤੇ ਕਰੇਗੀ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ

ਬਰਨਾਲਾ, 8 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜੱਥੇਬੰਦੀ ਭਾਰਤੀਆ ਅੰਬੇਡਕਰ ਮਿਸ਼ਨ, ਭਾਰਤ ਵੱਲੋਂ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੇ ਮੌਕੇ 'ਤੇ 7 ਅਕਤੂਬਰ 2025 ਨੂੰ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਕਰਵਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਿਸ਼ਨ ਦੇ ਕੌਮੀ ਪ੍ਰਧਾਨ ਦਰਸ਼ਨ ਸਿੰਘ ਕਾਂਗੜਾ ਨੇ ਕਿਹਾ ਕਿ ਮਿਸ਼ਨ ਵੱਲੋਂ ਪਿੱਛਲੇ 27 ਸਾਲਾਂ ਤੋਂ ਪੰਜਾਬ ਸਣੇ ਦੇਸ਼ ਦੇ ਹੋਰ ਵੱਖ-ਵੱਖ ਸੂਬਿਆਂ ਅੰਦਰ ਹਰ ਪੱਧਰ ਤੋਂ ਉੱਪਰ ਉੱਠ ਕੇ ਸਮਾਜ ਸੇਵਾ ਦੇ ਕਾਰਜ ਕੀਤੇ ਜਾ ਰਹੇ ਹਨ ।ਉਨਾਂ ਕਿਹਾ ਕਿ ਮਿਸ਼ਨ ਵੱਲੋਂ ਇਸ ਤੋਂ ਪਹਿਲਾਂ ਵੀ 17 ਲੋੜਵੰਦ ਲੜਕੀਆਂ ਦੇ ਵਿਆਹ ਮੌਕੇ ਹਰ ਤਰਾਂ ਨਾਲ ਮਦਦ ਕੀਤੀ ਗਈ ਹੈ। ਉਸੇ ਲੜੀ ਤਹਿਤ ਹੀ ਆਉਂਣ ਵਾਲੀ 7 ਅਕਤੂਬਰ 2025 ਨੂੰ ਭਗਵਾਨ ਵਾਲਮੀਕਿ ਪ੍ਰਗਟ ਦਿਵਸ ਦੇ ਮੌਕੇ 'ਤੇ ਲੋੜਵੰਦ ਲੜਕੀਆਂ ਦੇ ਵਿਆਹ ਕੀਤੇ ਜਾਣਗੇ। ਦਰਸ਼ਨ ਕਾਂਗੜਾ ਨੇ ਕਿਹਾ ਕਿ ਲੜਕੀ ਕਿਸੇ



ਵੀ ਵਰਗ ਨਾਲ ਸਬੰਧਤ ਹੋ ਸਕਦੀ ਹੈ। ਕੋਈ ਜਾਤੀ ਬੰਧਨ ਨਹੀਂ ਹੈ। ਕੌਮੀ ਪ੍ਰਧਾਨ ਨੇ ਇਹ ਵੀ ਕਿਹਾ ਕਿ ਲੜਕੀ ਦੇ ਪਰਿਵਾਰ ਵੱਲੋਂ ਲੜਕੀ ਦਾ ਰਿਸ਼ਤਾ ਖੁਦ ਹੀ ਤਹਿ ਕੀਤਾ ਜਾਵੇਗਾ। ਮਿਸ਼ਨ ਵੱਲੋਂ ਸਿਰਫ਼ ਵਿਆਹ ਤੇ ਆਉਣ ਵਾਲਾ ਖ਼ਰਚਾ ਕੀਤਾ ਜਾਵੇਗਾ। ਉਨਾਂ ਕਿਹਾ ਕਿ ਲੋੜਵੰਦ ਪਰਿਵਾਰ ਲੜਕੀਆਂ ਦੇ ਵਿਆਹ ਲਈ 25 ਸਤੰਬਰ 2025 ਤੱਕ ਅਤੇ ਇਸ ਨੇਕ ਕਾਰਜ ਵਿੱਚ ਹਰ ਪੱਖੋਂ ਆਪਣਾ ਯੋਗਦਾਨ ਪਾਉਣ ਲਈ ਦਾਨੀ ਸੱਜਣ ਵੀ ਮਿਸ਼ਨ ਦੇ ਕਿਸੇ ਵੀ ਸਾਥੀ ਨਾਲ ਜਾ ਮੋਬਾਇਲ ਨੰਬਰ 94784-86000,91154-60789,92168-00926 ਅਤੇ 73476-48952 'ਤੇ ਸੰਪਰਕ ਕਰ ਸਕਦੇ ਹਨ ਉਨਾਂ ਕਿਹਾ ਕਿ 25 ਸਤੰਬਰ ਤੋਂ ਬਾਅਦ ਕਿਸੇ ਵੀ ਪਰਿਵਾਰ ਦੀ ਲੜਕੀ ਦਾ ਨਾਮ ਇਸ ਵਿਆਹ ਸਮਾਗਮ ਵਿੱਚ ਸ਼ਾਮਲ ਨਹੀਂ ਕੀਤਾ ਜਾਵੇਗਾ। ਇਸ ਮੌਕੇ ਦਰਸ਼ਨ ਕਾਂਗੜਾ ਨਾਲ ਹੋਰ ਵੀ ਆਗੂ ਹਾਜ਼ਰ ਸਨ। ਪ੍ਰੈਸ ਨੂੰ ਜਾਣਕਾਰੀ ਜ਼ਿਲਾ ਪ੍ਰਧਾਨ ਮਲਕੀਤ ਸਿੰਘ ਮੀਤਾ ਅਤੇ ਸੂਬਾ ਆਗੂ ਹਰਵਿੰਦਰ ਕੌਰ ਪੰਮੀ ਬਰਨਾਲਾ ਨੇ ਦਿੱਤੀ।

# ਪੀੜਤ ਪਰਿਵਾਰਾਂ ਨੂੰ ਮਦਦ ਦੇਣ ਲਈ ਪਹੁੰਚ ਰਹੇ ਨੇ ਦਾਨੀ ਸੱਜਣ



ਤਪਾ ਮੰਡੀ, 8 ਸਤੰਬਰ (ਭੂਸ਼ਨ ਘੜੈਲਾ): ਤੇਜ਼ ਬਾਰਿਸ਼ ਦੇ ਚਲਦਿਆਂ ਤਪਾ ਖੇਤਰ ਅੰਦਰ ਕਈ ਪਰਿਵਾਰਾਂ ਦੀਆਂ ਮਕਾਨ ਦੀਆਂ ਛੱਤਾਂ ਅਤੇ ਮਕਾਨਾਂ ਵਿੱਚ ਤਰੇੜਾਂ ਪੈ ਚੁੱਕੀਆਂ ਹਨ ਇਸ ਲੜੀ ਤਹਿਤ ਦਾਨਵੀਰ ਸੱਜਣ ਪੀੜਤ ਪਰਿਵਾਰਾਂ ਦੀ ਮਦਦ ਕਰਨ ਲਈ ਅੱਗੇ ਆ ਰਹੇ ਹਨ ਜਿਸ ਨੂੰ ਦੇਖਦੇ ਹੋਇਆ ਰਿਟਾਇਰ ਪ੍ਰਿੰਸੀਪਲ [illegible] ਮਦਦ ਕਰਨ ਲਈ ਪਹੁੰਚੇ ਕਰ [illegible] ਪਤਨੀ ਬੱਬੀ ਸਿੰਘ ਰੌਲਕੀ ਪੱਤੀ ਨੂੰ ਆਰਥਿਕ ਮਦਦ ਦੇਣ ਲਈ ਪਹੁੰਚੇ ਉਹਨਾਂ ਨਾਲ ਸਾਬਕਾ ਕੌਂਸਲਰ ਦਵਿੰਦਰ ਕੁਮਾਰ ਟੀਟੂ ਦੀਕਸ਼ਿਤ, ਰੌਲਕੀ ਸਿੰਘ, ਡਾਕਟਰ ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ ਇਸ ਮੌਕੇ ਕੌਂਸਲਰ ਟੀਟੂ ਦੀਕਸ਼ਿਤ ਨੇ ਕਿਹਾ ਕਿ ਤੇਜ਼ ਮੀਂਹ ਦੇ ਚਲਦਿਆਂ ਲੋਕਾਂ ਦਾ ਵੱਡੇ ਪੱਧਰ ਤੇ ਜਾਨੀ ਅਤੇ ਮਾਲੀ ਨੁਕਸਾਨ ਹੋਇਆ ਹੈ ਜਿਸ ਨੂੰ ਦੇਖਦਿਆਂ ਹੋਇਆ ਤਪਾ ਖੇਤਰ ਵਿੱਚ ਪਿਛਲੇ ਕਈ ਦਿਨਾਂ ਤੋਂ ਪੀੜਤ ਪਰਿਵਾਰਾਂ ਦੀ ਆਰਥਿਕ ਮਦਦ ਕਰਨ ਲਈ ਅੱਗੇ ਆ ਰਹੇ ਹਨ ਇਸ ਲੜੀ ਤਹਿਤ ਵਰਿੰਦਰ ਸਿੰਘ ਵੱਲੋਂ [illegible] ਡਿੱਗ ਪਈ ਸੀ ਪੀੜਤ ਪਰਿਵਾਰ ਨੂੰ ਆਰਥਿਕ ਮਦਦ ਦਿੱਤੀ ਗਈ ।ਇਸ ਮੌਕੇ ਬਾਬਾ ਮੋਹਨ ਦਾਸ, ਨੰਬਰਦਾਰ ਜਗਰਾਜ ਸਿੰਘ, ਗੁਲਾਬ ਕਾਲਾ ਸਿਧੂ. ਕਾਲੀ ਦੀਕਸ਼ਿਤ, ਭਗਵੰਤ ਸਿੰਘ ਚੱਠਾ ਆਦਿ ਹਾਜ਼ਰ ਸਨ।

# ਤੇਜ਼ ਬਾਰਿਸ਼ ਦੇ ਚਲਦਿਆਂ ਗਰੀਬ ਦੁਕਾਨਦਾਰ ਦੀਆਂ ਚਮੜੇ ਦੀਆਂ ਜੁੱਤੀਆਂ ਹੋਈਆਂ ਖਰਾਬ , ਸਰਕਾਰ ਸਾਡੇ ਵਰਗੇ ਗਰੀਬਾਂ ਦੀ ਵੀ ਸੁਣੇ -ਪੀੜਤ ਰਾਮ ਸਿੰਘ

ਤਪਾ ਮੰਡੀ, 8 ਸਤੰਬਰ (ਭੂਸ਼ਨ ਘੜੈਲਾ): ਤਪਾ ਖੇਤਰ ਅੰਦਰ ਪਿਛਲੇ ਕਈ ਦਿਨਾਂ ਤੋਂ ਹੋ ਰਹੀ ਤੇਜ਼ ਬਰਸਾਤ ਕਾਰਨ ਹੜ੍ਹਾਂ ਵਰਗੀ ਸਥਿਤੀ ਪੈਦਾ ਹੋ ਗਈ, ਜਿਸ ਕਾਰਨ ਖੇਤਰ ਅੰਦਰ ਸੈਂਕੜੇ ਘਰਾਂ ਦੀਆਂ ਛੱਤਾਂ ਡਿੱਗ ਪਈਆਂ ਅਤੇ ਸੈਂਕੜੇ ਘਰਾਂ ਵਿੱਚ ਤਰੇੜਾਂ ਆ ਗਈਆਂ ਜਿਸ ਕਾਰਨ ਬਸਤੀਆਂ ਵਿੱਚ ਰਹਿੰਦੇ ਲੋੜਵੰਦ ਗਰੀਬ ਲੋਕਾਂ ਦਾ ਵੱਧ ਨੁਕਸਾਨ ਹੋਇਆ ਹੈ, ਜਿਸ ਕਰਕੇ ਪੀੜਤ ਲੋਕ ਮੁਆਵਜ਼ਾ ਲੈਣ ਲਈ ਤਰਲੇ ਮਿੰਨਤਾਂ ਕਰ ਰਹੇ ਹਨ, ਇਸ 'ਤੇ ਚਲਦਿਆਂ 65 ਸਾਲ ਦਾ ਬਜ਼ੁਰਗ ਰਾਮ ਸਿੰਘ ਜੋ ਕਿ ਪਿੰਡ ਧੌਲਾ ਤੋਂ ਤਪਾ ਮੰਡੀ ਵਿਖੇ ਸਕੂਲ ਰੋਡ 'ਤੇ ਕਿਰਾਏ 'ਤੇ ਲਈ ਹੋਈ ਦੁਕਾਨ 'ਚ ਜੋੜੇ- ਜੁੱਤੀਆਂ ਦਾ ਕਾਰੋਬਾਰ ਕਰਦਾ ਹੈ ਪਰ ਮੀਂਹ ਦੇ ਚਲਦਿਆਂ ਉਸ ਦੀ ਦੁਕਾਨ ਕਈ ਦਿਨਾਂ ਤੋਂ ਬਾਅਦ ਅੱਜ ਕਈ ਦਿਨਾਂ ਬਾਅਦ ਜਦ ਉਸ ਨੇ ਦੁਕਾਨ ਖੋਲ੍ਹੀ ਤਾਂ ਹਜ਼ਾਰਾਂ ਰੁਪਏ ਦੀਆਂ ਉਸ ਦੇ ਹੱਥੀਂ ਬਣੀਆਂ ਹੋਈਆਂ ਜੋੜੇ ਜੁੱਤੀਆਂ ਤੇਜ਼ ਮੀਂਹ ਦੇ ਚਲਦਿਆਂ ਖਰਾਬ ਹੋ ਗਈਆਂ, ਜਿਸ ਕਾਰਨ ਹਜ਼ਾਰਾਂ ਰੁਪਏ ਦਾ ਨੁਕਸਾਨ



ਹੋ ਗਿਆ। ਇਸ ਮੌਕੇ ਪੀੜਤ ਰਾਮ ਸਿੰਘ ਨੇ ਦੱਸਿਆ ਕਿ ਲਗਾਤਾਰ ਪੈ ਰਹੇ ਮੀਂਹ ਕਾਰਨ ਮੈਂ ਤਪਾ ਵਿਖੇ ਦੁਕਾਨ 'ਤੇ ਨਹੀਂ ਆ ਸਕਿਆ , ਜਦ ਮੌਸਮ ਸਾਫ ਹੋਇਆ ਤਾਂ ਕਈ ਦਿਨਾਂ ਬਾਅਦ ਅੱਜ ਦੁਕਾਨ ਖੋਲ੍ਹੀ, ਕਿਉਂਕਿ ਮੀਂਹ ਕਾਰਨ 12 ਕਿਲੋਮੀਟਰ ਦੂਰ ਪਿੰਡ ਤੋਂ ਮੈਂ ਨਹੀਂ ਆ ਸਕਿਆ, ਜਦ ਅੱਜ ਦੁਕਾਨ ਖੋਲੀ ਤਾਂ ਅੰਦਰੋਂ ਬਦਬੂ ਮਾਰ ਰਹੀ ਸੀ ਅਤੇ ਹਜ਼ਾਰਾਂ ਰੁਪਏ ਦੀਆਂ ਜੁੱਤੀਆਂ ਮੀਂਹ ਦੇ ਪਾਣੀ ਕਾਰਨ ਖਰਾਬ ਹੋ ਗਈਆਂ। ਉਸ ਨੇ ਭਰੇ ਮਨ ਨਾਲ ਦੱਸਿਆ ਕਿ ਮੈਂ ਜੋ ਕਮਾਉਂਦਾ ਹਾਂ ਪਰਿਵਾਰ ਉਹੀ ਖਾਂਦਾ ਹੈ ਇਸ ਲਈ ਸਰਕਾਰ ਅਤੇ ਪ੍ਰਸ਼ਾਸਨ ਮੇਰੀ ਸਾਰ ਲਵੇ ਅਤੇ ਬਣਦਾ ਯੋਗ ਮੁਆਵਜ਼ਾ ਦਿੱਤਾ ਜਾਵੇ। ਉਨਾਂ ਇਹ ਕਿਹਾ ਹੁਣ ਬੁੱਢਾ ਸਰੀਰ ਹੋਣ ਕਾਰਨ ਸਾਈਕਲ ਵੀ ਨਹੀਂ ਚਲਦਾ ਗੋਡੇ ਗਿੱਟੇ ਜਵਾਬ ਦੇ ਰਹੇ ਹਨ। ਪਰ ਰੋਜ਼ੀ ਰੋਟੀ ਕਮਾਉਣ ਲਈ 12 ਕਿਲੋਮੀਟਰ ਚੱਲਕੇ ਆਉਣਾ ਮਜਬੂਰੀ ਹੈ। ਉਨਾਂ ਸਾਡੇ ਪੱਤਰਕਾਰ ਨੂੰ ਦਸਦਿਆਂ ਕਿਹਾ ਸਾਡੀ ਗਰੀਬਾਂ ਦੀ ਕੋਈ ਨੀ ਸੁਣਦਾ । ਤੁਸੀਂ ਦੱਸੋ ਕਿਸਨੂੰ ਹਾਲ ਸੁਣਾਈਏ।

# ਜ਼ਿਲ੍ਹੇ ਦੇ ਕਿਸਾਨਾਂ ਲਈ ਵੱਡੀ ਖੁਸ਼ਖ਼ਬਰੀ, ਤਪਾ ਵਿੱਚ ਪੁੱਜਿਆ ਯੂਰੀਆ ਦਾ ਪਹਿਲਾ ਰੈਕ: ਵਿਧਾਇਕ ਉੱਗੋਕੇ



ਤਪਾ ਮੰਡੀ, 8 ਸਤੰਬਰ(ਭੂਸ਼ਨ ਘੜੈਲਾ):ਜ਼ਿਲ੍ਹਾ ਬਰਨਾਲਾ ਦੇ ਕਿਸਾਨਾਂ ਦੀ ਸਹੂਲਤ ਲਈ ਪਹਿਲੀ ਵਾਰ ਤਪਾ ਮੰਡੀ ਵਿੱਚ ਯੂਰੀਆ ਦਾ ਰੈਕ ਲੱਗਿਆ ਅਤੇ 33650 ਗੱਟੇ ਯੂਰੀਆ ਵਾਲੀ ਗੱਡੀ ਏਥੇ ਪੁੱਜੀ, ਜਿਸ ਦਾ ਵਿਧਾਇਕ ਸ. ਲਾਭ ਸਿੰਘ ਉੱਗੋਕੇ ਅਤੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ ਤੇ ਐੱਸ ਡੀ ਐਮ ਤਪਾ ਆਯੂਸ਼ ਗੋਇਲ ਨੇ ਸਵਾਗਤ ਕੀਤਾ। ਇਸ ਮੌਕੇ ਵਿਧਾਇਕ ਲਾਭ ਸਿੰਘ ਉੱਗੋਕੇ ਨੇ ਕਿਹਾ ਕਿ ਜ਼ਿਲੇ ਦੇ ਕਿਸਾਨਾਂ ਲਈ ਵੱਡੀ ਖੁਸ਼ਖ਼ਬਰੀ ਹੈ ਕਿ ਅੱਜ ਤਪਾ ਮੰਡੀ ਵਿੱਚ ਯੂਰੀਆ ਦਾ ਪਹਿਲਾ ਰੈਕ ਲੱਗਿਆ ਹੈ, ਜਿਸ ਰਾਹੀਂ 33650 ਗੱਟੇ ਯੂਰੀਆ ਪੁੱਜੀ ਹੈ ਤੇ ਹੁਣ ਜ਼ਿਲੇ ਦੇ ਕਿਸਾਨਾਂ ਨੂੰ ਖਾਦ ਦੀ ਕੋਈ ਕਿੱਲਤ ਨਹੀਂ ਹੋਵੇਗੀ। ਓਨਾਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦਾ ਧੰਨਵਾਦ ਕੀਤਾ ਜਿਨ੍ਹਾਂ ਸਦਕਾ ਏਥੇ ਰੈਕ ਪੁਆਇੰਟ ਬਣਿਆ ਅਤੇ ਕਿਸਾਨਾਂ ਨੂੰ ਵੱਡੀ ਸਹੂਲਤ ਹੋਈ ਹੈ। ਚੰਬਲ ਫਰਟੀਲਾਈਜ਼ਰ ਐਂਡ ਕੈਮੀਕਲ ਲਿਮਟਿਡ ਕੋਟਾ (ਰਾਜਸਥਾਨ) ਤੋਂ ਇਹ ਯੂਰੀਆ ਤਪਾ ਪੁੱਜੀ। ਓਨਾਂ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਅਤੇ ਮਾਨ ਖਾਦ ਸਟੋਰ ਦੀ ਸ਼ਲਾਘਾ ਕੀਤੀ ਤੇ ਸਟੋਰ ਮਾਲਕ ਗੁਰਜੰਟ ਸਿੰਘ ਮਾਨ ਨੂੰ ਮੁਬਾਰਕਬਾਦ ਦਿੱਤੀ ਜਿਨਾਂ ਨੇ ਇਸ ਵਾਸਤੇ ਸਿਰਤੋੜ ਯਤਨ ਕੀਤੇ। ਓਨਾਂ ਕਿਹਾ ਕਿ ਸਾਡੇ ਕਿਸਾਨਾਂ ਨੂੰ ਹੁਣ ਖਾਦ ਦੀ ਕੋਈ ਕਿੱਲਤ ਨਹੀਂ ਹੋਵੇਗੀ ਅਤੇ ਇਲਾਕੇ ਵਿਚ ਵਾਪਰ ਅਤੇ ਰੋਜ਼ਗਾਰ ਨੂੰ ਵੀ ਹੁਲਾਰਾ ਮਿਲੇਗਾ। ਇਸ ਮੌਕੇ ਮੁੱਖ ਖੇਤੀਬਾੜੀ ਅਫ਼ਸਰ ਜਗਸੀਰ ਸਿੰਘ, ਏ ਆਰ ਸਹਿਕਾਰੀ ਸਭਾਵਾਂ ਰੁਪਿੰਦਰ ਸਿੰਘ, ਟਰੱਕ ਯੂਨੀਅਨ ਪ੍ਰਧਾਨ ਗੁਰਤੇਜ ਸਿੰਘ ਤੇ ਹੋਰ ਅਧਿਕਾਰੀ ਅਤੇ ਪਤਵੰਤੇ ਹਾਜ਼ਰ ਸਨ।

# ਜੇਕਰ ਸ਼ੁਰੂ ਤੋਂ ਹੀ ਡੈਮਾਂ ਚੋਂ ਰੋਜ਼ਾਨਾ ਥੋੜਾ-ਥੋੜਾ ਪਾਣੀ ਛੱਡਿਆ ਜਾਂਦਾ ਤਾਂ ਹੜ ਨਾ ਆਉਂਦੇ : ਗਰੇਵਾਲ



ਬਰਨਾਲਾ, 8 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਭਾਵੇਂ ਇਸ ਵਾਰ ਬਰਸਾਤਾਂ ਪਿਛਲੇ ਸਾਲ ਨਾਲੋਂ ਕਾਫ਼ੀ ਵੱਧ ਪਈਆਂ, ਪਰ ਪੰਜਾਬ ਵਿੱਚ ਪਈਆਂ ਬਰਸਾਤਾਂ ਨੇ ਪੰਜਾਬ ਵਿੱਚ ਹੜ ਨਹੀਂ ਲਿਆਂਦੇ। ਜੇਕਰ ਸ਼ੁਰੂ ਤੋਂ ਹੀ ਹਰ ਰੋਜ਼ ਡੈਮਾਂ ਵਿੱਚੋਂ ਥੋੜਾ ਥੋੜਾ ਕਰਕੇ ਪਾਣੀ ਛੱਡਿਆ ਜਾਂਦਾ ਅਤੇ ਸੁਚੱਜੀ ਮੈਨੇਜਮੈਂਟ ਹੁੰਦੀ ਤਾਂ ਹੜ੍ਹ ਨਾ ਆਉਂਦੇ। ਇਸ ਸ਼ਬਦ ਕਿਸਾਨ ਆਗੂ ਧੰਨਾ ਸਿੰਘ ਗਰੇਵਾਲ, ਸੁਰਿੰਦਰ ਸਿੰਘ ਭੁੱਲਰ ਅਤੇ ਮੇਜਰ ਸਿੰਘ ਢਿੱਲਵਾਂ ਨੇ ਗੱਲਬਾਤ ਕਰਦਿਆਂ ਕਹੇ। ਉਹਨਾਂ ਕਿਹਾ ਕਿ ਡੈਮ ਵਿੱਚ ਕਿੰਨਾ ਪਾਣੀ ਆ ਰਿਹਾ ਹੈ ਅਤੇ ਨਾਲ ਦੀ ਨਾਲ ਕਿੰਨਾ ਪਾਣੀ ਛੱਡਣਾ ਹੈ, ਦਾ ਪੂਰਾ ਹਿਸਾਬ-ਕਿਤਾਬ ਨਹੀਂ ਰੱਖਿਆ ਅਤੇ ਘੋਰ ਲਾਪਰਵਾਹੀ ਵਰਤੀ ਗਈ। ਰਾਵੀ ਦਰਿਆ ਤੇ ਬਣੇ ਰਣਜੀਤ ਸਾਗਰ ਡੈਮ ਚ 24 ਅਗਸਤ ਨੂੰ ਪਾਣੀ ਦਾ ਪੱਧਰ 524 ਮੀਟਰ ਸੀ ਪ੍ਰੰਤੂ ਪਾਣੀ ਬਿਲਕੁਲ ਨਹੀਂ ਛੱਡਿਆ ਗਿਆ, ਜਦੋਂ ਕਿ ਪਾਣੀ ਛੱਡਣਾ ਬਣਦਾ ਸੀ। ਜਦੋਂ ਡੈਮ ਚ ਪਾਣੀ ਦਾ ਪੱਧਰ ਲਗਭਗ 527 ਮੀਟਰ ਤੇ ਪਹੁੰਚ ਗਿਆ ਤਾਂ ਇੱਕ ਦਮ ਗੇਟ ਖੋਲ ਕੇ 2 ਲੱਖ ਕਿਊਸਕ ਪਾਣੀ ਛੱਡ ਦਿੱਤਾ ਜਿਸ ਨੇ ਗੁਰਦਾਸਪੁਰ ਅਤੇ ਅੰਮ੍ਰਿਤਸਰ ਜ਼ਿਲਿਆਂ ਚ ਭਾਰੀ ਤਬਾਹੀ ਮਚਾਈ। ਉਨਾਂ ਕਿਹਾ ਕਿ ਪੰਜਾਬ ਲਈ ਸਭ ਤੋਂ ਵੱਡੀਆਂ ਚੁਣੌਤੀਆਂ ਵਿੱਚੋਂ ਇੱਕ ਚੁਣੌਤੀ ਹੈ ਕਿਸਾਨੀ ਬਚਾਉਣਾ। ਚਾਹੇ ਕਿਸਾਨ ਛੋਟਾ ਹੋਵੇ ਜਾਂ ਵੱਡਾ। ਉਹਨਾਂ ਕਿਹਾ ਕਿ ਪੰਜਾਬ ਵਿੱਚ ਜੋ ਹੜ੍ਹਾਂ ਵਾਲਾ ਵਰਤਾਰਾ ਬਣਾਇਆ ਗਿਆ ਹੈ, ਉਹ ਕਿਸਾਨ-ਵਿਰੋਧੀ ਚਾਲਾਂ ਵਿੱਚੋਂ ਇੱਕ ਚਾਲ ਹੈ। ਅੱਜ ਸਭ ਤੋਂ ਵੱਧ ਪ੍ਰਭਾਵਿਤ ਕਿਸਾਨ ਹੈ ਅਤੇ ਇਸਦਾ ਸਿੱਧਾ ਅਸਰ ਸਾਡੇ ਬਾਜ਼ਾਰਾਂ ਵਿੱਚ ਬੈਠੇ ਦੁਕਾਨਦਾਰਾਂ ਉੱਤੇ ਵੀ ਪੈ ਰਿਹਾ ਹੈ । ਕਿਸਾਨ ਆਗੂ ਧੰਨਾ ਸਿੰਘ ਗਰੇਵਾਲ ਨੇ ਕਿਹਾ ਕਿ ਇਸ ਸੰਕਟ ਨੇ ਪੰਜਾਬ ਨੂੰ ਮੁੜ ਇਕੱਠਾ ਕਰ ਦਿੱਤਾ ਹੈ। ਜਿੱਥੇ ਸਰਕਾਰਾਂ ਬੇਬੱਸ ਸਨ, ਉਥੇ ਪੰਜਾਬੀਆਂ ਨੇ ਮੋਰਚੇ ਸੰਭਾਲ ਲਏ ਅਤੇ ਹੜ ਪੀੜਤਾਂ ਦੀ ਮੱਦਦ ਕੀਤੀ। ਪੰਜਾਬੀ ਪੰਜਾਬੀ ਦੀ ਮਦਦ ਕਰ ਰਿਹਾ ਹੈ। ਆਓ, ਅੱਗੇ ਤੋਂ ਇਸ ਗੱਲ ਤੋਂ ਸੁਚੇਤ ਰਹੀਏ ਅਤੇ ਪੰਜਾਬ ਨੂੰ ਤਕੜਾ ਕਰੀਏ ਅਤੇ ਪੰਜਾਬ ਦੇ ਡੈਮਾਂ ਦਾ, ਪੰਜਾਬ ਦੇ ਪਾਣੀਆ ਦਾ ਕੰਟਰੋਲ ਪੰਜਾਬ ਦੇ ਹੱਥਾਂ ਚ ਹੋਵੇ।ਉਨਾਂ ਪੰਜਾਬ ਅਤੇ ਕੇਂਦਰ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਕਿ ਹੜਾਂ ਕਾਰਨ ਹੋਈ ਵਿਆਪਕ ਤਬਾਹੀ ਦਾ ਮੁਆਵਜ਼ਾ ਹੜ ਪੀੜਤਾਂ ਨੂੰ ਤੁਰੰਤ ਦਿੱਤਾ ਜਾਵੇ।

# ਭਾਰੀ ਮੀਂਹ ਨਾਲ ਪ੍ਰਭਾਵਿਤ ਖੇਤਰਾਂ ਵਿੱਚ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਨੇ ਵੰਡੀ ਰਾਹਤ ਸਮੱਗਰੀ



ਬਰਨਾਲਾ,8ਸਤੰਬਰ (ਬਘੇਲ ਸਿੰਘ ਧਾਲੀਵਾਲ): ਮਾਣਯੋਗ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ ਨਗਰ (ਮੋਹਾਲੀ) ਸ੍ਰੀ ਅਸ਼ਵਨੀ ਕੁਮਾਰ ਮਿਸ਼ਰਾ ਜੱਜ ਪੰਜਾਬ ਅਤੇ ਹਰਿਆਣਾ ਹਾਈਕੋਰਟ ਚੰਡੀਗੜ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ੍ਰੀ ਬੀ.ਬੀ.ਐਸ ਤੇਜੀ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ, ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਬਰਨਾਲਾ ਦੀ ਅਗਵਾਈ ਹੇਠ ਸ੍ਰੀ ਮਦਨ ਲਾਲ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਭਾਰੀ ਮੀਂਹ ਨਾਲ ਪ੍ਰਭਾਵਿਤ ਹੋਏ ਆਮ ਲੋਕਾਂ ਨੂੰ ਤਰਪਾਲਾਂ ਅਤੇ ਬਿਸਕੁਟ ਵੰਡੇ ਗਏ। ਇਸ ਮੁਹਿੰਮ ਦੌਰਾਨ ਮਾਨਯੋਗ ਜੱਜ ਵੱਲੋਂ ਵੱਖ-ਵੱਖ ਪਿੰਡਾਂ ਕਾਹਨੇਕੇ, ਕਾਲੇਕੇ, ਅਤਰਗੜ, ਬਿਲਾਸਪੁਰ ਪਿੰਡੀ, ਪੱਤੀ ਖੁੱਡੀ, ਨਾਨਕਪੁਰ ਪਿੰਡੀ ਅਤੇ ਹੰਡਿਆਇਆ ਦਾ ਦੌਰਾ ਕੀਤਾ ਗਿਆ ਅਤੇ ਉਕਤ ਪਿੰਡਾਂ ਦੇ ਲੋਕਾਂ ਨੂੰ ਤ੍ਰਿਪਾਲਾਂ ਅਤੇ ਬਿਸਕੁਟ ਵੰਡੇ। ਇਸ ਮੌਕੇ ਮਿਸ ਪ੍ਰਜਵਲ ਲਾਅ ਦੀ ਵਿਦਿਆਰਥਣ, ਪਰਵਾਜ ਸਿੰਘ, ਐਮ.ਟੀ. ਐਸ ਸਕੂਲ ਬਰਨਾਲਾ ਤੋਂ ਅਤੇ ਪੈਰਾਲੀਗਲ ਵਲੰਟੀਅਰ ਸ੍ਰੀ ਮਨਪ੍ਰੀਤ ਸਿੰਘ, ਸ੍ਰੀ ਅਮ੍ਰਿਤਪਾਲ ਸਿੰਘ, ਸ੍ਰੀ ਰਾਜ ਸਿੰਘ, ਸ੍ਰੀ ਜਸਵਿੰਦਰ ਸਿੰਘ, ਸ੍ਰੀ ਲਖਵਿੰਦਰ ਕੁਮਾਰ ਅਤੇ ਸ੍ਰੀ ਬਹਾਦਰ ਸਿੰਘ ਡਾਟਾ ਐਂਟਰੀ ਅਪਰੇਟਰ ਵੀ ਹਾਜ਼ਰ ਰਹੇ ਜਿਨਾਂ ਨੇ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਬਰਨਾਲਾ ਵੱਲੋਂ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਈ ਗਈ।

# ਖੇਤੀਬਾੜੀ ਵਿਭਾਗ ਨੂੰ ਕਿਸਾਨਾਂ ਲਈ ਸਲਾਹ ਜਾਰੀ ਕਰਨ ਦੇ ਆਦੇਸ਼



ਬਰਨਾਲਾ,8 ਸਤੰਬਰ ,(ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਬਰਨਾਲਾ ਡੀਸੀ ਟੀ ਬੈਨਿਥ ਨੇ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਜ਼ਿਲੇ ਦੇ ਵੱਖ-ਵੱਖ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੀਹਾਂ ਦੇ ਮੱਦੇਨਜ਼ਰ ਪਾਣੀ ਦੀ ਨਿਕਾਸੀ, ਰਾਹਤ ਕੈਂਪਾਂ, ਸੀਵਰੇਜ ਦੀ ਸਮੱਸਿਆ, ਡਰੇਨਾਂ ਵਿਚ ਪਾਣੀ ਦਾ ਜਾਇਜ਼ਾ ਲਿਆ। ਓਨ੍ਹਾਂ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰਾਂ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿੱਥੇ ਜਿੱਥੇ ਸੀਵਰੇਜ਼ ਦੀ ਸਮੱਸਿਆ ਆ ਰਹੀ ਹੈ, ਓੱਥੇ ਸੁਪਰ ਸਕਸ਼ਨ ਮਸ਼ੀਨ ਲਗਾ ਕੇ ਸਫ਼ਾਈ ਕਰਵਾਈ ਜਾਵੇ ਅਤੇ ਜਿੱਥੇ ਟੋਏ ਜਾਂ ਹੋਰ ਦਿੱਕਤਾਂ ਆ ਰਹੀਆਂ ਹਨ, ਓਨਾਂ ਦੇ ਹੱਲ ਲਈ ਫੌਰੀ ਕੰਮ ਸ਼ੁਰੂ ਕਰ ਦਿੱਤਾ ਜਾਵੇ। ਓਨ੍ਹਾਂ ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਦੇ ਟੀਕਾਕਰਨ ਦੇ ਨਿਰਦੇਸ਼ ਦਿੱਤੇ ਜਿਸ 'ਤੇ ਅਧਿਕਾਰੀਆਂ ਨੇ ਕਿਹਾ ਕਿ ਪਸ਼ੂਆਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ। ਓਨਾਂ ਸਿਹਤ ਵਿਭਾਗ ਨੂੰ ਡੇਂਗੂ, ਮਲੇਰੀਆ ਤੋਂ ਬਚਾਅ ਲਈ ਅਤੇ ਖੜੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਵਾਸਤੇ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਲਗਾਤਾਰ ਸਰਗਰਮ ਰਹਿਣ ਦੇ ਆਦੇਸ਼ ਦਿੱਤੇ। ਇਸ ਮੌਕੇ ਉਨਾਂ ਕਿਹਾ ਕਿ ਪਿੰਡਾਂ ਵਿਚ ਜਿੱਥੇ ਟੋਭਿਆਂ ਵਿਚ ਪਾਣੀ ਓਵਰਫਲੋਅ ਹੋਣ ਦੀ ਸਮੱਸਿਆ ਹੈ ਓਥੇ ਮਸਲਾ ਹੱਲ ਕੀਤਾ ਜਾਵੇ। ਇਸ ਦੌਰਾਨ ਉਨਾਂ ਖੇਤੀਬਾੜੀ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਖੇਤਾਂ ਵਿਚ ਪਾਣੀ ਖੜਨ ਨਾਲ ਫਸਲਾਂ ਨੂੰ ਜੇਕਰ ਕੋਈ ਬਿਮਾਰੀਆਂ ਹੋਣ ਦਾ ਖਦਸ਼ਾ ਹੈ ਤਾਂ ਉਸ ਬਾਰੇ ਕਿਸਾਨਾਂ ਨੂੰ ਪਹਿਲਾਂ ਹੀ ਜਾਗਰੂਕ ਕਰ ਦਿੱਤਾ ਜਾਵੇ, ਤਾਂ ਜੋ ਕਿ ਫ਼ਸਲਾਂ ਦਾ ਨੁਕਸਾਨ ਨਾ ਹੋਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ, ਐੱਸ ਡੀ ਬਰਨਾਲਾ ਮੈਡਮ ਸੋਨਮ, ਐੱਸ ਡੀ ਐਮ ਤਪਾ ਆਯੂਸ਼ ਗੋਇਲ, ਐੱਸ ਡੀ ਐਮ ਮਹਿਲ ਕਲਾਂ ਜੁਗਰਾਜ ਸਿੰਘ ਕਾਹਲੋਂ, ਸਿਵਲ ਸਰਜਨ ਡਾਕਟਰ ਬਲਜੀਤ ਸਿੰਘ ਤੇ ਹੋਰ ਅਧਿਕਾਰੀ/ ਕਰਮਚਾਰੀ ਹਾਜ਼ਰ ਸਨ।

# ਸੂਬਾ ਸਰਕਾਰ ਲੋਕਾਂ ਨੂੰ ਰਾਹਤ ਪਾਹੁੰਚਾਉਣ ਲਈ ਲਗਾਤਾਰ ਕਾਰਜਸ਼ੀਲ : ਸਿੱਧੂ

ਭਗਤਾ ਭਾਈ ਕਾ, 8 ਸਤੰਬਰ (ਸਵਰਨ ਭਗਤਾ): ਮੁੱਖ ਮੰਤਰੀ ਭਗਵੰਤ ਸਿਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਅਤੇ ਭਾਰੀ ਬਾਰਿਸ਼ ਕਾਰਨ ਨੁਕਸਾਨੀਆਂ ਫਸਲਾਂ ਅਤੇ ਤਬਾਹ ਹੋਏ ਘਰਾਂ ਦੀ ਭਰਪਾਈ ਲਈ ਲਗਾਤਾਰ ਕਾਰਜ਼ਸੀਲ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਵਿਧਾਇਕ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਪਿੰਡ ਹਰਨਾਮ ਸਿੰਘ ਵਾਲਾ, ਘੰਡਾਬੰਨਾਂ, ਫੂਲੇਵਾਲਾ, ਦੁਲੇਵਾਲਾ, ਗੁਰਦਿੱਤਾ ਸਿੰਘ ਵਾਲਾ, ਦਿਆਲਪੁਰਾ ਭਾਈਕਾ ਅਤੇ ਫੂਲ ਵਿਖੇ ਭਾਰੀ ਬਾਰਿਸ਼ ਨਾਲ ਨੁਕਸਾਨੀਆਂ ਫਸਲਾਂ ਅਤੇ ਘਰਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ।ਇਸ ਦੌਰਾਨ ਵਿਧਾਇਕ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਪੀੜਤ ਲੋਕਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਵਲੋਂ ਹੜ੍ਹ ਪ੍ਰਭਾਵਿਤ ਖੇਤਰਾਂ ਤੇ ਭਾਰੀ ਬਾਰਿਸ਼ ਨਾਲ ਹੋਏ ਨੁਕਸਾਨ 'ਤੇ ਲਗਾਤਾਰ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਹ ਲਗਾਤਾਰ ਪ੍ਰਭਾਵਿਤ ਪਿੰਡਾਂ 'ਚ ਵਿਚਰ ਕੇ ਜਿਥੇ ਪੀੜਤਾਂ ਦਾ ਹਾਲ-ਜਾਣ ਰਹੇ ਹਨ ਤੇ ਉਥੇ ਹੀ ਉਨ੍ਹਾਂ ਨੂੰ ਰਾਹਤ ਸਮੱਗਰੀ ਜਿਵੇਂ ਕਿ ਰਾਸ਼ਨ, ਸਾਫ ਪਾਣੀ ਤੇ ਪਸ਼ੂਆਂ ਲਈ ਫੀਡ ਆਦਿ ਦੀ ਵੰਡ ਕਰ ਰਹੇ ਹਨ।ਵਿਧਾਇਕ ਸ਼੍ਰੀ ਬਲਕਾਰ ਸਿੰਘ ਸਿੱਧੂ ਨੇ ਪਿੰਡ ਵਾਸੀਆਂ ਨੂੰ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੈ ਤਾਂ ਉਹ ਬੇਝਿਜਕ ਹੋ ਕੇ ਉਨ੍ਹਾਂ ਨੂੰ ਦੱਸਣ ਅਤੇ ਉਨ੍ਹਾਂ ਵਲੋਂ ਹਰ ਸਮੱਸਿਆ ਦੇ ਹੱਲ ਲਈ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ



ਕਿਹਾ ਕਿ ਕੁਦਰਤ ਦੀ ਕਰੋਪੀ ਵਿੱਚ ਮੈਂ ਆਪਣਾ ਫਰਜ਼ ਸਮਝਦਾ ਹਾਂ।ਇਸ ਮੌਕੇ ਪਿੰਡ ਵਾਸੀ ਤੇ ਹੋਰ ਪ੍ਰਮੁੱਖ ਸ਼ਖਸੀਅਤਾਂ ਆਦਿ ਹਾਜ਼ਰ ਸਨ।

# ਸਿਵਲ ਡਿਫੈਂਸ ਦੇ ਵਲੰਟੀਅਰ ਹੜ੍ਹ ਪ੍ਰਭਾਵਿਤ ਲੋਕਾਂ ਦੀ ਪਿੰਡ-ਪਿੰਡ ਜਾ ਕੇ ਕਰ ਰਹੇ ਨੇ ਸੇਵਾ

ਬਰਨਾਲਾ, 8 ਸਤੰਬਰ (ਸੁਖਵਿੰਦਰ ਸਿੰਘ ਭੰਡਾਰੀ): ਸਿਵਿਲ ਡਿਫੈਂਸ ਦੇ ਵਲੰਟੀਅਰ ਹੜ੍ਹ ਪ੍ਰਭਾਵਿਤ ਲੋਕਾਂ ਕੋਲ ਪਿੰਡ ਪਿੰਡ ਜਾ ਕੇ ਹਰ ਤਰੀਕੇ ਨਾਲ ਉਨ੍ਹਾਂ ਦੀ ਸੇਵਾ ਕਰ ਰਹੇ ਹਨ। ਸਿਵਿਲ ਡਿਫੈਂਸ ਵਾਰਡਨ ਦੁਆਰਾ ਡੀ ਸੀ ਬਰਨਾਲਾ ਦੇ ਹੁਕਮਾਂ ਅਨੁਸਾਰ ਜ਼ਿਲ੍ਹੇ ਅੰਦਰ ਵੱਖ-ਵੱਖ ਟੀਮਾਂ ਬਣਾ ਕੇ ਪਿੰਡ ਪਿੰਡ ਜਾ ਕੇ ਹੜ੍ਹ ਪ੍ਰਭਾਵਿਤ ਲੋਕਾਂ ਦੀ ਸੇਵਾ ਕਰ ਰਹੇ ਹਨ, ਜੋ ਲੋਕ ਆਪਣੇ ਖ਼ਸਤਾ ਹਾਲਤ ਘਰਾਂ ਵਿੱਚ, ਜਿਨ੍ਹਾਂ ਦੀਆਂ ਛੱਤਾਂ ਚੋਅ ਰਹੀਆਂ ਹਨ ਅਤੇ ਕਿਸੇ ਸਮੇਂ ਵੀ ਡਿੱਗ ਸਕਦੀਆਂ ਹਨ, ਉਨ੍ਹਾਂ ਨੂੰ ਪ੍ਰਸ਼ਾਸਨ ਵੱਲੋਂ ਆਪਣੇ ਪਿੰਡਾਂ ਅਤੇ ਸ਼ਹਿਰਾਂ ਚ ਬਣਾਏ ਗਏ ਰਾਹਤ ਕੈਂਪਾਂ ਜਿਵੇਂ ਕਿ ਬੀਬੀ ਪ੍ਰਧਾਨ ਕੌਰ ਗੁਰਦੁਆਰਾ ਸਾਹਿਬ ਬਰਨਾਲਾ, ਐਸ ਡੀ ਸਕੂਲ ਬਰਨਾਲਾ ਅਤੇ ਐਸ ਐਸ ਡੀ ਕਾਲਜ ਵਿਖੇ ਰਾਹਤ ਕੈਂਪ ਬਣਾਏ ਗਏ ਹਨ, ਉਹਨਾਂ ਵਿੱਚ ਜਾਣ ਲਈ ਪ੍ਰੇਰਿਤ ਕੀਤਾ ਤਾਂ ਕਿ ਉਹ ਦੀ ਜਾਨ ਦੀ ਰੱਖਿਆ ਹੋ ਸਕੇ ਅਤੇ ਉਹਨਾਂ ਨੂੰ ਸ਼ਿਫਟ ਵੀ ਕਰਵਾਇਆ ਜੋ ਕਿ ਆਪਣੇ ਘਰਾਂ ਵਿੱਚੋਂ ਨਹੀਂ ਨਿਕਲਣਾ ਚਾਹੁੰਦੇ ਸਨ । ਹੜ੍ਹ ਪੀੜ੍ਹਤਾਂ ਨੂੰ ਦਵਾਈਆਂ ਵੰਡੀਆਂ ਗਈਆਂ ਅਤੇ ਉਹਨਾਂ ਨੂੰ ਹੌਸਲਾ ਦਿੱਤਾ ਗਿਆ ਕਿ ਪ੍ਰਸ਼ਾਸਨ ਅਤੇ ਸਿਵਿਲ ਡਿਫੈਂਸ ਟੀਮ ਮੈਂਬਰ ਹਰ ਸਮੇਂ



ਤੁਹਾਡੀ ਸੇਵਾ ਲਈ ਤਿਆਰ ਬਰ ਤਿਆਰ ਹਨ। ਵੱਖ-ਵੱਖ ਪਿੰਡਾਂ ਪੱਤੀ ਸੇਖਵਾਂ, ਜੋਧਪੁਰ ਚੀਮਾ, ਹੰਡਿਆਇਆ, ਸੇਖਾ, ਰੰਗੀਆਂ, ਪੱਖੋਂ ਕੇ, ਮੌੜ ਨਾਭਾ, ਕੁਰੜ, ਛਾਪਾ, ਸਹਿਜੜਾ, ਮਹਿਲ ਕਲਾਂ ਵਜ਼ੀਦਕੇ, ਗੰਗੋਹਰ, ਪੰਡੋਰੀ ਆਦਿ ਲਗਭਗ 22 ਪਿੰਡਾਂ ਵਿੱਚ ਜਾ ਟੀਮਾਂ ਦੁਆਰਾ ਜਾ ਕੇ ਸਰਵੇਖਣ ਕੀਤਾ ਗਿਆ ਅਤੇ ਹਰ ਤਰੀਕੇ ਨਾਲ ਉਹਨਾਂ ਨੂੰ ਸੇਵਾ ਕਰਨ ਦਾ ਯਕੀਨ ਦਵਾਇਆ। ਇਸ ਦੌਰਾਨ ਸਿਵਲ ਡਿਫੈਂਸ ਦੀ ਟੀਮ ਨੇ ਐਮ ਐਲ ਏ ਕੁਲਵੰਤ ਸਿੰਘ ਪੰਡੋਰੀ ਨਾਲ ਵੀ ਮੁਲਾਕਾਤ ਕੀਤੀ। ਇਸ ਮੌਕੇ ਚੀਫ਼ ਵਾਰਡਨ ਮਹਿੰਦਰ ਕਪਿਲ, ਅਖਿਲੇਸ਼ ਬਾਂਸਲ, ਜਨਕ ਰਾਜ ਗੋਇਲ, ਧੀਰਜ, ਸੰਜੀਵ ਸ਼ਰਮਾ, ਭਰਪੂਰ ਸਿੰਘ, ਭਾਰਤ ਭੂਸ਼ਨ, ਮਹਿੰਦਰ ਪ੍ਰਤਾਪ, ਹੇਮੰਤ ਕੁਮਾਰ, ਵਿਭੋਰ ਗਰਗ, ਸੁਰਿੰਦਰ ਬਾਂਸਲ, ਤਰਸੇਮ ਸਿੰਘ ਸਿਵਲ ਡਿਫੈਂਸ ਦਫ਼ਤਰ ਬਰਨਾਲਾ ਆਦਿ ਹਾਜ਼ਰ ਸਨ।

# 'ਆਪ' ਸਰਕਾਰ ਪੀੜਤ ਲੋਕਾਂ ਦੀ ਹਰ ਸੰਭਵ ਮਦਦ ਕਰੇ=: ਬੀਬੀ ਬਾਲੀਆਂ



ਤਪਾ ਮੰਡੀ, 8 ਸਤੰਬਰ (ਭੂਸ਼ਨ ਘੜੈਲਾ):ਪੰਜਾਬ ਮਹਿਲਾ ਕਾਂਗਰਸ ਦੀ ਸਾਬਕਾ ਸੂਬਾ ਮੀਤ ਪ੍ਰਧਾਨ ਤੇ ਹਲਕਾ ਭਦੌੜ ਦੇ ਆਗੂ ਬੀਬੀ ਸੁਰਿੰਦਰ ਕੌਰ ਬਾਲੀਆਂ ਨੇ ਪਿੰਡ ਤਾਜੋ ,ਪੱਖੋ ਕਲਾਂ, ਧੂਰਕੋਟ,ਰੂੜੇਕੇ ਕਲਾ, ਧੌਲਾ ਆਦਿ ਦਾ ਦੌਰਾ ਕੀਤਾ ਅਤੇ ਹੜਾਂ ਵਾਲੀ ਸਥਿਤੀ ਦੌਰਾਨ ਲੋਕਾਂ ਨਾਲ ਗੱਲਬਾਤ ਕੀਤੀ ।ਉਹਨਾਂ ਦਾ ਹਾਲ ਚਾਲ ਜਾਣਿਆ। ਇਸ ਮੌਕੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਉਹਨਾਂ ਕਿਹਾ ਕਿ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਪੰਜਾਬ ਦੇ ਲੋਕਾਂ ਨਾਲ ਖੜੀ ਹੈ ਅਤੇ ਉਹਨਾਂ ਪੰਜਾਬ ਦੀ ਮੌਜੂਦਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੇ ਲੋਕਾਂ ਦੀ ਹਰ ਸੰਭਵ ਮਦਦ ਕਰੇ। ਇਸ ਮੌਕੇ ਇਹਨਾਂ ਨਾਲ ਬਲਵਿੰਦਰ ਸਿੰਘ, ਸਤਨਾਮ ਸਿੰਘ, ਓਮ ਪ੍ਰਕਾਸ਼, ਨੈਬ ਸਿੰਘ, ਗਿੰਦਰ ਸਿੰਘ ਤੋਂ ਇਲਾਵਾ ਹੋਰ ਕਈ ਕਾਂਗਰਸੀ ਵਰਕਰ ਵੀ ਹਾਜ਼ਰ ਸਨ।

# ਡੀ. ਸੀ. ਵੱਲੋਂ ਮੀਂਹ ਦੇ ਮੱਦੇਨਜ਼ਰ ਮੌਜੂਦਾ ਸਥਿਤੀ ਦਾ ਜਾਇਜ਼ਾ

ਬਰਨਾਲਾ, 8 ਸਤੰਬਰ (ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਬਰਨਾਲਾ ਟੀ ਬੈਨਿਥ ਨੇ ਇੱਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਜ਼ਿਲ੍ਹੇ ਦੇ ਵੱਖ ਵੱਖ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਮੀਹਾਂ ਦੇ ਮੱਦੇਨਜ਼ਰ ਪਾਣੀ ਦੀ ਨਿਕਾਸੀ, ਰਾਹਤ ਕੈਂਪਾਂ, ਸੀਵਰੇਜ ਦੀ ਸਮੱਸਿਆ, ਡਰੇਨਾਂ ਵਿਚ ਪਾਣੀ ਦਾ ਜਾਇਜ਼ਾ ਲਿਆ। ਓਨ੍ਹਾਂ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰਾਂ ਅਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਜਿੱਥੇ ਜਿੱਥੇ ਸੀਵਰੇਜ ਦੀ ਸਮੱਸਿਆ ਆ ਰਹੀ ਹੈ, ਓਥੇ ਸੁਪਰ ਸਕਸ਼ਨ ਮਸ਼ੀਨ ਲਗਾ ਕੇ ਸਫ਼ਾਈ ਕਰਵਾਈ ਜਾਵੇ ਅਤੇ ਜਿੱਥੇ ਟੋਏ ਜਾਂ ਹੋਰ ਦਿੱਕਤਾਂ ਆ ਰਹੀਆਂ ਹਨ, ਓਨ੍ਹਾਂ ਦੇ ਹੱਲ ਲਈ ਫੌਰੀ ਕੰਮ ਸ਼ੁਰੂ ਕਰ ਦਿੱਤਾ ਜਾਵੇ। ਓਨ੍ਹਾਂ ਪਸ਼ੂ ਪਾਲਣ ਵਿਭਾਗ ਨੂੰ ਪਸ਼ੂਆਂ ਦੇ ਟੀਕਾਕਰਨ ਦੇ ਨਿਰਦੇਸ਼ ਦਿੱਤੇ ਜਿਸ 'ਤੇ ਅਧਿਕਾਰੀਆਂ ਨੇ ਕਿਹਾ ਕਿ ਪਸ਼ੂਆਂ ਦਾ ਟੀਕਾਕਰਨ ਕੀਤਾ ਜਾ ਰਿਹਾ ਹੈ। ਓਨ੍ਹਾਂ ਸਿਹਤ ਵਿਭਾਗ ਨੂੰ ਡੇਂਗੂ, ਮਲੇਰੀਆ ਤੋਂ ਬਚਾਅ ਲਈ ਅਤੇ ਖੜ੍ਹੇ ਪਾਣੀ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਵਾਸਤੇ ਸਿਹਤ ਵਿਭਾਗ ਦੀਆਂ ਟੀਮਾਂ ਨੂੰ ਲਗਾਤਾਰ ਸਰਗਰਮ ਰਹਿਣ ਦੇ ਆਦੇਸ਼ ਦਿੱਤੇ। ਇਸ ਮੌਕੇ ਉਨ੍ਹਾਂ ਕਿਹਾ ਕਿ ਪਿੰਡਾਂ ਵਿਚ ਜਿਥੇ ਟੋਭਿਆਂ ਵਿਚ ਪਾਣੀ ਓਵਰਫਲੋਅ ਹੋਣ ਦੀ ਸਮੱਸਿਆ ਹੈ ਓਥੇ ਮਸਲਾ ਹੱਲ ਕੀਤਾ ਜਾਵੇ। ਇਸ ਦੌਰਾਨ ਉਨ੍ਹਾਂ ਖੇਤੀਬਾੜੀ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਖੇਤਾਂ ਵਿਚ ਪਾਣੀ ਖੜ੍ਹਨ ਨਾਲ ਫਸਲਾਂ ਨੂੰ ਜੇਕਰ ਕੋਈ ਬਿਮਾਰੀਆਂ ਹੋਣ ਦਾ ਖਦਸ਼ਾ ਹੈ ਤਾਂ ਉਸ ਬਾਰੇ ਕਿਸਾਨਾਂ ਨੂੰ ਪਹਿਲਾਂ ਹੀ ਜਾਗਰੂਕ ਕਰ ਦਿੱਤਾ ਜਾਵੇ ਤਾਂ ਜੋ ਕਿ ਫ਼ਸਲਾਂ ਦਾ ਨੁਕਸਾਨ ਨਾ ਹੋਵੇ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਨੁਪ੍ਰਿਤਾ ਜੌਹਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ, ਐੱਸ ਡੀ ਬਰਨਾਲਾ ਮੈਡਮ ਸੋਨਮ, ਐੱਸ ਡੀ ਐਮ ਤਪਾ ਆਯੂਸ਼ ਗੋਇਲ, ਐੱਸ ਡੀ ਐਮ ਮਹਿਲ ਕਲਾਂ ਜੁਗਰਾਜ ਸਿੰਘ ਕਾਹਲੋਂ, ਸਿਵਲ ਸਰਜਨ ਡਾਕਟਰ ਬਲਜੀਤ ਸਿੰਘ ਤੇ ਹੋਰ ਅਧਿਕਾਰੀ/ ਕਰਮਚਾਰੀ ਹਾਜ਼ਰ ਸਨ।

# .ਗਦਰੀ ਸੰਗਰਾਮਣ ਬੀਬੀ ਗੁਲਾਬ ਕੌਰ ਬਖਸ਼ੀਵਾਲਾ ਦੀ 100 ਸਾਲਾ ਬਰਸੀ ਸਮਾਗਮ ਮਨਾਉਣ ਦੀਆਂ ਤਿਆਰੀਆਂ

ਸੁਨਾਮ ਊਧਮ ਸਿੰਘ ਵਾਲਾ, 8 ਸਤੰਬਰ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਗ਼ਦਰੀ ਸੰਗਰਾਮਣ ਬੀਬੀ ਗ਼ੁਲਾਬ ਕੌਰ ਬਖਸ਼ੀਵਾਲਾ ਦੀ 100 ਸਾਲਾ ਬਰਸੀ ਮਨਾਉਣ ਲਈ ਸੰਗਰਾਮੀ ਕਲਾ ਕੇਂਦਰ ਸੁਨਾਮ ਊਧਮ ਸਿੰਘ ਵਾਲਾ ਦੇ ਸਰਪ੍ਰਸਤ ਸਰਦਾਰ ਲਖਵੀਰ ਸਿੰਘ ਰਤਨਪਾਲ ਕੈਨੇਡਾ ਦੀ ਰਹਿਨੁਮਾਈ ਵਿੱਚ ਸੰਗਰਾਮੀ ਕਲਾ ਕੇਂਦਰ ਦੇ ਅਹੁਦੇਦਾਰਾਂ ਨੇ ਡਾਕਟਰ ਰਘਵੀਰ ਕੌਰ ਸਮੇਤ ਬਖਸ਼ੀਵਾਲਾ ਨਿਵਾਸੀ ਕਾਮਰੇਡ ਹਰਦੇਵ ਸਿੰਘ, ਮਾਸਟਰ ਗੁਰਮੇਲ ਸਿੰਘ, ਜਗਤਾਰ ਸਿੰਘ, ਮਾਸਟਰ ਜੱਗਰ ਸਿੰਘ ਅਤੇ ਮਿਲਖਾ ਸਿੰਘ ਸਨੇਹੀ ਨਾਲ ਸਮਾਗਮ ਕਰਨ ਸਬੰਧੀ ਆਪਸੀ ਵਿਚਾਰ ਵਟਾਂਦਰਾ ਕੀਤਾ। ਆਪਸੀ ਸਲਾਹ ਤੋਂ ਬਾਅਦ ਅਕਤੂਬਰ ਦੇ ਪਹਿਲੇ ਹਫ਼ਤੇ ਦੌਰਾਨ ਸਮਾਗਮ ਕਰਨਾ ਤੈਅ ਹੋਇਆ। ਸੰਗਰਾਮੀ ਕਲਾ ਕੇਂਦਰ ਦੇ ਪ੍ਰਧਾਨ ਗਿਆਨੀ ਜੰਗੀਰ ਸਿੰਘ ਰਤਨ ਨੇ ਕਿਹਾ ਕਿ ਬਖਸ਼ੀਵਾਲਾ ਦੀ ਜੰਮਪਲ ਮਹਾਨ ਇਨਕਲਾਬੀ ਗ਼ਦਰੀ ਬੀਬੀ ਗ਼ੁਲਾਬ ਕੌਰ ਦੀ ਭਾਰਤ ਦੇ ਆਜ਼ਾਦੀ ਸੰਗਰਾਮ ਵਿੱਚ ਕੀਤੇ ਇਨਕਲਾਬੀ ਸੰਘਰਸ਼ ਦੀ ਮਿਸਾਲ ਦੁਨੀਆਂ ਦੇ ਇਤਿਹਾਸ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਡਾਕਟਰ ਰਘਬੀਰ ਕੌਰ ਨੇ ਪਿੰਡ ਵਾਸੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਬੀਬੀ ਗ਼ੁਲਾਬ ਕੌਰ ਪਿੰਡ ਬਖਸ਼ੀਵਾਲੇ ਦੀ ਧੀ ਦੇ ਨਾਲ ਨਾਲ ਪੂਰੇ ਪੰਜਾਬ ਦੀ ਧੀ ਹੈ।

# ਅਮਨਦੀਪ ਸਿੰਘ ਸਿੱਧੂ ਹੋ ਸਕਦੇ ਨੇ ਹਲਕਾ ਮੌੜ ਤੋਂ ਜ਼ਿਲ੍ਹਾ ਪ੍ਰੀਸ਼ਦ ਉਮੀਦਵਾਰ



ਤਪਾ ਮੰਡੀ/ਚਾਉਕੇ, 8 ਸਤੰਬਰ (ਭੂਸ਼ਨ ਘੜੈਲਾ):ਜ਼ਿਲ੍ਹਾ ਪ੍ਰੀਸ਼ਦ ਚੋਣਾ ਨੇੜੇ ਹਨ ਹਰੇਕ ਪਾਰਟੀ ਏਸ ਲਈ ਅੱਡੀ ਚੋਟੀ ਦਾ ਜੋਰ ਲਾਵੇਗੀ। ਅਤੇ ਜ਼ਿਲਾ ਪ੍ਰੀਸ਼ਦ ਇੱਕ ਵੱਡੀ ਚੋਣ ਮੰਨੀ ਜਾਂਦੀ ਹੈ, ਕਿਓਂਕਿ 20 ਪਿੰਡਾਂ ਦੀ ਕਰੀਬ ਏਹ ਚੋਣ ਹੁੰਦੀ ਹੈ।ਹਲਕਾ ਮੌੜ ਦੇ ਮਾਈਸਰਖਾਨਾ ਜੋਨ ਤੋਂ ਬਲਾਕ ਪ੍ਰਧਾਨ ਅਮਨਦੀਪ ਸਿੰਘ ਸਿੱਧੂ ਭੈਣੀ ਚੂਹੜ ਨੂੰ ਬੀਜੇਪੀ ਹਾਈਕਮਾਂਡ ਚੋਣ ਮੈਦਾਨ ਵਿੱਚ ਉਤਾਰ ਸਕਦੀ ਹੈ।ਕਿਓਂਕਿ ਅਮਨਦੀਪ ਸਿੰਘ ਇਕ ਪੜੇ ਲਿਖੇ,ਸੂਝਵਾਨ ਅਤੇ ਮਿਹਨਤੀ ਚਿਹਰਾ ਹੈ ਜਿਸਨੇ ਅਪਨੀ ਮਿਹਨਤ ਅਤੇ ਸੂਝ ਸਦਕਾ ਹਲਕਾ ਮੌੜ ਦੇ ਬਹੁਤ ਪਿੰਡਾਂ ਵਿੱਚ ਵੱਡੇ ਪੱਧਰ ਤੇ ਲੋਕ ਬੀਜੇਪੀ ਪਾਰਟੀ ਨਾਲ ਜੋੜੇ ਹਨ ਅਤੇ ਇਹ ਗੱਲ ਮੌੜ ਹਲਕਾ ਇਨਚਾਰਜ ਦਿਆਲ ਸਿੰਘ ਸੋਢੀ ਜਨਰਲ ਸੈਕਟਰੀ ਪੰਜਾਬ ਚੰਗੀ ਤਰਾ ਜਾਣਦੇ ਹਨ ਅਤੇ ਜ਼ਿਲਾ ਪ੍ਰਧਾਨ ਅਤੇ ਪਾਰਟੀ ਹਾਈਕਮਾਂਡ ਵੀ ਸਿੱਧੂ ਨੂੰ ਮਜਬੂਤ ਮੰਨ ਰਹੇ ਹਨ। ਹਲਕਾ ਮੌੜ ਬਲਾਕ ਰਾਮਪੁਰਾ ਦੇ ਪਿੰਡਾਂ ਵਿੱਚ ਵੱਡੇ ਵੱਡੇ ਇਕੱਠ ਅਮਨਦੀਪ ਸਿੰਘ ਸਿੱਧੂ ਦੀ ਅਗਵਾਈ ਵਿੱਚ ਹਲਕਾ ਇਨਚਾਰਜ ਦਿਆਲਸੋਢੀ ਦੇ ਕੀਤੇ ਅਤੇ ਮੀਟਿੰਗਾਂ ਵਿੱਚ ਹੋਏ ਹਨ ਤੇ ਹਲਕਾ ਮੌੜ ਵਿੱਚ ਦਿਆਲ ਸੋਢੀ ਬੀਜੇਪੀ ਮੁਹਿਮ ਨੂੰ ਵੱਡਾ ਹੁਗਾਰਾ ਮਿਲਿਆ ਹੈ।ਏਸ ਤੋਂ ਇਲਾਵਾ ਦਿਆਲ ਸੋਢੀ ਹਲਕਾ ਇੰਚਾਰਜ ਵੀ ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਹਲਕਾ ਮੌੜ ਦੇ ਦੁੱਖ ਸੁੱਖ ਵਿੱਚ ਲੋਕਾ ਨਾਲ ਖੜਦੇ ਹਨ ਅਤੇ ਜ਼ਿਲਾ ਪ੍ਰਧਾਨ ਗੁਰਪ੍ਰੀਤ ਮਲੂਕਾ ਬਠਿੰਡਾ ਦਿਹਾਤੀ ਵਿੱਚ ਪਾਰਟੀ ਨੂੰ ਹੋਰ ਉਪਰ ਚੁਕਣ ਲਈ ਕੰਮ ਕਰ ਰਹੇ ਹਨ।

## ਸੁਖਬੀਰ ਬਾਦਲ ਸਣੇ ਸੀਨੀਅਰ ਆਗੂਆਂ ਵੱਲੋਂ ਗੁਰਤੇਜ ਅਤਲਾ ਦਾ ਵਿਸ਼ੇਸ਼ ਸਨਮਾਨ

# ਅਤਲਾ ਵਰਗੇ ਮਿਹਨਤੀ ਆਗੂ ਪਾਰਟੀ ਦਾ ਸਰਮਾਇਆ : ਹਰਸਿਮਰਤ ਕੌਰ

### ਭੂੰਦੜ, ਮਲੂਕਾ, ਐਡ. ਧਾਮੀ, ਸ਼ਰਨਜੀਤ ਢਿੱਲੋਂ ਤੇ ਝਿੰਜਰ ਨੇ ਅਤਲਾ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ






ਪਟਿਆਲਾ, 8 ਸਤੰਬਰ (ਗੁਰਦੀਪ ਢਿੱਲੋਂ) : ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਕੀਤੇ ਪਾਰਟੀ ਵਿਸਥਾਰ ਵਿਚ ਸੀਨੀਅਰ ਆਗੂ ਗੁਰਤੇਜ ਸਿੰਘ ਅਤਲਾ ਨੂੰ ਪਾਰਟੀ ਦੇ ਐੱਸ.ਸੀ. ਵਿੰਗ ਦੇ ਅਹੁਦੇ ਨਾਲ ਸਨਮਾਨਿਤ ਕੀਤਾ ਗਿਆ ਸੀ। ਅੱਜ ਪਾਰਟੀ ਦੇ ਮੁੱਖ ਦਫਤਰ ਵਿਚ ਇਕ ਵਿਸ਼ੇਸ਼ ਮੀਟਿੰਗ ਮੌਕੇ ਸੀਨੀਅਰ ਆਗੂਆਂ ਨੇ ਜਿੱਥੇ ਅਤਲਾ ਦਾ ਉਚੇਚਾ ਸਨਮਾਨ ਕੀਤਾ ਉਥੇ ਉਸਦੀਆਂ ਪਾਰਟੀ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਦੀ ਵੀ ਸਰਾਹਨਾ ਕੀਤੀ। ਸਨਮਾਨ ਉਪਰੰਤ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਤਲਾ ਹਰ ਪਾਰਲੀਮਾਨੀ ਚੋਣ ਵਿਚ ਭੀਖੀ ਬਲਾਕ ਵਿਚ ਸੇਵਾਵਾਂ ਨਿਭਾਉਂਦਾ ਹੈ ਅਤੇ ਬੀਬਾ ਹਰਸਿਮਰਤ ਕੌਰ ਬਾਦਲ ਦੀ ਚੋਣ ਮੁਹਿੰਮ ਵਿਚ ਦਿਨ ਰਾਤ ਮਿਹਨਤ ਕਰਦਾ ਹੈ। ਉਨ੍ਹਾਂ ਕਿਹਾ ਕਿ ਅਤਲਾ ਵਰਗੇ ਆਗੂ ਪਾਰਟੀ ਦਾ ਸਰਮਾਇਆ ਹਨ ਅਤੇ ਸਮਾਂ ਆਉਣ 'ਤੇ ਉਸਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਅਹਿਮ ਅਹੁਦਾ ਦੇ ਕੇ ਨਿਵਾਜਿਆ ਜਾਵੇਗਾ। ਇਸ ਮੌਕੇ ਬੋਲਦਿਆਂ ਸਾਂਸਦ ਬੀਬਾ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਅਤਲਾ ਲੰਮੇਂ ਸਮੇਂ ਤੋਂ ਪਾਰਟੀ ਨਾਲ ਜੁੜਿਆ ਹੋਇਆ ਹੈ ਅਤੇ ਘਰ ਦੀਆਂ ਆਰਥਿਕ ਤੰਗੀਆਂ ਦੇ ਬਾਵਜੂਦ ਉਸਦੀਆਂ ਪਾਰਟੀ ਲਈ ਕੀਤੀਆਂ ਸੇਵਾਵਾਂ ਦਾ ਕੋਈ ਸਾਨੀ ਨਹੀਂ। ਇਸ ਮੌਕੇ ਬੋਲਦਿਆਂ ਅਕਾਲੀ ਦਲ ਦੇ ਜਨਰਲ ਸਕੱਤਰ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਕਿ ਅਤਲਾ ਮਾਨਸਾ ਜ਼ਿਲ੍ਹੇ ਨਾਲ ਸਬੰਧਤ ਹੈ ਅਤੇ ਉਹ ਸਾਰੀਆਂ ਚੋਣਾਂ ਵਿਚ ਅਣਥੱਕ ਕੰਮ ਕਰਦਾ ਹੈ ਸਭ ਤੋਂ ਅਹਿਮ ਗੱਲ ਇਹ ਹੈ ਕਿ ਉਸਨੇ ਕਦੇ ਕਿਸੇ ਅਹੁਦੇ ਦਾ ਲਾਲਚ ਨਹੀਂ ਕੀਤਾ ਅਤੇ ਪਾਰਟੀ ਦੀ ਨਿਰਸਵਾਰਥ ਸੇਵਾ ਕਰਦਾ ਹੈ। ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕਿ ਅਤਲਾ ਵਰਗੇ ਮਿਹਨਤੀ ਵਰਕਰ ਪਾਰਟੀ ਦਾ ਮਾਣ ਹਨ ਅਤੇ ਅਕਾਲੀ ਦਲ ਅਜਿਹੇ ਆਗੂਆਂ ਦੀਆਂ ਸੇਵਾਵਾਂ ਦਾ ਹਮੇਸ਼ਾ ਮੁੱਲ ਤਾਰਦਾ ਹੈ। ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਵੀ ਅਤਲਾ ਦੀਆਂ ਤਾਰੀਫਾਂ ਦੇ ਪੁਲ ਬੰਨ੍ਹੇ ਅਤੇ ਕਿਹਾ ਕਿ ਉਸ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿਚ ਕੀਤੇ ਜਾ ਰਹੇ ਅਣਥੱਕ ਕੰਮ ਸ਼ਲਾਘਾਯੋਗ ਹਨ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਸਾਬਕਾ ਮੰਤਰੀ ਸ਼ਰਨਜੀਤ ਸਿੰਘ ਢਿੱਲੋਂ, ਪਟਿਆਲਾ ਦੇ ਸਾਬਕਾ ਮੇਅਰ ਅਮਰਿੰਦਰ ਬਜਾਜ ਤੋਂ ਇਲਾਵਾ ਅਕਾਲੀ ਦਲ ਦੇ ਵੱਡੀ ਗਿਣਤੀ ਅਹੁਦੇਦਾਰ ਅਤੇ ਵਰਕਰ ਮੌਜੂਦ ਸਨ।

# ਜਰਨਲਿਸਟ ਐਸੋਸੀਏਸ਼ਨ ਨੇ ਕੀਤੀ ਅਮਨ ਅਰੋੜਾ ਨਾਲ ਮੁਲਾਕਾਤ



ਸੁਨਾਮ ਊਧਮ ਸਿੰਘ ਵਾਲਾ, 8 ਸਤੰਬਰ ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਜਰਨਲਿਸਟ ਐਸੋਸੀਏਸ਼ਨ ਦੇ ਆਗੂਆਂ ਵੱਲੋਂ ਚੈਅਰਮੈਨ ਯਸ਼ਪਾਲ ਮੰਗਲਾ ਅਤੇ ਪ੍ਰਧਾਨ ਕਿਰਪਾਲ ਸਿੰਘ ਸੰਧੇ ਦੀ ਅਗਵਾਈ ਹੇਠ ਪੰਜਾਬ ਦੇ ਕੈਬਨਿਟ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨਾਲ ਮੁਲਾਕਾਤ ਕੀਤੀ ਇਸ ਮੌਕੇ 'ਤੇ ਜਰਨਲਿਸਟ ਐਸੋਸੀਏਸ਼ਨ ਦੇ ਚੇਅਰਮੈਨ ਯਸ਼ਪਾਲ ਮੰਗਲਾ ਨਵਨਿਯੁਕਤ ਪ੍ਰਧਾਨ ਕਿਰਪਾਲ ਸਿੰਘ ਸੰਧੇ ਜਰਨਲ ਸਕੱਤਰ ਸਰਬਜੀਤ ਸਿੰਘ ਧਾਲੀਵਾਲ ਵਿੱਤ ਸਕੱਤਰ ਰਾਊਵਰਿੰਦਰ ਮਠਾੜੂ ਚੀਫ਼ ਪੈਟਰਨ ਹਰਚੰਦ ਸਿੰਘ ਭੁੱਲਰ ਸਰਪ੍ਰਸਤ ਰਾਕੇਸ਼ ਸ਼ਰਮਾ ਮੀਤ ਪ੍ਰਧਾਨ ਮੋਹਣ ਸ਼ਰਮਾ ਨੇ ਕੀਤੀ ਇਸ ਮੌਕੇ 'ਤੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨਵਨਿਯੁਕਤ ਪ੍ਰਧਾਨ ਕਿਰਪਾਲ ਸਿੰਘ ਸੰਧੇ ਦਾ ਮੂੰਹ ਮਿੱਠਾ ਕਰਵਾਇਆ ਅਤੇ ਮੰਗਲਾ ਦੀ ਅਗਵਾਈ ਵਿੱਚ ਪੱਤਰਕਾਰ ਯਾਦਵਿੰਦਰ ਸਿੰਘ ਲਾਲੀ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਗੱਲਬਾਤ ਕਰਦਿਆਂ ਕਿਹਾ ਕਿ ਮੀਡੀਆ ਭਾਰਤ ਦਾ ਚੋਥਾ ਥੰਮ ਹੈ ਮੈਨੂੰ ਖੁਸ਼ੀ ਹੋਈ ਹੈ ਕਿ ਕਿਰਪਾਲ ਸਿੰਘ ਸੰਧੇ ਨੂੰ ਇਹ ਐਸੋਸੀਏਸ਼ਨ ਵੱਲੋਂ ਜਿਮੇਵਾਰੀ ਸੌਂਪੀ ਗਈ ਹੈ ਉਸ ਨੂੰ ਸ਼ਹਿਰ ਨਿਵਾਸੀਆਂ ਅਤੇ ਆਪਣੇ ਜਰਨਲਿਸਟ ਐਸੋਸੀਏਸ਼ਨ ਦੇ ਆਗੂਆਂ ਅਤੇ ਮੈਂਬਰਾਂ ਨੂੰ ਨਾਲ ਲੈਕੇ ਸ਼ਹਿਰ ਵਿੱਚ ਹੋ ਰਹੀਆਂ ਗਤੀਵਿਧੀਆਂ ਬਾਰੇ ਅੱਗੇ ਵੱਧ ਕੇ ਕੰਮ ਕਰਨਗੇ ਇਸ ਮੌਕੇ ਤੇ ਜਰਨਲਿਸਟ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਰਾਜੀਵ ਸਿੰਗਲਾ ਅਜੈ ਜਿੰਦਲ ਯਾਦਵਿੰਦਰ ਲਾਲੀ ਅਨਿਲ ਕਾਦੀਆਨ ਮਲਕੀਅਤ ਸਿੰਘ ਜੁਗਰਾਜ ਸਿੰਘ ਖੁਸ਼ਪ੍ਰੀਤ ਸਿੰਘ ਸੰਕਰ ਬਾਂਸਲ ਆਦਿ ਹਾਜ਼ਰ ਸਨ ਇਸ ਮੌਕੇ ਤੇ ਪ੍ਰਧਾਨ ਕਿਰਪਾਲ ਸਿੰਘ ਸੰਧੇ ਨੇ ਜਰਨਲਿਸਟ ਐਸੋਸੀਏਸ਼ਨ ਦੇ ਸਾਰੇ ਸਾਥੀਆਂ ਨੂੰ ਹਮੇਸ਼ਾ ਨਾਲ ਲੈਕੇ ਚੱਲਣਗੇ ਇਸ ਮੌਕੇ 'ਤੇ ਜਰਨਲਿਸਟ ਐਸੋਸੀਏਸ਼ਨ ਦੇ ਸਾਰੇ ਆਗੂਆਂ ਵੱਲੋਂ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ ਗਿਆ।

# ਚਿੱਟਾ ਸਪਲਾਈ ਕਰਨ ਵਾਲੀ ਹਰਿਆਣਾ ਦੀ ਔਰਤ ਕਾਬੂ



ਲਹਿਰਾਗਾਗਾ, 8 ਸਤੰਬਰ (ਗੁਰਦੀਪ ਸਿੰਘ) :ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲਹਿਰਾਗਾਗਾ ਪੁਲਿਸ ਨੇ ਇਕ ਮਹੀਨੇ ਵਿੱਚ 11 ਮੁਕੱਦਮੇ ਦਰਜ ਕਰਕੇ 186 ਗ੍ਰਾਮ ਹੈਰੋਇਨ, 600 ਗ੍ਰਾਮ ਭੁੱਕੀ, 350 ਨਸ਼ੀਲੀਆਂ ਗੋਲੀਆਂ ਸਮੇਤ 21 ਮੁਲਜਮਾਂ ਕਾਬੂ ਕਰਨ ਦਾ ਦਾਅਵਾ ਕੀਤਾ ਹੈ, ਇਸੇ ਤਰ੍ਹਾਂ 4 ਹੋਰ ਮੁਕਦਮਿਆਂ 200 ਲੀਟਰ ਲਾਹਣ, 18 ਬੋਤਲਾਂ ਸ਼ਰਾਬ ਨਜਾਇਜ਼ ਅਤੇ 94 ਸ਼ਰਾਬ ਠੇਕਾ ਦੇਸੀ ਸਮੇਤ ਪੰਜ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ। ਡੀ.ਐਸ.ਪੀ ਲਹਿਰਾਗਾਗਾ ਦੀਪਇੰਦਰਪਾਲ ਸਿੰਘ ਜੇਜੀ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਲਹਿਰਾਗਾਗਾ -ਮੂਨਕ ਇਲਾਕੇ ਵਿਚ ਚਿੱਟੇ ਦੀ ਸਪਲਾਈ ਕਰਨ ਵਾਲੀ ਹਰਿਆਣੇ ਦੀ ਇੱਕ ਔਰਤ ਨੂੰ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਹੈ ਕਿ ਨਸ਼ਾ ਰੋਕੂ ਐਕਟ ਤਹਿਤ ਲਾਲ ਚੰਦ ਵਾਸੀ ਭੂਟਾਲ ਕਲਾਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ, ਜਿਸ ਨੇ ਪੁੱਛਗਿੱਛ ਦੌਰਾਨ ਮੰਨਿਆ ਹੈ ਕਿ ਉਹ ਇਹ ਹੈਰੋਇਨ ਸੀਤਾ ਪਤਨੀ ਰਿੰਕੂ ਵਾਸੀ ਚੂਹੜਪੁਰ ਥਾਣਾ ਜਾਖਲ ਜ਼ਿਲ੍ਹਾ ਫਤਿਹਾਬਾਦ ਤੋਂ ਲੈ ਕੇ ਆਇਆ ਹੈ। ਪੁਲਿਸ ਨੇ ਸੀਤਾ ਉਕਤ ਨੂੰ ਕਾਬੂ ਕਰਕੇ ਉਸ ਪਾਸੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ । ਇਸੇ ਮੁਹਿਮ ਤਹਿਤ ਪੁਲਿਸ ਨੇ ਨਸ਼ਾ ਕਰਨ ਵਾਲੇ 56 ਵਿਅਕਤੀਆਂ ਨੂੰ ਨਾਲ ਲਿਜਾਕੇ ਸਿਵਿਲ ਹਸਪਤਾਲ ਵਿੱਚੋਂ ਨਸ਼ਾ ਛੱਡਣ ਦੀ ਦਵਾਈ ਹੈ ਅਤੇ ਛੇ ਵਿਅਕਤੀਆਂ ਨੂੰ ਨਸ਼ਾ ਛੱਡਣ ਲਈ ਨਸ਼ਾ ਛੁਡਾਉ ਸੈਂਟਰ ਵਿੱਚ ਦਾਖਲ ਕਰਵਾਇਆ ਹੈ। ਇਸ ਮੌਕੇ ਥਾਣਾ ਮੁਖੀ ਇੰਸਪੈਕਟਰ ਕਰਮਜੀਤ ਸਿੰਘ, ਸਹਾਇਕ ਥਾਣੇਦਾਰ ਹਰਬੰਸ ਸਿੰਘ, ਸਹਾਇਕ ਥਾਣੇਦਾਰ ਸੁੱਖਾ ਸਿੰਘ ਮੌਜੂਦ ਸਨ।

# ਘੱਗਰ ਦਰਿਆ 'ਤੇ ਖ਼ਤਰੇ ਵਾਲੇ ਹਾਲਾਤ ਦੇ ਟਾਕਰੇ ਲਈ ਸਰਕਾਰ ਹਰ ਸਮੇਂ ਤਿਆਰ : ਬਰਿੰਦਰ ਗੋਇਲ



ਲਹਿਰਾਗਾਗਾ, 8 ਸਤੰਬਰ (ਗੁਰਦੀਪ ਸਿੰਘ): ਘੱਗਰ ਦਰਿਆ ਤੇ ਖਤਰੇ ਵਾਲੇ ਹਾਲਾਤਾਂ ਦੇ ਟਾਕਰੇ ਲਈ ਪੰਜਾਬ ਸਰਕਾਰ ਹਰ ਸਮੇਂ ਤਿਆਰ ਹੈ, ਤੇ ਸਮੁੱਚਾ ਪ੍ਰਸ਼ਾਸਨ ਦਿਨ ਰਾਤ ਸਥਿੱਤੀ ਤੇ ਨਜ਼ਰ ਰੱਖ ਰਿਹਾ ਹੈ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਸ਼੍ਰੀ ਬਰਿੰਦਰ ਗੋਇਲ ਨੇ ਘੱਗਰ ਦਰਿਆ ਵਾਲੇ ਖੇਤਰ ਦਾ ਦੌਰਾ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ, ਅੱਜ ਉਹਨਾਂ ਮਕੋਰੜ ਸਾਹਿਬ ਪੁਲ ਅਤੇ ਮੂਨਕ ਵਿਖੇ ਟੋਹਾਣਾ ਪੁੱਲ ਦੇ ਘੱਗਰ ਦਰਿਆ ਦੇ ਖੇਤਰ ਵਾਲੇ ਪਿੰਡ ਚਾਂਦੂ, ਕੁਦਨੀ, ਸੁਰਜਨ ਭੈਣੀ, ਰਾਮਪੁਰਾ, ਫੂਲਦ, ਰਾਜਲਹੇੜੀ, ਭੂਡੀਆਂ ਸਮੇਤ ਵੱਖ ਵੱਖ ਪਿੰਡਾਂ ਦੇ ਲੋਕਾਂ ਨਾਲ ਮੁਲਾਕਾਤ ਕਰਕੇ ਉਨਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ, ਉਨਾਂ ਮੌਜੂਦਾ ਹਾਲਾਤ ਸਮੇਂ ਪਿੰਡਾਂ ਦੇ ਲੋਕਾਂ ਵੱਲੋਂ ਘੱਗਰ ਦਰਿਆ ਦੇ ਕੰਢਿਆਂ ਨੂੰ ਮਜਬੂਤ ਕਰ ਲਈ ਦਿੱਤੇ ਜਾ ਰਹੇ ਸਹਿਯੋਗ ਦਾ ਧੰਨਵਾਦ ਵੀ ਕਰਦਿਆਂ ਕਿਹਾ ਕਿ ਸੂਬੇ ਦਾ ਹਰ ਵਿਆਕਤੀ ਪੀੜਤ ਲੋਕਾਂ ਦੀ ਮਦਦ ਕਰ ਰਿਹਾ ਹੈ,ਜੋ ਇੱਕ ਸ਼ਲਾਘਾਯੋਗ ਕਦਮ ਹੈ, ਸ੍ਰੀ ਗੋਇਲ ਨੇ ਕਿਹਾ ਕਿ ਸਰਕਾਰ ਹਰ ਸਮੇਂ ਲੋਕਾ ਦੇ ਨਾਲ ਹੈ, ਕਿਸੇ ਕਿਸਮ ਦੀ ਕੋਈ ਕਸਰ ਨਹੀਂ ਛੱਡੀ ਜਾ ਰਹੀ, ਉਹਨਾਂ ਕਿਹਾ ਕਿ ਉਹ ਕੱਲ ਰਾਤ ਵੀ ਖੁਦ ਆਪ ਘੱਗਰ ਦਰਿਆ ਤੇ ਦੇ ਕੰਢਿਆਂ ਤੇ ਜਾ ਕੇ ਵੱਖ ਵੱਖ ਥਾਵਾਂ ਤੇ ਜਾਇਜਾ ਲੈਂਦੇ ਰਹੇ ਹਨ, ਕੈਬਨਿਟ ਮੰਤਰੀ ਗੋਇਲ ਨੇ ਅੱਗੇ ਕਿਹਾ ਕਿ ਮਿੱਟੀ ਦੀਆਂ ਬੋਰੀਆਂ ਭਰਨ ਅਤੇ ਜੰਬੋ ਬੈਗ ਤਿਆਰ ਕਰਨ ਦਾ ਕੰਮ ਜੰਗੀ ਪੱਧਰ ਉੱਤੇ ਜਾਰੀ ਹੈ ਤੇ ਲੋੜ ਮੁਤਾਬਕ ਬੋਰਿਆਂ ਦੀ ਵਰਤੋਂ ਕੀਤੀ ਜਾ ਰਹੀ ਹੈ, ਅਤੇ ਲੋੜੀਂਦੇ ਜਾਲ ਵੀ ਮੌਜੂਦ ਹਨ, ਇਸ ਦੇ ਨਾਲ ਨਾਲ ਜੇਸੀਬੀ ਮਸ਼ੀਨਾਂ ਸਮੇਤ ਹੋਰ ਵੀ ਲੋੜੀਂਦੀਆਂ ਮਸ਼ੀਨਾਂ ਤਿਆਰ ਰੱਖੀਆਂ ਹੋਈਆਂ ਹਨ,ਇਸ ਤੋਂ ਇਲਾਵਾ ਕਿਸੇ ਵੀ ਕਿਸਮ ਦੇ ਹਾਲਾਤ ਦਾ ਟਾਕਰਾ ਕਰਨ ਲਈ ਵੱਖ-ਵੱਖ ਰਾਹਤ ਕੈਂਪ ਲਗਾ ਰਹੇ ਹਾਂ, ਅਤੇ ਪਸ਼ੂਆਂ ਲਈ ਇਵੈਕੁਏਸ਼ਨ ਸੈਂਟਰ ਤੈਅ ਕੀਤੇ ਗਏ ਹਨ,ਅਤੇ ਸੰਭਾਵੀ ਤੌਰ ਉੱਤੇ ਪ੍ਰਭਾਵਿਤ ਹੋ ਸਕਨ ਵਾਲੇ ਪਿੰਡਾਂ ਦੇ ਲੋਕਾਂ ਲਈ ਰਾਸ਼ਨ ਅਤੇ ਮੈਡੀਕਲ ਸਹੂਲਤਾਂ ਦਾ ਢੁਕਵਾਂ ਪ੍ਰਬੰਧ ਵੀ ਕੀਤਾ ਗਿਆ ਹੈ। ਇਸ ਦੇ ਨਾਲ ਨਾਲ ਪਸ਼ੂਆਂ ਲਈ ਹਰੇ ਚਾਰੇ ਅਤੇ ਦਵਾਈਆਂ ਦਾ ਵੀ ਢੁਕਵਾਂ ਪ੍ਰਬੰਧ ਹੈ, ਲੋੜੀਂਦੀਆਂ ਕਿਸ਼ਤੀਆਂ ਅਤੇ ਗੋਤਾਖੋਰ ਵੀ ਤਿਆਰ ਬਰ ਤਿਆਰ ਹਨ, ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀ 24 ਘੰਟੇ ਮੂਨਕ ਘੱਗਰ ਖੇਤਰ ਵਿੱਚ ਮੌਜੂਦ ਹਨ ਅਤੇ ਸਾਰੀਆਂ ਸਬੰਧਿਤ ਧਿਰਾਂ ਵੱਲੋਂ ਆਪਣੀ ਜਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਾ ਰਹੀ ਹੈ।

# ਕ੍ਰਿਸ਼ਨਾ ਕਾਲਜ ਰੱਲੀ ਵਿਖੇ ਹੜ੍ਹ ਪੀੜਤਾਂ ਲਈ ਕੀਤੀ ਗਈ ਪ੍ਰਾਰਥਨਾ




ਬਰੇਟਾ, 8 ਸਤੰਬਰ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਪੰਜਾਬੀ ਯੂਨੀਵਰਸਿਟੀ ਪਟਿਆਲਾ ਨਾਲ ਸੰਬੰਧਿਤ ਕ੍ਰਿਸ਼ਨਾ ਕਾਲਜ ਆਫ ਹਾਇਰ ਐਜੂਕੇਸ਼ਨ ਰੱਲੀ ਵਿਖੇ ਕਾਲਜ ਦੀ ਮੈਨੇਜਮੈਂਟ ਕਮੇਟੀ, ਪ੍ਰਿੰਸੀਪਲ ,ਅਧਿਆਪਕ ਸਾਹਿਬਾਨ ਅਤੇ ਵਿਦਿਆਰਥੀਆਂ ਵੱਲੋਂ ਹੜ੍ਹ ਪੀੜਤਾਂ ਲਈ ਪ੍ਰਾਰਥਨਾ ਕੀਤੀ ਗਈ। ਇਸ ਮੌਕੇ ਕਾਲਜ ਦੇ ਮੈਨੇਜਿੰਗ ਡਾਇਰੈਕਟਰ ਕਮਲ ਸਿੰਗਲਾ ਨੇ ਵਿਦਿਆਰਥੀਆਂ ਨੂੰ ਫੀਸਾਂ ਸੰਬੰਧੀ ਆ ਰਹੀਆਂ ਸਮੱਸਿਆਵਾਂ ਦਾ ਹੱਲ ਕਰਦੇ ਹੋਏ ਕਿਹਾ ਕਿ ਕਿਸੇ ਵੀ ਵਿਦਿਆਰਥੀ ਦੀ ਪੜ੍ਹਾਈ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਾਲਜ ਦੇ ਪ੍ਰਿੰਸੀਪਲ ਡਾਕਟਰ ਪ੍ਰਕਾਸ਼ ਕੌਰ ਢਿੱਲੋ ਨੇ ਕਿਹਾ ਕਿ ਇਸ ਸੰਕਟ ਦੇ ਸਮੇਂ ਅਸੀਂ ਡੋਲਣਾ ਨਹੀਂ ਸਮੁੱਚੀ ਮਾਨਵਤਾ ਦੀਆਂ ਦੁਆਵਾਂ ਸਾਡੇ ਨਾਲ ਹਨ। ਕਿਸੇ ਵੀ ਵਿਦਿਆਰਥੀ ਨੂੰ ਪੜ੍ਹਾਈ ਸਬੰਧੀ ਕੋਈ ਵੀ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਉਸ ਦਾ ਤਰਜੀਹ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ। ਸਕੂਲਾਂ ਕਾਲਜਾਂ ਵਿੱਚ ਦੁਬਾਰਾ ਰੌਣਕ ਪਰਤਣ ਤੇ ਸਮੂਹ ਸਟਾਫ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਗਿਆ।ਸਕੂਲਾਂ ਕਾਲਜਾਂ ਵਿੱਚ ਦੁਬਾਰਾ ਰੌਣਕ ਪਰਤਣ ਤੇ ਸਮੂਹ ਸਟਾਫ ਵੱਲੋਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਗਿਆ।

# ਮੇਅਰ ਮਹਿਤਾ ਨੇ ਮੀਂਹ ਵਿੱਚ ਰਾਹਤ ਦੇ ਮੱਦੇਨਜ਼ਰ ਵੰਡੀਆਂ 200 ਤਰਪਾਲਾਂ



ਬਠਿੰਡਾ, 8 ਸਤੰਬਰ (ਜਗਸੀਰ ਭੁੱਲਰ) 8 ਸਤੰਬਰ : ਮੀਂਹ ਕਾਰਨ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਘਰਾਂ ਦੀਆਂ ਛੱਤਾਂ ਨੂੰ ਹੋ ਰਹੇ ਨੁਕਸਾਨ ਨੂੰ ਦੇਖਦਿਆਂ, ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਲੋੜਵੰਦਾਂ ਦੀ ਮਦਦ ਲਈ ਇੱਕ ਸ਼ਲਾਘਾਯੋਗ ਕਦਮ ਚੁੱਕਿਆ। ਜਿਨ੍ਹਾਂ ਨੇ ਲਾਈਨਪਾਰ ਇਲਾਕੇ ਅਤੇ ਧੋਬੀਆਣਾ ਬਸਤੀ ਵਿੱਚ ਪਹੁੰਚ ਕੇ ਲਗਭਗ 200 ਤਰਪਾਲਾਂ ਵੰਡੀਆਂ, ਤਾਂ ਜੋ ਗਰੀਬ ਪਰਿਵਾਰ ਮੀਂਹ ਤੋਂ ਸੁਰੱਖਿਅਤ ਰਹਿ ਸਕਣ।ਇਸ ਮੌਕੇ ਮੇਅਰ ਨੇ ਕਿਹਾ ਕਿ ਨਗਰ ਨਿਗਮ ਸਿਰਫ ਵਿਕਾਸ ਕਾਰਜਾਂ ਤੱਕ ਸੀਮਤ ਨਹੀਂ ਹੈ, ਸਗੋਂ ਮੁਸ਼ਕਲ ਸਮੇਂ ਵਿੱਚ ਜਨਤਾ ਦੇ ਨਾਲ ਖੜ੍ਹਾ ਹੋਣਾ ਵੀ ਸਾਡੀ ਜ਼ਿੰਮੇਵਾਰੀ ਹੈ। ਉਨ੍ਹਾਂ ਕਿਹਾ ਕਿ ਪ੍ਰਭਾਵਿਤ ਪਰਿਵਾਰਾਂ ਨੂੰ ਉਕਤ ਤਰਪਾਲਾਂ ਨਾਲ ਮੀਂਹ ਤੋਂ ਬਹੁਤ ਰਾਹਤ ਮਿਲੇਗੀ।ਪੰਜਾਬ ਵਿੱਚ ਹੜ੍ਹਾਂ ਕਾਰਨ ਹੋਏ ਜਾਨ-ਮਾਲ ਦੇ ਨੁਕਸਾਨ ਤੇ ਡੂੰਘੀ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੇ ਸਮੇਂ ਵਿੱਚ ਹਰ ਨਾਗਰਿਕ ਨੂੰ ਅੱਗੇ ਆ ਕੇ ਪੀੜਤਾਂ ਦੀ ਮਦਦ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬੀਆਂ ਦਾ ਕੋਈ ਜਵਾਬ ਨਹੀਂ ਹੈ, ਜਿਨ੍ਹਾਂ ਨੇ ਹਮੇਸ਼ਾ ਸੰਕਟ ਦੇ ਸਮੇਂ ਵਿੱਚ ਪੰਜਾਬ ਦੀ ਮਦਦ ਕੀਤੀ ਹੈ ਅਤੇ ਹੁਣ ਵੀ ਪੰਜਾਬੀ ਆਪਣੇ ਦੁਖੀ ਭਰਾਵਾਂ ਦੀ ਹਰ ਸੰਭਵ ਤਰੀਕੇ ਨਾਲ ਮਦਦ ਕਰ ਰਹੇ ਹਨ।ਮੇਅਰ ਸ੍ਰੀ ਮਹਿਤਾ ਨੇ ਗੋਪਾਲ ਨਗਰ, ਜੋਗੀ ਨਗਰ, ਧੋਬੀ ਬਾਜ਼ਾਰ, ਲਾਲ ਸਿੰਘ ਨਗਰ ਵਿੱਚ ਵੱਖ-ਵੱਖ ਮੀਟਿੰਗਾਂ ਵਿੱਚ ਵੀ ਹਿੱਸਾ ਲਿਆ। ਉਕਤ ਮੀਟਿੰਗਾਂ ਵਿੱਚ ਉਨ੍ਹਾਂ ਲੋਕਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਉਨ੍ਹਾਂ ਦੇ ਹੱਲ ਲਈ ਜ਼ਰੂਰੀ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਨਗਰ ਨਿਗਮ ਦਾ ਮੁੱਖ ਉਦੇਸ਼ ਜਨਤਾ ਦੀ ਸਹੂਲਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਹੈ।ਉਨ੍ਹਾਂ, ਕ੍ਰਿਸ਼ਨਾ ਕਲੋਨੀ ਵਿੱਚ ਇੰਟਰਲਾਕਿੰਗ ਟਾਈਲਾਂ ਵਿਛਾਉਣ ਦਾ ਕੰਮ ਸ਼ੁਰੂ ਕਰਵਾਇਆ। ਮੇਅਰ ਨੇ ਕਿਹਾ ਕਿ ਇਸ ਕੰਮ ਨਾਲ ਇਲਾਕੇ ਦੇ ਵਸਨੀਕਾਂ ਨੂੰ ਗੰਦਗੀ ਅਤੇ ਪਾਣੀ ਭਰਨ ਦੀ ਸਮੱਸਿਆ ਤੋਂ ਰਾਹਤ ਮਿਲੇਗੀ ਅਤੇ ਕਲੋਨੀ ਵਿੱਚ ਇੱਕ ਸਾਫ਼ ਵਾਤਾਵਰਣ ਬਣੇਗਾ। ਇਸ ਦੌਰਾਨ ਸਲਾਹਕਾਰ ਕੌਂਸਲਰ ਸ੍ਰੀ ਸ਼ਾਮ ਲਾਲ ਜੈਨ, ਸ੍ਰੀ ਗੋਬਿੰਦ ਮਸੀਹ, ਸ੍ਰੀ ਅਸੈਸਰ ਪਾਸਵਾਨ ਅਤੇ ਇਲਾਕਾ ਨਿਵਾਸੀ ਉਨ੍ਹਾਂ ਨਾਲ ਮੌਜੂਦ ਸਨ।ਮੇਅਰ ਸ੍ਰੀ ਪਦਮਜੀਤ ਸਿੰਘ ਮਹਿਤਾ ਨੇ ਸਪੱਸ਼ਟ ਕੀਤਾ ਕਿ ਨਗਰ ਨਿਗਮ ਵਿਕਾਸ ਕਾਰਜਾਂ ਨੂੰ ਤੇਜ਼ ਕਰਨ ਅਤੇ ਜਨਤਕ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਵਚਨਬੱਧ ਹੈ। ਉਨ੍ਹਾਂ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਮੀਂਹ ਅਤੇ ਸੀਵਰੇਜ ਨਾਲ ਸਬੰਧਤ ਸਮੱਸਿਆਵਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਾਡਾ ਇਹ ਸੰਕਲਪ ਹੈ ਕਿ ਬਠਿੰਡਾ ਸ਼ਹਿਰ ਦੇ ਹਰ ਵਾਰਡ ਵਿੱਚ ਵਿਕਾਸ ਕਾਰਜ ਬਰਾਬਰ ਕੀਤੇ ਜਾਣ, ਤਾਂ ਜੋ ਕੋਈ ਵੀ ਖੇਤਰ ਅਣਗੌਲਿਆ ਨਾ ਰਹੇ। ਮੇਅਰ ਸ੍ਰੀ ਮਹਿਤਾ ਨੇ ਨਗਰ ਨਿਗਮ ਸਥਿਤ ਆਪਣੇ ਦਫ਼ਤਰ ਵਿੱਚ ਦਿਨ ਭਰ ਜਨਤਾ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਦਾ ਹੱਲ ਵੀ ਕਰਵਾਇਆ।

# ਮਹਾਨ ਕੀਰਤਨ ਸਤਿਸੰਗ ਦਰਬਾਰ ਸਜਾਇਆ



ਖਨੌਰੀ, 8 ਸਤੰਬਰ (ਓਮਪ੍ਰਕਾਸ਼ ਮੁਆਲ): ਬਾਬਾ ਸ੍ਰੀ ਚੰਦ ਜੀ ਮਹਾਰਾਜ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪੂਰਨਮਾਸ਼ੀ ਦਾ ਮਹਾਨ ਕੀਰਤਨ ਸਤਿਸੰਗ ਦਰਬਾਰ ਸੰਤ ਬਾਬਾ ਜਗਦੀਸ਼ ਦਾਸ ਜੀ ਮੰਡਵੀ ਵਾਲਿਆਂ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਮੰਦਿਰ ਬੇਗਮਪੁਰਾ ਧਾਮ ਪਿੰਡ ਬੋਪੁਰ ਵਿਚ ਸਜਾਇਆ ਗਿਆ । ਜਿਸ ਵਿੱਚ ਬਾਬਾ ਜਗਦੀਸ਼ ਦਾਸ ਜੀ ਨਾਲ ਸੰਤ ਬਾਬਾ ਸ੍ਰੀ ਸੇਵਕ ਦਾਸ ਜੀ ਮੰਡਵੀ ਵਾਲੇ, ਬਾਬਾ ਗਿਆਨ ਦਾਸ ਜੀ ਡੇਰਾ ਰਾਮਗੜ੍ਹ ਗੁਜ਼ਰਾਂ ਵਾਲਿਆ ਨੇ ਸਤਿਗੁਰਾਂ ਦੀ ਮਹਿਮਾਂ ਦਾ ਗੁਣਗਾਨ ਕਰਦਿਆਂ ਅੰਮ੍ਰਿਤ ਬਾਣੀ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਵਿੱਚੋਂ ਪਾਠ, ਸ਼ਬਦ ਵਿਚਾਰਾਂ ਤੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂਆਂ ਦੇ ਦਰਸਾਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸੰਤ ਬਾਬਾ ਜਗਦੀਸ਼ ਦਾਸ ਜੀ ਨੇ ਬਾਬਾ ਸ੍ਰੀ ਚੰਦ ਜੀ ਮਹਾਰਾਜ ਜੀ ਦੀ ਜੀਵਨੀ ਤੇ ਪ੍ਰਕਾਸ਼ ਪਾਉਂਦਿਆਂ ਸੰਗਤਾਂ ਨੂੰ ਨਸ਼ਿਆਂ ਤੇ ਸਮਾਜਿਕ ਬੁਰਾਈਆ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੰਜਾਬ ਵਿੱਚ ਆ ਰਹੇ ਹੜਾਂ ਤੋਂ ਅਤੇ ਪੈ ਰਹੀਆਂ ਬਰਸਾਤਾਂ ਤੋਂ ਛੁਟਕਾਰਾ ਪਵਾਉਣ ਤੇ ਪੰਜਾਬ ਦੇ ਲੋਕਾਂ ਦੀ ਖੁਸ਼ਹਾਲੀ, ਤੰਦਰੁਸਤੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਕੀਤੀ ਗਈ । ਇਸ ਮੌਕੇ ਮੀਂਹ ਪੈਣ ਦੇ ਬਾਵਜੂਦ ਵੀ ਪੰਜਾਬ, ਹਰਿਆਣਾ ਦੇ ਪਿੰਡਾਂ ਵਿੱਚੋਂ ਭਾਰੀ ਸਾਧ ਸੰਗਤ ਨੇ ਪਹੁੰਚ ਕੇ ਇਸ ਧਾਰਮਿਕ ਸਮਾਗਮ ਵਿੱਚ ਹਿੱਸਾ ਲਿਆ। ਇਸ ਮੌਕੇ ਡਾ. ਬੀ.ਆਰ.ਅੰਬੇਡਕਰ, ਲੋਕ ਭਲਾਈ ਕਲੱਬ ਦੇ ਚੇਅਰਮੈਨ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਬਾਹਰੋਂ ਆਈ ਸੰਗਤ ਨੂੰ ਸਿਹਤ ਪੱਖੋਂ ਕੋਈ ਦਿਕੱਤ ਪੇਸ਼ ਨਾ ਆਵੇ ਇਸ ਨੂੰ ਮੁੱਖ ਰੱਖਦਿਆਂ ਡਾਕਟਰ ਕ੍ਰਿਸ਼ਨ ਜੱਸਲ ਬੋਪੁਰ ਵੱਲੋਂ ਦਵਾਈਆਂ ਦਾ ਲੰਗਰ ਫਰੀ ਲਗਾਇਆ ਗਿਆ।

# ਘੱਗਰ ਦੇ ਸਥਾਈ ਹੱਲ ਲਈ ਮੋਦੀ ਵਿਸ਼ੇਸ਼ ਪੈਕੇਜ ਦੇਣ : ਜਥੇ. ਗਾਗਾ



ਲਹਿਰਾਗਾਗਾ, 8 ਸਤੰਬਰ (ਗੁਰਦੀਪ ਸਿੰਘ ):ਪਿਛਲੇ ਦੋ ਹਫਤਿਆਂ ਤੋਂ ਸਾਰਾ ਪੰਜਾਬ ਹੜ੍ਹਾਂ ਦੀ ਮਾਰ ਝੱਲ ਰਿਹਾ ਹੈ, ਜਿਸ ਕਾਰਨ ਕਿਸਾਨਾਂ ਦੀਆਂ ਫਸਲਾਂ ਤਬਾਹ ਹੋ ਚੁੱਕੀਆਂ ਹਨ ਅਤੇ ਲੋਕਾਂ ਦੇ ਘਰ ਢਹਿ ਢੇਰੀ ਹੁੰਦੇ ਜਾ ਰਹੇ ਹਨ, ਸਮੁੱਚੇ ਸੂਬੇ ਦੇ ਲੋਕਾਂ ਨੂੰ ਕਰੋੜਾਂ ਰੁਪਏ ਦੇ ਆਰਥਿਕ ਨੁਕਸਾਨ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਹੁਣ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਪੰਜਾਬ ਫੇਰੀ 'ਤੇ ਆ ਰਹੇ ਹਨ, ਉਹਨਾਂ ਨੂੰ ਚਾਹੀਦਾ ਹੈ ਕਿ ਘੱਗਰ ਦੇ ਸਥਾਈ ਹੱਲ ਲਈ ਵਿਸ਼ੇਸ਼ ਪੈਕੇਜ ਦੇਣ, ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਅਕਾਲੀ ਦਲ ਅੰਮ੍ਰਿਤਸਰ ਦੇ ਹਲਕਾ ਇੰਚਾਰਜ ਜਥੇਦਾਰ ਪ੍ਰਗਟ ਸਿੰਘ ਗਾਗਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹੋਇਆਂ ਕੀਤਾ, ਜਥੇਦਾਰ ਗਾਗਾ ਪਿਛਲੇ ਦਿਨੀ ਮੂਨਕ, ਕੜੈਲ, ਮਕੋਰੜ ਸਾਹਿਬ ਅਤੇ ਹੋਰ ਘੱਗਰ ਦੀ ਮਾਰ ਹੇਠ ਆਉਣ ਵਾਲੇ ਪਿੰਡਾਂ ਦੇ ਲੋਕਾਂ ਨੂੰ ਮਿਲਣ ਲਈ ਪਹੁੰਚੇ, ਉਹਨਾਂ ਦੱਸਿਆ ਕਿ ਘੱਗਰ ਇਲਾਕੇ ਦੇ ਲੋਕਾਂ ਦੀ ਮੰਗ ਹੈ ਕਿ ਘੱਗਰ ਦੇ ਬੰਨ੍ਹਾਂ ਨੂੰ ਕੰਕਰੀਟ ਨਾਲ ਪੱਕਾ ਕੀਤਾ ਜਾਵੇ ਅਤੇ ਹਰ ਸਾਲ ਘੱਗਰ ਦੀ ਸਫਾਈ ਦਾ ਪੱਕਾ ਪ੍ਰਬੰਧ ਕੀਤਾ ਜਾਵੇ, ਤਾਂ ਕਿ ਉਹ ਹੋਣ ਵਾਲੀ ਬਰਬਾਦੀ ਤੋਂ ਬਚ ਸਕਣ, ਹੁਣ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਥੋੜੇ ਦਿਨਾਂ ਬਾਅਦ ਪੰਜਾਬ ਦੇ ਹੜ੍ਹਾਂ ਨਾਲ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਨ ਲਈ ਆ ਰਹੇ ਹਨ, ਤਾਂ ਅਸੀਂ ਅਕਾਲੀ ਦਲ ਅੰਮ੍ਰਿਤਸਰ ਵੱਲੋਂ ਉਨਾਂ ਨੂੰ ਚੇਤਾ ਕਰਾਉਣਾਂ ਚਾਹੁੰਦੇ ਹਾਂ ਕਿ ਪੰਜਾਬ ਵੀ ਭਾਰਤ ਦੇਸ਼ ਦਾ ਇੱਕ ਸੂਬਾ ਹੈ, ਉਹ ਹੜਾਂ ਨਾਲ ਬਰਬਾਦ ਹੋ ਚੁੱਕੇ ਇਸ ਪੰਜਾਬ ਲਈ ਇੱਕ ਵੱਡੇ ਪੈਕੇਜ ਦਾ ਐਲਾਨ ਕਰਕੇ ਜਾਣ, ਇਸ ਸਮੇਂ ਉਹਨਾਂ ਨਾਲ ਗੁਰਜੀਤ ਸਿੰਘ ਗਾਗਾ, ਮਹਿੰਦਰ ਸਿੰਘ ਵਾਲੀਆ, ਹਰਦੀਪ ਸਿੰਘ ਕੜੈਲ ਤੋਂ ਇਲਾਵਾ ਹੋਰ ਵੀ ਪਾਰਟੀ ਵਰਕਰ ਵੀ ਮੌਜੂਦ ਸਨ।

# ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫ਼ਰੰਸ 11 ਸਤੰਬਰ ਤੋਂ



ਬਠਿੰਡਾ 8 ਸਤੰਬਰ (ਜਗਸੀਰ ਭੁੱਲਰ ) ਗੁਰੂ ਕਾਸ਼ੀ ਯੂਨੀਵਰਸਿਟੀ ਦੇ ਫੈਕਲਟੀ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਵੱਲੋਂ ਇੰਡੀਅਨ ਸੋਸਾਇਟੀ ਫਾਰ ਟੈਕਨੀਕਲ ਐਜੂਕੇਸ਼ਨ, ਨਵੀਂ ਦਿੱਲੀ ਦੇ ਸਹਿਯੋਗ ਨਾਲ, ਚਾਂਸਲਰ ਸ. ਗੁਰਲਾਭ ਸਿੰਘ ਸਿੱਧੂ ਦੀ ਸਰਪ੍ਰਸਤੀ ਹੇਠ ਆਰਟੀਫ਼ੀਸ਼ੀਅਲ ਇੰਟੈਲੀਜੈਂਸ,ਕੰਪਿਊਟਰ ਅਤੇ ਇਲੈਕਟ੍ਰਿਕਲ ਇੰਜੀਨੀਅਰਿੰਗ 'ਤੇ ਦੋ ਰੋਜ਼ਾ ਅੰਤਰਰਾਸ਼ਟਰੀ ਕਾਨਫਰੰਸ ਆਈ.ਏ.ਸੀ.ਈ.-2025 ਮਿਤੀ 11 ਸਤੰਬਰ ਤੋਂ ਸ਼ੁਰੂ ਹੋਵੇਗੀ।ਇਸ ਬਾਰੇ ਜਾਣਕਾਰੀ ਦਿੰਦਿਆਂ ਪ੍ਰੋ. (ਡਾ.) ਰਾਮੇਸ਼ਵਰ ਸਿੰਘ, ਵਾਈਸ-ਚਾਂਸਲਰ ਨੇ ਦੱਸਿਆ ਕਿ ਡਾ. ਸੁਤੰਤਰ ਸਿੰਘ ਖੁਰਮੀ, ਡੀਨ ਦੀ ਰਹਿਨੁਮਾਈ ਹੇਠ ਇਸ ਕਾਨਫਰੰਸ ਵਿੱਚ ਪ੍ਰੋ. (ਡਾ.) ਮਹਾਂਦੇਵ ਬੀ. ਚੇਟੀ, ਵਾਈਸ-ਚਾਂਸਲਰ ਸੰਸਕ੍ਰਿਤੀ ਯੂਨੀਵਰਸਿਟੀ ਮਥੁਰਾ, ਮੁੱਖ ਮਹਿਮਾਨ, ਪ੍ਰੋ. (ਡਾ.) ਵਰਿੰਦਰ ਰਿਹਾਨੀ, ਸ਼ੂਲਨੀ ਯੂਨੀਵਰਸਿਟੀ ਸੋਲਨ ਅਤੇ ਇੰਜੀਨੀਅਰ ਅਜੈ ਕਰਾਹਾ, ਚੀਫ਼ ਜਨਰਲ ਮੈਨੇਜਰ ਬੀ.ਐਸ.ਐਨ.ਐਲ. ਪੰਜਾਬ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕਰਨਗੇ।ਕਾਨਫਰੰਸ ਦੇ ਚੇਅਰਪਰਸਨ ਡਾ. ਖੁਰਮੀ ਅਨੁਸਾਰ ਕਾਨਫਰੰਸ ਲਈ ਭਾਰਤ ਅਤੇ ਵਿਦੇਸ਼ਾਂ ਦੇ 20 ਤੋਂ ਵੱਧ ਮਾਹਿਰਾਂ ਦੇ ਪੈਨਲ ਬਣਾਏ ਗਏ ਹਨ, ਜਿਨ੍ਹਾਂ ਦੀ ਦੇਖਰੇਖ ਹੇਠ 150 ਤੋਂ ਵੱਧ ਖੋਜ ਪੱਤਰ ਪੜ੍ਹੇ ਜਾਣਗੇ। ਇਸ ਤੋਂ ਇਲਾਵਾ ਪੋਸਟਰ ਮੇਕਿੰਗ, ਪ੍ਰਦਰਸ਼ਨੀ ਅਤੇ ਵੱਖ-ਵੱਖ ਰਾਜਾਂ ਦੇ ਵਿਦਿਆਰਥੀਆਂ ਵੱਲੋਂ ਪੇਸ਼ ਕੀਤਾ ਜਾਣ ਵਾਲਾ ਸੱਭਿਆਚਾਰਕ ਪ੍ਰੋਗਰਾਮ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹੇਗਾ। ਕਾਨਫਰੰਸ ਦੇ ਦੋਵੇਂ ਦਿਨ ਵੱਖ-ਵੱਖ ਸੈਸ਼ਨਾਂ ਵਿੱਚ ਪ੍ਰੋ. (ਡਾ.) ਆਰ.ਸੀ. ਬਾਂਸਲ, ਯੂਨੀਵਰਸਿਟੀ ਆਫ ਸ਼ਾਰਜਾਹ, ਡਾ. ਜਸਕਰਨ ਸਿੰਘ ਧੀਮਾਨ, ਮੈਕਗਿੱਲ ਯੂਨੀਵਰਸਿਟੀ ਕੈਨੇਡਾ, ਡਾ. ਆਕਾਂਸ਼ਾ, ਆਈ.ਆਈ.ਟੀ. ਮੁੰਬਈ, ਡਾ. ਵਿਨੀਤਾ, ਆਈ.ਆਈ.ਟੀ. ਮੁੰਬਈ, ਡਾ. ਜਸਪ੍ਰੀਤ ਸਿੰਘ, ਸੰਤ ਲੌਂਗੋਵਾਲ ਇੰਸਟੀਚਿਊਟ ਆਫ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਲੌਂਗੋਵਾਲ, ਡਾ. ਸਰਵਨ ਸਿੰਘ, ਐਨ.ਆਈ.ਈ.ਐਲ.ਆਈ.ਟੀ. ਯੂਨੀਵਰਸਿਟੀ ਰੂਪਨਗਰ, ਡਾ. ਲਾਭ ਸਿੰਘ, ਡਾ. ਕਰੁਨੇਸ਼ ਅਰੋੜਾ ਸੀਨੀਅਰ ਡਾਇਰੈਕਟਰ ਸੀ.ਡੈਕ, ਨਵੀਂ ਦਿੱਲੀ, ਡਾ. ਵਿਕਰਮ ਸਿੰਘ, ਚੌਧਰੀ ਦੇਵੀਲਾਲ ਯੂਨੀਵਰਸਿਟੀ ਸਿਰਸਾ ਅਤੇ ਡਾ. ਅਸ਼ਵਨੀ ਚੌਧਰੀ, ਕੁਰੂਕਸ਼ੇਤ੍ਰਾ ਯੂਨੀਵਰਸਿਟੀ ਕੁਰੂਕਸ਼ੇਤ੍ਰਾ ਕੁੰਜੀਵਤ ਵਕਤਾ ਵਜੋਂ ਆਪਣੇ ਵਿਚਾਰ ਸਾਂਝੇ ਕਰਨਗੇ। ਉਨ੍ਹਾਂ ਵਿਦਿਆਰਥੀਆਂ ਅਤੇ ਖੋਜਾਰਥੀਆਂ ਨੂੰ ਇਸ ਕਾਨਫਰੰਸ ਵਿੱਚ ਆਫਲਾਈਨ ਅਤੇ ਆਨਲਾਈਨ ਜੁੜਨ ਦੀ ਅਪੀਲ ਕੀਤੀ।

# ਸਿਹਤ ਵਿਭਾਗ ਦੀ ਸਕੀਮਾਂ ਬਾਰੇ ਲੋਕਾਂ ਨੂੰ ਕੀਤਾ ਜਾਵੇ ਜਾਗਰੂਕ : ਸਿਵਲ ਸਰਜਨ



ਭਗਤਾ ਭਾਈ ਕਾ, 8 ਸਤੰਬਰ(ਸਵਰਨ ਸਿੰਘ ਭਗਤਾ):ਸਿਹਤ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਤੇ ਸੇਵਾਵਾਂ ਬਾਰੇ ਆਮ ਲੋਕਾਂ ਨੂੰ ਵੱਧ ਤੋ ਵੱਧ ਜਾਣੂੰ ਕਰਵਾਉਣ ਲਾਜ਼ਮੀ ਬਣਾਇਆ ਜਾਵੇ ਤਾਂ ਜੋ ਉਹ ਵਿਭਾਗ ਦੁਆਰਾ ਚਲਾਈਆਂ ਜਾ ਰਹੀਆਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾ ਸਕਣ। ਇਹ ਆਦੇਸ਼ ਸਿਵਲ ਸਰਜਨ ਡਾ. ਤਪਿੰਦਰਜੋਤ ਨੇ ਜ਼ਿਲ੍ਹੇ ਦੇ ਸਮੂਹ ਬਲਾਕ ਐਕਸਟੈਂਸ਼ਨ ਐਜੂਕੇਟਰਾਂ ਦੀ ਮਹੀਨਾਵਾਰ ਸਮੀਖਿਆ ਮੀਟਿੰਗ ਦੌਰਾਨ ਦਿੱਤੇ।ਇਸ ਮੌਕੇ ਡਾ ਤਪਿੰਦਰਜੋਤ ਨੇ ਕਿਹਾ ਕਿ ਜਨਤਕ ਥਾਵਾਂ, ਸਕੂਲਾਂ ਅਤੇ ਹੋਰ ਇਕੱਠ ਵਾਲੀਆਂ ਥਾਵਾਂ 'ਤੇ ਜਨਤਾ ਨੂੰ ਸਿਹਤ ਸੰਭਾਲ, ਸਿਹਤ ਸਕੀਮਾਂ ਅਤੇ ਬਿਮਾਰੀਆਂ ਸਬੰਧੀ ਜਾਗਰੂਕ ਕੀਤਾ ਜਾਵੇ ਅਤੇ ਸਿਹਤ ਸਕੀਮਾਂ ਸਬੰਧੀ ਪ੍ਰਿੰਟਿਗ ਮੈਟੀਰੀਅਲ ਵੀ ਵੰਡਿਆਂ ਜਾਵੇ। ਜ਼ਿਲ੍ਹੇ ਵਿੱਚ ਡੇਂਗੂ ਵਿਰੋਧੀ ਗਤੀਵਿਧੀਆਂ ਵਿੱਚ ਤੇਜੀ ਲਿਆਂਦੀ ਜਾਵੇ ਅਤੇ ਲੋਕਾਂ ਨੂੰ ਡੇਂਗੂ ਸਬੰਧੀ ਵੱਧ ਤੋਂ ਵੱਧ ਜਾਗਰੂਕ ਕੀਤਾ ਜਾਵੇ।ਇਸ ਦੌਰਾਨ ਪਿਛਲੇ ਮਹੀਨੇ ਦੌਰਾਨ ਕੀਤੀਆਂ ਗਈਆਂ ਆਈ.ਈ.ਸੀ. ਗਤੀਵਿਧੀਆਂ ਸਬੰਧੀ ਵਿਚਾਰ ਚਰਚਾ ਕੀਤੀ। ਇਸ ਤੋਂ ਇਲਾਵਾ ਸਤੰਬਰ ਮਹੀਨੇ ਦੌਰਾਨ ਹੋਣ ਵਾਲੀਆਂ ਗਤੀਵਿਧੀਆਂ 'ਤੇ ਧਿਆਨ ਕੇਂਦਰਿਤ ਕਰਨ ਦੀ ਹਦਾਇਤ ਕੀਤੀ।ਇਸ ਦੌਰਾਨ ਡਿਪਟੀ ਮਾਸ ਮੀਡੀਆ ਅਫਸਰ ਸ਼੍ਰੀ ਰੋਹਿਤ ਜਿੰਦਲ, ਬੀ.ਈ.ਈ ਸ਼੍ਰੀ ਮਾਲਵਿੰਦਰ ਸਿੰਘ, ਸ਼੍ਰੀ ਸਾਹਿਲ ਪੁਰੀ, ਮੈਡਮ ਹਰਸਿਮਰਤ ਕੌਰ, ਮੈਡਮ ਪਵਨਜੀਤ ਕੌਰ, ਸ੍ਰੀ ਜਗਤਾਰ ਸਿੰਘ ਅਤੇ ਸ਼੍ਰੀ ਗਗਨਦੀਪ ਸਿੰਘ ਭੁੱਲਰ ਆਦਿ ਹਾਜ਼ਰ ਸਨ।

# ਭਾਈ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਰਾਜਪਾਲ ਨੂੰ ਭੇਜਿਆ ਮੰਗ ਪੱਤਰ



ਸੰਗਰੂਰ, 8 ਸਤੰਬਰ (ਹਰਕੰਵਲ ਸਿੰਘ ਹੈਪੀ): ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅਮ੍ਰਿਤਪਾਲ ਸਿੰਘ ਦੀ ਰਿਹਾਈ ਲਈ ਜਿਲ੍ਹਾ ਪ੍ਰੀਸ਼ਦ ਸੰਗਰੂਰ ਦੇ ਸਾਬਕਾ ਚੇਅਰਮੈਨ ਸਤਿਗੁਰ ਸਿੰਘ ਨਮੋਲ ਅਤੇ ਉਹਨਾਂ ਦੇ ਨਾਲ ਹੋਰਨਾਂ ਸਾਥੀਆਂ ਨੇ ਪੰਜਾਬ ਦੇ ਗਵਰਨਰ ਸ਼੍ਰੀ ਗੁਲਾਬ ਚੰਦ ਕਟਾਰੀਆਂ ਜੀ ਦੇ ਨਾਮ ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਰਾਹੁਲ ਚਾਬਾ ਨੂੰ ਆਪਣਾ ਮੰਗ ਪੱਤਰ ਸੌਂਪਿਆ। ਮੰਗ ਪੱਤਰ ਵਿੱਚ ਕਿਹਾ ਗਿਆ ਕਿ ਪੰਜਾਬ ਦੇ ਕਈ ਹੋਰ ਜ਼ਿਲ੍ਹਿਆਂ ਵਾਂਗ ਹਲਕਾ ਖਡੂਰ ਸਾਹਿਬ ਵੀ ਹੜ੍ਹਾਂ ਦੀ ਲਪੇਟ ਵਿੱਚ ਆਇਆ ਹੋਇਆ ਹੈ, ਜਿਸ ਕਰਕੇ ਹਲਕੇ ਦੇ ਲੋਕਾਂ ਦੀਆਂ ਉਮੀਦਾਂ ਉਮੰਗਾਂ 'ਤੇ ਆਸਾਂ ਆਪਣੇ ਚੁਣੇ ਹੋਏ ਨੁਮਾਇੰਦੇ ਨਾਲ ਜੁੜੀਆਂ ਹੋਈਆਂ ਹਨ ਪ੍ਰੰਤੂ ਭਾਈ ਅਮ੍ਰਿਤਪਾਲ ਸਿੰਘ ਇਸ ਵੇਲੇ ਡਿਬਰੂਗੜ੍ਹ (ਆਸਾਮ) ਦੀ ਜੇਲ੍ਹ ਵਿੱਚ ਨਜਰਬੰਦ ਹੈ, ਸਮੁੱਚੇ ਪੰਜਾਬੀਆਂ ਦੀ ਇੱਛਾ ਹੈ ਕਿ ਭਾਈ ਅਮ੍ਰਿਤਪਾਲ ਸਿੰਘ ਹੜ੍ਹਾਂ ਦੀ ਲਪੇਟ ਵਿੱਚ ਆਏ ਲੋਕਾਂ ਦੀ ਸੁੱਚਜੇ ਢੰਗ ਨਾਲ ਸੇਵਾ ਅਤੇ ਮੱਦਦ ਦੀ ਅਗਵਾਈ ਕਰ ਸਕਦੇ ਹਨ ਇਸ ਲਈ ਭਾਈ ਅਮ੍ਰਿਤਪਾਲ ਸਿੰਘ ਦੀ ਰਿਹਾਈ ਨੂੰ ਤੁਰੰਤ ਯਕੀਨੀ ਬਣਾਇਆ ਜਾਵੇ।ਇਸ ਦੌਰਾਨ ਜਸਕਰਨ ਸਿੰਘ, ਰਣਜੋਧ ਸਿੰਘ, ਰਹੀ ਸਿੰਘ, ਹਰਪ੍ਰੀਤ ਸਿੰਘ ਢੀਂਡਸਾ ਸਮੇਤ ਵੱਡੀ ਗਿਣਤੀ ਵਿੱਚ ਆਗੂ ਮੌਜੂਦ ਸਨ।

# ਟੀ.ਬੀ. ਮੁਕਤ ਬਠਿੰਡਾ ਬਣਾਉਣ ਲਈ ਸਿਹਤ ਵਿਭਾਗ ਦਾ ਵੱਡਾ ਕਦਮ

## ਸਰਕਾਰੀ ਤੇ ਨਿੱਜੀ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਵਧੇਰੇ ਜਾਂਚ ਦੇ ਹੁਕਮ

ਬਠਿੰਡਾ, 8 ਸਤੰਬਰ (ਦੀਪਕ ਸ਼ਰਮਾ ): ਜ਼ਿਲ੍ਹੇ ਨੂੰ ਟੀਬੀ ਮੁਕਤ ਬਣਾਉਣ ਦੇ ਮਕਸਦ ਨਾਲ ਸਿਹਤ ਵਿਭਾਗ ਨੇ ਇੱਕ ਅਹਿਮ ਮੁਹਿੰਮ ਸ਼ੁਰੂ ਕੀਤੀ ਹੈ। ਜਿਵੇਂ-ਜਿਵੇਂ ਟੀਬੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ, ਸਿਹਤ ਵਿਭਾਗ ਨੇ ਹੁਣ ਹਸਪਤਾਲਾਂ ਵਿੱਚ ਆਉਣ ਵਾਲੇ ਮਰੀਜ਼ਾਂ ਦੀ ਜਾਂਚ ਵਧਾਉਣ ਦਾ ਫੈਸਲਾ ਕੀਤਾ ਹੈ। ਇਸ ਮੁਹਿੰਮ ਤਹਿਤ ਓਪੀਡੀ ਅਤੇ ਆਈਪੀਡੀ ਦੋਵਾਂ ਵਿੱਚ ਆਉਣ ਵਾਲੇ ਮਰੀਜ਼ਾਂ ਦੇ ਟੀਬੀ ਸੈਂਪਲ ਲੈਣ ਦੀ ਗਿਣਤੀ ਵਧਾ ਦਿੱਤੀ ਗਈ ਹੈ, ਤਾਂ ਜੋ ਵੱਧ ਤੋਂ ਵੱਧ ਮਰੀਜ਼ਾਂ ਦੀ ਪਛਾਣ ਕੀਤੀ ਜਾ ਸਕੇ। ਦੱਸਣਾ ਬਣਦਾ ਹੈ ਕਿ ਸਿਹਤ ਵਿਭਾਗ ਨੇ ਹੁਣ ਓਪੀਡੀ ਵਿੱਚ ਆਉਣ ਵਾਲੇ 5 ਪ੍ਰਤੀਸ਼ਤ ਅਤੇ ਆਈਪੀਡੀ ਵਿੱਚ ਆਉਣ ਵਾਲੇ 10 ਪ੍ਰਤੀਸ਼ਤ ਮਰੀਜ਼ਾਂ ਦੇ ਟੀਬੀ ਦੇ ਨਮੂਨੇ ਲੈਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਇਸ ਕਦਮ ਦਾ ਮਕਸਦ ਵੱਧ ਤੋਂ ਵੱਧ ਟੀਬੀ ਮਰੀਜ਼ਾਂ ਦੀ ਪਛਾਣ ਕਰਨਾ ਹੈ, ਖਾਸ ਕਰਕੇ ਜਿਹਨਾਂ ਨੂੰ ਸ਼ੂਗਰ, ਦਮਾ, ਜਾਂ ਹੋਰ ਸਾਹ ਦੀਆਂ ਬਿਮਾਰੀਆਂ ਹਨ। ਇਸੇ ਤਰ੍ਹਾਂ ਜ਼ਿਲ੍ਹੇ ਵਿੱਚ ਇਸ ਵੇਲੇ ਕਰੀਬ 2400 ਟੀਬੀ ਦੇ ਮਰੀਜ਼ ਹਨ, ਜਿਨ੍ਹਾਂ ਦਾ ਇਲਾਜ ਜ਼ਿਲ੍ਹਾ ਟੀਬੀ ਹਸਪਤਾਲ ਵਿੱਚ ਚੱਲ ਰਿਹਾ ਹੈ। ਪਿਛਲੇ ਸਾਲ ਦੇ ਮੁਕਾਬਲੇ ਟੀਬੀ ਦੇ ਮਰੀਜ਼ਾਂ ਦੀ ਗਿਣਤੀ ਵਿੱਚ 9 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ, ਜਿਸ ਨੇ ਸਿਹਤ ਵਿਭਾਗ ਦੀ ਚਿੰਤਾ ਵਧਾ ਦਿੱਤੀ ਹੈ। ਇੱਕ ਹੋਰ ਅਹਿਮ ਫੈਸਲੇ ਵਿੱਚ ਸਿਹਤ ਵਿਭਾਗ ਨੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਕਰਵਾ ਰਹੇ ਟੀਬੀ ਮਰੀਜ਼ਾਂ ਤੇ ਵੀ ਨਜ਼ਰ ਰੱਖਣ ਦੀ ਮੁਹਿੰਮ ਸ਼ੁਰੂ ਕੀਤੀ ਹੈ। ਇਸ ਲਈ ਵਿਭਾਗ ਨੇ ਵਰਲਡ ਹੈਲਥ ਪਾਰਟਨਰਜ਼ ਨਾਮ ਦੀ ਇੱਕ ਏਜੰਸੀ ਨਾਲ ਸਾਂਝੇਦਾਰੀ ਕੀਤੀ ਹੈ, ਜੋ ਮਰੀਜ਼ਾਂ ਦੀ ਨਿਗਰਾਨੀ ਕਰਦੀ ਹੈ ਅਤੇ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲੇ ਲੋਕਾਂ ਦੀ ਜਾਂਚ ਵੀ ਕਰਦੀ ਹੈ। ਇਸ ਤੋਂ ਇਲਾਵਾ ਨਿਕਸ਼ੈ ਮਿੱਤਰ ਯੋਜਨਾ ਤਹਿਤ, ਟੀਬੀ ਮਰੀਜ਼ਾਂ ਨੂੰ ਪੋਸ਼ਣ ਅਤੇ ਇਲਾਜ ਲਈ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਵਿਭਾਗ ਇਸ ਯੋਜਨਾ ਨੂੰ ਹੋਰ ਵਿਭਾਗਾਂ ਨਾਲ ਵੀ ਜੋੜਨ ਦੀ ਕੋਸ਼ਿਸ਼ ਕਰ ਰਿਹਾ ਹੈ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਮਰੀਜ਼ਾਂ ਦੀ ਮਦਦ ਕੀਤੀ ਜਾ ਸਕੇ। ਇਸੇ ਤਰ੍ਹਾਂ ਟੀਬੀ ਦੀ ਜਾਂਚ ਵਿੱਚ ਤੇਜ਼ੀ ਲਿਆਉਣ ਲਈ ਸਰਕਾਰੀ ਹਸਪਤਾਲਾਂ ਵਿੱਚ ਆਰਟੀਫੀਸ਼ੀਅਲ ਇੰਟੈਲੀਜੈਂਸ ਸੌਫਟਵੇਅਰ ਦੀ ਵਰਤੋਂ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਟੀਬੀ ਦੇ ਇਲਾਜ ਦੀ ਮਿਆਦ ਘਟਾਉਣ ਲਈ ਬੀਪੀਏਐਲਐਮ ਵਰਗੀਆਂ ਨਵੀਆਂ ਦਵਾਈਆਂ ਵੀ ਅਪਣਾਈਆਂ ਜਾ ਰਹੀਆਂ ਹਨ। ਇਸ ਸਬੰਧੀ ਜ਼ਿਲ੍ਹਾ ਟੀਬੀ ਅਧਿਕਾਰੀ ਡਾ. ਰੋਜ਼ੀ ਅਗਰਵਾਲ ਨੇ ਦੱਸਿਆ ਕਿ ਵਿਭਾਗ ਪ੍ਰਾਈਵੇਟ ਹਸਪਤਾਲਾਂ ਨਾਲ ਟੀਬੀ ਦੇ ਮਰੀਜ਼ਾਂ ਦੇ ਐਕਸ-ਰੇ ਕਰਵਾਉਣ ਲਈ ਸਮਝੌਤਾ ਕਰਨ ਦੀ ਯੋਜਨਾ ਬਣਾ ਰਿਹਾ ਹੈ। ਇਸ ਤਹਿਤ ਵਿਭਾਗ ਹਰੇਕ ਐਕਸ-ਰੇ ਲਈ ਪ੍ਰਾਈਵੇਟ ਹਸਪਤਾਲ ਨੂੰ ਭੁਗਤਾਨ ਕਰੇਗਾ, ਜਿਸ ਨਾਲ ਮਰੀਜ਼ਾਂ ਦੀ ਪਛਾਣ ਵਿੱਚ ਹੋਰ ਵੀ ਤੇਜ਼ੀ ਆਵੇਗੀ।ਮਾਹਿਰਾਂ ਅਨੁਸਾਰ, ਇੱਕ ਟੀਬੀ ਦਾ ਮਰੀਜ਼ ਜੇਕਰ ਬਿਨਾਂ ਇਲਾਜ ਦੇ ਰਹਿੰਦਾ ਹੈ, ਤਾਂ ਉਹ ਆਪਣੀ ਜ਼ਿੰਦਗੀ ਵਿੱਚ ਘੱਟੋ-ਘੱਟ 10 ਲੋਕਾਂ ਨੂੰ ਬਿਮਾਰੀ ਦੇ ਸਕਦਾ ਹੈ। ਇਸ ਲਈ ਮਰੀਜ਼ਾਂ ਨੂੰ ਪ੍ਰੋਟੀਨ ਅਤੇ ਪੌਸ਼ਟਿਕ ਤੱਤਾਂ ਨਾਲ ਭਰਪੂਰ ਖੁਰਾਕ ਲੈਣੀ ਚਾਹੀਦੀ ਹੈ ਅਤੇ ਲੱਛਣਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਜਿੰਨੇ ਜ਼ਿਆਦਾ ਮਰੀਜ਼ਾਂ ਦੀ ਪਛਾਣ ਹੋਵੇਗੀ, ਉਨ੍ਹਾਂ ਦਾ ਇਲਾਜ ਸ਼ੁਰੂ ਕਰਕੇ ਇਸ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕਦਾ ਹੈ।

# ਰਾਸ਼ਨ ਕਾਰਡਾਂ ਦੀ ਏਈਕੇਵਾਈਸੀ ਕਰਨ ਤੋਂ ਆਂਗਨਵਾੜੀ ਵਰਕਰਾਂ ਇਨਕਾਰੀ

ਮਲੋਟ, 8 ਸਤੰਬਰ (ਅਮਨਦੀਪ ਸਿੰਘ ਮਹਿਰਾ): ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨੇ ਪੰਜਾਬ ਸਰਕਾਰ ਵੱਲੋਂ ਜੋ ਪੱਤਰ ਜਾਰੀ ਕੀਤਾ ਗਿਆ ਹੈ ਕਿ ਰਾਸ਼ਨ ਕਾਰਡਾਂ ਦੀ ਏਈਕੇਵਾਈਸੀ ਆਂਗਨਵਾੜੀ ਵਰਕਰਾਂ ਵੱਲੋਂ ਕੀਤੀ ਜਾਵੇਗੀ ਉਹ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਜਥੇਬੰਦੀ ਦੀ ਪ੍ਰਧਾਨ ਸ੍ਰੀਮਤੀ ਹਰਗੋਬਿੰਦ ਕੌਰ ਨੇ ਕਿਹਾ ਹੈ ਕਿ ਆਂਗਣਵਾੜੀ ਵਰਕਰਾਂ ਆਪਣੇ ਵਿਭਾਗ ਦਾ ਕੰਮ ਹੀ ਬੜੀ ਮੁਸ਼ਕਲ ਨਾਲ ਕਰ ਰਹੀਆਂ ਹਨ, ਕਿਉਂਕਿ ਆਂਗਨਵਾੜੀ ਵਰਕਰਾਂ 'ਤੇ ਪਹਿਲਾਂ ਤੋਂ ਹੀ ਬਹੁਤ ਬੋਝ ਹੈ। ਆਂਗਣਵਾੜੀ ਕੇਂਦਰਾਂ 'ਚ ਆ ਰਹੇ ਰਾਸ਼ਨ ਦੇ ਲਾਭਪਾਤਰੀਆਂ ਦੀ ਏਈਕੇਵਾਈਸੀ ਅਤੇ ਐਫਆਰਐਸ ਦਾ ਕੰਮ ਚੱਲ ਰਿਹਾ ਹੈ, ਜਿਸ ਕਰਕੇ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਇਹ ਕੰਮ ਨਹੀਂ ਕਰ ਸਕਦੀਆਂ, ਨਾਲ ਹੀ ਉਨ੍ਹਾਂ ਨੇ ਕਿਹਾ ਹੈ ਕਿ ਆਂਗਣਵਾੜੀ ਜਥੇਬੰਦੀ ਦਾ ਫੈਸਲਾ ਹੈ ਕਿ ਉਹ ਆਪਣੇ ਵਿਭਾਗੀ ਕੰਮਾਂ ਤੋਂ ਇਲਾਵਾ ਹੋਰ ਕੋਈ ਕੰਮ ਨਹੀਂ ਕਰਨਗੀਆਂ। ਉਨ੍ਹਾਂ ਨੇ ਇਹ ਵੀ ਮੰਗ ਕੀਤੀ ਕਿ ਸਰਕਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦਾ ਪਿਛਲੇ ਲੰਬੇ ਸਮੇਂ ਤੋਂ ਰੁਕਿਆ ਹੋਇਆ ਮਾਣ ਭੱਤਾ ਜਲਦੀ ਰਿਲੀਜ਼ ਕਰੇ ਤੇ ਜੋ ਆਂਗਣਵਾੜੀ ਵਰਕਰਾਂ ਤੋਂ ਰਾਸ਼ਨ ਡੀਪੂਆਂ ਦੇ ਕਾਰਡਾਂ ਦਾ ਪੀਕੇਵਾਈਸੀ ਕਰਵਾਉਣ ਦਾ ਪੱਤਰ ਹੈ ਉਸਨੂੰ ਤੁਰੰਤ ਵਾਪਸ ਲਵੇ।



# ਪਟਿਆਲਾ-ਆਸ/ਪਾਸ



## ਸਕੂਲ ਦੀ ਬੱਸ ਪਲਟੀ, ਰਾਹਗੀਰਾਂ ਨੇ ਸੁਰੱਖਿਅਤ ਕੱਢੇ 20 ਵਿਦਿਆਰਥੀ

ਨਾਭਾ, 8 ਸਤੰਬਰ (ਬਲਜਿੰਦਰ ਮਾਨ) : ਨਾਭਾ ਨੇੜੇ ਪਿੰਡ ਕਕਰਾਲਾ ਦੇ ਸੇਮ ਨਾਲੇ ਵਿੱਚ ਪ੍ਰਾਈਵੇਟ ਸਕੂਲ ਇੰਡੋਬ੍ਰਿਟਿਸ਼ ਦੀ ਬੱਸ ਪਲਟੀ, ਜਿਸ ਵਿੱਚ 20 ਸਕੂਲ ਦੇ ਵਿਦਿਆਰਥੀ ਸਵਾਰ ਸਨ ਜੋ ਕਿ ਮੌਕੇ 'ਤੇ ਰਾਹਗੀਰਾਂ ਨੇ ਸੁਰੱਖਿਅਤ ਕੱਢੇ । ਇਹ ਹਾਦਸਾ ਵਾਪਰਨ ਵੇਲੇ ਮੌਕੇ ਮਿਲੀ ਜਾਣਕਾਰੀ। ਬੱਚੇ ਕੱਢਣ ਵਾਲੇ ਲੋਕਾਂ ਦਾ ਕਹਿਣਾ ਸੀ ਕਿ ਇਹ ਬਸ ਦੀ ਸਪੀਡ ਥੋੜੀ ਤੇਜ਼ ਸੀ ਅਤੇ ਇਹ ਸੇਮ ਨਾਲੇ ਦੇ ਨਾਲ ਜੋ ਮਿੱਟੀ ਸੀ ਉਹ ਪਾਣੀ ਦੇ ਤੇਜ਼ ਬਹਾ ਕਾਰਨ ਖੁਰ ਗਈ ਹੈ ਤੇ ਇਹ ਬਸ ਉਸ ਸਾਈਡ ਨਿੱਚੇ ਧਸ ਗਈ ਅਤੇ ਇਹ ਹਾਦਸਾ ਵਾਪਰ ਗਿਆ। ਮੌਕੇ 'ਤੇ ਲੋਕਾਂ ਦਾ ਕਹਿਣਾ ਸੀ ਕਿ ਪਰਮਾਤਮਾ ਦਾ ਸ਼ੁਕਰ ਹੈ ਕਿ ਬੱਚਿਆਂ ਦੇ ਸੱਟਾਂ ਤੋਂ ਬਚਾਅ ਹੋ ਗਿਆ ਅਤੇ ਸਕੂਲ ਦੇ ਵਿਦਿਆਰਥੀ ਬੱਚਿਆਂ ਨੂੰ ਸੁਰੱਖਿਅਤ ਕੱਢ ਕੇ ਪਹੁੰਚਾਇਆ ਅਤੇ ਇਸ ਮੌਕੇ ਸਕੂਲ ਦਾ ਸਟਾਫ ਵੀ ਮੌਕੇ 'ਤੇ ਪੁੱਜਾ ਜਿਨ੍ਹਾਂ ਨੇ ਮੌਕੇ 'ਤੇ ਸਾਰੀ ਜਾਣਕਾਰੀ ਹਾਸਲ ਕੀਤੀ ਅਤੇ ਉਹਨਾਂ ਵੱਲੋਂ ਭਰੋਸਾ ਦਿੱਤਾ ਗਿਆ ਕਿ ਜੋ ਵੀ ਡਰਾਈਵਰ ਦੀ ਗਲਤੀ ਹੈ। ਉਸ ਦੇ ਖਿਲਾਫ ਸਕੂਲ ਵੱਲੋਂ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਸਬੰਧੀ ਥਾਣਾ ਸਦਰ ਦੇ ਇਸਪੈਕਟਰ ਗੁਰਪ੍ਰੀਤ ਸਿੰਘ ਸਮਰਾਉ ਨਾਲ ਜਦੋਂ ਰਾਬਤਾ ਕੀਤਾ ਤਾਂ ਉਹਨਾਂ ਕਿਹਾ ਕਿ ਪੜਤਾਲ ਜਾਰੀ ਹੈ ਤੇ ਜਿਸ ਦੀ ਵੀ ਗਲਤੀ ਹੈ ਉਸਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।



## ਪਟਿਆਲਾ ਤੋਂ ਹੜ੍ਹ ਪੀੜਤ ਸਰਹੱਦੀ ਜ਼ਿਲ੍ਹਿਆਂ ਲਈ 16 ਟਰੱਕ ਰਾਹਤ ਸਮੱਗਰੀ ਰਵਾਨਾ

➢ਮੁੱਖ ਮੰਤਰੀ ਮਾਨ ਵੱਲੋਂ ਡਾ.ਬਲਬੀਰ ਸਿੰਘ ਤੇ ਹਰਚੰਦ ਸਿੰਘ ਬਰਸਟ ਨੇ ਪਟਿਆਲਾ ਤੋਂ ਰਾਹਤ ਸਮੱਗਰੀ ਨੂੰ ਝੰਡੀ ਦੇ ਕੇ ਕੀਤਾ ਰਵਾਨਾ



ਪਟਿਆਲਾ, 8 ਸਤੰਬਰ (ਰੁਪਾਣਾ) : ਪੰਜਾਬ ਸਰਕਾਰ ਵੱਲੋਂ ਹੜ੍ਹ ਪੀੜਤ ਪਰਿਵਾਰਾਂ ਨੂੰ ਸਮੇਂ ਸਿਰ ਸਹਾਇਤਾ ਪਹੁੰਚਾਉਣ ਦੇ ਲਗਾਤਾਰ ਯਤਨਾਂ ਨੂੰ ਅੱਗੇ ਵਧਾਉਂਦੇ ਹੋਏ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਤਰਫੋਂ ਪਟਿਆਲਾ ਤੋਂ 16 ਟਰੱਕਾਂ ਵਿਚ ਭੇਜੀ ਗਈ ਰਾਹਤ ਸਮੱਗਰੀ ਨੂੰ ਰਵਾਨਾ ਕੀਤਾ। ਇਹ ਰਾਹਤ ਸਮੱਗਰੀ, ਜੋ ਕਿ ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਵੱਲੋਂ ਇਕੱਠੀ ਕੀਤੀ ਗਈ ਹੈ, ਵਿੱਚ ਪਸ਼ੂਆਂ ਲਈ ਸਾਈਲੇਜ, 5 ਹਜ਼ਾਰ ਰਾਸ਼ਨ ਕਿੱਟਾਂ (ਜਿਨ੍ਹਾਂ ਵਿੱਚ ਜ਼ਰੂਰੀ ਖਾਣ-ਪੀਣ ਦੀਆਂ ਚੀਜ਼ਾਂ ਸ਼ਾਮਲ ਹਨ), ਮੈਡੀਕਲ ਕਿੱਟਾਂ, ਓ.ਆਰ.ਐਸ., ਪੀਣ ਵਾਲੇ ਪਾਣੀ ਦੀਆਂ ਬੋਤਲਾਂ, ਓਡੋਮਸ ਅਤੇ ਰੋਜ਼ਾਨਾ ਵਰਤੋਂ ਵਾਲੀਆਂ ਹੋਰ ਜ਼ਰੂਰੀ ਚੀਜ਼ਾਂ ਸ਼ਾਮਲ ਹਨ। ਇਹ ਟਰੱਕ ਖਾਸ ਤੌਰ 'ਤੇ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ ਅਤੇ ਹੋਰ ਸਰਹੱਦੀ ਜ਼ਿਲ੍ਹਿਆਂ ਵੱਲ ਭੇਜੇ ਜਾ ਰਹੇ ਹਨ, ਜੋ ਹੜ੍ਹ ਕਾਰਨ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ।ਸਿਹਤ ਮੰਤਰੀ ਨੇ ਖ਼ਾਸ ਤੌਰ 'ਤੇ ਪੰਜਾਬ ਰਾਈਸ ਮਿਲਰਜ਼ ਐਸੋਸੀਏਸ਼ਨ ਦੀ ਸਰਾਹਨਾ ਕੀਤੀ, ਜਿਨ੍ਹਾਂ ਨੇ 16 ਟਰੱਕਾਂ ਦੀ ਇਹ ਰਾਹਤ ਸਮੱਗਰੀ ਇਕੱਠੀ ਕਰਨ ਲਈ ਅਹਿਮ ਭੂਮਿਕਾ ਨਿਭਾਈ। ਇਸ ਤਰ੍ਹਾਂ ਉਨ੍ਹਾਂ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ, ਡਾਇਰੈਕਟਰ ਖੁਰਾਕ ਤੇ ਸਿਵਲ ਸਪਲਾਈਜ਼ ਅਤੇ ਖਪਤਕਾਰ ਸੁਰੱਖਿਆ ਮਾਮਲੇ ਵਰਿੰਦਰ ਕੁਮਾਰ, ਡਿਪਟੀ ਕਮਿਸ਼ਨਰ ਪਟਿਆਲਾ ਡਾ. ਪ੍ਰੀਤੀ ਯਾਦਵ ਅਤੇ ਆਲ ਇੰਡੀਆ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਸੈਣੀ ਦੀ ਵੀ ਖੁੱਲ੍ਹ ਕੇ ਪ੍ਰਸ਼ੰਸਾ ਕੀਤੀ, ਜਿਨ੍ਹਾਂ ਨੇ ਮਿਲ ਕੇ ਪੀੜਤ ਲੋਕਾਂ ਤੱਕ ਸਮੇਂ ਸਿਰ ਮਦਦ ਪਹੁੰਚਾਉਣ ਵਿੱਚ ਅਹਿਮ ਯੋਗਦਾਨ ਪਾਇਆ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਤੁਰੰਤ ਰਾਹਤ ਕੰਮਾਂ ਤੋਂ ਲੈ ਕੇ ਲੰਬੇ ਸਮੇਂ ਦੀ ਬਹਾਲੀ ਯੋਜਨਾਵਾਂ ਤੱਕ ਪੂਰੇ ਜ਼ੋਰ ਨਾਲ ਕੰਮ ਕਰ ਰਹੀ ਹੈ। ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਮੋਬਾਇਲ ਹੈਲਥ ਕੈਂਪ, ਪਸ਼ੂ ਇਲਾਜ ਸੇਵਾਵਾਂ, ਖੁਰਾਕ ਵੰਡ ਅਤੇ ਪੁਨਰਵਾਸ ਉਪਰਾਲਿਆਂ ਰਾਹੀਂ ਲੋਕਾਂ ਦੀਆਂ ਸਮੱਸਿਆਵਾਂ ਘਟਾਉਣ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਭਰੋਸਾ ਦਿਵਾਇਆ ਕਿ ਸੂਬਾ ਸਰਕਾਰ ਲੋਕਾਂ ਦੇ ਜੀਵਨ ਨੂੰ ਦੁਬਾਰਾ ਪਟੜੀ 'ਤੇ ਲਿਆਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ।ਇਸ ਮੌਕੇ ਐਸ.ਡੀ.ਐਮ. ਪਟਿਆਲਾ ਹਰਜੋਤ ਕੌਰ, ਸੂਬਾ ਪ੍ਰਧਾਨ ਗੁਰਦੀਪ ਸਿੰਘ ਚੀਮਾ, ਸ਼ਾਮ ਲਾਲ ਢੇਲਵਾਂ, ਭੋਲਾ ਸਿੰਘ, ਨਰੇਸ਼ ਕੁਮਾਰ, ਸੁਰਜੀਤ ਵਿੱਜ, ਗੁਰਪ੍ਰੀਤ ਸਿੰਘ, ਦਿਲਬਾਗ ਸਿੰਘ, ਅਮਰਜੀਤ ਸਿੰਘ ਬਖਸ਼ੀਵਾਲਾ, ਚਮਨ ਲਾਲ, ਰੋਸ਼ਨ ਲਾਲ, ਸੰਜੀਵ ਸ਼ੈਲੀ, ਇੰਦਰਜੀਤ ਸਿੰਘ ਸੰਧੂ, ਰਾਕੇਸ਼ ਕੁਮਾਰ, ਅਸ਼ੋਕ ਸਿੰਘ ਜਵੰਦਾ, ਇਕਬਾਲ ਸਿੰਘ ਸਰਾਂ, ਗੁਰਿੰਦਰ ਗੋਇਲ, ਵਿੱਕੀ, ਨਰਿੰਦਰ ਗਰਗ, ਕੁਲਦੀਪ ਸੌਂਤਰੀਆ, ਜਸਕਰਨ ਸਿੰਘ, ਰਾਕੇਸ਼ ਕੁਮਾਰ, ਗੁਰਦੀਪ ਸਿੰਘ ਕਕਰਾਲਾ, ਪਰਮਜੀਤ ਸਿੰਘ, ਸ਼ਿਵ ਕੁਮਾਰ, ਲਖਵੀਰ ਸਿੰਘ ਥਾਬਲਾਂ, ਅਨੀਸ਼ ਜਿੰਦਲ, ਸੁਰਜੀਤ ਸਿੰਘ ਸ਼ਾਹੀ, ਤਰਸੇਮ ਬਾਂਸਲ, ਸੰਜੀਵ ਟਾਂਡਾ, ਸਤਿੰਦਰ ਸਿੰਘ, ਨਰੇਸ਼ ਕੁਮਾਰ ਮਿੱਤਲ, ਦਰਬਾਰਾ ਸਿੰਘ, ਸੁਰੇਸ਼ ਡਕਾਲਾ, ਵਿਕਰਮਜੀਤ ਸਿੰਘ ਤੇ ਸਰਜੀਵਨ ਕੁਮਾਰ ਅਤੇ ਕਈ ਹੋਰ ਵਿਅਕਤੀ ਵੀ ਹਾਜ਼ਰ ਸਨ।

## ਡੀ.ਸੀ. ਵੱਲੋਂ ਭਾਰੀ ਮੀਂਹ ਤੇ ਹੜ੍ਹ ਤੋਂ ਪ੍ਰਭਾਵਿਤ ਸਕੂਲਾਂ ਦੀਆਂ ਇਮਾਰਤਾਂ ਦਾ ਜਾਇਜ਼ਾ

☛ਭਾਰੀ ਬਰਸਾਤ ਜਾਂ ਪਾਣੀ ਆਉਣ ਕਰਕੇ ਸਕੂਲਾਂ ਦੀਆਂ ਖਰਾਬ ਹੋਈਆਂ ਛੱਤਾਂ ਤੇ ਹੋਰ ਨੁਕਸਾਨ ਬਾਰੇ ਜ਼ਿਲ੍ਹਾ ਸਿੱਖਿਆ ਅ਼ਫਸਰ ਤੋਂ ਰਿਪੋਰਟ ਮੰਗੀ



ਪਟਿਆਲਾ/ਦੇਵੀਗੜ੍ਹ, 8 ਸਤੰਬਰ (ਰੁਪਾਣਾ/ਗੁਰਜੀਤ ਢੋਟ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਭਾਰੀ ਮੀਂਹ ਕਰਕੇ ਅਤੇ ਹੜ੍ਹ ਦੇ ਪਾਣੀ ਕਰਕੇ ਨੁਕਸਾਨੇ ਗਏ ਸਕੂਲਾਂ ਦਾ ਦੌਰਾ ਕਰਕੇ ਜਾਇਜ਼ਾ ਲਿਆ। ਉਨ੍ਹਾਂ ਨੇ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਭਾਰੀ ਬਰਸਾਤ ਤੇ ਪਾਣੀ ਆਉਣ ਕਰਕੇ ਨੁਕਸਾਨੀਆਂ ਗਈਆਂ ਛੱਤਾਂ, ਚਾਰਦੀਵਾਰੀ ਤੇ ਸਕੂਲਾਂ ਦੇ ਹੋਏ ਹੋਰ ਨੁਕਸਾਨ ਦੀ ਰਿਪੋਰਟ ਪੇਸ਼ ਕਰਨ ਦੀ ਹਦਾਇਤ ਕੀਤੀ ਹੈ। ਡਿਪਟੀ ਕਮਿਸ਼ਨਰ ਨੇ ਪਿੰਡ ਦਦਹੇੜੀਆਂ ਤੇ ਗੰਗਰੋਲਾ ਦੇ ਸਰਕਾਰੀ ਪ੍ਰਾਇਮਰੀ ਸਕੂਲ ਦੀ ਛੱਤ ਖਰਾਬ ਹੋਣ ਕਰਕੇ ਕਮਰਿਆਂ 'ਚ ਆਏ ਪਾਣੀ ਸਮੇਤ ਜਵਾਲਾਪੁਰ, ਉਲਟਪੁਰ ਦੇ ਸਕੂਲ 'ਚ ਹੜ੍ਹ ਦੇ ਪਾਣੀ ਆਉਣ ਕਰਕੇ ਟੁੱਟੀ ਦੀਵਾਰ ਤੇ ਹੋਰ ਨੁਕਸਾਨ ਦਾ ਨਿਰੀਖਣ ਕੀਤਾ। ਉਨ੍ਹਾਂ ਦੇ ਨਾਲ ਐਸ.ਡੀ.ਐਮ ਹਰਜੋਤ ਕੌਰ ਮਾਵੀ ਤੇ ਜ਼ਿਲ੍ਹਾ ਸਿੱਖਿਆ ਅ਼ਫਸਰ ਸ਼ਾਲੂ ਮਹਿਰਾ ਸਮੇਤ ਹੋਰ ਅਧਿਕਾਰੀ ਮੌਜੂਦ ਸਨ ।ਡਾ. ਪ੍ਰੀਤੀ ਯਾਦਵ ਨੇ ਕਿਹਾ ਕਿ ਸਿੱਖਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਮੁਢਲੀ ਤਰਜ਼ੀਹ ਹੈ, ਜਿਸ ਲਈ ਬਰਸਾਤ ਤੇ ਹੜ੍ਹ ਦੇ ਪਾਣੀ ਕਰਕੇ ਨੁਕਸਾਨੇ ਗਏ ਸਕੂਲਾਂ ਦੀ ਤੁਰੰਤ ਮੁਰੰਮਤ ਕਰਵਾਈ ਜਾਵੇਗੀ ਤਾਂ ਕਿ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਾ ਹੋਵੇ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਸਕੂਲਾਂ ਦੇ ਅਧਿਆਪਕਾਂ ਨਾਲ ਵੀ ਗੱਲਬਾਤ ਕੀਤੀ ਅਤੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਨੂੰ ਤਰਜ਼ੀਹ ਦਿੱਤੀ ਜਾਵੇ ਅਤੇ ਸਕੂਲਾਂ ਦੀ ਮੁਰੰਮਤ ਸੁਚੱਜੇ ਢੰਗ ਨਾਲ ਕਰਵਾਈ ਜਾਵੇ ਅਤੇ ਕਮਰਿਆਂ ਦੀਆਂ ਛੱਤਾਂ, ਨਵੇਂ ਕਮਰਿਆਂ ਦੀ ਲੋੜ ਸਮੇਤ ਚਾਰਦੀਵਾਰੀ ਤੇ ਹੋਰ ਜ਼ਰੂਰੀ ਕੰਮਾਂ ਨੂੰ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇ। ਡਾ. ਪ੍ਰੀਤੀ ਯਾਦਵ ਨੇ ਆਪਣੇ ਦੌਰੇ ਦੌਰਾਨ ਉਲਟਪੁਰ ਦੀ ਪੰਚਾਇਤ ਤੇ ਹੋਰ ਪਿੰਡ ਵਾਸੀਆਂ ਨਾਲ ਵੀ ਮੁਲਾਕਾਤ ਕੀਤੀ ਅਤੇ ਹੜ੍ਹਾਂ ਕਰਕੇ ਨੁਕਸਾਨੀ ਗਈ ਫ਼ਸਲ ਦਾ ਜਾਇਜ਼ਾ ਲਿਆ ਅਤੇ ਮਵੇਸ਼ੀਆਂ ਲਈ ਚਾਰਾ ਤੇ ਆਚਾਰ ਭੇਜੇ ਜਾਣ ਬਾਬਤ ਜਾਣਕਾਰੀ ਦਿੱਤੀ। ਪਿੰਡ ਵਾਸੀਆਂ ਨੇ ਦੱਸਿਆ ਕਿ ਕੁਝ ਦਿਨਾਂ ਬਾਅਦ ਪਾਣੀ ਉਤਰ ਜਾਣ ਕਰਕੇ ਕੁਝ ਰਾਹਤ ਮਿਲ ਜਾਵੇਗੀ। ਇਸ ਮੌਕੇ ਲੋਕਾਂ ਨੇ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਪਾਣੀ ਕਰਕੇ ਫਸਲਾਂ ਮਾਰੀਆਂ ਗਈਆਂ ਹਨ ਤੇ ਪਸ਼ੂਆਂ ਲਈ ਚਾਰੇ ਦੀ ਵੀ ਤੰਗੀ ਪੈਦਾ ਹੋ ਗਈ ਹੈ, ਜਿਸ 'ਤੇ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪਿੰਡ ਦੀ ਲੋੜ ਮੁਤਾਬਕ ਹਰਾ ਚਾਰਾ ਤੇ ਸਾਇਲੇਜ ਭਿਜਵਾਇਆ ਜਾ ਰਿਹਾ ਹੈ ਤੇ ਕਿਸੇ ਵਸਤੂ ਦੀ ਕੋਈ ਕਮੀਂ ਨਹੀਂ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਆਪਣੇ ਲੋਕਾਂ ਦੇ ਨਾਲ ਖੜ੍ਹਾ ਹੈ।

## ਕਾਰਜ ਸਾਧਕ ਅਫ਼ਸਰ ਅਪਰੰਅਪਾਰ ਸਿੰਘ ਨੇ ਨਗਰ ਕੌਂਸਲ ਸਮਾਣਾ ਦਾ ਅਹੁਦਾ ਸੰਭਾਲਿਆ



ਸਮਾਣਾ, 8 ਸਤੰਬਰ (ਜਵੰਦਾ/ਵਿਜੇ ਕੁਮਾਰ) : ਸਮਾਣਾ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਬਰਜਿੰਦਰ ਸਿੰਘ ਦੀ ਸਮਾਣਾ ਤੋਂ ਬਦਲੀ ਹੋਣ ਉਪਰੰਤ ਸਮਾਣਾ ਵਿਖੇ ਨਵੇਂ ਕਾਰਜ ਸਾਧਕ ਅਫਸਰ ਅਪਰੰਅਪਾਰ ਸਿੰਘ ਨੇ ਅੱਜ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਉਹਨਾਂ ਦਾ ਕੌਂਸਲਰਾਂ, ਸਫਾਈ ਸੇਵਕਾਂ, ਨਗਰ ਕੌਂਸਲ ਤੇ ਕਰਮਚਾਰੀਆਂ ਵੱਲੋਂ ਫੁੱਲਾਂ ਦੇ ਬੁੱਕੇ ਦੇ ਕੇ ਸਵਾਗਤ ਕੀਤਾ ਗਿਆ। ਨਵੇਂ ਕਾਰਜ ਸਾਧਕ ਅਫਸਰ ਅਪਰੰਅਪਾਰ ਸਿੰਘ ਵੱਲੋਂ ਅਹੁਦਾ ਸੰਭਾਲਣ ਉਪਰੰਤ ਰਿਸ਼ੂ ਕਰਹਾਲੀ, ਕੌਂਸਲਰ ਸੈਲ ਸਾਦੜ ਅਤੇ ਕੌਂਸਲਰ ਜੱਸ ਬੱਬੂ ਦੀ ਅਗਵਾਈ ਵਿੱਚ ਕੇਕ ਕੱਟ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ। ਇਸ ਮੌਕੇ ਕਾਰਜ ਸਾਧਕ ਅਫਸਰ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਦੇ ਪ੍ਰਾਪਰਟੀ ਟੈਕਸ ਬਕਾਇਆ ਹਨ ਉਹ ਉਹ ਪ੍ਰਾਪਰਟੀ ਟੈਕਸ ਭਰਨ ਦੀ ਕ੍ਰਿਪਾਲਤਾ ਕਰਨ।ਇਸ ਮੌਕੇ ਸ ਨਿਸ਼ਾਨ ਸਿੰਘ ਸੰਧੂ, ਪ੍ਰੈਸ ਕਲੱਬ ਦੇ ਪ੍ਰਧਾਨ ਅਸ਼ੋਕ ਕੁਮਾਰ, ਕੌਂਸਲਰ ਯਤਿਨ ਵਰਮਾ, ਸੰਜੇ ਮੰਤਰੀ, ਰਾਜ ਕੁਮਾਰ ਸੱਚਦੇਵਾ, ਅਵੀਨਾਸ਼ ਡਾਂਗ, ਗਗਨ ਸਿੰਗਲਾ, ਦਰਸ਼ਨ ਮਿੱਤਲ, ਬਲਦੇਵ ਕ੍ਰਿਸ਼ਨ, ਸੋਨੂ ਕਲਿਆਣ ਅਤੇ ਅਜੇ ਕੁਮਾਰ ਆਦਿ ਵੱਲੋਂ ਵੀ ਈਓ ਅਪਰੰਅਪਾਰ ਸਿੰਘ ਦਾ ਸਵਾਗਤ ਕੀਤਾ ਗਿਆ।

## ਪਿੰਡ ਐਹਿਰੂ ਦੇ ਮਾਸੂਮ ਮਨਵੀਰ ਦੀ ਮੌਤ ਨਾਲ ਇਲਾਕੇ 'ਚ ਸੋਗ ਦੀ ਲਹਿਰ : ਚੇਅਰਮੈਨ ਹਡਾਣਾ



ਦੇਵੀਗੜ੍ਹ, 8 ਸਤੰਬਰ (ਗੁਰਜੀਤ ਸਿੰਘ ਢੋਟ) : ਪਟਿਆਲਾ ਜ਼ਿਲ੍ਹੇ ਦੇ ਪਿੰਡ ਐਹਿਰੂ ਵਿੱਚ ਵਾਪਰੇ ਦਰਦਨਾਕ ਹਾਦਸੇ ਨੇ ਸਾਰੇ ਇਲਾਕੇ ਨੂੰ ਸੋਗ ਵਿਚ ਡੁਬੋ ਦਿੱਤਾ। ਇਸ ਦੁੱਖਦਾਈ ਘਟਨਾ 'ਤੇ ਪੀਆਰਟੀਸੀ ਪੰਜਾਬ ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ, ਪਿੰਡ ਐਹਿਰੂ ਦੇ ਮਾਸੂਮ ਮਨਵੀਰ ਦੀ ਅਚਾਨਕ ਮੌਤ ਨਾਲ ਸਿਰਫ਼ ਉਸਦਾ ਪਰਿਵਾਰ ਨਹੀਂ, ਸਾਰਾ ਇਲਾਕਾ ਸੋਗ ਵਿੱਚ ਹੈ। ਇੱਕ ਫੁੱਲ ਵਰਗਾ ਬੱਚਾ ਸਾਡੇ ਵਿਚੋਂ ਚਲਾ ਗਿਆ। ਉਨ੍ਹਾਂ ਆਪਣੇ ਵੱਲੋਂ ਬਣਦੀ ਮਦਦ ਕਰਨ ਅਤੇ ਪੰਜਾਬ ਸਰਕਾਰ ਵੱਲੋਂ ਵੀ ਵੱਧ ਤੋਂ ਵੱਧ ਮਦਦ ਕਰਵਾਉਣ ਦੀ ਗੱਲ ਆਖੀ। ਜਾਣਕਾਰੀ ਅਨੁਸਾਰ ਕੁਝ ਬੱਚੇ ਹੜ੍ਹ ਦੇ ਪਾਣੀ ਨਾਲ ਭਰੇ ਖੇਤਰ ਵਿੱਚ ਤਸਵੀਰਾਂ ਲੈਂਦੇ ਹੋਏ ਖੇਡ ਰਹੇ ਸਨ ਅਤੇ ਇਸੇ ਦੌਰਾਨ ਪਿੰਡ ਦਾ 12 ਸਾਲਾ ਮਨਵੀਰ ਪੁੱਤਰ ਦਸਰਤ ਉਰਫ ਭੋਲਾ, ਜੋ ਹੜ੍ਹ ਪ੍ਰਭਾਵਿਤ ਖੇਤਰ ਵਿੱਚ ਮੋਬਾਈਲ ਨਾਲ ਫੋਟੋ ਖਿੱਚਣ ਗਿਆ ਸੀ, ਤੇਜ਼ ਪਾਣੀ ਦੀ ਲਪੇਟ ਵਿੱਚ ਆ ਕੇ ਆਪਣੀ ਜ਼ਿੰਦਗੀ ਗੁਆ ਬੈਠਿਆ।ਹਾਲਾਂਕਿ ਸਥਾਨਕ ਲੋਕਾਂ ਨੇ ਉਸ ਨੂੰ ਬਚਾਉਣ ਦੀ ਪੂਰੀ ਕੋਸ਼ਿਸ਼ ਕੀਤੀ ਪਰ ਮਨਵੀਰ ਜ਼ਿੰਦਗੀ ਦੀ ਜੰਗ ਹਾਰ ਗਿਆ।ਮਾਸੂਮ ਬੱਚਾ ਮਨਵੀਰ ਦੀ ਮੌਤ ਦੀ ਖਬਰ ਸੁਣਦਿਆਂ ਹੀ ਪਿੰਡ ਵਿੱਚ ਮਾਤਮ ਪਸਰ ਗਿਆ ਹੈ ਅਤੇ ਪਰਿਵਾਰ ਦਾ ਰੋ-ਰੋ ਕੇ ਬੁਰੇ ਹਾਲ ਹੋ ਗਿਆ।ਇਸ ਮੌਕੇ ਉਨ੍ਹਾਂ ਨਾਲ ਪ੍ਰਦੀਪ ਜੋਸਨ ਪ੍ਰਧਾਨ ਨਗਰ ਕੌਂਸਲ ਸਨੌਰ, ਲਾਲੀ ਰਹਿਲ ਪੀ ਏ , ਰਾਜਾ ਧੰਜੂ ਸਰਪੰਚ, ਗੁਰਿੰਦਰਪਾਲ ਸਿੰਘ ਅਦਾਲਤੀਵਾਲਾ, ਹਰਪਾਲ ਸਿੰਘ ਸਰਪੰਚ, ਵਿਕਰਮ ਹਡਾਣਾ ਅਤੇ ਹੋਰ ਪਾਰਟੀ ਆਗੂ ਅਤੇ ਪਿੰਡ ਵਾਸੀ ਮੌਜੂਦ ਸਨ।

## ਗਣੇਸ਼ਪੁਰ, ਖਤੌਲੀ, ਖਰਾਬਗੜ੍ਹ ਦੇ ਕਿਸਾਨਾਂ ਨੇ ਟਾਂਗਰੀ ਬੰਨ੍ਹ 'ਚ ਪਈਆਂ ਦਰਾਰਾਂ ਨੂੰ ਭਰਿਆ



ਦੇਵੀਗੜ੍ਹ, 8 ਸਤੰਬਰ (ਗੁਰਜੀਤ ਸਿੰਘ ਢੋਟ) : ਪਿੰਡ ਗਣੇਸ਼ਪੁਰ, ਖਤੌਲੀ, ਖਰਾਬਗੜ੍ਹ ਅਤੇ ਗਣੇਸ਼ਪੁਰ ਦੇ ਬਹਾਦੁਰ ਨਿਵਾਸੀਆਂ ਨੇ ਟਾਂਗਰੀ ਬੰਨ੍ਹ ਦੀ ਦਰਾਰਾਂ ਨੂੰ ਭਾਰੀ ਮੀਂਹ ਦੌਰਾਨ ਭਰਿਆ।ਅੱਜ ਖਤੌਲੀ ਖਰਾਬਗੜ੍ਹ ਅਤੇ ਗਣੇਸ਼ਪੁਰ ਦੇ ਬਹਾਦੁਰ ਲੋਕਾਂ ਨੇ ਭਾਰੀ ਮੀਂਹ ਵਿਚ ਵੀ ਹੌਂਸਲਾ ਨਾ ਹਾਰਦੇ ਹੋਏ ਟਾਂਗਰੀ ਬੰਨ੍ਹ ਵਿੱਚ ਪਈਆਂ ਦਰਾਰਾਂ ਅਤੇ ਰਿਸਾਵਾਂ ਨੂੰ ਭਰ ਕੇ ਇਕ ਵੱਡੀ ਆਫ਼ਤ ਨੂੰ ਟਾਲ ਦਿੱਤਾ। ਇਸ ਮੌਕੇ ਕਿਸਾਨਾਂ ਦੀ ਹੌਸਲਾ ਅਫਜ਼ਾਈ ਲਈ ਦੂਧਨਸਾਧਾਂ ਦੇ ਐਸਡੀਐਮ ਕਿਰਪਾਲ ਵੀਰ ਸਿੰਘ ਘਟਨਾ ਸਥਾਨ 'ਤੇ ਮੌਜੂਦ ਰਹੇ ਅਤੇ ਲੋਕਾਂ ਦੇ ਇਸ ਸਮਰਪਣ ਅਤੇ ਜੁਝਾਰੂ ਜਜ਼ਬੇ ਦੀ ਪ੍ਰਸ਼ੰਸਾ ਕੀਤੀ। ਐਸਡੀਐਮ ਕਿਲਵਾਰਵੀਰ ਸਿੰਘ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਕੰਮ ਵਿੱਚ ਕਿਸਾਨਾਂ ਦੇ ਨਾਲ ਫੌਜ ਅਤੇ ਨਿਕਾਸੀ ਵਿਭਾਗ ਵੱਲੋਂ ਵੀ ਪੂਰਾ ਸਹਿਯੋਗ ਦਿੱਤਾ ਗਿਆ ਅਤੇ ਉਨ੍ਹਾਂ ਨੇ ਪਿੰਡ ਵਾਸੀਆਂ ਦੇ ਨਾਲ ਮਿਲ ਕੇ ਵੱਡੀਆਂ ਦਰਾਰਾਂ ਨੂੰ ਠੀਕ ਕੀਤਾ।

## ਬਾਦਸ਼ਾਹਪੁਰ ਪੁਲਿਸ ਚੌਂਕੀ ਇੰਚਾਰਜ ਪ੍ਰੇਮ ਸਿੰਘ ਕਿਸਾਨਾਂ ਲਈ ਮਸੀਹਾ ਬਣੇ

➢ਪਿਛਲੇ ਕਈ ਦਿਨਾਂ ਤੋਂ ਹੜ੍ਹ ਦੇ ਪਾਣੀ ਨੂੰ ਰੋਕਣ ਲਈ ਕਿਸਾਨਾਂ ਨਾਲ ਕੰਮ ਸੰਭਾਲਿਆ

ਸਮਾਣਾ, 8 ਸਤੰਬਰ (ਸੁਖਜਿੰਦਰ ਸਿੰਘ ਕੁਲਾਰਾਂ) : ਪਿਛਲੇ ਕਈ ਦਿਨਾਂ ਤੋਂ ਲਗਾਤਾਰ ਹੋ ਰਹੀ ਬਾਰਿਸ਼ ਕਾਰਨ ਪੰਜਾਬ ਦੇ ਸੈਂਕੜੇ ਪਿੰਡ ਹੜ੍ਹਾਂ ਦੀ ਲਪੇਟ ਵਿੱਚ ਆ ਗਏ ਹਨ, ਜਿਸ ਕਾਰਨ ਕਿਸਾਨਾਂ ਦੀਆਂ ਫਸਲਾਂ ਅਤੇ ਜਾਨਵਰਾਂ ਦਾ ਨੁਕਸਾਨ ਹੋਇਆ ਹੈ। ਇਸ ਦੁੱਖ ਦੀ ਘੜੀ ਵਿੱਚ ਪੰਜਾਬ ਸਰਕਾਰ, ਸਿੱਖ ਸੰਗਠਨ, ਪੰਜਾਬੀ ਗਾਇਕ ਅਤੇ ਹੋਰ ਸਮਾਜ ਸੇਵੀ ਸੰਸਥਾਵਾਂ ਹੜ੍ਹ ਪੀੜਤਾਂ ਦੀ ਹਰ ਤਰ੍ਹਾਂ ਨਾਲ ਮਦਦ ਕਰ ਰਹੀਆਂ ਹਨ, ਜਿਸਦੀ ਤਾਜ਼ਾ ਉਦਾਹਰਣ ਬਾਦਸ਼ਾਹਪੁਰ ਪੁਲਿਸ ਚੌਂਕੀ ਇੰਚਾਰਜ ਪ੍ਰੇਮ ਸਿੰਘ ਹੈ। ਜਿਵੇਂ ਹੀ ਇਹ ਜਾਣਕਾਰੀ ਮਿਲੀ ਕਿ ਬਾਦਸ਼ਾਹਪੁਰ ਖੇਤਰ ਵਿੱਚ ਹੜ੍ਹ ਦਾ ਪਾਣੀ ਕਿਸਾਨਾਂ ਦੇ ਖੇਤਾਂ ਤੱਕ ਪਹੁੰਚ ਗਿਆ ਹੈ, ਤਾਂ ਚੌਂਕੀ ਇੰਚਾਰਜ ਪ੍ਰੇਮ ਸਿੰਘ ਨੇ ਹੜ੍ਹ ਦੇ ਪਾਣੀ ਨੂੰ ਰੋਕਣ ਲਈ ਕਿਸਾਨਾਂ ਨਾਲ ਕੰਮ ਸੰਭਾਲਿਆ। ਉਹ ਖੁਦ ਘੱਗਰ ਨਦੀ ਦੇ ਪਾਣੀ ਨੂੰ ਰੋਕਣ ਲਈ ਬੰਨ੍ਹ ਬਣਾਉਣ ਦੀ ਜ਼ਿੰਮੇਵਾਰੀ ਲੈ ਕੇ ਇਸ ਕੰਮ ਵਿੱਚ ਯੋਗਦਾਨ ਪਾ ਰਹੇ ਹਨ। ਪਿਛਲੇ ਕਈ



ਦਿਨਾਂ ਤੋਂ ਪ੍ਰੇਮ ਸਿੰਘ ਖੁਦ ਕਿਸਾਨਾਂ ਦੇ ਨਾਲ-ਨਾਲ ਰੇਤ ਦੀਆਂ ਬੋਰੀਆਂ ਭਰਨ ਅਤੇ ਬੰਨ੍ਹ ਵਿੱਚ ਮਿੱਟੀ ਪਾਉਣ ਦੇ ਕੰਮ ਵਿੱਚ ਲੱਗੇ ਹੋਏ ਹਨ ਜਿਸਦੀ ਪੂਰੇ ਇਲਾਕੇ ਵਿੱਚ ਪ੍ਰਸ਼ੰਸਾ ਹੋ ਰਹੀ ਹੈ। ਪ੍ਰੇਮ ਸਿੰਘ ਦੇ ਇਸ ਕੰਮ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ ਕਲਾਕਾਰ ਗੁਰਚੇਤ ਚਿੱਤਰਕਾਰ ਆਪਣੇ ਸਾਥੀਆਂ ਨਾਲ ਪ੍ਰੇਮ ਸਿੰਘ ਦਾ ਹੌਸਲਾ ਵਧਾਉਣ ਲਈ ਪਹੁੰਚੇ। ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਅਤੇ ਪੰਜਾਬੀ ਕਲਾਕਾਰ ਗੁਰਚੇਤ ਚਿੱਤਰਕਾਰ ਵੱਲੋਂ ਵੀ ਚੌਂਕੀ ਇੰਚਾਰਜ ਪ੍ਰੇਮ ਸਿੰਘ ਦੀ ਪ੍ਰਸ਼ੰਸਾ ਕੀਤੀ। ਕੁਲਵੰਤ ਸਿੰਘ ਬਾਜ਼ੀਗਰ ਅਤੇ ਪੰਜਾਬੀ ਗਾਇਕ ਗੁਰਚੇਤ ਚਿੱਤਰਕਾਰ ਵੀ ਇਸ ਰਾਹਤ ਕਾਰਜ ਵਿੱਚ ਕਿਸਾਨਾਂ ਨਾਲ ਚੱਟਾਨ ਵਾਂਗ ਖੜ੍ਹੇ ਹਨ ਅਤੇ ਵਿਧਾਇਕ ਵੱਲੋਂ 50 ਹਜਾਰ ਲੀਟਰ ਡੀਜ਼ਲ ਦੇਣ ਦਾ ਵੀ ਐਲਾਨ ਕੀਤਾ ਗਿਆ ਹੈ।

## ਕ੍ਰਿਸ਼ਨਾ ਬਾਂਸਲ ਦੀ ਯਾਦ 'ਚ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ ਅੱਜ

ਸਮਾਣਾ, 8 ਸਤੰਬਰ (ਵਿਜੇ ਕੁਮਾਰ) : ਸਿੰਘ ਸੇਵਾ ਫਾਊਂਡੇਸ਼ਨ ਅਤੇ



ਸ੍ਰੀ ਮਹਾਦੇਵ ਰਾਈਸ ਮਿਲ ਵੱਲੋਂ ਕ੍ਰਿਸ਼ਨਾ ਬਾਂਸਲ ਪੁੱਤਰ ਵਰੁਣ ਬਾਂਸਲ ਦੀ ਯਾਦ ਵਿੱਚ ਬੁੱਧਵਾਰ ਨੂੰ ਕੈਂਸਰ ਵਰਲਡ ਕੈਂਸਰ ਕੇਅਰ ਦੇ ਚੇਅਰਮੈਨ ਕੁਲਵੰਤ ਸਿੰਘ ਧਾਲੀਵਾਲ ਦੀ ਰਹਿਨੁਮਾਈ ਹੇਠ ਸ੍ਰੀ ਨੈਨਾ ਆਰਿਆ ਧਰਮਸ਼ਾਲਾ ਵਿੱਚ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਲਗਾਇਆ ਜਾਵੇਗਾ, ਜਿਸ ਵਿੱਚ ਵਰਲਡ ਕੈਂਸਰ ਕੇਅਰ ਦੀ ਡਾਕਟਰਾਂ ਦੀ ਟੀਮ ਵੱਲੋਂ ਵੱਖ-ਵੱਖ ਬਿਮਾਰੀਆਂ ਦੀ ਜਾਂਚ ਕੀਤੀ ਜਾਵੇਗੀ ਅਤੇ ਟੈਸਟ ਵੀ ਕੀਤੇ ਜਾਣਗੇ।

## ਡਾਕਟਰਾਂ ਸਮੇਤ 67 ਵਿਅਕਤੀਆਂ ਨੇ ਅੱਖਾਂ ਦਾਨ ਕਰਨ ਦਾ ਵਾਅਦਾ ਕੀਤਾ



ਪਟਿਆਲਾ, 8 ਸਤੰਬਰ (ਚ.ਨ.ਸ.) : ਅੱਜ ਸਮਾਪਤ ਹੋਏ ਰਾਸ਼ਟਰੀ ਅੱਖਾਂ ਦਾਨ ਪੰਦਰਵਾੜੇ ਦੌਰਾਨ ਲੀਲਾ ਭਵਨ ਦੇ ਪਟਿਆਲਾ ਅੱਖਾਂ ਦੇ ਹਸਪਤਾਲ ਦੇ ਡਾਕਟਰਾਂ ਅਤੇ ਸਟਾਫ ਸਮੇਤ 67 ਵਿਅਕਤੀਆਂ ਨੇ ਆਪਣੀਆਂ ਅੱਖਾਂ ਦਾਨ ਕਰਨ ਦਾ ਵਾਅਦਾ ਕੀਤਾ।ਭਾਰਤ ਵਿੱਚ, 10 ਲੱਖ ਤੋਂ ਵੱਧ ਲੋਕ ਕੌਰਨੀਅਲ ਅੰਨ੍ਹੇਪਣ ਤੋਂ ਪੀੜਤ ਹਨ ਜਿਨ੍ਹਾਂ ਵਿੱਚੋਂ ਵੱਡੀ ਗਿਣਤੀ ਵਿੱਚ ਬੱਚੇ ਅਤੇ ਨੌਜਵਾਨ ਹਨ। ਡਾ. ਸੁਖਦੀਪ ਸਿੰਘ ਬੋਪਾਰਾਏ ਨੇ ਕਿਹਾ ਕਿ ਲੋੜ ਅਤੇ ਉਪਲੱਬਧਤਾ ਵਿੱਚ ਵੱਡਾ ਪਾੜਾ ਹੈ।ਡਾ. ਆਰ.ਐਨ. ਗੋਠਵਾਲ, ਡਾ. ਮੁਕਤੀ, ਡਾ. ਡੇਜ਼ੀ ਅਤੇ ਹਸਪਤਾਲ ਦੇ ਸਾਰੇ ਸਟਾਫ ਨੇ ਕਈ ਮਰੀਜ਼ਾਂ ਦੇ ਨਾਲ ਆਪਣੀਆਂ ਅੱਖਾਂ ਦਾਨ ਕਰਨ ਦਾ ਵਾਅਦਾ ਕੀਤਾ।ਇਹ ਪੰਦਰਵਾੜਾ ਜਾਗਰੂਕਤਾ ਪੈਦਾ ਕਰਕੇ ਅਤੇ ਵਿਅਕਤੀਆਂ ਨੂੰ ਅੱਖਾਂ ਦਾਨ ਕਰਨ ਲਈ ਉਤਸ਼ਾਹਿਤ ਕਰਕੇ ਅਤੇ ਅੱਖਾਂ ਦੇ ਬੈਂਕਾਂ ਅਤੇ ਮੈਡੀਕਲ ਪੇਸ਼ੇਵਰਾਂ ਵਿਚਕਾਰ ਤਾਲਮੇਲ ਨੂੰ ਸੁਚਾਰੂ ਬਣਾ ਕੇ ਇਸ ਪਾੜੇ ਨੂੰ ਦੂਰ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

## ਰੋਟਰੀ ਕਲੱਬ ਡਾਇਨਾਮਿਕ ਨੇ 55 ਪਰਿਵਾਰਾਂ ਨੂੰ ਰਾਸ਼ਨ ਵੰਡਿਆ

ਸਮਾਣਾ, 8 ਸਤੰਬਰ (ਵਿਜੇ ਕੁਮਾਰ/ਜਵੰਦਾ) : ਰੋਟਰੀ ਕਲੱਬ ਡਾਇਨਾਮਿਕ ਦੇ ਪ੍ਰਧਾਨ ਅਤੇ ਕੌਂਸਲਰ ਦਰਸ਼ਨ ਮਿੱਤਲ, ਸੈਕਟਰੀ ਸੁਮਿਤ ਗਰਗ, ਕੈਸ਼ੀਅਰ ਅਸ਼ੋਕ ਗਰਗ ਦੀ ਅਗਵਾਈ 'ਚ ਕਲੱਬ ਵੱਲੋਂ ਐਤਵਾਰ ਨੂੰ ਝੁਗੀ ਝੌਂਪੜੀ 'ਚ ਰਹਿਣ ਵਾਲੇ 55 ਜ਼ਰੂਰਤਮੰਦ ਪਰਿਵਾਰਾਂ ਨੂੰ ਮੁਫ਼ਤ ਰਾਸ਼ਨ ਵੰਡਿਆ ਗਿਆ। ਇਸ ਮੌਕੇ ਕਲੱਬ ਪ੍ਰਧਾਨ ਦਰਸ਼ਨ ਮਿੱਤਲ ਨੇ ਦੱਸਿਆ ਕਿ ਪਿਛਲੇ ਕਈ ਦਿਨਾਂ ਤੋਂ ਲਗਾਤਾਰ ਮੀਂਹ ਪੈਣ ਕਾਰਨ ਝੁੱਗੀ ਝੌਂਪੜੀ 'ਚ ਰਹਿਣ ਵਾਲਿਆ ਨੂੰ ਕੋਈ ਰੋਜ਼ਗਾਰ ਅਤੇ ਮਜ਼ਦੂਰੀ ਨਾਂ ਮਿਲਣ ਕਾਰਨ ਉਹ ਘਰਾਂ ਵਿੱਚ ਖਾਲੀ ਬੈਠੇ ਸੀ। ਉਹਨਾਂ ਨੂੰ ਹਰ ਰੋਜ਼ ਦੇ ਰਾਸ਼ਨ ਦੀ ਜਰੂਰਤ ਸੀ। ਇਸ ਮੌਕੇ ਉਨਾਂ ਨਾਲ



ਗੌਤਮ ਗਰਗ, ਅਨੀਲ ਗਰਗ, ਦੀਪਕ ਗੋਇਲ, ਸੁਰੇਸ਼ ਗਰਗ, ਰਕੇਸ਼ ਗਰਗ, ਨਵਨੀਤ ਗਰਗ, ਕੈਲਾਸ਼, ਸੌਰਵ ਗਰਗ, ਧਰਮਵੀਰ ਗਰਗ, ਸੰਜੀਵ ਬਾਂਸਲ, ਰਕੇਸ਼ ਗਰਗ, ਮੁਕੇਸ਼ ਬਾਂਸਲ, ਸਨੀ ਘਈ, ਅਸ਼ਵਨੀ ਵਰਮਾ, ਲੱਕੀ ਬਾਂਸਲ, ਗੌਤਮ ਅਗਰਵਾਲ, ਮਨੀਸ਼ ਗਰਗ, ਚੇਤਨ ਗੁਪਤਾ, ਸੰਦੀਪ ਮਿੱਤਲ, ਵਿਕੀ ਮਿੱਤਲ, ਅੰਕੁਸ਼ ਗੋਇਲ, ਕੋਮਲ, ਪ੍ਰਿੰਕਲ ਸਿੰਗਲਾ, ਵਿਜੇ ਗਰਗ, ਸ਼ਕਤੀ ਸਿੰਗਲਾ ਅਤੇ ਲਵਲੀ ਮੌਜੂਦ ਰਹੇ। ਇਸ ਮੌਕੇ ਕਲੱਬ ਪ੍ਰਧਾਨ ਦਰਸ਼ਨ ਮਿੱਤਲ ਨੇ ਦੱਸਿਆ ਕਿ 22 ਸਤੰਬਰ ਨੂੰ ਮਹਾਰਾਜਾ ਅਗਰਸੈਨ ਜੈਯੰਤੀ ਦੇ ਸ਼ੁੱਭ ਦਿਹਾੜੇ 'ਤੇ ਅਗਰਵਾਲ ਧਰਮਸ਼ਾਲਾ 'ਚ ਵਿਸ਼ਾਲ ਮੈਗਾ ਮੈਡੀਕਲ ਕੈਂਪ, ਅੱਖਾਂ ਦਾ ਚੈੱਕਅਪ ਅਤੇ ਜਰੂਰਤਮੰਦਾਂ ਦੇ ਲੈਂਜ ਪਾਕੇ ਆਪ੍ਰੇਸ਼ਨ, ਦੰਦਾਂ ਦਾ ਚੈੱਕਅੱਪ, ਜਨਾਨਾ ਰੋਗ ਅਤੇ ਹੱਡੀਆਂ ਦੇ ਮਾਹਿਰ ਡਾਕਟਰਾਂ ਵੱਲੋਂ ਚੈਕਅੱਪ ਕੀਤਾ ਜਾਵੇਗਾ ।

## ਸਿਹਤ ਮੰਤਰੀ ਨੇ ਹਸਪਤਾਲ ਦੌਰੇ ਦੌਰਾਨ ਆਸ਼ਾ ਵਰਕਰਾਂ ਨੂੰ ਦਿੱਤੀਆਂ ਮੈਡੀਕਲ ਕਿੱਟਾਂ



ਸਮਾਣਾ, 8 ਸਤੰਬਰ (ਵਿਜੇ ਕੁਮਾਰ) : ਸਿਹਤ ਮੰਤਰੀ ਡਾ. ਬਲਵੀਰ ਸਿੰਘ ਨੇ ਐਤਵਾਰ ਨੂੰ ਸਥਾਨਕ ਸਿਵਲ ਹਸਪਤਾਲ ਦਾ ਦੌਰਾ ਕੀਤਾ, ਅਤੇ ਸਿੱਧੇ ਤੌਰ 'ਤੇ ਵਾਰਡਾਂ ਵਿੱਚ ਜਾ ਕੇ ਮਰੀਜ਼ਾਂ ਅਤੇ ਉਹਨਾਂ ਦੇ ਰਿਸ਼ਤੇਦਾਰਾਂ ਤੋਂ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਉਹਨਾਂ ਦੇ ਨਾਲ ਸਾਬਕਾ ਮੰਤਰੀ ਅਤੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਵੀ ਮੌਜੂਦ ਰਹੇ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਸਪਤਾਲਾਂ 'ਚ ਡਾਕਟਰਾਂ ਅਤੇ ਸਟਾਫ ਨਰਸਾਂ ਦੀ ਕਮੀ ਨੂੰ ਦੇਖਦੇ ਹੋਏ ਉਹਨਾਂ ਦੀ ਜਲਦੀ ਨਵੀਂ ਭਰਤੀ ਕੀਤੀ ਜਾ ਰਹੀ ਹੈ। ਘਰ-ਘਰ ਵੰਡਣ ਲਈ ਆਸ਼ਾ ਵਰਕਰਾਂ ਨੂੰ ਮੈਡੀਕਲ ਕਿਟਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਐਸ.ਡੀ.ਐਮ ਰੀਚਾ ਗੋਇਲ, ਸਿਵਲ ਸਰਜਨ ਡਾ. ਜਗਪਾਲ ਇੰਦਰ ਸਿੰਘ, ਐਸ.ਐਮ.ਓ ਡਾ. ਸੰਜੀਵ ਅਰੋੜਾ ਮੌਜੂਦ ਰਹੇ।

## ਰੋਇਲ ਸਿਟੀ ਰਾਈਡਰ ਨੇ ਹੜ੍ਹ ਪ੍ਰਭਾਵਿਤ ਪਿੰਡਾਂ 'ਚ ਪਸ਼ੂਆਂ ਲਈ ਅਚਾਰ ਵੰਡਿਆ



ਭੁਨਰਹੇੜੀ, 8 ਸਤੰਬਰ (ਗੁਰਜੀਤ ਸਿੰਘ ਢੋਟ) : ਸਮੁੱਚਾ ਪੰਜਾਬ ਅੱਜ ਹੜ੍ਹਾਂ ਦੀ ਮਾਰ ਚੱਲ ਰਿਹਾ ਹੈ ਪਿੰਡਾਂ ਦੇ ਹਾਲਾਤ ਬੱਦ ਤੋਂ ਬੱਦਤਰ ਦੇਖਣ ਨੂੰ ਮਿਲ ਰਹੇ ਹਨ। ਅਜਿਹੀ ਦੁੱਖ ਦੀ ਘੜੀ ਵਿੱਚ ਦਾਨੀ ਸੱਜਣਾਂ ਵੱਲੋਂ ਹਰ ਪ੍ਰਕਾਰ ਦਾ ਦਾਨ ਚਾਹੇ ਉਹ ਪਾਣੀ, ਮੈਡੀਕਲ ਕਿੱਟਾਂ, ਆਟਾ, ਦਾਲ,ਰਾਸ਼ਨ ਆਦਿ ਵੰਡੇ ਜਾ ਰਹੇ ਹਨ।ਇਸੇ ਮੁਹਿੰਮ ਤਹਿਤ ਗ੍ਰਾਮ ਪੰਚਾਇਤ ਪਿੰਡ ਉਲਟਪੁਰ ਦੇ ਸਰਪੰਚ ਸਿਮਰਪ੍ਰੀਤ ਸਿੰਘ ਵੱਲੋਂ ਰਾਇਲ ਸਿਟੀ ਰਾਈਡਰ ਕਲੱਬ ਪਟਿਆਲਾ ਵੱਲੋਂ ਆਪਣੇ ਸਹਿਯੋਗੀਆਂ ਦੀ ਮਦਦ ਨਾਲ ਪਿੰਡ ਉਲਟਪੁਰ, ਜਲਾਹਖੇੜੀ, ਮਹਿਮੂਦਪੁਰ, ਸਾਧੂ ਨਗਰ, ਛੰਨਾ ਆਦਿ ਵੱਖ-ਵੱਖ ਪਿੰਡਾਂ ਵਿੱਚ ਪਸ਼ੂਆਂ ਦਾ ਅਚਾਰ ਵੰਡਿਆ ਗਿਆ। ਇਸ ਮੌਕੇ ਸਰਪੰਚ ਸਿਮਰਪ੍ਰੀਤ ਸਿੰਘ ਨੇ ਕਿਹਾ ਕਿ ਘੱਗਰ ਨਦੀ ਨਾਲ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਸਮੱਗਰੀ ਵੰਡਣ ਦੀ ਸਾਡੇ ਕਲੱਬ ਵੱਲੋਂ ਸ਼ੁਰੂਆਤ ਕੀਤੀ ਗਈ ਹੈ। ਉਹਨਾਂ ਕਿਹਾ ਕਿ ਅਸੀਂ ਪਹਿਲੇ ਪੜਾਅ ਵਿੱਚ ਅਸੀਂ ਪਸ਼ੂਆਂ ਲਈ ਸਾਇਲੇਜ ਵੰਡ ਰਹੇ ਹਾਂ, ਕਿਉਂਕਿ ਹਰੇ ਚਾਰੇ ਨੂੰ ਕਾਫੀ ਨੁਕਸਾਨ ਪਹੁੰਚਿਆ ਹੈ ਅਤੇ ਹਰ ਘਰ ਨੂੰ ਇਸ ਦੀ ਲੋੜ ਹੁੰਦੀ ਹੈ। ਇਸ ਦੇ ਨਾਲ-ਨਾਲ ਹੀ ਅਸੀਂ ਪਸ਼ੂਆਂ ਦੀਆਂ ਦਵਾਈਆਂ ਅਤੇ ਮੈਡੀਕਲ ਕਿੱਟਸ ਵੀ ਵੰਡਾਂਗੇ। ਇਸ ਮੌਕੇ ਕਲੱਬ ਦੇ ਮੈਂਬਰ ਸੰਦੀਪ ਸੰਧੂ, ਦਲਜੋਤ ਜਟਾਣਾ, ਅਤੇ ਜਸ਼ਨ ਤੂਰ ਤੋਂ ਇਲਾਵਾ ਪਰਮਜੀਤ ਸਿੰਘ ਸਨੌਰ, ਲਖਵਿੰਦਰ ਸਿੰਘ ਲਾਡੀ, ਜਸਵਿੰਦਰ ਸਿੰਘ ਕਲੇਰ ਪੱਪੂ, ਜਸਵੰਤ ਸਿੰਘ ਜੱਸਾ, ਸੁਰਿੰਦਰ ਸਿੰਘ ਥਿੰਦ, ਰਮਿੰਦਰ ਸਿੰਘ ਢੋਟ, ਬਲਜਿੰਦਰ ਸਿੰਘ ਥਿੰਦ, ਅਮਰਜੀਤ ਸਿੰਘ, ਸਵਰਨ ਸਿੰਘ, ਸਤਵੰਤ ਸਿੰਘ ਮਹਿਮੂਦਪੁਰ, ਹਰਵਿੰਦਰ ਸਿੰਘ ਕਾਲਾ, ਕੁਲਦੀਪ ਸਿੰਘ ਚੰਦੀ, ਬਿਕਰਮ ਸਿੰਘ, ਬਲਜਿੰਦਰ ਸਿੰਘ ਚੰਦੀ, ਦਲਬਾਰਾ ਸਿੰਘ ਕੋਲੀ ਆਦਿ ਹਾਜ਼ਰ ਸਨ।

## ਨੂ-ਨਗਰ ਸਮਾਜ ਨੇ ਪੰਜਾਬ ਵੈਲਫੇਅਰ ਬੋਰਡ ਬਣਾਉਣ ਲਈ ਬਲਤੇਜ ਸਿੰਘ ਪੰਨੂ ਨੂੰ ਦਿੱਤਾ ਮੰਗ ਪੱਤਰ



ਦੇਵੀਗੜ੍ਹ, 8 ਸਤੰਬਰ (ਗੁਰਜੀਤ ਢੋਟ) : ਨੂ-ਨਗਰ ਸਮਾਜ ਪੰਜਾਬ ਦੇ ਅਹੁਦੇਦਾਰਾਂ ਵੱਲੋਂ ਨੂਨਗਰ ਸਮਾਜ ਪੰਜਾਬ ਦਾ ਵੈਲਫੇਅਰ ਬੋਰਡ ਬਣਾਉਣ ਲਈ ਬਲਤੇਜ ਸਿੰਘ ਪੰਨੂ ਨੂੰ ਮੁੱਖ ਮੰਤਰੀ ਪੰਜਾਬ ਦੇ ਨਾਂ ਇੱਕ ਮੰਗ ਪੱਤਰ ਦਿੱਤਾ ਗਿਆ।ਇਸ ਮੌਕੇ ਬਲਤੇਜ ਸਿੰਘ ਪੰਨੂ ਨੇ ਵਿਸ਼ਵਾਸ ਦਿਵਾਇਆ ਕਿ ਜਲਦ ਹੀ ਮੁੱਖ ਮੰਤਰੀ ਪੰਜਾਬ ਨੂੰ ਨੂਨਗਰ ਸਮਾਜ ਪੰਜਾਬ ਦਾ ਵੈਲਫੇਅਰ ਬੋਰਡ ਬਣਾਉਣ ਲਈ ਮਿਲਿਆ ਜਾਵੇਗਾ, ਜਿਸ ਵਿੱਚ ਨੂਨਗਰ ਸਮਾਜ ਵੱਲੋਂ 13 ਮੰਗਾਂ ਰੱਖੀਆਂ ਗਈਆਂ।ਇਸ ਮੰਗ ਪੱਤਰ ਵਿੱਚ ਨੂਨਗਰ ਸਮਾਜ ਪੰਜਾਬ ਦੇ ਯੋਗ ਵਿਅਕਤੀਆਂ ਨੂੰ ਪੰਜਾਬ ਸਰਕਾਰ ਵਿੱਚ ਯੋਗ ਨੁਮਾਇੰਦਗੀ ਦਿੱਤੀ ਜਾਵੇ, ਨੂਨਗਰ ਸਮਾਜ ਪੰਜਾਬ ਨੂੰ ਅਨੁਸੂਚਿਤ ਜਨ ਜਾਤੀ ਵਿੱਚ ਸ਼ਾਮਿਲ ਕੀਤਾ ਜਾਵੇ ਅਤੇ ਅਨੁਸੂਚਿਤ ਜਾਤੀ ਵਾਲੀਆਂ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ,ਪੰਜਾਬ ਦੇ ਬੇ-ਜ਼ਮੀਨੇ ਘਰਾਂ ਦੇ ਟੂਟੀਆਂ ਦੇ ਬਿੱਲ ਮੁਆਫ਼ ਕੀਤੇ ਜਾਣ, ਪੰਜਾਬ ਦੇ ਲੋੜਵੰਦ ਬਜ਼ੁਰਗਾਂ, ਵਿਧਵਾ, ਅਪੰਗ, ਵਿਅਕਤੀਆਂ ਨੂੰ 2500 ਰੁਪਏ ਮਹੀਨਾ ਪੈਨਸ਼ਨ ਦਿੱਤੀ ਜਾਵੇ, ਪੰਜਾਬ ਵਿੱਚ ਬੀ.ਸੀ.ਜਾਤੀ ਦੀ ਸਰਪੰਚੀ, ਨੰਬਰਦਾਰੀ, ਰਿਜ਼ਰਵ ਕੀਤੀ ਜਾਵੇ, ਵਿਧਾਨ ਸਭਾ ਪੰਜਾਬ ਵਿੱਚ ਹਰ ਘਰ ਵਿੱਚ ਇੱਕ ਨੌਕਰੀ ਦੇਣ ਸੰਬੰਧੀ ਕਾਨੂੰਨ ਬਣਾਇਆ ਜਾਵੇ ਅਤੇ ਖੂਨਦਾਨੀਆਂ ਨੂੰ ਤੇ ਪੰਜਾਬੀਆਂ ਨੂੰ ਪਹਿਲ ਦੇ ਆਧਾਰ 'ਤੇ ਨੌਕਰੀ ਦਿੱਤੀ ਜਾਵੇ,ਹਰ ਪੰਜਾਬੀ ਨੂੰ ਬੀ.ਏ.ਤੱਕ ਦੀ ਪੜ੍ਹਾਈ ਮੁਫ਼ਤ ਕੀਤੀ ਜਾਵੇ, ਪੰਜਾਬ ਦੇ ਆਰਥਿਕ ਤੇ ਕਮਜ਼ੋਰ ਲੋਕਾਂ ਨੂੰ ਕਾਰੋਬਾਰ ਕਰਨ ਲਈ 10 ਲੱਖ ਦਾ ਲੋਨ ਬਿਨਾਂ ਵਿਆਜ ਤੇ ਕਿਸੇ ਗਾਰੰਟੀ ਤੋਂ ਲੰਮੀਆਂ ਕਿਸ਼ਤਾਂ ਵਿੱਚ ਦਿੱਤਾ ਜਾਵੇ, ਪੰਜਾਬ ਦੇ ਬੇ-ਜ਼ਮੀਨੇ ਲੋਕਾਂ ਨੂੰ ਹਰ ਮਹੀਨੇ 500 ਯੂਨਿਟ ਬਿਜਲੀ ਮੁਫ਼ਤ ਦਿੱਤੀ ਜਾਵੇ, ਪੰਜਾਬ ਦੇ ਹਸਪਤਾਲਾਂ ਵਿੱਚ ਪੰਜਾਬੀਆਂ ਲਈ ਵੱਡੀ ਤੋਂ ਵੱਡੀ ਬਿਮਾਰੀ ਲਈ ਇਲਾਜ ਫਰੀ ਕੀਤਾ ਜਾਵੇ,ਨੂਨਗਰ ਸਮਾਜ ਪੰਜਾਬ ਦੇ ਵਿਕਾਸ ਲਈ ਨੂਨਗਰ ਵੈਲਫੇਅਰ ਬੋਰਡ ਦਾ ਗਠਨ ਕੀਤਾ ਜਾਵੇ। ਨੂਨਗਰ ਸਮਾਜ ਪੰਜਾਬ ਦੇ ਸਮਾਜਿਕ ਕਾਰਜ ਕਰਨ ਲਈ ਇੱਕ ਨੂਨਗਰ ਭਵਨ ਦਾ ਨਿਰਮਾਣ ਕਰਨ ਲਈ ਵਿਧਾਨ ਸਭਾ ਹਲਕਾ ਸਨੌਰ ਦੇ ਖੇਤਰ ਵਿੱਚ 2 ਏਕੜ ਜਮੀਨ ਦਿੱਤੀ ਜਾਵੇ,ਅਤੇ ਭਵਨ ਬਣਾਉਣ ਲਈ 5 ਕਰੋੜ ਦੀ ਰਾਸ਼ੀ ਦਿੱਤੀ ਜਾਵੇ, ਕਾਰਗਿਲ ਦੇ ਅਮਰ ਸ਼ਹੀਦ ਨਾਇਕ ਮਲਕੀਤ ਸਿੰਘ ਹਡਾਣਾ ਦੇ ਪਿੰਡ ਹਡਾਣਾ ਬਲਾਕ ਭੁੰਨਰਹੇੜੀ ਵਿਖੇ, ਸ਼ਹੀਦ ਦੇ ਨਾਮ 'ਤੇ ਇੱਕ ਖੇਡ ਸਟੇਡੀਅਮ, ਪਿੰਡ ਹਡਾਣਾ ਨੂੰ ਮਾਡਲ ਸੁੰਦਰ ਗ੍ਰਾਮ ਹੇਠ ਲਿਆਂਦਾ ਜਾਵੇ ਅਤੇ ਸ਼ਹੀਦ ਦੇ ਨਾਮ 'ਤੇ ਬਣੀ ਧਰਮਸ਼ਾਲਾ ਦੀ ਹਾਲਤ ਸੁਧਾਰੀ ਜਾਵੇ ,ਪਿੰਡ ਹਡਾਣਾ ਨੂੰ 10 ਕਰੋੜ ਦੀ ਸਪੈਸ਼ਲ ਗ੍ਰਾਂਟ ਦਿੱਤੀ ਜਾਵੇ।ਇਸ ਮੌਕੇ ਨੂਨਗਰ ਸਮਾਜ ਪੰਜਾਬ ਦੇ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ, ਜਸਪਾਲ ਸਿੰਘ ਬਰਕਤਪੁਰ, ਲਖਮੀਰ ਸਿੰਘ ਸਲੋਟ, ਜਗਤਾਰ ਸਿੰਘ ਚਿੜਬੀ, ਮਨਿੰਦਰ ਸਿੰਘ ਹਡਾਣਾ, ਬਲਜੀਤ ਸਿੰਘ ਆਦਿ ਹਾਜ਼ਰ ਸਨ ।

## ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਟਰੱਸਟ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ 7ਵਾਂ ਸਨਮਾਨ ਸਮਾਰੋਹ

➢ਸਿੱਖਿਆ ਦੇ ਖੇਤਰ ਵਿੱਚ ਪ੍ਰਾਪਤੀਆਂ ਕਰਨ ਵਾਲੇ 40 ਅਧਿਆਪਕਾਂ ਦਾ ਸਨਮਾਨ



ਪਟਿਆਲਾ, 8 ਸਤੰਬਰ (ਰੁਪਾਣਾ) : ਸ਼ਹੀਦ ਕਰਤਾਰ ਸਿੰਘ ਸਰਾਭਾ ਵੈਲਫੇਅਰ ਟਰੱਸਟ ਪਟਿਆਲਾ ਵੱਲੋਂ ਅਧਿਆਪਕ ਦਿਵਸ ਨੂੰ ਸਮਰਪਿਤ ਸੱਤਵਾਂ ਸਨਮਾਨ ਸਮਾਰੋਹ ਆਯੋਜਿਤ ਕਰਵਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਆਫ਼ ਐਮੀਨੈਂਸ ਫ਼ੀਲਖ਼ਾਨਾ ਪਟਿਆਲਾ ਦੇ ਸੰਗੀਤ ਅਧਿਆਪਕ ਪਰਗਟ ਸਿੰਘ ਦੀ ਅਗਵਾਈ ਵਿੱਚ ਵਿਦਿਆਰਥੀ ਹਰਮਨ ਸਿੰਘ ਨੇ ਸ਼ਬਦ ਗਾਇਨ ਕਰ ਕੇ ਕੀਤੀ। ਇਸ ਮੌਕੇ 'ਤੇ ਟਰੱਸਟ ਦੇ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਦਿਵਸ ਦਾ ਮੁੱਖ ਮਕਸਦ ਦੇਸ਼ ਦੇ ਮਹਾਨ ਅਧਿਆਪਕ ਅਤੇ ਪਹਿਲੇ ਉਪ-ਰਾਸ਼ਟਰਪਤੀ ਡਾ. ਸਰਵਪੱਲੀ ਰਾਧਾਕ੍ਰਿਸ਼ਨਨ ਦੀਆਂ ਸਿਖਿਆਵਾਂ ਨੂੰ ਯਾਦ ਕਰਨਾ ਹੈ ਅਤੇ ਸਮਾਜ ਵਿੱਚ ਅਧਿਆਪਕਾਂ ਪ੍ਰਤੀ ਸਤਿਕਾਰ ਅਤੇ ਪਿਆਰ ਦੀ ਭਾਵਨਾ ਉਜਾਗਰ ਕਰਨ ਲਈ ਜਾਗਰੂਕਤਾ ਪੈਦਾ ਕਰਨਾ ਹੈ। ਟਰੱਸਟ ਪ੍ਰਧਾਨ ਅਕਸ਼ੈ ਕੁਮਾਰ ਖਨੌਰੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਇਸ ਮੌਕੇ 'ਤੇ ਮੁੱਖ ਮਹਿਮਾਨ ਸ. ਚਰਨ ਸਿੰਘ, ਮੈਨੇਜਿੰਗ ਡਾਇਰੈਕਟਰ ਮਲਕੀਤ ਐਗਰੋ ਇੰਡਸਟਰੀਜ਼ ਅਤੇ ਸਾਬਕਾ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਟਿਆਲਾ ਮੈਡਮ ਸੁਰਿੰਦਰ ਕੌਰ ਵਰਮਾ ਨੇ ਸਾਂਝੇ ਤੌਰ 'ਤੇ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਦਾ ਕਰਮ ਮਹਿਜ਼ ਅੱਖਰ ਗਿਆਨ ਦੇਣਾ ਹੀ ਨਹੀਂ , ਸਗੋਂ ਉਹ ਵਿਦਿਆਰਥੀ ਦੇ ਜੀਵਨ ਦਾ ਸੱਚਾ ਸਾਥੀ ,ਮਾਰਗ ਦਰਸ਼ਕ ਅਤੇ ਪ੍ਰੇਰਕ ਹੁੰਦਾ ਹੈ। ਇਸ ਮੌਕੇ 'ਤੇ ਮੁੱਖ ਮਹਿਮਾਨ ਪ੍ਰਸਿੱਧ ਸਮਾਜ ਸੇਵਕ ਭਗਵਾਨ ਦਾਸ ਗੁਪਤਾ, ਯੁਵਕ ਭਲਾਈ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾਇਰੈਕਟਰ ਡਾ.ਭੀਮ ਇੰਦਰ ਸਿੰਘ ਅਤੇ ਯੂਨੀਵਰਸਿਟੀ ਆਫ਼ ਕੈਲੀਫੋਰਨੀਆ ਨਾਰਥ ਅਮਰੀਕਾ ਦੇ ਪੰਜਾਬੀ ਵਿਸ਼ੇ ਦੇ ਪ੍ਰੋਫੈਸਰ ਡਾ.ਕੁਲਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਦਿਵਸ ਸਾਡੇ ਅਧਿਆਪਕਾਂ ਦੀ ਮਹਾਨਤਾ, ਉਹਨਾਂ ਦੀ ਸਮਰਪਨ ਭਾਵਨਾ ਅਤੇ ਸਮਾਜ ਵਿੱਚ ਉਹਨਾਂ ਦੀ ਅਹਿਮ ਭੂਮਿਕਾ ਨੂੰ ਵਡਿਆਉਣ ਦਾ ਦਿਨ ਹੈ।ਇਸ ਮੌਕੇ 'ਤੇ ਮੁੱਖ ਮਹਿਮਾਨ ਈ.ਐਨ.ਟੀ ਮਾਹਿਰ ਡਾ.ਬਰਜਿੰਦਰ ਸਿੰਘ ਸੋਹਲ ਅਤੇ ਰੋਟੇਰੀਅਨ ਪ੍ਰਮੋਦ ਗੁਪਤਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਅਧਿਆਪਕ ਇੱਕ ਅਜਿਹੀ ਮਸ਼ਾਲ ਹੈ ਜੋ ਸਮਾਜ ਨੂੰ ਅੰਧਕਾਰ ਤੋਂ ਉਜਾਲੇ ਵੱਲ ਲੈ ਕੇ ਜਾਂਦੀ ਹੈ।ਇਸ ਮੌਕੇ 'ਤੇ ਸਰਕਾਰੀ ਮਾਡਲ ਟਾਊਨ ਸਕੂਲ ਦੇ ਪ੍ਰਿੰਸੀਪਲ ਨਰੇਸ਼ ਕੁਮਾਰੀ ਜੈਨ, ਸਾਬਕਾ ਪ੍ਰਿੰਸੀਪਲ ਅਜੀਤ ਸਿੰਘ ਭੱਟੀ ਅਤੇ ਅਰਬਨ ਅਸਟੇਟ ਫੇਜ਼ ਦੋ ਦੇ ਪ੍ਰਧਾਨ ਰਣਜੀਤ ਸਿੰਘ ਨੇ ਸੰਬੋਧਨ ਕੀਤਾ। ਇਸ ਮੌਕੇ 'ਤੇ ਟਰੱਸਟ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪ੍ਰਾਪਤੀਆਂ ਕਰਨ ਵਾਲੇ 40 ਅਧਿਆਪਕਾਂ ਦਾ ਸਨਮਾਨ ਕੀਤਾ ਗਿਆ।



ਪਟਿਆਲਾ-ਆਸ/ਪਾਸ



# ਜ਼ਿਲ੍ਹਾ ਪ੍ਰਸ਼ਾਸਨ ਨੇ ਨਾਜਾਇਜ਼ ਕਬਜ਼ਿਆਂ ਸਬੰਧੀ ਦੁਕਾਨਦਾਰਾਂ ਨੂੰ ਦਿੱਤੇ ਨਿਰਦੇਸ਼

## ਉਲੰਘਣਾ ਕਰਨ 'ਤੇ ਕੀਤੀ ਜਾਵੇਗੀ ਕਾਨੂੰਨੀ ਕਾਰਵਾਈ : ਸਤੀਸ਼ ਚੰਦਰ

ਪਟਿਆਲਾ, 8 ਸਤੰਬਰ (ਰੁਪਾਣਾ/ਅਮਰਜੀਤ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਦੇ ਨਿਰਦੇਸ਼ਾਂ ਤਹਿਤ ਅੱਜ ਮੁੱਖ ਮੰਤਰੀ ਫ਼ੀਲਡ ਅਫ਼ਸਰ ਸਤੀਸ਼ ਚੰਦਰ ਵੱਲੋਂ ਮਿੰਨੀ ਸਕੱਤਰੇਤ ਦੀ ਬੈਕਸਾਈਡ ਸਥਿਤ ਬੂਥਾਂ ਦੀ ਜਾਂਚ ਕੀਤੀ ਗਈ। ਇਸ ਦੌਰਾਨ ਬੂਥਾਂ ਵੱਲੋਂ ਸਰਕਾਰੀ ਜ਼ਮੀਨ 'ਤੇ ਕੀਤੇ ਗਏ ਅਣਅਧਿਕਾਰਿਤ ਕਬਜ਼ੇ ਨੂੰ ਲੈ ਕੇ ਚਿਤਾਵਨੀ ਦਿੱਤੀ ਗਈ।ਮੁੱਖ ਮੰਤਰੀ ਫੀਲਡ ਅਫ਼ਸਰ ਨੇ ਦੁਕਾਨਦਾਰਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਆਪਣਾ ਸਾਰਾ ਸਮਾਨ ਦੁਕਾਨ ਦੇ ਅੰਦਰ ਰੱਖਣ ਅਤੇ ਕਿਸੇ ਵੀ ਸਥਿਤੀ ਵਿੱਚ ਰਸਤੇ ਜਾਂ ਫੁਟਪਾਥ 'ਤੇ ਨਾ ਰੱਖਣ। ਉਨ੍ਹਾਂ ਕਿਹਾ ਕਿ ਐਨਕਰੋਚਮੈਂਟ ਨਾ ਸਿਰਫ਼ ਕਾਨੂੰਨ



ਦੀ ਉਲੰਘਣਾ ਹੈ, ਸਗੋਂ ਇਹ ਆਮ ਜਨਤਾ ਦੀ ਸਹੂਲਤ ਵਿੱਚ ਰੁਕਾਵਟ ਵੀ ਪੈਦਾ ਕਰਦੀ ਹੈ।ਸਤੀਸ਼ ਚੰਦਰ ਨੇ ਦੱਸਿਆ ਕਿ ਕਈ ਦੁਕਾਨਦਾਰਾਂ ਵੱਲੋਂ ਆਪਣਾ ਵਪਾਰਕ ਸਮਾਨ, ਜਿਵੇਂ ਕਿ ਫ਼ੋਟੋਸਟੇਟ ਮਸ਼ੀਨਾਂ, ਟੇਬਲ , ਕੁਰਸੀਆਂ ਆਦਿ ਦੁਕਾਨਾਂ ਦੇ ਬਾਹਰ ਰੱਖ ਕੇ ਸਰਕਾਰੀ ਜਗ੍ਹਾ 'ਤੇ ਕਬਜ਼ਾ ਕੀਤਾ ਗਿਆ ਸੀ । ਇਸ ਕਾਰਨ ਨਾ ਸਿਰਫ਼ ਆਮ ਜਨਤਾ ਨੂੰ ਪੈਦਲ ਚੱਲਣ ਵਿੱਚ ਦਿੱਕਤਾ ਆ ਰਹੀ ਸੀ, ਸਗੋਂ ਬਾਰਿਸ਼ ਦੌਰਾਨ ਪਾਣੀ ਇਕੱਠਾ ਹੋਣ ਕਾਰਨ ਲੋਕਾਂ ਨੂੰ ਲੰਘਣਾ ਔਖਾ ਹੋ ਜਾਂਦਾ ਹੈ। ਮੁੱਖ ਮੰਤਰੀ ਫੀਲਡ ਅਫ਼ਸਰ ਨੇ ਦੁਕਾਨਦਾਰਾਂ ਨੂੰ ਅਗਾਹ ਕਰਦਿਆਂ ਕਿਹਾ ਕਿ ਅਗਲੀ ਵਾਰ ਜਾਂਚ ਦੌਰਾਨ ਜੇਕਰ ਕੋਈ ਦੁਕਾਨਦਾਰ ਦੁਕਾਨ ਤੋਂ ਬਾਹਰ ਸਮਾਨ ਰੱਖਦਾ ਮਿਲਿਆ, ਤਾਂ ਉਸ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਅਤੇ ਜੁਰਮਾਨਾਂ ਵੀ ਲਾਇਆ ਜਾ ਸਕਦਾ ਹੈ ।

# ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 8 ਸਤੰਬਰ (ਵਿਨੋਦ ਸ਼ਰਮਾ) : ਥਾਣਾ ਅਨਾਜ ਮੰਡੀ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਭੀਮ ਵਾਸੀ ਕਿਰਾਏਦਾਰ ਗਲੀ ਨੰ. 3 ਨਿਊ ਕਰਤਾਰ ਪਾਰਕ ਬੰਨਾ ਰੋਡ ਪਟਿਆਲਾ ਵਿਰੁੱਧ ਧਾਰਾ 27, 61,85 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ। ਏਐਸਆਈ ਗੁਰਭੇਜ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਗੁਰੂ ਨਾਨਕ ਨਗਰ ਆਸ਼ਰਮ ਪਟਿਆਲਾ ਪਾਸ ਮੌਜੂਦ ਸੀ, ਜੋ ਇਤਲਾਹ ਮਿਲੀ ਕਿ ਦੋਸ਼ੀ ਨਸ਼ੇ ਕਰਨ ਦਾ ਆਦੀ ਹੈ, ਜੋ ਅੱਜ ਵੀ ਰਸੂਲਪੁਰ ਸੈਦਾ ਦੇ ਗਰਾਊਂਡ ਵਿੱਚ ਬੈਠਾ ਨਸ਼ਾ ਕਰ ਰਿਹਾ ਹੈ, ਜੋ ਦੋਸ਼ੀ ਪਰ ਰੇਡ ਕਰਕੇ 1 ਲਾਇਟਰ, ਸਿਲਵਰ ਪੇਪਰ ਅਤੇ ਸਿਲਵਰ ਪੇਪਰ ਦੀ ਬਣਾਈ ਹੋਈ ਪਾਇਪ ਬ੍ਰਾਮਦ ਹੋਈ।

# ਹੜ੍ਹ ਤੋਂ ਪ੍ਰਭਾਵਤ ਲੋਕਾਂ ਦੀ ਹਰ ਸੰਭਵ ਸਹਾਇਤਾ ਕਰ ਰਹੀ ਹੈ ਪੰਜਾਬ ਸਰਕਾਰ: ਜੌੜਾਮਾਜਰਾ

## ☛ਵਿਧਾਇਕ ਵੱਲੋਂ ਹਰੀਪੁਰ, ਹਾਸ਼ਮਪੁਰ ਮਾਂਗਟਾਂ ਤੇ ਸਸੀ ਬ੍ਰਾਹਮਣਾ ਵਿਖੇ ਰਾਸ਼ਨ ਕਿੱਟਾਂ ਤੇ ਪਸ਼ੂਆਂ ਲਈ ਚਾਰਾ ਤਕਸੀਮ

ਸਮਾਨਾ, 8 ਸਤੰਬਰ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ) : ਸਮਾਣਾ ਤੋਂ ਵਿਧਾਇਕ ਸ. ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਘੱਗਰ ਦੇ ਪਾਣੀ 'ਚ ਘਿਰੇ ਪਿੰਡਾਂ ਹਰੀਪੁਰ, ਹਾਸ਼ਮਪੁਰ ਮਾਂਗਟਾਂ ਤੇ ਸਸੀ ਬ੍ਰਾਹਮਣਾ ਵਿਖੇ ਪਿੰਡ ਦੇ ਵਸਨੀਕਾਂ ਨੂੰ ਰਾਸ਼ਨ ਕਿੱਟਾਂ ਤੇ ਪਸ਼ੂਆਂ ਲਈ ਚਾਰਾ ਤੇ ਸਾਈਲੇਜ ਤਕਸੀਮ ਕੀਤਾ। ਇਸ ਮੌਕੇ ਉਨ੍ਹਾਂ ਨੇ ਲੋਕਾਂ ਨਾਲ ਗੱਲਬਾਤ ਕਰਦਿਆਂ ਜਿੱਥੇ ਉਨ੍ਹਾਂ ਦੀ ਸੁੱਖ-ਸਾਂਦ ਪੁੱਛੀ ਉੱਥੇ ਹੀ ਮਾਲ-ਡੰਗਰ ਤੇ ਫ਼ਸਲਵਾੜੀ ਬਾਬਤ ਵੀ ਹਾਲ-ਚਾਲ ਜਾਣਿਆ। ਜੌੜਾਮਾਜਰਾ ਨੇ ਲੋਕਾਂ ਦਾ ਦੁੱਖ ਵੰਡਾਉਂਦਿਆਂ ਭਰੋਸਾ ਦਿੱਤਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਹੜ੍ਹ ਪ੍ਰਭਾਵਿਤ ਲੋਕਾਂ ਦੀ ਹਰ ਸੰਭਵ



ਸਹਾਇਤਾ ਕਰੇਗੀ। ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਇਹ ਐਲਾਨ ਕਰ ਚੁੱਕੇ ਹਨ, ਕਿ ਹੜ੍ਹਾਂ ਕਾਰਨ ਲੋਕਾਂ ਦੇ ਹੋਏ ਨੁਕਸਾਨ ਦਾ ਇੱਕ-ਇੱਕ ਪੈਸਾ ਮੁਆਵਜੇ ਵਜੋਂ ਦਿੱਤਾ ਜਾਵੇਗਾ। ਇਸ ਤੋਂ ਬਿਨ੍ਹਾਂ ਮੁੱਖ ਮੰਤਰੀ ਨੇ ਜ਼ਿਲ੍ਹੇ ਵਿੱਚ ਭਾਰੀ ਮੀਂਹ ਸਮੇਤ ਘੱਗਰ ਤੇ ਹੋਰ ਦਰਿਆਵਾਂ ਦੇ ਪਾਣੀ ਕਰਕੇ ਹੜ੍ਹਾਂ ਨਾਲ ਹੋਏ ਫ਼ਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਦੇ ਹੁਕਮ ਪਹਿਲਾਂ ਹੀ ਜਾਰੀ ਕੀਤੇ ਹੋਏ ਹਨ ਅਤੇ ਅੱਜ ਕੈਬਨਿਟ ਮੀਟਿੰਗ ਕਰਕੇ ਜਿਸਦਾ ਖੇਤ ਉਸਦੀ ਰੇਤ ਨੀਤੀ ਸਮੇਤ ਹੋਰ ਵੱਡੀ ਪੱਧਰ 'ਤੇ ਮੁਆਵਜ਼ਾ ਦੇਣ ਦਾ ਵੀ ਐਲਾਨ ਕਰ ਦਿੱਤਾ ਹੈ। ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਨਦੀਆਂ 'ਚ ਆਏ ਪਾਣੀ ਨੇ ਪਟਿਆਲਾ ਜ਼ਿਲ੍ਹੇ ਦੇ ਕਈ ਪਿੰਡਾਂ ਅੰਦਰ ਵੀ ਘਰਾਂ ਸਮੇਤ ਫ਼ਸਲਾਂ ਦਾ ਭਾਰੀ ਨੁਕਸਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਦੇ ਹੁਕਮਾਂ 'ਤੇ ਪਹਿਰਾ ਦਿੰਦਿਆਂ ਹੜ੍ਹ ਪੀੜਤਾਂ ਦੀਆਂ ਤਕਲੀਫ਼ਾ ਨੂੰ ਘਟਾ ਕੇ ਫ਼ੌਰੀ ਰਾਹਤ ਦੇਣ ਲਈ ਉਨ੍ਹਾਂ ਸਮੇਤ ਸਾਰੇ ਮੰਤਰੀ, ਵਿਧਾਇਕ, ਅਧਿਕਾਰੀ ਤੇ ਕਰਮਚਾਰੀ ਦਿਨ ਰਾਤ ਇੱਕ ਕਰਕੇ ਹੜ੍ਹ ਪੀੜਤਾਂ ਦੀ ਸਾਰ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸ ਔਖੀ ਘੜੀ ਵਿੱਚ ਆਪਣੇ ਲੋਕਾਂ ਦੇ ਨਾਲ ਡਟ ਕੇ ਖੜ੍ਹੀ ਹੈ। ਇਸ ਮੌਕੇ ਐੱਸ ਡੀ ਐਮ ਹਰਜੋਤ ਕੌਰ ਮਾਵੀ, ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਬੀ.ਡੀ.ਪੀ.ਓ. ਸੁਖਵਿੰਦਰ ਸਿੰਘ ਟਿਵਾਣਾ, ਡਰੇਨੇਜ ਵਿਭਾਗ ਦੇ ਕਾਰਜਕਾਰੀ ਇੰਜੀਨੀਅਰ ਪ੍ਰਥਮ ਗੰਭੀਰ ਸਮੇਤ ਸਰਪੰਚ ਤੇ ਹੋਰ ਪਤਵੰਤੇ ਹਾਜ਼ਰ ਸਨ।

# ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਉਦੈ ਭਾਨੂ ਚਿੱਬ ਪਹੁੰਚੇ ਪਟਿਆਲਾ

## ☛ਹੜ੍ਹ ਪੀੜਤਾਂ ਨਾਲ ਕਾਂਗਰਸ ਪਾਰਟੀ ਪੂਰੀ ਤਰ੍ਹਾਂ ਖੜ੍ਹੀ: ਮੋਹਿਤ ਮਹਿੰਦਰਾ



ਪਟਿਆਲਾ, 8 ਸਤੰਬਰ (ਰੁਪਾਣਾ) : ਹੜ੍ਹ ਪੀੜਤਾਂ ਦੇ ਦੁੱਖ-ਦਰਦ ਨੂੰ ਸਾਂਝਾ ਕਰਨ ਲਈ ਆਲ ਇੰਡੀਆ ਯੂਥ ਕਾਂਗਰਸ ਦੇ ਪ੍ਰਧਾਨ ਸ਼੍ਰੀ ਉਦੈ ਭਾਨੂ ਚਿੱਬ ਖ਼ਾਸ ਤੌਰ 'ਤੇ ਪਟਿਆਲਾ ਪੁੱਜੇ। ਇਸ ਮੌਕੇ ਪਟਿਆਲਾ ਰੂਰਲ ਦੇ ਯੂਥ ਕਾਂਗਰਸ ਆਗੂ ਮੋਹਿਤ ਮਹਿੰਦਰਾ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਹੜ੍ਹਾਂ ਕਰਕੇ ਹਜ਼ਾਰਾਂ ਲੋਕਾਂ ਦੀ ਜ਼ਿੰਦਗੀ ਪ੍ਰਭਾਵਿਤ ਹੋਈ ਹੈ। ਕਈ ਪਰਿਵਾਰ ਆਪਣੇ ਘਰਾਂ ਤੋਂ ਬੇਘਰ ਹੋ ਗਏ ਹਨ, ਕਿਸਾਨਾਂ ਦੀਆਂ ਫ਼ਸਲਾਂ ਪੂਰੀ ਤਰ੍ਹਾਂ ਤਬਾਹ ਹੋ ਚੁੱਕੀਆਂ ਹਨ, ਜਦਕਿ ਅਨੇਕਾਂ ਪਸ਼ੂਆਂ ਦੀ ਮੌਤ ਨੇ ਕਿਸਾਨਾਂ ਦੀ ਮੁਸੀਬਤ ਹੋਰ ਵੀ ਵਧਾ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਕਾਂਗਰਸ ਪਾਰਟੀ ਲੋਕਾਂ ਦੇ ਨਾਲ ਪੂਰੀ ਤਰ੍ਹਾਂ ਖੜ੍ਹੀ ਹੈ । ਇਸ ਮੌਕੇ ਅੰਮ੍ਰਿਤਸਰ ਸ਼ਹਿਰੀ ਪ੍ਰਧਾਨ ਰਾਹੁਲ ਸ਼ਰਮਾ, ਦਿਹਾਤੀ ਪ੍ਰਧਾਨ ਜਰਮਨ, ਆਈ ਵਾਈ ਸੀ ਸੈਕਟਰੀ ਨਵਨੀਤ ਸਿੰਘ ਅਤੇ ਹੋਰ ਕਈ ਯੂਥ ਆਗੂ ਅਤੇ ਵਰਕਰ ਮੌਜੂਦ ਰਹੇ।ਮੋਹਿਤ ਮਹਿੰਦਰਾ ਨੇ ਆਗੂਆਂ ਅਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਹੜ੍ਹ ਪੀੜਤਾਂ ਨੂੰ ਆਪਣਾ ਪਰਿਵਾਰ ਸਮਝਣ ਅਤੇ ਉਨ੍ਹਾਂ ਨੂੰ ਹਰ ਸੰਭਵ ਸਹਾਇਤਾ ਦੇਣ ਵਿੱਚ ਕੋਈ ਕਮੀ ਨਾ ਛੱਡਣ।

# ਸੰਗਠਨ ਸਿਰਜਣ ਅਭਿਆਨ ਨਾਲ ਕਾਂਗਰਸ ਦਾ ਹੋਰ ਵੀ ਸੰਗਠਨ ਮਜ਼ਬੂਤ ਹੋਵੇਗਾ : ਸੰਜੇ ਦੱਤ

ਪਟਿਆਲਾ, 8 ਸਤੰਬਰ (ਰੁਪਾਣਾ) : ਸੰਗਠਨ ਸਿਰਜਣ ਅਭਿਆਨ ਤਹਿਤ ਕੁੱਲ ਹਿੰਦ ਕਾਂਗਰਸ ਕਮੇਟੀ ਵੱਲੋਂ ਨਿਯੁਕਤ ਕੀਤੇ ਗਏ ਸ੍ਰੀ ਸੰਜੇ ਦੱਤ (ਸੱਕਤਰ ਕੁਲ ਹਿੰਦ ਕਾਂਗਰਸ) ਵੱਲੋਂ ਜ਼ਿਲ੍ਹਾ ਕਾਂਗਰਸ ਕਮੇਟੀ ਪਟਿਆਲਾ ਸ਼ਹਿਰੀ ਦੇ ਅਹੁਦੇਦਾਰਾਂ ਅਤੇ ਵਰਕਰ ਸਹਿਬਾਨਾਂ ਨਾਲ ਕਾਰਜਕਰਤਾ ਸੰਮੇਲਨ ਰੱਖਿਆ ਗਿਆ, ਜਿਸ ਵਿੱਚ ਪੀਸੀਸੀ ਵੱਲੋਂ ਨਿਯੁਕਤ ਆਬਜ਼ਰਵਰ ਸਿਮਰਜੀਤ ਸਿੰਘ ਬੈਂਸ, ਸਿਤਾਰ ਮੁਹੰਮਦ ਲਿਬੜਾ ਅਤੇ ਸ਼ੁਭਮ ਸ਼ਰਮਾ ਧੂਰੀ ਵਿਸ਼ੇਸ਼ ਤੌਰ 'ਤੇ ਪਹੁੰਚੇ। ਸਟੇਜ ਦਾ ਸੰਚਾਲਨ ਬਲਾਕ ਪ੍ਰਧਾਨ ਰਾਜੇਸ਼ ਮੰਡੋਰਾ ਨੇ ਬਹੁਤ ਵਧੀਆ ਢੰਗ ਨਾਲ ਕੀਤਾ ਅਤੇ ਹਰਵਿੰਦਰ ਸਿੰਘ ਨਿੱਪੀ ਨੇ ਸੰਜਯ ਦੱਤ ਨੂੰ ਜੀ ਆਇਆਂ ਕਿਹਾ। ਇਸ ਉਪਰੰਤ , ਡਾ. ਧਰਮਵੀਰ ਗਾਂਧੀ ਮੈਂਬਰ ਪਾਰਲੀਮੈਂਟ, ਗੁਰਸ਼ਰਨ ਕੌਰ ਰੰਧਾਵਾ, ਮੋਹਿਤ ਮੋਹਿੰਦਰਾ , ਸਿਮਰਜੀਤ ਸਿੰਘ ਬੈਂਸ, ਸਿਤਾਰ ਮੁਹੰਮਦ ਲਿਬੜਾ, ਵਿਸ਼ਨੂੰ ਸ਼ਰਮਾ, ਨਰਿੰਦਰ ਪਾਲ ਲਾਲੀ, ਸੰਜੀਵ ਸ਼ਰਮਾ ਕਾਲੂ ਸਾਰੇ ਬੁਲਾਰਿਆਂ ਨੇ ਵਰਕਰਾਂ ਨੂੰ ਸੰਬੋਧਨ ਕੀਤਾ। ਇਸ ਮੌਕੇ ਕੁੱਲ ਹਿੰਦ ਦੇ ਸਕੱਤਰ ਅਤੇ ਆਬਜ਼ਰਵਰ ਸੰਜੇ ਦੱਤ ਬੋਲਦਿਆਂ ਕਿਹਾ ਕਿ ਸੰਗਠਨ ਸਿਰਜਣ ਅਭਿਆਨ ਕਾਂਗਰਸ ਦੀ ਮਜ਼ਬੂਤੀ ਲਈ ਜ਼ਰੂਰੀ ਹੈ ।ਸੰਗਠਨ ਸਿਰਜਣ ਅਭਿਆਨ ਨਾਲ ਕਾਂਗਰਸ ਪਾਰਟੀ ਦਾ ਹੋਰ ਵੀ ਸੰਗਠਨ ਮਜ਼ਬੂਤ ਹੋਵੇਗਾ। ਰਾਹੁਲ ਗਾਂਧੀ ਸੰਗਠਨ ਨੂੰ ਬਹੁਤ ਬਾਰੀਕੀ ਨਾਲ ਵਿਚਾਰ ਕਰ ਰਹੇ ਹਨ । ਇਸ ਅਭਿਆਨ ਤਹਿਤ ਕਾਂਗਰਸ ਪਾਰਟੀ ਆਪਣੀ 2027 ਵਿਚ ਬਹੁਮਤ ਨਾਲ ਸਰਕਾਰ ਬਣਾਏਗੀ। ਸੰਗਠਨ ਸਿਰਜਣ ਅਭਿਆਨ ਦਾ ਮੁੱਖ ਟੀਚਾ ਵਰਕਰਾਂ ਨੂੰ ਇੱਜ਼ਤ ਅਤੇ ਨਵੇਂ ਅਧਿਕਾਰ ਦੇਣਾ ਹੈ।ਇਸ ਮੌਕੇ ਪੀਸੀਸੀ ਦੇ ਆਬਜ਼ਰਵਰ ਰਿੰਪਲ ਮਿੱਡਾ, ਹਰਿ ਓਮ ਠਾਕੁਰ ਕੋਆਰਡੀਨੇਟਰ ਮਹਿਕ ਰਣਜੀਤ ਸਿੰਘ ਗਰੇਵਾਲ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।ਇਸ ਤੋਂ ਬਾਅਦ ਪ੍ਰਧਾਨ ਨਰੇਸ਼ ਦੁੱਗਲ ਨੇ ਸੰਜੇ ਦੱਤ ਅਤੇ ਡਾਕਟਰ ਧਰਮਵੀਰ ਗਾਂਧੀ ਦਾ ਸਨਮਾਨ ਕੀਤਾ। ਇਸ ਤੋਂ ਬਾਅਦ ਸੰਜੇ ਦੱਤ ਅਤੇ ਸੀਨੀਅਰ ਲੀਡਰਸ਼ਿਪ ਨੇ ਮੀਡੀਆ ਨੂੰ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਗੋਪਾਲ ਸਿੰਗਲਾ, ਕੰਵਲਜੀਤ ਸਿੰਘ ਸਹਿਗਲ, ਰੇਖਾ ਅਗਰਵਾਲ, ਐਡਵੋਕੇਟ ਨਰਿੰਦਰ ਕਪੂਰ, ਰਵਿੰਦਰ ਟੋਨੀ, ਅਮਨਦੀਪ ਅਮਨ, ਜਤਿੰਦਰ ਕਾਲੜਾ, ਗਿਆਨੇਸ਼ਵਰ ਪੰਜੋਲਾ, ਹਰੀਸ਼ ਅਗਰਵਾਲ, ਰਾਜੇਸ਼ ਸ਼ਰਮਾ ਰਾਜੂ, ਦਿਨੇਸ਼ ਸ਼ਰਮਾ, ਹਰਵਿੰਦਰ ਸ਼ੁਕਲਾ ਸਾਰੇ ਬਲਾਕ ਪ੍ਰਧਾਨ, ਅਨਿਲ ਮੌਦਗਿਲ, ਰਿਚੀ ਡਕਾਲਾ, ਨਵਦੀਪ ਸ਼ਰਮਾ, ਰਾਕੇਸ਼ ਸ਼ਰਮਾ ਕੇਸ਼ੀ ਪੰਡਿਤ , ਵਿਜੈ ਕੇਸਲਾ, ਮਹਿੰਦਰ ਸਿੰਘ ਬਡੂੰਗਰ, ਸੰਜਯ ਹੰਸ, ਰਾਜੇਸ਼ ਬਗਨ ,ਅਨੁਜ ਤ੍ਰਿਵੇਦੀ, ਅਨਿਲ ਮਹਿਤਾ ਮਦਨ ਲਾਲ ਭਾਂਬਰੀ, ਗੌਤਮ ਸਲੂਜਾ ਪ੍ਰਧਾਨ ਆਈ.ਟੀ ਸੈੱਲ, ਗੌਰਵ ਗੋਇਲ, ਦੀਪ ਟੰਡਨ ਸੋਸ਼ਲ ਮੀਡੀਆ ਇੰਚਾਰਜ ਡੀ ਸੀ ਸੀ, ਵਿਕੀ ਵਰਮਾ,ਵਿਕਾਸ ਗਿੱਲ, ਅਮਰਜੀਤ ਸਹੋਤਾ, ਤਰੁਣ ਰੱਤੀ , ਮਦਨ ਲਾਲ ਭਵਾਰੀ, ਸੰਤੋਕ ਸਿੰਘ , ਗੁਰਦੇਵ ਸਿੰਘ ਪੁਨੀਆ , ਸ਼ਾਰਦਾ ਦੇਵੀ ਹੋਰ ਵੀ ਵੱਡੀ ਗਿਣਤੀ ਵਿੱਚ ਅਹੁਦੇਦਾਰਾਂ ਅਤੇ ਵਰਕਰ ਸਹਿਬਾਨਾਂ ਨੇ ਸ਼ਮੂਲੀਅਤ ਕੀਤੀ।

# ਪਿੰਡ ਉਲਟਪੁਰ ਦੇ ਕਿਸਾਨਾਂ ਦੀ ਝੋਨੇ ਦੀ ਬਰਬਾਦ ਹੋਈ ਫਸਲ ਦੇਖ ਕੇ ਭਾਵੁਕ ਹੋਏ ਹਰਿੰਦਰਪਾਲ ਸਿੰਘ ਚੰਦੂਮਾਜਰਾ

ਭੁਨਰਹੇੜੀ, 8 ਸਤੰਬਰ (ਗੁਰਜੀਤ ਸਿੰਘ ਢੋਟ) : ਅੱਜ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਹਲਕਾ ਸਨੌਰ ਦੇ ਪਿੰਡ ਉਲਟਪੁਰ, ਜਲਾਹਖੇੜੀ ਅਤੇ ਮਹਿਮੂਦਪੁਰ ਆਦਿ ਵੱਖ ਵੱਖ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ ਕੀਤਾ। ਇਸ ਮੌਕੇ ਸਾਬਕਾ ਵਿਧਾਇਕ ਨੇ ਚੰਦੂਮਾਜਰਾ ਪਿੰਡ ਉਲਟਪੁਰ ਦੇ ਕਿਸਾਨਾਂ ਦੀ ਝੋਨੇ ਦੀ ਬਰਬਾਦ ਹੋਈ ਫਸਲ ਨੂੰ ਦਖੇ ਕੇ ਭਾਵਕ ਹੋ ਗਏ ਅਤੇ ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਇਸ ਸੌਖੀ ਘੜੀ ਵਿੱਚ ਕਿਸਾਨਾਂ ਦੀ ਬਾਂਹ ਫੜੇ ਅਤੇ ਉਚਿਤ ਮੁਆਵਜ਼ਾ ਦੇਣ ਦਾ ਐਲਾਨ ਕਰੇ। ਉਹਨਾਂ ਕਿਹਾ ਹੜ੍ਹ ਪ੍ਰਭਾਵਿਤ ਖੇਤਰ ਲਈ ਸੂਬਾ ਸਰਕਾਰ ਫੌਰੀ ਵਿਸ਼ੇਸ਼ ਵਿੱਤੀ ਪੈਕੇਜ ਜਾਰੀ ਕਰੇ। ਉਨ੍ਹਾਂ ਆਖਿਆ ਕਿ ਹੜ੍ਹਾਂ ਦੇ ਪਾਣੀ ਨਾਲ ਵੱਡੀ ਪੱਧਰ ਉੱਤੇ ਲੋਕਾਂ ਦੀਆਂ ਫ਼ਸਲ ਨੁਕਸਾਨੇ ਜਾਣ ਨਾਲ ਕਿਸਾਨਾਂ ਨੂੰ ਸੈਂਕੜੇ ਕਰੋੜ ਰੁਪਏ ਦਾ ਘਾਟਾ ਪਵੇਗਾ, ਜਿਸਦੀ ਭਰਪਾਈ ਸਰਕਾਰ ਨੂੰ ਕਰਨੀ ਚਾਹੀਦੀ ਹੈ। ਸਾਬਕਾ ਵਿਧਾਇਕ ਚੰਦੂਮਾਜਰਾ ਨੇ ਕਿਹਾ ਕਿ



ਹੜ੍ਹਾਂ ਦੇ ਪਾਣੀ ਨਾਲ ਫ਼ਸਲਾਂ ਦੇ ਬਰਬਾਦ ਹੋਣ ਦੇ ਨਾਲ-ਨਾਲ ਪਾਣੀ ਤੋਂ ਬਚੀਆਂ ਫਸਲਾਂ ਦੇ ਝਾੜ ਉੱਤੇ ਵੀ ਵੱਡਾ ਅਸਰ ਪਏਗਾ। ਉਹਨਾਂ ਕਿਹਾ ਕਿ ਭਾਵੇਂ ਫ਼ਸਲਾਂ ਦੇਖਣ ਵਿੱਚ ਹਰੀਆਂ ਲੱਗ ਰਹੀਆਂ ਹਨ, ਪ੍ਰੰਤੂ ਜ਼ਿਆਦਾ ਮਾਤਰਾ ਵਿੱਚ ਮੀਂਹ ਦੇ ਪਾਣੀ ਕਰਕੇ ਫ਼ਸਲਾਂ ਜੜ੍ਹਾਂ ਤੋਂ ਕਮਜ਼ੋਰ ਪੈਣ ਲੱਗ ਪਈਆਂ ਹਨ, ਜਿਸਦਾ ਸਿੱਧਾ ਅਸਰ ਝਾੜ ਉੱਤੇ ਪੈਣ ਸੁਭਾਵਿਕ ਹੈ। ਚੰਦੂਮਾਜਰਾ ਨੇ ਕਿਹਾ ਕਿ ਸੂਬਾ ਸਰਕਾਰ ਆਪਣੀ ਇਖਲਾਕੀ ਜ਼ਿੰਮੇਵਾਰੀ ਸਮਝਦਿਆਂ ਫ਼ਸਲਾਂ ਦੇ ਝਾੜ ਉੱਤੇ ਪੈ ਰਹੇ ਇਸ ਮਾਰੂ ਅਸਰ ਦੀ ਤੁਰੰਤ ਭਰਪਾਈ ਕਰੇ। ਇਸ ਮੌਕੇ ਜਥੇਦਾਰ ਕੁਲਦੀਪ ਸਿੰਘ ਨੇ ਸਾਬਕਾ ਵਿਧਾਇਕ ਹਰਿੰਦਰ ਪਾਲ ਸਿੰਘ ਚੰਦੂਮਾਜਰਾ ਨੂੰ ਕਿਹਾ ਕਿ ਉਹ ਸਰਕਾਰ ਕੋਲ ਕਿਸਾਨਾਂ ਦੀ ਆਵਾਜ਼ ਬਣ ਕੇ ਕਿਸਾਨਾਂ ਦੇ ਹੱਕ ਵਿੱਚ ਜਰੂਰ ਨਿਤਰਨ ਤਾਂ ਜੋ ਸੁੱਤੀ ਪਈ ਸਰਕਾਰ ਦੀ ਕੁੰਭ ਕਰਨੀ ਨੀਂਦ ਖੁੱਲ ਸਕੇ।ਇਸ ਮੌਕੇ ਕੁਲਦੀਪ ਸਿੰਘ ਉਲਟਪੁਰ, ਹਰਚੰਦ ਸਿੰਘ ਮਹਿਮੂਦਪੁਰ, ਜਗਜੀਤ ਸਿੰਘ ਕੋਹਲੀ, ਗੁਰਜੀਤ ਉਪਲੀ,ਪਰਮਜੀਤ ਸਿੰਘ ਉਲਟਪੁਰ, ਬਲਜਿੰਦਰ ਸਿੰਘ, ਬਲਦੇਵ ਸਿੰਘ, ਬਲਜਿੰਦਰ ਸਿੰਘ, ਅਰੁਣ ਕਰਮ ਸਿੰਘ, ਸਵਰਨ ਸਿੰਘ, ਪੱਪੂ , ਕਸ਼ਮੀਰ ਸਿੰਘ, ਮਨਕੀਰਤ ਸਿੰਘ ਤੋਂ ਇਲਾਵਾ ਕਿਸਾਨ, ਮਜ਼ਦੂਰ ਅਤੇ ਦੁਕਾਨਦਾਰ ਸ਼ਾਮਿਲ ਸਨ।

# ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ ਨੇ ਹੜ੍ਹ ਪੀੜ੍ਹਤਾਂ ਲਈ ਰਾਹਤ ਸਮੱਗਰੀ ਭੇਜੀ





ਪਟਿਆਲਾ, 8 ਸਤੰਬਰ (ਵਿਨੋਦ ਸ਼ਰਮਾ) : ਕਾਰਜਕਾਰੀ ਚੇਅਰਮੈਨ, ਪੰਜਾਬ ਸਟੇਟ ਲੀਗਲ ਸਰਵਿਸਿਜ਼ ਅਥਾਰਟੀ, ਐਸ.ਏ.ਐਸ. ਨਗਰ ਅਤੇ ਮੈਂਬਰ ਸਕੱਤਰ ਪੰਜਾਬ ਸਟੇਟ ਲੀਗਲ ਸਰਵਿਸਿਜ਼ ਅਥਾਰਟੀ ਨਵਜੋਤ ਕੌਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਦਿਆਂ , ਜ਼ਿਲ੍ਹਾ ਪਟਿਆਲਾ ਵਿੱਚ ਹੜ੍ਹ ਪੀੜਤ ਪਰਿਵਾਰਾਂ ਦੀ ਸਹਾਇਤਾ ਲਈ ਵੱਡੇ ਪੱਧਰ 'ਤੇ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਲੜੀ ਤਹਿਤ ਅੱਜ ਹਰਿੰਦਰ ਸਿੱਧੂ ਵੱਲੋਂ ਪਿੰਡ ਅਲੀਪੁਰ (ਨਾਭਾ) ਦੇ ਹੜ੍ਹ ਪੀੜਤਾਂ ਲਈ ਇਕ ਵੈਨ, ਜਿਸ ਵਿੱਚ ਤਰਪਾਲਾਂ, ਰਾਸ਼ਨ ਅਤੇ ਹੋਰ ਜਰੂਰੀ ਸਮਾਨ ਭਰਿਆ ਹੋਇਆ ਸੀ ਨੂੰ ਰਵਾਨਾ ਕੀਤਾ ਗਿਆ।ਇਹਨਾਂ ਉਪਰਾਲਿਆਂ ਦੀ ਅਗਵਾਈ ਜ਼ਿਲ੍ਹਾ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ, ਪਟਿਆਲਾ ਵੱਲੋਂ ਕੀਤੀ ਜਾ ਰਹੀ ਹੈ। ਉਹਨਾਂ ਦੇ ਨਿਰਦੇਸ਼ਾਂ ਅਨੁਸਾਰ ਜ਼ਿਲ੍ਹੇ ਦੇ ਵੱਖ-ਵੱਖ ਬਲਾਕਾਂ ਵਿੱਚ ਕੋਰ ਯੂਨਿਟ ਬਣਾਏ ਗਏ ਹਨ, ਜੋ ਹੜ੍ਹ ਪੀੜਤਾਂ ਤੱਕ ਤੁਰੰਤ ਮਦਦ ਪੰਹੁਚਾ ਰਹੇ ਹਨ। ਹਰਿੰਦਰ ਸਿੱਧੂ ਨੇ ਦੱਸਿਆ ਕਿ ਪਿੰਡ ਅਲੀਪੁਰ ਦੇ ਸਰਪੰਚ ਅਤੇ ਹੋਰ ਪੰਚਾਇਤੀ ਮੈਂਬਰਾਂ ਵੱਲੋਂ ਮਿਲੀ ਮੰਗ ਦੇ ਅਧਾਰ 'ਤੇ ਇਹ ਰਾਹਤ ਸਮੱਗਰੀ ਭੇਜੀ ਗਈ ਹੈ। ਇਸ ਮੌਕੇ ਜੱਜ ਸੰਦੀਪ ਕੁਮਾਰ ਸਿੰਗਲਾ, ਅਵਤਾਰ ਸਿੰਘ ਬਾਰੜਾ, ਹਰਜੀਤ ਸਿੰਘ, ਮਾਨੀ ਅਰੋੜਾ, ਏਕਤਾ ਸਹੋਤਾ, ਅਤੇ ਚੀਫ਼ ਜੂਡੀਸ਼ੀਅਲ ਮੈਜਿਸਟ੍ਰੇਟ ਅਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦਾ ਸਟਾਫ਼ ਅਤੇ ਹਾਜ਼ਰ ਸੀ।

# ਪੁਲਿਸ ਵੱਲੋਂ ਬੱਸ ਸਟੈਂਡ 'ਚ ਰੁਟੀਨ ਚੈਕਿੰਗ



ਸਮਾਣਾ, 8 ਸਤੰਬਰ (ਵਿਜੇ ਕੁਮਾਰ) : ਐਸ.ਐਸ.ਪੀ. ਵਰੁਣ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਤੇ ਡੀ.ਐਸ.ਪੀ ਫ਼ਤਿਹ ਸਿੰਘ ਬਰਾੜ ਦੀ ਅਗਵਾਈ ਹੇਠ ਸੋਮਵਾਰ ਨੂੰ ਸਮਾਣਾ ਬੱਸ ਸਟੈਂਡ ਅੰਦਰ ਰੁਟੀਨ ਚੈਕਿੰਗ ਕੀਤੀ ਗਈ। ਇਸ ਮੌਕੇ ਸਿਟੀ ਥਾਣੇ ਦੇ ਐਸ.ਐਚ.ਓ. ਵਿਨਰਪ੍ਰੀਤ ਸਿੰਘ ਅਤੇ ਸਦਰ ਥਾਣੇ ਦੇ ਐਸ.ਐਚ.ਓ.ਅਜੇ ਕੁਮਾਰ ਪਰੋਚਾ ਨੇ ਟੀਮ ਸਮੇਤ ਚੈਕ ਕੀਤਾ। ਬੱਸ ਸਟੈਂਡ ਵਿੱਚ ਖੜ੍ਹੀਆਂ ਬੱਸਾਂ ਅਤੇ ਆਉਣ ਜਾਣ ਵਾਲੇ ਯਾਤਰੀਆਂ ਦੀ ਵੀ ਬਾਰੀਕੀ ਨਾਲ ਜਾਂਚ ਕੀਤੀ ਗਈ।ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਹ ਚੈਕਿੰਗ ਰੁਟੀਨ ਵਜੋ ਕੀਤੀ ਜਾਂਦੀ ਹੈ, ਤਾਂ ਜੋ ਸ਼ਹਿਰ ਵਿੱਚ ਕਾਨੂੰਨ-ਵਿਵਸਥਾ ਬਣੀ ਰਹੇ ਅਤੇ ਕਿਸੇ ਵੀ ਕਿਸਮ ਦੀ ਗਲਤ ਸਰਗਰਮੀ 'ਤੇ ਨਿਗਰਾਨੀ ਰੱਖੀ ਜਾ ਸਕੇ।

# ਵੱਖ-ਵੱਖ ਸੜਕ ਹਾਦਸਿਆਂ 'ਚ ਦੋ ਦੀ ਮੌਤ, ਇੱਕ ਜ਼ਖਮੀ

ਪਟਿਆਲਾ, 8 ਸਤੰਬਰ (ਵਿਨੋਦ ਸ਼ਰਮਾ) : ਵੱਖ-ਵੱਖ ਸੜਕ ਹਾਦਸਿਆਂ ਵਿੱਚ ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਕੋਲ ਰਮਨਪ੍ਰੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਗਲੀ ਨੰ. 02 ਨਿਊ ਬਿਸ਼ਨ ਨਗਰ ਪਟਿਆਲਾ ਨੇ ਕਥਿਤ ਦੋਸ਼ੀ ਕਾਰ ਡਰਾਇਵਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਆਪਣੇ ਪਰਿਵਾਰ ਸਮੇਤ ਜਗਤਾਰ ਨਗਰ ਪਟਿਆਲਾ ਪਾਸ ਪੈਦਲ ਜਾ ਰਿਹਾ ਸੀ, ਜੋ ਅਣਪਛਾਤੇ ਡਰਾਇਵਰ ਨੇ ਆਪਣੀ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਅਤੇ ਉਸਦੀ ਭਰਜਾਈ ਮਰਜੀਨਾ ਬੇਗਮ ਵਿੱਚ ਮਾਰੀ, ਜਿਸ ਕਾਰਨ ਮਰਜੀਨਾ ਬੇਗਮ ਦੀ ਮੌਤ ਹੋ ਗਈ ਅਤੇ ਉਹ ਜੇਰੇ ਇਲਾਜ ਰਾਜਿੰਦਰਾ ਹਸਪਤਾਲ ਪਟਿਆਲਾ ਦਾਖਲ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ। ਇਸੇ ਤਰ੍ਹਾਂ ਥਾਣਾ ਤ੍ਰਿਪੜੀ ਪੁਲਿਸ ਕੋਲ ਕੁਲਵਿੰਦਰ ਸਿੰਘ ਪੁੱਤਰ ਦੀਦਾਰ ਸਿੰਘ ਵਾਸੀ ਅੰਬੇ ਮਾਜਰਾ ਫਤਿਹਗੜ੍ਹ ਹਾਲ ਘੁੰਮਣ ਨਗਰ ਪਟਿਆਲਾ ਨੇ ਕਥਿਤ ਦੋਸ਼ੀ ਕਾਰ ਦੇ ਡਰਾਇਵਰ ਕੁਲਵੰਤ ਸਿੰਘ ਵਾਸੀ ਆਨੰਦ ਨਗਰ-ਬੀ ਤ੍ਰਿਪੜੀ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਦੀ ਪਤਨੀ ਬਲਜੀਤ ਕੌਰ, ਜੋ ਕਿ ਸਕੂਟਰੀ 'ਤੇ ਸਵਾਰ ਹੋ ਕੇ ਪਿੰਡ ਸਿੱਧੂਵਾਲ ਪਾਸ ਠੇਕੇ ਨੇੜੇ ਜਾ ਰਹੀ ਸੀ ਤਾਂ ਕਥਿਤ ਦੋਸ਼ੀ ਡਰਾਇਵਰ ਨੇ ਆਪਣੀ ਕਾਰ ਤੇਜ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੀ ਪਤਨੀ ਵਿੱਚ ਮਾਰੀ, ਜਿਸ ਕਾਰਨ ਉਸ ਦੀ ਪਤਨੀ ਦੀ ਮੌਤ ਹੋ ਗਈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

# ਪਠਾਣਮਾਜਰਾ ਨੂੰ ਭਜਾਉਣ ਦੇ ਮਾਮਲੇ 'ਚ 11 ਵਿਅਕਤੀਆਂ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ

ਪਟਿਆਲਾ, 8 ਸਤੰਬਰ (ਵਿਨੋਦ ਸ਼ਰਮਾ) : ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਨੂੰ ਕਥਿਤ ਤੌਰ 'ਤੇ ਭਜਾਉਣ ਦੇ ਲੱਗੇ ਇਲਜ਼ਾਮ 'ਚ ਅਦਾਲਤ ਵਿੱਚ ਪੁਲਿਸ ਨੇ 11 ਵਿਅਕਤੀਆਂ ਨੂੰ ਪੇਸ਼ ਕੀਤਾ। ਅਦਾਲਤ ਨੇ ਕਥਿਤ ਦੋਸ਼ੀਆਂ ਨੂੰ 22 ਸਤੰਬਰ ਤੱਕ ਨਿਆਂਇਤ ਹਿਰਾਸਤ ਵਿਚ ਭੇਜ ਦਿੱਤਾ ਹੈ। ਬਚਾਅਪੱਖ ਲਈ ਸੀਨੀਅਰ ਵਕੀਲ ਪੇਸ਼ ਹੋਏ।

# ਸ਼ਹੀਦੀ ਦਿਹਾੜੇ ਦੇ ਸਬੰਧ 'ਚ ਗੁਰੂ ਘਰਾਂ ਦੇ ਦਰਸ਼ਨਾਂ ਲਈ ਪਾਕਿਸਤਾਨ ਦੀ ਸੰਗਤ ਲਈ ਖੁੱਲ੍ਹੇ ਵੀਜ਼ੇ ਦੀ ਮੰਗ

## ➢ਹੱਥ ਵਿੱਚ ਤਖਤੀ ਫੜ ਕੇ ਕੇਂਦਰ ਨੂੰ ਅਪੀਲ



ਪਟਿਆਲਾ, 8 ਸਤੰਬਰ (ਅਮਰਜੀਤ) : ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਗੁਰਪੁਰਬ ਤੇ ਨਾਲ ਹੀ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ, ਭਾਈ ਦਿਆਲਾ ਜੀ ਦਾ ਸ਼ਹੀਦੀ ਦਿਹਾੜਾ 25 ਨਵੰਬਰ ਨੂੰ ਪੂਰੇ ਵਿਸ਼ਵ ਭਰ ਵਿਚ ਮਨਾਇਆ ਜਾ ਰਿਹਾ ਹੈ। ਇਸ ਸਮਾਗਮ ਦੇ ਸਬੰਧ 'ਚ ਸੁਰਿੰਦਰ ਸਿੰਘ ਜੋ ਕਿ ਹੱਥਾਂ ਵਿੱਚ ਤਖਤੀਆਂ ਫੜ ਕੇ ਡਿਪਟੀ ਕਮਿਸ਼ਨਰ ਪਟਿਆਲਾ ਦੇ ਬਾਹਰ ਅਤੇ ਹੋਰ ਚੌਕਾਂ ਵਿਚ ਜਾ ਕੇ ਵਿਦੇਸ਼ ਮੰਤਰੀ, ਰੱਖਿਆ ਮੰਤਰੀ, ਗ੍ਰਹਿ ਮੰਤਰੀ, ਪ੍ਰਧਾਨ ਮੰਤਰੀ ਅਤੇ ਹੋਰ ਰਾਜਨੀਤਕ ਲੀਡਰਾਂ ਨੂੰ ਅਪੀਲ ਕਰ ਰਹੇ ਹਨ ਕਿ ਹਿੰਦੂ-ਸਿੱਖ ਅਤੇ ਭਾਈਚਾਰੇ ਦੇ ਲੋਕਾਂ ਨੂੰ ਕਰਤਾਰਪੁਰ ਸਾਹਿਬ (ਪਾਕਿਸਤਾਨ) ਤੋਂ ਆਉਣ ਲਈ ਸਿੱਧੀ ਇਜਾਜ਼ਤ ਦਿੱਤੀ ਜਾਵੇ ਅਤੇ ਖੁੱਲਾ ਵੀਜ਼ਾ ਦਿੱਤਾ ਜਾਵੇ ਤਾਂ ਜੋ ਸਮੁੱਚੀ ਨਾਮਲੇਵਾ ਸੰਗਤ ਇਸ ਧਾਰਮਿਕ ਸਥਾਨ 'ਤੇ ਸ਼ਹੀਦੀ ਦਿਹਾੜੇ ਦੇ ਸਬੰਧ ਵਿਚ ਖੁੱਲ੍ਹੇ ਦਰਸ਼ਨ ਦੀਦਾਰੇ ਕਰ ਸਕਣ। ਉਨ੍ਹਾਂ ਕਿਹਾ ਕਿ ਪਾਕਿਸਤਾਨ ਤੋਂ ਆਉਣ ਵਾਲੀ ਸੰਗਤ ਲਈ ਵਾਇਆ ਕਰਤਾਰਪੁਰ ਸਾਹਿਬ, ਗੁਰੂ ਕਾ ਮਹਿਲ, ਬਾਬਾ ਬਕਾਲਾ ਸਾਹਿਬ, ਆਨੰਦਪੁਰ ਸਾਹਿਬ, ਗੁਰਦੁਆਰਾ ਦੂਖਨਿਵਾਰਨ ਸਾਹਿਬ, ਧਮਧਾਨ ਸਾਹਿਬ, ਹਿਸਾਰ, ਜੀਂਦ, ਰੋਹਤਕ ਦੇ ਰਸਤੇ ਆਗਰਾ, ਗੁਰੂ ਕਾ ਤਾਲ ਸਾਹਿਬ, ਚਾਂਦਨੀ ਚੌਕ ਦਿੱਲੀ, ਸੀਸ ਗੰਜ ਸਾਹਿਬ ਤੇ ਹੋਰ ਗੁਰਦੁਆਰਾ ਸਾਹਿਬ ਦੇ ਦਰਸ਼ਨ ਕਰ ਸਕਣ। ਇਸ ਸਬੰਧ ਵਿੱਚ ਪਟਿਆਲਾ ਦੇ ਡਿਪਟੀ ਕਮਿਸ਼ਨਰ ਤੇ ਹੋਰ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਿਆ ਗਿਆ।

### ਡਾ. 'ਆਸ਼ਟ' ਵੱਲੋਂ ਤਾਮਿਲਨਾਡੂ ਦਾ ਸਾਹਿਤਕ ਦੌਰਾ

# ਤਾਮਿਲ ਅਤੇ ਪੰਜਾਬੀ ਬਾਲ ਸਾਹਿਤ ਦੇ ਆਪਸੀ ਅਨੁਵਾਦ ਦੀ ਲੋੜ: ਡਾ. ਦਰਸ਼ਨ ਸਿੰਘ 'ਆਸ਼ਟ

ਪਟਿਆਲਾ, 8 ਸਤੰਬਰ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਾਰਜਸ਼ੀਲ ਸਟੇਟ ਐਵਾਰਡੀ, ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਅਤੇ ਸਾਹਿਤ ਅਕਾਦਮੀ ਬਾਲ ਸਾਹਿਤ ਐਵਾਰਡੀ ਡਾ. ਦਰਸ਼ਨ ਸਿੰਘ 'ਆਸ਼ਟ'ਨੇ ਬੀਤੇ ਦਿਨੀਂ ਤਾਮਿਲਨਾਡੂ ਪ੍ਰਾਂਤ ਦੇ ਸਾਹਿਤਕ ਦੌਰੇ ਤਮਿਲਨਾਡੂ ਦੀ ਰਾਜਧਾਨੀ ਚੇਨਈ ਵਿਖੇ ਹੋਈ ਚਰਚਾ ਦੌਰਾਨ ਕਿਹਾ ਕਿ ਤਮਿਲ ਅਤੇ ਪੰਜਾਬੀ ਭਾਸ਼ਾ ਵਿਚ ਲਿਖੇ ਜਾ ਰਹੇ ਬਾਲ ਸਾਹਿਤ ਨੂੰ ਇਕ ਦੂਜੀ ਭਾਸ਼ਾ ਵਿਚ ਅਨੁਵਾਦ ਦੀ ਬਹੁਤ ਲੋੜ ਜ਼ਰੂਰਤ ਹੈ.ਡਾ. ਆਸ਼ਟ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਅੰਗ੍ਰੇਜ਼ੀ ਬਾਲ ਪੁਸਤਕ ਹੈਰੀ ਪੌਟਰ ਵਰਗੀਆਂ ਕ੍ਰਿਤਾਂ ਦਾ ਤਾਂ ਵਿਸ਼ਵ ਦੀਆਂ ਜ਼ੁਬਾਨਾਂ ਵਿਚ ਦਾ ਅਨੁਵਾਦ ਤਾਂ ਅਕਸਰ ਹੁੰਦਾ ਰਹਿੰਦਾ ਹੈ ਪਰੰਤੂ ਭਾਰਤ ਦੀਆਂ ਵੱਖ ਵੱਖ ਜ਼ੁਬਾਨਾਂ ਦਾ ਬਾਲ ਸਾਹਿਤ ਇਕ ਦੂਜੀ ਭਾਸ਼ਾ ਵਿਚ ਅਨੁਵਾਦ ਕਰਨ ਦੀ ਰਵਾਇਤ ਅਜੇ ਇੰਨੀ ਗਤੀਸ਼ੀਲ ਨਹੀਂ ਹੈ। । ਇਸ ਸੰਕਟਮਈ ਸਥਿਤੀ ਵਿਚ ਮਿਆਰੀ



ਸਾਹਿਤ ਹੀ ਬੱਚਿਆਂ ਲਈ ਇਕ ਠੋਸ ਸ੍ਰੋਤ ਸਿੱਧ ਹੋ ਸਕਦਾ ਹੈ, ਜੋ ਨੈਤਿਕ ਕਦਰਾਂ-ਕੀਮਤਾਂ ਪੈਦਾ ਕਰਕੇ ਉਨ੍ਹਾਂ ਨੂੰ ਚੰਗੇ ਨਾਗਰਿਕ ਬਣਨ ਦੀ ਪ੍ਰੇਰਨਾ ਦੇ ਸਕਦਾ ਹੈ. ਇਸ ਦੌਰਾਨ ਡਾ. 'ਆਸ਼ਟ' ਨੇ ਪੁੱਡੂਚੇਰੀ ਅਤੇ ਮਦਰਾਸ ਯੂਨੀਵਰਸਿਟੀਆਂ, ਲਾਇਬ੍ਰੇਰੀਆਂ ਅਤੇ ਸਾਹਿਤਕ ਸੰਸਥਾਵਾਂ ਤੋਂ ਇਲਾਵਾ ਪੁੱਡੂਚੇਰੀ ਨੇੜਲੇ ਸਾਹਿਤ, ਸਭਿਆਚਾਰ,ਮੂਰਤੀ ਕਲਾ,ਚਿੱਤ੍ਰ ਕਲਾ ਅਤੇ ਹੋਰ ਕਲਾਵਾਂ ਦੇ ਖ਼ੂਬਸੂਰਤ ਕੇਂਦਰ ਔਰੋਵਿਲ ਦਾ ਵੀ ਦੌਰਾ ਕੀਤਾ। ਇਸ ਸੰਸਥਾ ਦੇ ਮੈਨੇਜਰ ਸ੍ਰੀਮਤੀ ਚਿੱਤਰਾ ਨੇ ਡਾ. ਆਸ਼ਟ ਵੱਲੋਂ ਬਾਲ ਸਾਹਿਤ ਦੀ ਅਨੁਵਾਦ ਪਰੰਪਰਾ ਨੂੰ ਹੋਰ ਗਤੀਸ਼ੀਲ ਬਣਾਉਣ ਦੇ ਸੁਝਾਅ ਦੀ ਪ੍ਰਸ਼ੰਸਾ ਕੀਤੀ ਅਤੇ ਨਾਲ ਹੀ ਤਮਿਲ ਭਾਸ਼ਾ ਦੇ ਬਾਲ ਸਾਹਿਤ ਲੇਖਕਾਂ ਵੱਲੋਂ ਲਿਖੀਆਂ ਪੁਸਤਕਾਂ ਵੀ ਭੇਟ ਕੀਤੀਆਂ।ਇਸ ਦੌਰਾਨ ਤਮਿਲਨਾਡੂ ਦੇ ਭਾਰਤੀ ਬਾਲ ਸਾਹਿਤ ਪੁਰਸਕਾਰ ਵਿਜੈਤਾ ਸ੍ਰੀਮਤੀ ਕੋ.ਮਾ.ਕੋਥੰਡਮ, ਵਿਸ਼ਨੂੰਪੁਰਾਮ ਸਾਰਾਵਨਨ ਅਤੇ ਜੀ.ਮੀਨਾਕਸ਼ੀ ਆਦਿ ਦੇ ਬਾਲ ਸਾਹਿਤ ਉਪਰ ਖ਼ਾਸ ਚਰਚਾ ਕੀਤੀ ਗਈ। ਔਰੋਵਿਲ ਇੰਚਾਰਜ ਕ੍ਰਿਸਟੀਅਨ, ਰੋਹਿਤਾਸ਼, ਡਾ. ਰਾਜਵੰਤ ਕੌਰ ਪੰਜਾਬੀ, ਡਾ. ਰਵੀ, ਦੇਵ ਵੀ ਮੌਜੂਦ ਸਨ।

# ਪੁਲਿਸ ਵੱਲੋਂ 10 ਗ੍ਰਾਮ ਹੈਰੋਇਨ ਬ੍ਰਾਮਦ

ਪਟਿਆਲਾ, 8 ਸਤੰਬਰ (ਵਿਨੋਦ ਸ਼ਰਮਾ) : ਥਾਣਾ ਅਰਬਨ ਅਸਟੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਮਨਦੀਪ ਸਿੰਘ ਵਾਸੀ ਮਕਾਨ ਨੰ. 400 ਗਲੀ ਨੰਬਰ 4 ਬਾਬਾ ਦੀਪ ਸਿੰਘ ਨਗਰ ਵਿਰੁੱਧ ਧਾਰਾ 21, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏਐਸਆਈ ਵਿਕਰਮਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾ ਦੇ ਸਬੰਧ ਵਿੱਚ ਸਾਧੂ ਬੇਲਾ ਰੋਡ ਫੇਸ-2 ਅਰਬਨ ਅਸਟੇਟ ਪਟਿ. ਮੌਜੂਦ ਸੀ, ਜੋ ਮੁਖਬਰ ਦੀ ਇਤਲਾਹ ਪਰ ਫੇਸ-4 ਵਿਖੇ ਨਾਕਾਬੰਦੀ ਕਰਕੇ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ 10 ਗ੍ਰਾਮ ਹੈਰੋਇਨ ਬ੍ਰਾਮਦ ਹੋਈ।

# ਨਹੀਂ ਰੁੱਕ ਰਿਹੈ ਭਾਦਸੋਂ ਇਲਾਕੇ 'ਚ ਦੜ੍ਹੇ-ਸੱਟੇ ਦਾ ਗੋਰਖ ਧੰਦਾ, ਪ੍ਰਸ਼ਾਸਨ ਸੁੱਤਾ ਗੂੜੀ ਨੀਂਦ

ਭਾਦਸੋਂ, 8 ਸਤੰਬਰ (ਭਰਪੂਰ ਸਿੰਘ ਮੱਟਰਾਂ) : ਇਕ ਪਾਸੇ ਸੂਬਾ ਸਰਕਾਰ ਜਿਥੇ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਦੀ ਨਜ਼ਰ ਆ ਰਹੀ ਹੈ ਅਤੇ ਨਸ਼ਾ ਤੇ ਦੜਾ-ਸੱਟਾ ਕਾਰੋਬਾਰੀਆਂ ਦੇ ਕਾਰੋਬਾਰ ਬੰਦ ਕਰਨ ਦੇ ਵੱਡੇ ਦਾਅਵੇ ਕਰ ਰਹੀ ਹੈ ਪਰ ਉਥੇ ਦੂਜੇ ਪਾਸੇ ਸਥਾਨਕ ਸ਼ਹਿਰ ਅਤੇ ਇਸਦੇ ਆਲੇ ਦੁਆਲੇ ਕਸਬਿਆਂ ਵਿਚ ਦੜੇ ਸੱਟੇ ਦੇ ਸ਼ਰੇਆਮ ਚਲ ਰਹੇ ਗੋਰਖ ਧੰਦੇ ਨੇ ਸਰਕਾਰ ਦੇ ਇਨ੍ਹਾਂ ਦਾਅਵਿਆਂ 'ਤੇ ਸਵਾਲੀਆ ਚਿੰਨ ਲਗਾ ਦਿੱਤਾ ਹੈ ? ਭਾਦਸੋ ਸ਼ਹਿਰ ਅਤੇ ਚਹਿਲ ਵਿਚ ਦੜੇ ਸੱਟੇ ਦਾ ਕਾਰੋਬਾਰ ਪੂਰੇ ਜੋਰਾਂ 'ਤੇ ਸ਼ਰੇਆਮ ਚਲਾਇਆ ਜਾ ਰਿਹਾ ਹੈ ਪਰ ਪੁਲਿਸ ਪ੍ਰਸ਼ਾਸਨ ਇਸ 'ਤੇ ਕਾਬੂ ਪਾਉਣ ਵਿਚ ਲਾਚਾਰ ਵਿਖਾਈ ਦੇ ਰਿਹਾ ਹੈ।ਅੱਜ ਜਦੋਂ ਪੱਤਰਕਾਰਾਂ ਵੱਲੋਂ ਦਰਗਾਪੁਰ ਰੋਡ ਅਤੇ ਭੜੀ ਰੋਡ ਚਹਿਲ ਵਿਖੇ ਜਾ ਕੇ ਦੇਖਿਆ ਤਾਂ ਸ਼ਰੇਆਮ ਬੇਖੌਫ ਸੱਟਾ ਚਲਾਇਆ ਜਾ ਰਿਹਾ ਸੀ ।ਇਲਾਕਾ ਵਾਸੀਆਂ ਦਾ ਕਹਿਣਾ ਹੈ ਕਿ ਇਸ ਗੋਰਖ ਧੰਦੇ ਨੂੰ ਚਲਾਉਣ ਵਿਚ ਕਿਤੇ ਨਾ ਕਿਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਜਿੰਮੇਵਾਰ ਹੈ, ਕਿਉਕਿ ਇਨ੍ਹਾਂ ਦੀ ਸਖਤਾਈ ਨਾ ਹੋਣ ਕਰਕੇ ਇਹ ਦੜੇ ਸੱਟੇ ਧੰਦਾ ਚਲਾਇਆ ਜਾ ਰਿਹਾ ਹੈ।

**ਕੀ ਕਹਿੰਦੇ ਹਨ ਪ੍ਰਸ਼ਾਸਨਿਕ ਅਧਿਕਾਰੀ :** ਇਸ ਬਾਰੇ ਜਦੋਂ ਨਾਭਾ ਦੇ ਡੀ.ਐਸ.ਪੀ ਮਨਦੀਪ ਕੌਰ ਚੀਮਾ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਕਿਹਾ ਕਿ ਇਸ ਬਾਰੇ ਉਹ ਪੜਤਾਲ ਕਰਵਾਉਂਦੇ ਹਨ ।ਉਨ੍ਹਾਂ ਕਿਹਾ ਕਿ ਇਲਾਕੇ ਵਿਚ ਦੜਾ ਸੱਟਾ ਕਾਰੋਬਾਰੀਆਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।ਹੁਣ ਦੇਖਣਾ ਹੋਵੇਗਾ ਕਿ ਪ੍ਰਸ਼ਾਸਨ ਦੜਾ ਸੱਟਾ ਕਾਰੋਬਾਰੀਆਂ 'ਤੇ ਕੋਈ ਕਾਰਵਾਈ ਕਰਦਾ ਹੈ ਜਾਂ ਫਿਰ ਅਧਿਕਾਰੀਆਂ ਦੇ ਹੁਕਮ ਕਾਗਜ਼ਾਂ ਤੱਕ ਹੀ ਸੀਮਤ ਰਹਿਣਗੇ।

# ਕਿਸਾਨ ਯੂਨੀਅਨ ਸ਼ਾਦੀਪੁਰ ਵੱਲੋਂ ਹੜ੍ਹ ਪ੍ਰਭਾਵਿਤ ਪਿੰਡਾਂ ਦਾ ਦੌਰਾ

## ਸੂਬਾ ਤੇ ਕੇਂਦਰ ਸਰਕਾਰ ਮਿਲ ਕੇ 70 ਹਜ਼ਾਰ ਪਰ ਏਕੜ ਦੇ ਹਿਸਾਬ ਨਾਲ ਕਿਸਾਨਾਂ ਨੂੰ ਮੁਆਵਜ਼ਾ ਦੇਵੇ : ਸ਼ਾਦੀਪੁਰ



ਦੇਵੀਗੜ੍ਹ, 8 ਸਤੰਬਰ (ਗੁਰਜੀਤ ਸਿੰਘ ਢੋਟ) : ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਟੀਮ ਵੱਲੋਂ ਬੂਟਾ ਸਿੰਘ ਸ਼ਾਦੀਪੁਰ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਵੱਲੋਂ ਹੜ੍ਹ ਮਾਰੇ ਖੇਤਰਾਂ ਦਾ ਦੌਰਾ ਕੀਤਾ ਗਿਆ। ਜਿਹਦੇ ਵਿੱਚ ਪਿੰਡ ਅਲੀਪੁਰ, ਮਗਰ ਸਾਹਿਬ, ਰੱਤਾ ਖੇੜਾ, ਖਾਂਸੀਆ, ਅਦਾਲਤੀ ਵਾਲਾ ਆਦਿ ਪਿੰਡਾ ਵਿੱਚ ਜਾ ਕੇ ਆਪਣੇ ਸਾਥੀਆਂ ਨਾਲ਼ ਕਿਸਾਨਾਂ ਦਾ ਹਾਲ ਚਾਲ ਜਾਣਿਆ ਤੇ ਖਰਾਬ ਹੋਈ ਫਸਲ ਦੇ ਬਾਰੇ 'ਚ ਜਾਇਜ਼ਾ ਲਿਆ, ਜਿਸ ਵਿੱਚ ਅਦਾਲਤੀ ਆਾਲਾ ਈਸਰਹੇੜੀ, ਟਾਂਡਾ, ਸਾਨੀਪੁਰ ਅਤੇ ਹੋਰ ਨਾਲ ਲੱਗਦੇ ਕਈ ਪਿੰਡਾਂ ਦੇ ਵਿੱਚ ਪਾਣੀ ਨਾਲ ਭਾਰੀ ਨੁਕਸਾਨ ਹੋਇਆ ਟਾਂਗਰੀ ਨਦੀ ਦੇ ਬੰਨ ਦੇ ਅੰਦਰ ਫਸਲਾਂ ਆਉਂਦੀਆਂ ਹਨ ਉਹ ਸਾਰੀਆਂ ਹੀ ਖਰਾਬ ਹੋ ਚੁੱਕੀਆਂ ਹਨ ਤੇ ਸਰਕਾਰ ਸਪੈਸ਼ਲ ਗੁਰਦਾਵਰੀ ਕਰਾ ਕੇ ਤੁਰੰਤ ਲੋਕਾਂ ਨੂੰ ਮੁਆਵਜ਼ਾ ਦੇਣ ਦਾ ਯਤਨ ਕਰੇ ਸ਼ਾਦੀਪੁਰ ਵੱਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਜੋ ਪਿਛਲੇ ਦਿਨੀ ਡਰ ਲੱਗਦਾ ਪਿੰਡ ਐਰੋ ਦੇ ਪੰਜ ਬੱਚੇ ਨਦੀ ਵਿੱਚ ਰੁੜੇ ਜਿਨ੍ਹਾਂ ਵਿੱਚੋਂ ਇੱਕ ਦੀ ਡੁੱਬਣ ਕਾਰਨ ਮੌਤ ਹੋ ਗਈ ਸਰਕਾਰ ਉਸ ਪਰਿਵਾਰ ਨੂੰ ਵੀ ਢੁਕਵਾਂ ਮੁਆਵਜ਼ਾ ਦੇਵੇ । ਇਸ ਮੌਕੇ ਸ਼ਾਦੀਪੁਰ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰ ਮਿਲ ਕੇ ਘੱਟੋ ਘੱਟ ਖਰਾਬ ਹੋਈਆਂ ਫਸਲਾਂ ਦਾ 70 ਹਜ਼ਾਰ ਪ੍ਰਤੀ ਏਕੜ ਦੇ ਹਿਸਾਬ ਨਾਲ ਤੇ 10 ਹਜਾਰ ਰੁਪਿਆ ਪ੍ਰਤੀ ਏਕੜ ਦੇ ਹਿਸਾਬ ਨਾਲ ਮਜ਼ਦੂਰਾਂ ਨੂੰ ਦਿੱਤਾ ਜਾਵੇ। ਇਸ ਮੌਕੇ ਬਲਵਿੰਦਰ ਸਿੰਘ ਲਹੋਰੀਆ, ਦਲੇਰ ਹਰੀਪੁਰ, ਸੁਖਵਿੰਦਰ ਸਿੰਘ ਨੰਬਰਦਾਰ, ਜਗੀਰ ਸਿੰਘ ਜਾਦ, ਬਾਜਵਾ ਸਾਹਿਬ, ਸਰਵਣ ਸਿੰਘ ਸਤਨਾਮ ਸਿੰਘ ,ਗੁਰਮੁਖ ਸਿੰਘ, ਨਿਰਮਲ ਸਿੰਘ, ਗੁਰਜੰਟ ਸਿੰਘ, ਦਿਲਬਾਗ ਸਿੰਘ ਚੀਮਾ, ਬਲਦੇਵ ਸਿੰਘ ਸੰਧੂ ਹੈਪੀ ਸਰਪੰਚ ਅਦਾਲਤੀ ਵਾਲਾ ਆਦ ਕਿਸਾਨ ਆਗੂ ਹਾਜ਼ਰ ਸਨ।

# ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਪੰਜਾਬੀ ਗਾਇਕ ਗੈਵੀ ਤੁਲੇਵਾਲ

## ☛ਹਾਲਾਤ ਸੁਧਰਨ 'ਤੇ ਪੰਜ ਲੱਖ ਦਾ ਡੀਜ਼ਲ ਦੇਣ ਦਾ ਕੀਤਾ ਐਲਾਨ

ਪਟਿਆਲਾ, 8 ਸਤੰਬਰ (ਰੁਪਾਣਾ) : ਜਿੱਥੇ ਵੱਖ-ਵੱਖ ਪੰਜਾਬੀ ਅਦਾਕਾਰਾਂ ਅਤੇ ਗਾਇਕਾਂ ਵੱਲੋਂ ਆਪੋ-ਆਪਣੇ ਤਰੀਕੇ ਨਾਲ ਪੰਜਾਬ ਦੇ ਹੜ੍ਹ ਪੀੜਤਾਂ ਦੀ ਮਦਦ ਕੀਤੀ ਜਾ ਰਹੀ ਹੈ, ਉੱਥੇ ਹੀ ਉੱਭਰਦੇ ਪੰਜਾਬੀ ਗਾਇਕ ਤੇ ਐਨ.ਆਰ.ਆਈ. ਗੈਵੀ ਤੁਲੇਵਾਲ ਵੀ ਹੜ੍ਹ ਪੀੜਤਾਂ ਦੀ ਮਦਦ ਲਈ ਅੱਗੇ ਆਏ ਹਨ। ਗੈਵੀ ਤੁਲੇਵਾਲ ਨੇ ਐਲਾਨ ਕੀਤਾ ਹੈ ਕਿ ਜਿਵੇਂ ਹੀ ਹਾਲਾਤ ਸੁਧਰਦੇ ਹਨ। ਉਹ ਹੜ੍ਹ ਪੀੜਤਾਂ ਲਈ ਪੰਜ ਲੱਖ ਰੁਪਏ ਦੀ ਕੀਮਤ ਦਾ ਡੀਜ਼ਲ ਮੁਹੱਈਆ ਕਰਵਾਉਣਗੇ। ਗੈਵੀ ਤੁਲੇਵਾਲ ਕਿਹਾ ਕਿ ਇਸ ਬਿਪਤਾ ਦੀ ਘੜੀ ਵਿੱਚ ਹਰ ਇੱਕ ਇਨਸਾਨ ਨੂੰ ਮਾੜੇ ਹਲਾਤਾਂ ਦਾ ਸਾਹਮਣਾ ਕਰ ਰਹੇ ਪੰਜਾਬ ਦੇ ਮੋਢੇ



ਨਾਲ ਮੋਢਾ ਲਾ ਕੇ ਖੜਨਾ ਚਾਹੀਦਾ ਹੈ, ਕਿਉਂਕਿ ਪੰਜਾਬੀ ਲੰਗਰ ਲਗਾਉਣ ਅਤੇ ਦੂਜਿਆਂ ਦੀ ਮਦਦ ਕਰਨ ਲਈ ਦੁਨੀਆਂ ਭਰ ਵਿੱਚ ਜਾਣੇ ਜਾਂਦੇ ਹਨ। ਉਹਨਾਂ ਕਿਹਾ ਕਿ ਜਿਵੇਂ ਹੀ ਹਾਲਾਤ ਸੁਧਰਨਗੇ ਉਹ ਨਿੱਜੀ ਤੌਰ 'ਤੇ ਹੜ੍ਹ ਪੀੜਤਾਂ ਨੂੰ 5 ਲੱਖ ਰੁਪਏ ਦੀ ਕੀਮਤ ਦਾ ਡੀਜ਼ਲ ਮੁਹੱਈਆ ਕਰਵਾਉਣਗੇ। ਜ਼ਿਕਰਯੋਗ ਹੈ ਕਿ ਗੈਵੀ ਤੁਲੇਵਾਲ ਉਭਰਦਾ ਪੰਜਾਬੀ ਗਾਇਕ ਹੈ, ਜੋ ਕਿ ਅੱਜ ਕੱਲ ਨਿਊਜ਼ੀਲੈਂਡ ਦੀ ਧਰਤੀ 'ਤੇ ਪਰਿਵਾਰ ਸਮੇਤ ਰਹਿ ਰਿਹਾ ਹੈ।

# ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਹੜ੍ਹ ਪੀੜਤਾਂ ਦੀ ਪਾਣੀ ਉਤਰਨ ਤੋਂ ਬਾਅਦ ਵੀ ਕੀਤੀ ਜਾਵੇਗੀ ਹਰ ਸੰਭਵ ਮਦਦ

ਪਟਿਆਲਾ, 8 ਸਤੰਬਰ (ਚ.ਨ.ਸ.) : ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਥਾਪਰ ਇੰਜੀਨੀਅਰ ਐਂਡ ਟੈਕਨਾਲੋਜੀ ਯੂਨੀਵਰਸਿਟੀ ਦੇ ਰੋਟਰੈਕਟ ਕਲੱਬ ਦੇ ਸਹਿਯੋਗ ਨਾਲ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਔਰਤਾਂ ਅਤੇ ਲੜਕੀਆਂ ਲਈ ਸੈਨਟਰੀ ਪੈਡ, ਬੱਚਿਆਂ ਲਈ ਦੁੱਧ,ਸੁੱਕਾ ਰਾਸ਼ਨ, ਬਿਸਕੁਟ,ਬਰੈਡ, ਪਾਣੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈਲ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਦੀ ਅਗਵਾਈ ਹੇਠ ਹੜ ਪੀੜਤਾਂ ਨੂੰ ਵੰਡਿਆ ਜਾ ਰਿਹਾ ਹੈ।ਵਿਸ਼ੇਸ਼ ਤੌਰ 'ਤੇ ਰੋਟਰੈਕਟ ਕਲੱਬ ਥਾਪਰ



ਯੂਨੀਵਰਸਿਟੀ ਦੇ ਮੈਂਬਰਾਂ ਅਰਮਾਨ, ਹਰਸੀਤਾ ਨਰੂਲਾ, ਗੌਰਵ,ਸੁਜਲ ਗੁਪਤਾ, ਸਦਿਤ ਜਿੰਦਲ, ਕਰਨਬੀਰ ਰਤਨ, ਵਨਸਿਕਾ ਖੁਰਾਣਾ,ਮਹਿਮਾ ਕੌਰ, ਰਾਘਵ ਗੁਪਤਾ, ਆਦੀਤੀ ਗੁਪਤਾ, ਮਾਨਿਆ ਗਰਗ, ਉਰਵੀ ਪਾਂਡੇ ਅਤੇ ਉਪਕਾਰ ਸਿੰਘ ਪ੍ਰਧਾਨ ਗਿਆਨ ਜੋਤੀ ਐਜੂਕੇਸ਼ਨ ਸੁਸਾਇਟੀ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ , ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਹਰਮਨਜੀਤ ਸਿੰਘ ਰੰਧਾਵਾ ਵੱਲੋਂ ਭਰਪੂਰ ਸਹਿਯੋਗ ਦਿੱਤਾ ਜਾ ਰਿਹਾ ਹੈ।ਇਸ ਮੌਕੇ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਨੇ ਕਿਹਾ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਸਹਿਯੋਗ ਨਾਲ ਹੜ ਪੀੜਤਾਂ ਪਰਿਵਾਰਾਂ ਨੂੰ ਉਹਨਾਂ ਦੀ ਟੀਮ ਰਾਹਤ ਸਮੱਗਰੀ ਵੰਡ ਰਹੀ ਹੈ। ਉਹਨਾਂ ਕਿਹਾ ਕਿ ਹੜ੍ਹ ਦਾ ਪਾਣੀ ਉਤਰਨ ਤੋਂ ਬਾਅਦ ਵੀ ਉਹਨਾਂ ਦੀ ਟੀਮ ਹੜ ਪੀੜਤ ਪਰਿਵਾਰਾਂ ਦੀ ਹਰ ਸੰਭਵ ਮਦਦ ਕਰੇਗੀ।